# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 10 | Issue 26 | 08 July 2020 to 14 July 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com


## ਅਮਰੀਕਾ ਵਿਚ ਨਹੀਂ ਥੰਮ ਰਿਹਾ ਨਵੇਂ ਮਰੀਜ਼ਾਂ ਦੇ ਆਉਣ ਦਾ ਸਿਲਸਲਾ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਅਮਰੀਕਾ ਵਿਚ ਹਾਲਾਂ ਕਿ ਸਿਹਤ ਦਰ ਵਿਚ ਵਰਣਨਯੋਗ ਸੁਧਾਰ ਹੋਇਆ ਹੈ ਤੇ ਇਹ 90% ਹੋ ਗਈ ਹੈ ਪਰ ਨਵੇਂ ਮਰੀਜ਼ ਆਉਣ ਦੀ ਗਿਣਤੀ ਨਿਰੰਤਰ ਵਧ ਰਹੀ ਹੈ ਜੋ ਵੱਡੀ ਚਿੰਤਾ ਦਾ ਵਿਸ਼ਾ ਹੈ। ਕੋਰੋਨਾ ਵਾਇਰਸ ਨਾਲ ਪੀੜਤਾਂ ਦੀ ਕੁਲ ਗਿਣਤੀ 28,37,189 ਹੋ ਗਈ ਹੈ ਜਦ ਕਿ 1,31,485 ਪੀੜਤਾਂ ਦੀ ਮੌਤ ਹੋ ਚੁੱਕੀ ਹੈ। 11,91,091 ਮਰੀਜ਼ ਠੀਕ ਹੋ ਚੁੱਕੇ ਹਨ ਪਰ ਅਜੇ ਵੀ 15,14,613 ਸਰਗਰਮ ਮਾਮਲੇ ਹਨ।

**ਮਾਸਕ ਪਾਉਣ ਲਈ ਕਹਿਣ 'ਤੇ ਔਰਤ ਗੁੱਸੇ 'ਚ ਆਈ-**

ਖਜ਼ਾਨਚੀ ਵੱਲੋਂ ਮਾਸਕ ਪਹਿਣਨ ਲਈ ਕਹੇ ਜਾਣ 'ਤੇ ਖਰੀਦਦਾਰੀ ਕਰਨ ਆਈ ਔਰਤ ਗੁੱਸੇ ਵਿਚ ਆ ਗਈ ਤੇ ਉਸ ਨੇ ਕਾਊਂਟਰ ਉਪਰ ਥੁੱਕ ਦਿੱਤਾ। ਇਹ ਘਟਨਾ ਟੈਕਸਸ ਵਿਚ 7-ਈਲੈਵਨ ਕਾਊਂਟਰ ਉਪਰ ਵਾਪਰੀ। ਔਰਤ ਸਟੋਰ ਵਿਚੋਂ ਲੋੜੀਂਦਾ ਸਮਾਨ ਲੈਣ ਉਪਰੰਤ ਕਾਊਂਟਰ 'ਤੇ ਪੁੱਜੀ ਤਾਂ ਖਜ਼ਾਨਚੀ ਨੇ ਬਿੱਲ ਬਣਾਉਣ ਤੋਂ ਨਾਂਹ ਕਰ ਦਿੱਤੀ ਤੇ ਉਸ ਔਰਤ ਨੂੰ ਕਿਹਾ ਕਿ ਉਹ ਮਾਸਕ ਪਹਿਣ ਕੇ ਆਵੇ। ਇਸ 'ਤੇ ਇਹ ਅਣਪਛਾਤੀ ਔਰਤ ਹਮਲਾਵਰ ਹੋ ਗਈ ਤੇ ਉਸ ਨੇ ਕਾਊਂਟਰ ਉਪਰ ਥੁੱਕ ਦਿੱਤਾ ਤੇ ਨਾਲ ਹੀ ਕਿਹਾ ਕਿ ਉਸ ਨੂੰ ਮਾਸਕ ਨਾ ਪਾਉਣ ਦਾ ਹੱਕ ਹੈ। ਖਜ਼ਾਨਚੀ ਨੇ ਕਿਹਾ ਕਿ ਉਸ ਨੇ ਕੇਵਲ ਮਾਸਕ ਪਾਉਣ ਲਈ ਕਿਹਾ ਸੀ ਤੇ ਸਟੋਰ ਦੇ ਦਰਵਾਜ਼ੇ ਅੱਗੇ ਵੀ ਮਾਸਕ ਜਰੂਰੀ ਪਾਉਣ ਦਾ ਚਿਨ ਲੱਗਾ ਹੋਇਆ ਹੈ।

# ਅਮਰੀਕਾ ਵੱਲੋਂ ਵਿਸ਼ਵ ਸਿਹਤ ਸੰਗਠਨ ਨਾਲੋਂ ਨਾਤਾ ਤੋੜਨ ਲਈ ਰਸਮੀ ਕਾਰਵਾਈ ਸ਼ੁਰੂ

**ਵਾਸ਼ਿੰਗਟਨ/(ਹੁਸਨ ਲੜੋਆ ਬੰਗਾ:** ਵਿਸ਼ਵ ਭਰ ਵਿਚ ਕੋਰੋਨਾਵਾਇਰਸ ਮਹਾਮਾਰੀ ਦੇ ਪ੍ਰਕੋਪ ਦਰਮਿਆਨ ਟਰੰਪ ਪ੍ਰਸ਼ਾਸਨ ਨੇ ਰਸਮੀ ਤੌਰ 'ਤੇ ਵਿਸ਼ਵ ਸਿਹਤ ਸੰਗਠਨ ਨਾਲੋਂ ਨਾਤਾ ਤੋੜਨਾ ਸ਼ੁਰੂ ਕਰ ਦਿੱਤਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਵਿਸ਼ਵ ਸਿਹਤ ਸੰਗਠਨ ਤੋਂ ਵੱਖ ਹੋਣ ਦੇ ਕੀਤੇ ਐਲਾਨ ਤੋਂ ਇਕ ਮਹੀਨੇ ਦੇ ਵਧ ਸਮੇ ਬਾਅਦ ਇਸ ਸਬੰਧੀ ਕਾਂਗਰਸ ਨੂੰ ਰਸਮੀ ਨੋਟੀਫੀਕੇਸ਼ਨ ਬੀਤੇ ਦਿਨ ਮਿਲਿਆ। ਵਾਈਟ ਹਾਊਸ ਨੇ ਕਿਹਾ ਹੈ ਕਿ ਇਹ ਨਿਰਨਾ 6 ਜੁਲਾਈ 2021 ਨੂੰ ਲਾਗੂ ਹੋਵੇਗਾ। ਦੂਸਰੇ ਪਾਸੇ ਡੈਮੋਕਰੇਟਸ ਨੇ ਕਿਹਾ ਹੈ ਕਿ ਇਹ ਨਿਰਨਾ ਗੈਰਜਿੰਮੇਵਾਰੀ ਵਾਲਾ ਤੇ ਅਣਉਚਿੱਤ ਹੈ। ਇਹ ਨਿਰਨਾ ਉਸ ਸਮੇ ਲਿਆ ਗਿਆ ਹੈ ਜਦੋਂ ਕੋਰੋਨਾ ਮਹਾਮਾਰੀ ਦੇ ਮੱਦੇਨਜਰ ਕੌਮਾਂਤਰੀ ਪੱਧਰ ਉਪਰ ਸਹਿਯੋਗ ਦੀ ਲੋੜ ਹੈ। ਸੈਨੇਟ ਦੀ ਵਿਦੇਸ਼ੀ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰ ਚੋਟੀ ਦੇ ਡੈਮੋਕਰੇਟ



ਆਗੂ ਬੌਬ ਮੈਨਨਡੇਜ਼ ਨੇ ਕਿਹਾ ਹੈ ਕਿ "ਇਸ ਨਾਲ ਅਮਰੀਕੀ ਲੋਕਾਂ ਦੀਆਂ ਜਾਨਾਂ ਬਚਾਉਣ 'ਚ ਮੱਦਦ ਨਹੀਂ ਮਿਲੇਗੀ। ਬਿਮਾਰ ਅਮਰੀਕੀ ਤੇ ਅਮਰੀਕਾ ਇਕੱਲੇ ਰਹਿ ਜਾਣਗੇ।" ਉਨਾਂ ਟਵੀਟ ਕੀਤਾ ਹੈ ਕਿ ਰਾਸ਼ਟਰਪਤੀ ਦੀ ਕੋਵਿਡ-19 ਪ੍ਰਤੀ ਅਪ੍ਰਸੰਗਿਕ ਪਹੁੰਚ ਹੈ। ਉਨਾਂ ਨੇ ਨਿਆਂ ਨਹੀਂ ਕੀਤਾ। ਰਾਸ਼ਟਰਪਤੀ ਅਹੁੱਦੇ ਲਈ ਡੈਮੋਕਰੇਟ ਉਮੀਦਵਾਰ ਜੋਅ ਬਿਡੇਨ ਨੇ ਐਲਾਨ ਕੀਤਾ ਹੈ ਕਿ ਜੇਕਰ ਉਹ ਚੋਣ ਜਿੱਤ ਗਏ ਤਾਂ ਅਮਰੀਕਾ ਤੁੰਰਤ ਵਿਸ਼ਵ ਸਿਹਤ ਸੰਗਠਨ ਵਿਚ ਮੁੜ ਸ਼ਾਮਿਲ ਹੋ ਜਾਵਗੇ। ਸਾਬਕਾ ਉੱਪ ਰਾਸ਼ਟਰਪਤੀ ਨੇ ਟਵੀਟ ਕੀਤਾ ਹੈ ਕਿ "ਵਿਸ਼ਵਵਿਆਪੀ ਸਿਹਤ ਵਿਵਸਥਾ ਮਜ਼ਬੂਤ ਕਰਨ ਨਾਲ ਹੀ ਅਮਰੀਕੀ ਸੁਰੱਖਿਅਤ ਹੋਣਗੇ। ਰਾਸ਼ਟਰਪਤੀ ਵਜੋਂ ਪਹਿਲੇ ਦਿਨ ਮੈ ਵਿਸ਼ਵ ਸਿਹਤ ਸੰਗਠਨ ਵਿਚ ਮੁੜ ਸ਼ਾਮਿਲ ਹੋ ਜਾਵਾਂਗਾ ਤੇ ਕੌਮਾਂਤਰੀ ਮੰਚ 'ਤੇ ਸਾਡੇ ਸਬੰਧ ਬਹਾਲ ਹੋ ਜਾਣਗੇ।" ਇਸੇ ਦੌਰਾਨ ਵਿਸ਼ਵ ਸਿਹਤ ਸੰਗਠਨ ਦੇ ਬੁਲਾਰੇ ਤਾਰਿਕ ਜਸਰੈਵਿਕ ਨੇ ਕਿਹਾ ਹੈ ਕਿ ਅਮਰੀਕਾ ਦੇ ਰਸਮੀ ਨੋਟੀਫਿਕੇਸ਼ਨ ਸਬੰਧੀ ਰਿਪੋਰਟ ਮਿਲੀ ਹੈ। ਇਸ ਤੋਂ ਵਧ ਸਾਨੂੰ ਕੋਈ ਜਾਣਕਾਰੀ ਨਹੀਂ ਹੈ।

# ਸੁਖਦੇਵ ਸਿੰਘ ਢੀਂਡਸਾ ਦੀ ਪ੍ਰਧਾਨਗੀ ਵਾਲਾ ਨਵਾਂ ਅਕਾਲੀ ਦਲ ਬਣਿਆ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਤੋਂ ਵੱਖ ਹੋਏ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਲੁਧਿਆਣਾ ਵਿਚ ਇਕ ਸਮਾਗਮ ਕਰਕੇ ਸ਼੍ਰੋਮਣੀ ਅਕਾਲੀ ਦਲ ਡੈਮੋਕਰੇਟਿਕ ਬਣਾਉਣ ਦਾ ਐਲਾਨ ਕੀਤਾ। ਇਸ ਮੌਕੇ ਸੁਖਦੇਵ ਸਿੰਘ ਢੀਂਡਸਾ ਦੇ ਨਾਲ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਵੀ ਕੁੱਝ ਆਗੂ ਨਜ਼ਰ ਆਏ। ਇਸ ਇਕੱਤਰਤਾ ਵਿਚ ਸੁਖਦੇਵ ਸਿੰਘ ਢੀਂਡਸਾ ਨੂੰ ਨਵੀਂ ਬਣੀ ਪਾਰਟੀ ਦਾ ਪ੍ਰਧਾਨ ਚੁਣ ਲਿਆ ਗਿਆ। ਗੁਰਦੁਆਰਾ ਸ਼ਹੀਦਾਂ ਮਾਡਲ ਟਾਊਨ ਵਿੱਚ ਹੋਏ ਇਕੱਠ ਦੌਰਾਨ ਹੋਈ ਚੋਣ ਵਿੱਚ ਦੋ ਵਾਰ ਲੋਕ ਸਭਾ ਮੈਂਬਰ ਰਹੀ ਪਰਮਿੰਦਰ ਕੌਰ ਗੁਲਸ਼ਨ ਨੇ 'ਪ੍ਰਧਾਨਗੀ' ਲਈ ਸੁਖਦੇਵ ਸਿੰਘ ਢੀਂਡਸਾ ਦੇ ਨਾਂ ਦੀ ਤਜਵੀਜ਼ ਰੱਖੀ। ਜਗਦੀਸ਼ ਸਿੰਘ ਗਰਚਾ, ਜਥੇਦਾਰ ਸੇਵਾ ਸਿੰਘ ਸੇਖਵਾਂ, ਦੇਸ ਰਾਜ ਸਿੰਘ ਧੁੱਗਾ ਤੇ ਸਾਬਕਾ ਪਾਰਟੀ ਪ੍ਰਧਾਨ ਮਰਹੂਮ ਜਗਦੇਵ ਸਿੰਘ ਤਲਵੰਡੀ ਦੀ ਧੀ ਹਰਜੀਤ ਕੌਰ ਤਲਵੰਡੀ ਨੇ ਇਸ ਦੀ ਤਾਈਦ ਕੀਤੀ। ਪਾਰਟੀ ਦਾ ਨਵਾਂ ਪ੍ਰਧਾਨ ਬਣਨ ਮਗਰੋਂ ਸੁਖਦੇਵ ਸਿੰਘ ਢੀਂਡਸਾ ਨੇ ਸਮੁੱਚੇ ਆਗੂਆਂ ਅਤੇ ਵਰਕਰਾਂ ਦਾ ਧੰਨਵਾਦ ਕਰਦਿਆਂ ਐਲਾਨ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਪੁਰਾਤਨ ਲੀਹਾਂ 'ਤੇ ਲਿਆਉਣ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨਾਂ ਰਣਜੀਤ ਸਿੰਘ ਬ੍ਰਹਮਪੁਰਾ ਸਮੇਤ ਦੂਜੇ ਪਾਰਟੀ ਆਗੂਆਂ ਨੂੰ ਪੰਜਾਬ ਅਤੇ ਪੰਥ ਦੇ ਭਲੇ ਲਈ ਇਕਜੁੱਟ ਹੋਣ ਦੀ ਅਪੀਲ ਵੀ ਕੀਤੀ। ਉਨਾਂ ਐਲਾਨ ਕੀਤਾ ਕਿ ਅਕਾਲੀ ਦਲ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜ ਕੇ ਸਭ ਤੋਂ ਪਹਿਲਾਂ ਸਿੱਖ ਕੌਮ ਦੀ ਇਸ ਮਹਾਨ ਸੰਸਥਾ ਵਿੱਚ ਬਾਦਲ ਪਰਿਵਾਰ ਵੱਲੋਂ ਕੀਤੇ ਘਪਲਿਆਂ ਦੀ ਜਾਂਚ ਕਰਕੇ ਕਸੂਰਵਾਰਾਂ ਨੂੰ ਸਜ਼ਾਵਾਂ ਦਿੱਤੀਆਂ ਜਾਣਗੀਆਂ।

**ਇਸ ਮੌਕੇ ਸੁਖਦੇਵ ਸਿੰਘ ਢੀਂਡਸਾ ਨੇ ਨਵੀਂ ਬਣੀ ਪਾਰਟੀ ਦਾ ਸੰਕਲਪ ਪੱਤਰ ਪੜ ਕੇ ਸੁਣਾਇਆ ਜੋ ਇਸ ਪ੍ਰਕਾਰ ਹੈ:**

1. ਸਾਡਾ ਦਲ ਪੰਜਾਬ ਅਤੇ ਪੰਜਾਬੀਆਂ ਦੇ ਬਹੁਪੱਖੀ ਵਿਕਾਸ ਲਈ ਰਾਜ ਦੇ ਸਾਰੇ ਲੋਕਾਂ ਦੇ ਸਹਿਯੋਗ ਨਾਲ ਦ੍ਰਿੜਤਾ ਨਾਲ ਕੰਮ ਕਰੇਗਾ।
2. ਸਾਡਾ ਦਲ ਸਿੱਖ ਸਿਆਸਤ ਦੀ ਆਨ ਅਤੇ ਸ਼ਾਨ ਨੂੰ ਮੁੜ ਬਹਾਲ ਕਰੇਗਾ।
3. ਸਾਡਾ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਆ ਚੁੱਕੇ ਨਿਘਾਰ ਨੂੰ ਦੂਰ ਕਰਨ ਅਤੇ ਸਿੱਖ ਸੰਸਥਾਵਾਂ ਦੇ ਮਿਆਰ ਨੂੰ ਉੱਪਰ ਚੁੱਕਣ ਲਈ ਯਤਨਸ਼ੀਲ ਰਹੇਗਾ।
4. ਸਾਡਾ ਦਲ ਪੰਜਾਬ ਦੇ ਖੇਤੀ ਸੰਕਟ ਅਤੇ ਵਿਸ਼ੇਸ਼ ਤੌਰ ਤੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਤੋਂ ਬੇਹੱਦ ਚਿੰਤਤ ਹੈ, ਇਸ ਲਈ ਪੰਜਾਬ ਦੇ ਕਿਸਾਨਾਂ ਦੇ ਹੱਕਾਂ-ਹਿੱਤਾਂ ਲਈ ਦਲ ਡਟ ਕੇ ਖੜਾ ਹੋਵੇਗਾ ਅਤੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੇ ਹਿੱਤਾਂ ਵਿਰੁੱਧ ਬਣਾਏ ਜਾ ਰਹੇ ਜਾਂ ਬਣਾਏ ਜਾਣ ਵਾਲੇ ਕਿਸੇ ਵੀ ਤਰਾ ਦੇ ਕਾਨੂੰਨਾਂ ਦਾ ਤਿਖਾ ਵਿਰੋਧ ਕਰੇਗਾ।
5. ਸਾਡਾ ਦਲ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਅਤੇ ਇਸ ਦੇ ਕੁਦਰਤੀ ਸੋਮਿਆਂ ਦੀ ਸੁੱਰਖਿਆ ਲਈ ਹਮੇਸ਼ਾ ਪ੍ਰਤਬਿੱਧ ਰਹੇਗਾ।
6. ਸਾਡੇ ਦਲ ਵੱਲੋਂ ਦਲਿਤਾਂ ਅਤੇ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਲਈ ਪੂਰੀ ਪ੍ਰਤੀਬੱਧਤਾ ਨਾਲ ਕੰਮ ਕੀਤਾ ਜਾਵੇਗਾ।
7. ਸਾਡੇ ਦਲ ਵੱਲੋਂ ਸਿੱਖਿਆ, ਪ੍ਰਸ਼ਾਸਨ ਅਤੇ ਨਿਆਂ ਦੇ ਖੇਤਰਾਂ ਵਿੱਚ ਪੰਜਾਬੀ ਮਾਂ-ਬੋਲੀ ਨੂੰ ਲਾਗੂ ਕਰਾਉਣ ਅਤੇ ਇਸ ਦੀ ਆਨ ਅਤੇ ਸ਼ਾਨ ਨੂੰ ਬਹਾਲ ਕਰਨ ਲਈ ਸਿਰ ਤੋੜ ਯਤਨ ਕੀਤੇ ਜਾਣਗੇ।
8. ਸਾਡਾ ਦਲ ਇਹ ਮਹਿਸੂਸ ਕਰਦਾ ਹੈ ਕਿ ਪ੍ਰਵਾਸੀ ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਰਹਿੰਦੀਆਂ ਹੋਇਆ ਵੀ ਹਮੇਸ਼ਾ ਆਪਣੇ-ਆਪ ਨੂੰ ਪੰਜਾਬ ਨਾਲ ਜੋੜ ਕੇ ਰੱਖਿਆ ਹੈ ਅਤੇ ਪੰਜਾਬ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ਹੈ। ਇਸ ਲਈ ਦਲ ਵੱਲੋਂ ਦੇਸ਼-ਵਿਦੇਸ਼ ਵਿੱਚ ਉਨਾਂ ਦੇ ਹਿੱਤਾਂ ਦੀ ਰਾਖੀ ਲਈ ਸਰਗਰਮੀ ਨਾਲ ਕੰਮ ਕੀਤਾ ਜਾਵੇਗਾ।
9. ਨੌਜਵਾਨਾਂ ਦੇ ਬਹੁਪੱਖੀ ਵਿਕਾਸ ਲਈ ਕੰਮ ਕਰਨਾ ਸਾਡੇ ਦਲ ਦੀ ਵਿਸ਼ੇਸ਼ ਤਰਜੀਹ ਹੋਵੇਗੀ ਅਤੇ ਇਸ ਦੇ ਨਾਲ ਹੀ ਦਲ ਸਿੱਖਿਆ, ਸਿਹਤ ਅਤੇ ਰੁਜ਼ਗਾਰ ਦੇ ਮੁੱਦਿਆਂ ਤੇ ਵਿਸ਼ੇਸ਼ ਜ਼ੋਰ ਦੇਵੇਗਾ।
10. ਪੰਜਾਬ ਵਿੱਚ ਭਾਈਚਾਰਕ ਸਾਂਝ ਨੂੰ ਕਾਇਮ ਰੱਖਣਾ ਅਤੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਣਾ ਵੀ ਸਾਡੇ ਦਲ ਦਾ ਅਹਿਮ ਨਿਸ਼ਾਨਾ ਹੋਵੇਗਾ।
11. ਸਾਡਾ ਦਲ ਪੰਜਾਬ ਦੇ ਵਿਕਾਸ ਵਿੱਚ ਭ੍ਰਿਸ਼ਟਾਚਾਰ ਨੂੰ ਇੱਕ ਵੱਡੀ ਰੁਕਾਵਟ ਮੰਨਦਾ ਹੈ।ਸਰਕਾਰੀ ਕੰਮਕਾਜ ਦੇ ਹਰ ਖੇਤਰ ਵਿੱਚ ਭ੍ਰਿਸ਼ਟਾਚਾਰ ਨੂੰ ਦੂਰ ਕਰਾਉਣ ਅਤੇ ਰਾਜ ਵਿੱਚ ਪਾਰਦਰਸ਼ੀ ਪ੍ਰਸ਼ਾਸਨ ਨੂੰ ਯਕੀਨੀ ਬਣਾਉਣ ਲਈ ਦਲ ਪੂਰੀ ਤਨਦੇਹੀ ਨਾਲ ਕੰਮ ਕਰੇਗਾ।
12. ਪੰਜਾਬ ਦੇ ਵਿਕਾਸ ਵਿੱਚ ਸਨਅਤਕਾਰਾਂ ਅਤੇ ਵਪਾਰੀਆਂ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ ਹੈ ਪਰ ਪਿਛਲੇ ਲੰਮੇ ਸਮੇਂ ਵਿੱਚ ਵੱਖ-ਵੱਖ ਕਾਰਨਾਂ ਕਰਕੇ ਸਨਅਤੀ ਵਿਕਾਸ ਅਤੇ ਵਪਾਰ ਨੂੰ ਵੀ ਵੱਡੀ ਢਾਅ ਲੱਗੀ ਹੈ।

ਬਾਕੀ ਸਫ਼ਾ 30 'ਤੇ



**ਢੀਂਡਸਾ ਵੱਲੋਂ ਸ਼੍ਰੋਮਣੀ ਅਕਾਲੀ ਦਾ ਨਾਮ ਵਰਤਣਾ ਗੈਰਕਾਨੂੰਨੀ: ਚੀਮਾ**

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਦਲਜੀਤ ਸਿੰਘ ਚੀਮਾ ਨੇ ਪਾਰਟੀ 'ਚੋਂ ਬਰਖਾਸਤ ਕੀਤੇ ਸੁਖਦੇਵ ਸਿੰਘ ਢੀਂਡਸਾ ਵੱਲੋਂ ਪਾਰਟੀ ਦਾ ਨਾਮ ਵਰਤੇ ਜਾਣ ਨੂੰ 'ਗੈਰਕਾਨੂੰਨੀ ਤੇ ਧੋਖਾਧੜੀ' ਕਰਾਰ ਦਿੱਤਾ ਹੈ। ਉਨਾਂ ਦੋਸ਼ ਲਾਇਆ ਕਿ ਪਾਰਟੀ 'ਚੋਂ ਛੇਕਿਆ ਆਗੂ ਕਾਂਗਰਸ ਦੀ ਸ਼ਹਿ 'ਤੇ ਇਹ ਸਭ ਕੁਝ ਕਰ ਰਿਹਾ ਹੈ। ਚੀਮਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਕ ਸਦੀ ਪੁਰਾਣੀ ਪਾਰਟੀ ਹੈ, ਜੋ ਭਾਰਤ ਦੇ ਚੋਣ ਕਮਿਸ਼ਨ ਕੋਲ ਰਜਿਸਟਰਡ ਹੈ। ਚੀਮਾ ਨੇ ਕਿਹਾ, 'ਉਨਾਂ ਜੋ ਕੁਝ ਕੀਤਾ, ਉਹ ਸੌ ਫੀਸਦ ਜਾਅਲਸਾਜ਼ੀ ਹੈ। ਇਹ ਗੈਰਕਾਨੂੰਨੀ ਤੇ ਕਿਸੇ ਧੋਖੇ-ਫ਼ਰੇਬ ਤੋਂ ਘੱਟ ਨਹੀਂ। ਉਨਾਂ ਕਿਹਾ ਕਿ ਸ੍ਰੀ ਢੀਂਡਸਾ ਨੂੰ ਆਪਣੇ ਤਰੀਕੇ ਨਾਲ ਚੱਲਣ ਦਾ ਜਮਹੂਰੀ ਅਧਿਕਾਰ ਹੈ, ਪਰ ਸਾਡਾ ਇਤਰਾਜ਼ ਉਨਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦਾ ਨਾਂ ਵਰਤ ਕੇ ਕੀਤਾ ਗਿਆ ਫਰਾਡ ਹੈ।


















ਮਰਦਸ਼ੁਮਾਰੀ ਇੱਕ ਸਧਾਰਣ ਅੰਤ ਹੈ
ਗੁਪਤ ੯ ਪ੍ਰਸ਼ਨ ਸਰਵੇਖਣ

ਸਹੂਲਤਾਂ ਦੀ ਗਿਣਤੀ ਮਰਦਸ਼ੁਮਾਰੀ ਵਿਚ ਹਿੱਸਾ ਲਓ
ਪਰਿਵਾਰ ਗਿਣਦੇ ਹਨ ਅੱਜ

ਹਰ ਕੋਈ ਗਿਣਦਾ ਹੈ

ਮਰਦਮਸ਼ੁਮਾਰੀ
CALIFORNIA
ALL
2020

CaliforniaCensus.org

# ਯੂ.ਏ.ਪੀ.ਏ ਤਹਿਤ ਝੂਠੇ ਮਾਮਲੇ ਚ ਗ੍ਰਿਫਤਾਰ ਕੀਤਾ ਵਕੀਲ, ਬਰੀ ਹੋ ਕੇ ਹੁਣ ਇਸ ਮਾਰੂ ਕਾਨੂੰਨ ਤੋਂ ਹੋਰਨਾਂ ਦਾ ਬਚਾਅ ਕਰ ਰਿਹਾ ਹੈ

**ਲੁਧਿਆਣ/ਕਮਲਦੀਪ ਸਿੰਘ ਬਰਾੜ:** ਲੁਧਿਆਣੇ ਤੋਂ ਵਕੀਲ ਜਸਪਾਲ ਸਿੰਘ ਮੰਝਪੁਰ ਕੋਲ ਗੈਰ-ਕਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂ.ਏ.ਪੀ.ਏ.) ਤਹਿਤ ਦਰਜ ਕੇਸਾਂ ਨਾਲ ਨਜਿੱਠਣ ਦਾ ਨਿੱਜੀ ਤਜ਼ਰਬਾ ਹੈ। ਉਹਨਾਂ ਉੱਤੇ ਸਾਲ 2009 ਵਿੱਚ ਯੂਏਪੀਏ ਅਧੀਨ ਮੁਕੱਦਮਾ ਦਰਜ ਹੋਇਆ ਸੀ ਅਤੇ ਜ਼ਮਾਨਤ ਮਿਲਣ ਤੋਂ ਪਹਿਲਾਂ ਉਹਨਾਂ ਤਕਰੀਬਨ ਡੇਢ ਸਾਲ ਜੇਲ ਕੱਟੀ ਸੀ। 2014 ਵਿੱਚ ਉਹ ਬਰੀ ਹੋ ਗਏ ਸੀ।

ਭਾਈ ਦਲਜੀਤ ਸਿੰਘ ਦੇ ਨਾਲ ਮੰਝਪੁਰ ਅਤੇ 5 ਹੋਰਾਂ ਉੱਤੇ ਮਾਮਲਾ ਦਰਜ ਕੀਤਾ ਗਿਆ ਸੀ। ਹੁਣ ਤੱਕ ਮੰਝਪੁਰ ਨੇ ਪੰਜਾਬ ਦੀਆਂ ਵੱਖ-ਵੱਖ ਅਦਾਲਤਾਂ ਵਿੱਚ ਲਗਭਗ 70 ਵਿਅਕਤੀਆਂ ਤੇ ਯੂ.ਏ.ਪੀ.ਏ ਤਹਿਤ ਦਰਜ ਹੋਏ ਮੁੱਕਦਮਿਆਂ ਦੀ ਪੈਰਵਾਈ ਕੀਤੀ ਹੈ। ਉਹਨਾਂ ਨੇ ਪਿਛਲੇ 11 ਸਾਲਾਂ ਦੌਰਾਨ ਪੰਜਾਬ ਵਿੱਚ ਯੂ.ਏ.ਪੀ.ਏ ਤਹਿਤ ਦਰਜ ਹੋਏ 64 ਮਾਮਲਿਆਂ ਦੀ ਇੱਕ ਸੂਚੀ ਵੀ ਬਣਾਈ ਹੈ।

ਵਕੀਲ ਮੰਝਪੁਰ ਨੇ ਕਿਹਾ ਕਿ, ਯੂਏਪੀਏ ਅਧੀਨ ਪੰਜਾਬ ਵਿੱਚ ਹੋਰ ਵੀ ਕੇਸ ਦਰਜ ਹਨ, ਜਿਨਾਂ ਬਾਰੇ ਮੈਂ ਸ਼ਾਇਦ ਨਹੀਂ ਜਾਣਦਾ। ਜਿਹੜੀ ਸੂਚੀ ਮੈਂ ਤਿਆਰ ਕੀਤੀ ਹੈ, ਉਸ ਅਨੁਸਾਰ, ਯੂ ਪੀ ਏ ਤਹਿਤ 2007 ਤੋਂ ਹੁਣ ਤੱਕ ਪੰਜਾਬ ਵਿੱਚ ਘੱਟੋ ਘੱਟ 64 ਕੇਸ ਦਰਜ ਕੀਤੇ ਗਏ ਹਨ।

ਇਸ ਕਾਨੂੰਨ ਤਹਿਤ 300 ਤੋਂ ਵੱਧ ਮਰਦ ਅਤੇ ਬੀਬੀਆਂ ਸਲਾਖਾਂ ਪਿੱਛੇ ਹਨ ਜਿਨਾਂ ਵਿੱਚੋਂ 99 ਪ੍ਰਤੀਸ਼ਤ ਸਿੱਖ ਹਨ।

ਜਸਪਾਲ ਸਿੰਘ ਮੰਝਪੁਰ ਨੇ ਅੱਗੇ ਦੱਸਿਆ ਕਿ ਉਨਾਂ ਦੀ ਸੂਚੀ ਵਿਚ ਯੂਏਪੀਏ ਅਧੀਨ 235 ਮੁਲਜ਼ਮ ਨਾਮਜ਼ਦ ਕੀਤੇ ਗਏ ਹਨ ਅਤੇ ਉਹਨਾਂ ਵਿਚੋਂ 162 ਬਰੀ ਹੋ ਚੁੱਕੇ ਹਨ। ਦਰਜ ਕੀਤੇ ਗਏ 64 ਮਾਮਲਿਆਂ ਵਿਚੋਂ ਸਿਰਫ 3 ਵਿੱਚ ਹੀ ਦੋਸ਼ ਸਾਬਿਤ ਹੋਏ ਹਨ। ਦੋ ਦੋਸ਼ੀਆਂ



ਨੂੰ ਉੱਚ ਅਦਾਲਤ ਨੇ ਬਰੀ ਕਰ ਦਿੱਤਾ ਹੈ। ਇਕ ਮੁਲਜਮ ਦੀ ਜਮਾਨਤ ਹੋ ਚੁੱਕੀ ਹੈ ਅਤੇ ਉਸ ਦੀ ਅਰਜੀ (ਅਪੀਲ) ਉੱਚ-ਅਦਾਲਤ ਵਿੱਚ ਲੱਗੀ ਹੋਈ ਹੈ। ਬਾਕੀ ਬਚੇ ਦੋਸ਼ੀਆਂ ਉੱਤੇ ਅਜੇ ਮੁਕਦਮਾ ਚੱਲ ਰਿਹਾ ਹੈ। ਉਹਨਾਂ ਇਹ ਵੀ ਦੱਸਿਆ ਕਿ, ਬਰੀ ਹੋਣ ਦਾ ਅਰਥ ਹੈ ਕਿ ਮੁਲਜ਼ਮ ਲਾਜ਼ਮੀ ਤੌਰ 'ਤੇ ਘੱਟੋ ਘੱਟ ਇਕ ਸਾਲ ਅਤੇ ਬਹੁਤੇ ਮਾਮਲਿਆਂ ਵਿਚ ਸੱਤ ਸਾਲ ਤਕ ਸਲਾਖਾਂ ਪਿੱਛੇ (ਜੇਲ ਵਿੱਚ) ਲਗਾ ਚੁਕਿਆ ਹੈ।

ਕੈਪਟਨ ਅਮਰਿੰਦਰ ਸਿੰਘ ਦੇ ਕਾਰਜਕਾਲ ਵਿੱਚ ਲਗਭਗ 175 ਸਿੱਖ ਨੌਜਵਾਨਾਂ ਨੂੰ ਯੂ.ਏ. ਪੀ.ਏ. ਤਹਿਤ ਗ੍ਰਿਫਤਾਰ ਕੀਤਾ ਗਿਆ ਹੈ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਜਪਾ ਸਰਕਾਰ ਦੇ 10 ਸਾਲਾਂ ਦੇ ਕਾਰਜਕਾਲ ਦੌਰਾਨ ਕੁੱਲ 64 ਸਿੱਖ ਨੌਜਵਾਨਾਂ ਨੂੰ ਇਸ ਕਾਨੂੰਨ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ।

ਉਹਨਾਂ ਦੱਸਿਆ ਕਿ ਅਕਸਰ ਹੀ ਮੁਲਜ਼ਮਾਂ ਨੂੰ ਯੂ.ਏ.ਪੀ.ਏ ਅਧੀਨ ਮਾਮਲਿਆਂ ਵਿੱਚ ਨਾਮਜ਼ਦ ਸਿਰਫ ਵੱਧ ਸਮਾਂ ਜੇਲ ਵਿੱਚ ਡੱਕਣ ਲਈ ਕੀਤਾ ਜਾਂਦਾ ਹੈ ਨਾ ਕੇ ਉਹਨਾਂ ਨੂੰ ਦੋਸ਼ੀ ਸਾਬਿਤ ਕਰਨ ਲਈ। ਜੇ ਪੁਲਿਸ ਦਾ ਦਾਅਵਾ ਹੈ ਕਿ ਕਿਸੇ ਵਿਅਕਤੀ ਕੋਲੋਂ ਇੱਕ ਪਿਸਤੌਲ ਬਰਾਮਦ ਕੀਤੀ ਗਈ ਸੀ, ਅਤੇ ਉਸਨੂੰ ਸਿਰਫ ਅਸਲਾ ਕਾਨੂੰਨ (ਆਰਮਜ਼ ਐਕਟ) ਦੇ ਤਹਿਤ ਨਾਮਜ਼ਦ ਕੀਤਾ ਜਾਂਦਾ ਹੈ, ਤਾਂ ਮੁਲਜ਼ਮ ਪਹਿਲੀ ਸੁਣਵਾਈ ਤੋਂ ਬਾਅਦ ਜ਼ਮਾਨਤ 'ਤੇ ਬਾਹਰ ਆ ਸਕਦਾ ਹੈ। ਪਰ ਜੇ ਦੋਸ਼ੀ 'ਤੇ ਯੂ.ਏ. ਪੀ.ਏ. ਤਹਿਤ ਕੇਸ ਦਰਜ ਹੈ, ਤਾਂ ਉਸਨੂੰ ਸਾਲਾਂ ਬੱਧੀ ਸਲਾਖਾਂ ਪਿੱਛੇ ਰਹਿਣਾ ਪੈ ਸਕਦਾ ਹੈ। 64 ਦੀ ਸੂਚੀ ਵਿਚੋਂ 40 ਐਫ.ਆਈ.ਆਰ. (ਮਾਮਲੇ) ਅਜਿਹੇ ਹਨ, ਜਿਨਾਂ ਵਿਚ ਕੋਈ ਵੀ ਅਪਰਾਧਿਕ ਘਟਨਾ ਹੀ ਨਹੀਂ ਵਾਪਰੀ ਹੈ ਪਰ ਮੁਲਜ਼ਮਾਂ ਨੂੰ ਫਿਰ ਵੀ ਯੂ.ਏ.ਪੀ.ਏ ਤਹਿਤ ਨਾਮਜ਼ਦ ਕੀਤਾ ਗਿਆ ਹੈ।

ਵਕੀਲ ਮੰਝਪੁਰ ਨੇ ਦੱਸਿਆ ਕਿ ਬਹੁਤੇ ਮਾਮਲਿਆਂ ਵਿਚ, ਪੁਲਿਸ ਅਦਾਲਤ ਨੂੰ ਦੱਸਦੀ ਹੈ ਕਿ ਦੋਸ਼ੀ ਕੁਝ ਅਪਰਾਧਿਕ ਕਾਰਵਾਈਆਂ ਕਰਨ ਦੀ ਯੋਜਨਾ ਬਣਾ ਰਿਹਾ ਸੀ ਅਤੇ ਫਿਰ ਪੁਲਿਸ ਯੂਏਪੀਏ ਦੀ ਵਰਤੋਂ ਕਰਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਿਅਕਤੀ ਜ਼ਮਾਨਤ 'ਤੇ ਜੇਲ ਤੋਂ ਬਾਹਰ ਨਹੀਂ ਆਵੇਗਾ। ਯੂਏਪੀਏ ਅਧੀਨ ਬਹੁਤੇ ਮਾਮਲੇ ਅਜਿਹੇ ਹਨ ਜਿਹਨਾਂ ਜਿੱਥੇ ਕੋਈ ਵੀ ਅਪਰਾਧਿਕ ਘਟਨਾ ਨਹੀਂ ਵਾਪਰੀ ਹੈ।

ਬਾਕੀ ਸਫ਼ਾ 32 'ਤੇ

# ਫੰਡ ਜੁਟਾਉਣ ਦੇ ਮਾਮਲੇ ਵਿਚ ਬਿਡੇਨ ਨੇ ਟਰੰਪ ਨੂੰ ਬਹੁਤ ਪਿੱਛੇ ਛੱਡਿਆ



**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਚੋਣਾਂ ਵਿਚ ਵੱਡੇ ਅਦਾਰਿਆਂ ਜਾਂ ਆਮ ਲੋਕਾਂ ਵੱਲੋਂ ਉਮੀਦਵਾਰਾਂ ਨੂੰ ਦਿੱਤੇ ਜਾਂਦੇ ਫੰਡ ਦੀ ਬਹੁਤ ਅਹਿਮੀਅਤ ਸਮਝੀ ਜਾਂਦੀ ਹੈ। ਇਸ ਤੋਂ ਭਵਿੱਖ ਦੇ ਸੰਭਾਵੀ ਰਾਸ਼ਟਰਪਤੀ ਬਾਰੇ ਵੀ ਅਨੁਮਾਨ ਲਾਇਆ ਜਾਂਦਾ ਹੈ। ਇਸ ਸਾਲ ਅਪ੍ਰੈਲ ਵਿਚ ਜੋਅ ਬਿਡੇਨ ਵੱਲੋਂ 2020 ਦੀ ਰਾਸ਼ਟਰਪਤੀ ਚੋਣ ਮੁਹਿੰਮ ਦੌਰਾਨ ਫੰਡ ਜੁਟਾਉਣ ਸਬੰਧੀ ਡੈਮੋਕ੍ਰੈਟਿਕ ਨੈਸ਼ਨਲ ਕਮੇਟੀ (ਡੀ ਐਨ\ ਸੀ) ਨਾਲ ਸਾਂਝੇ ਸਮਝੌਤੇ ਉਪਰ ਦਸਤਖ਼ਤ ਕੀਤੇ ਗਏ ਸਨ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰਿਪਬਲੀਕਨ ਨੈਸ਼ਨਲ ਕਮੇਟੀ (ਆਰ.ਐਨ.ਸੀ) ਨਾਲ ਅਜਿਹੇ ਹੀ ਸਮਝੌਤੇ ਉਪਰ ਸਹੀ ਪਾਈ ਸੀ। ਅਪ੍ਰੈਲ ਵਿਚ ਬਿਡੇਨ ਤੇ ਡੀ. ਐਨ. ਸੀ ਨੇ 60.5 ਮਿਲੀਅਨ ਡਾਲਰ ਫੰਡ ਇਕੱਠਾ ਕੀਤਾ ਜਦ ਕਿ ਟਰੰਪ ਤੇ ਆਰ.ਐਨ.ਸੀ ਨੇ ਕੁਝ ਵਧ 61.7 ਮਿਲੀਅਨ ਡਾਲਰ ਜੁਟਾਏ। ਮਈ ਵਿਚ ਬਿਡੇਨ ਨੇ ਟਰੰਪ ਨੂੰ ਪਛਾੜਦੇ ਹੋਏ 80.8 ਮਿਲੀਅਨ ਡਾਲਰ ਫੰਡ ਜੁਟਾਇਆ ਜਦ ਕਿ ਟਰੰਪ ਨੂੰ 74 ਮਿਲੀਅਨ ਡਾਲਰ ਫੰਡ ਵਜੋਂ ਮਿਲੇ। ਪਿਛਲੇ ਮਹੀਨੇ ਜੂਨ ਵਿਚ ਬਿਡੇਨ ਨੂੰ 141 ਮਿਲੀਅਨ ਡਾਲਰ ਦਾਨ ਦੇ ਰੂਪ ਵਿਚ ਮਿਲੇ ਜੋ ਕਿ ਇਸ ਮਹੀਨੇ ਟਰੰਪ ਨੂੰ ਮਿਲੇ ਫੰਡ ਨਾਲੋਂ 10 ਮਿਲੀਅਨ ਡਾਲਰ ਜਿਆਦਾ ਹਨ। ਡੀ.ਐਨ. ਸੀ ਨੇ ਕਿਹਾ ਹੈ ਕਿ ਸਾਡੇ 68% ਦਾਨੀ ਨਵੇਂ ਹਨ ਤੇ 26 ਲੱਖ ਲੋਕ ਸਾਡੇ ਨਾਲ ਨਵੇਂ ਜੁੜੇ ਹਨ। ਬਿਡੇਨ ਦੇ ਚੋਣ ਮੁਹਿੰਮ ਮੈਨੇਜਰ ਜੈਨੀਫਰ ਓ ਮਾਲੇ ਡਿਲਨ ਨੇ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਨੂੰ ਹੇਠਲੇ ਪੱਧਰ ਉਪਰ ਲੋਕਾਂ ਦਾ ਭਰਪੂਰ ਸਹਿਯੋਗ ਮਿਲ ਰਿਹਾ ਹੈ।

# ਬਰਾਡਵੇਅ ਅਦਾਕਾਰ ਨਿੱਕ ਕਾਰਡੇਰੋ ਕੋਰੋਨਾ ਮੋਹਰੇ ਜਿੰਦਗੀ ਦੀ ਜੰਗ ਹਾਰ ਗਿਆ



**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਬਰਾਡਵੇਅ ਅਦਾਕਾਰ ਨਿੱਕ ਕਾਰਡੇਰੋ ਕੋਰੋਨਾ ਅੱਗੇ ਜਿੰਦਗੀ ਦੀ ਜੰਗ ਹਾਰ ਗਿਆ ਤੇ ਉਸ ਦੀ ਲੰਘੇ ਦਿਨ ਮੌਤ ਹੋ ਗਈ। 41 ਸਾਲਾ ਅਦਾਕਾਰ ਦੇ ਵਿਸ਼ਵ ਭਰ ਵਿਚ ਪ੍ਰਸੰਸਕ ਹਨ। ਅਮਾਂਡਾ ਕਲੂਟਸ ਨੇ ਇੰਸਟਗਰਾਮ 'ਤੇ ਆਪਣੇ ਪਤੀ ਦੀ ਮੌਤ ਦੀ ਪੁਸ਼ਟੀ ਕਰਦਿਆਂ ਕਿਹਾ ਕਿ " ਸਵਰਗ ਵਿਚ ਪ੍ਰਮਾਤਮਾ ਕੋਲ ਇਕ ਹੋਰ ਫਰਿਸ਼ਤਾ ਚਲਾ ਗਿਆ ਹੈ।" ਕਲੂਟਸ ਨੇ ਲਿਖਿਆ ਹੈ ਕਿ ਉਸ ਦਾ ਪਤੀ ਪਰਿਵਾਰ ਦੇ ਪਿਆਰ ਵਿਚ ਰੰਗਿਆ ਹੋਇਆ ਸੀ ਉਸ ਨੇ ਧਰਤੀ ਨੂੰ ਬਹੁਤ ਹੀ ਸਹਿਜ ਤਰੀਕੇ ਨਾਲ ਅਲਵਿਦਾ ਕਹੀ ਹੈ। 38 ਸਾਲਾ ਅਮਾਂਡਾ ਨੇ ਹੋਰ ਕਿਹਾ ਹੈ "ਮੇਰਾ ਦਿੱਲ ਟੁੱਟ ਗਿਆ ਹੈ, ਮੈ ਉਸ ਤੋਂ ਬਿਨਾਂ ਜੀਵਨ ਦੀ ਕਲਪਨਾ ਨਹੀਂ ਕਰ ਸਕਦੀ। ਨਿੱਕ ਸਾਡੇ ਜੀਵਨ ਦੀ ਰੌਸ਼ਨੀ ਸੀ।" ਨਿੱਕ ਨੂੰ ਮਾਰਚ ਦੇ ਆਖੀਰ ਵਿਚ ਲਾਸ ਏਂਜਲਸ ਦੇ ਸੇਡਾਰਜ- ਸਿਨਾਈ ਮੈਡੀਕਲ ਸੈਂਟਰ

ਬਾਕੀ ਸਫ਼ਾ 32 'ਤੇ




# ਗੋਰਾ ਲੂਈ ਸਿੰਘ ਖ਼ਾਲਸਾ ਬਣ ਕੇ ਕੇ ਨਿਊਜ਼ੀਲੈਂਡ ਦੀ ਫ਼ੌਜ ਵਿਚ ਡਟਿਆ

### ✪ ਸ੍ਰੀ ਕੇਸਗੜ ਸਾਹਿਬ ਤੋਂ ਛਕਿਆ ਅੰਮ੍ਰਿਤ ✪ ਪੰਜਾਬੀ ਪੜਦਾ ਤੇ ਬੋਲਦਾ ਵੀ ਹੈ ਤੇ ਕੀਰਤਨ ਕਰਨ 'ਚ ਨਿਪੁੰਨ ਹੈ



**ਔਕਲੈਂਡ/ਏ.ਟੀ.ਨਿਊਜ਼:** ਨਿਊਜ਼ੀਲੈਂਡ ਫ਼ੌਜ ਇਸ ਵੇਲੇ 175ਵੇਂ ਸਾਲ ਵਿਚ ਹੈ। ਇਹ ਦੇਸ਼ ਭਾਵੇਂ ਧਰਤੀ ਦੇ ਨਾਲ ਧਰਤੀ ਜੋੜਨ ਵਾਲੀ ਸਰਹੱਦ ਨਹੀਂ ਰਖਦਾ ਪਰ ਸਮੁੰਦਰੀ ਸਰਹੱਦਾਂ ਦੀ ਰਾਖੀ ਬਾਖ਼ੂਬੀ ਕਰਦਾ ਹੈ। ਬੀਤੇ ਦਿਨ ਫ਼ੌਜ ਵਿਚ ਨਵੇਂ ਭਰਤੀ ਹੋਏ 63 ਮੁੰਡਿਆਂ ਦੀ ਪਾਸਿੰਗ ਪਰੇਡ ਹੋਈ। ਇਸ ਪਾਸਿੰਗ ਪਰੇਡ ਵਿਚ 23 ਸਾਲਾ ਇਕ ਗੋਰੇ ਨੌਜਵਾਨ ਜਿਸ ਨੇ ਫ਼ੌਜ ਦੀ ਵਰਦੀ ਵਾਲੀ ਹਰੀ ਰੰਗੀ ਪੱਗ ਬੰਨੀ ਹੋਈ ਸੀ, ਪੱਗੇ ਉਤੇ ਫ਼ੌਜ ਦਾ ਲੋਗੋ, ਭੂਰੀ-ਭੂਰੀ ਦਾੜੀ ਪ੍ਰਕਾਸ਼ ਰੂਪ ਵਿਚ ਅਤੇ ਕੱਛ ਵਿਚ ਮਿਲਟਰੀ ਸਲੀਕੇ ਨਾਲ ਬੰਦੂਕ ਫੜੀ ਹੋਈ ਸੀ ਤੇ ਸਾਰਿਆਂ ਦਾ ਧਿਆਨ ਅਪਣੇ ਵਲ ਖਿੱਚਿਆ ਹੋਇਆ ਸੀ। ਇਸ ਗੋਰੇ ਨੌਜਵਾਨ ਦਾ ਨਾਂਅ ਹੈ ਲੂਈ ਸਿੰਘ ਖ਼ਾਲਸਾ। ਉਂਜ ਇਸ ਦਾ ਅੰਗਰੇਜ਼ੀ ਨਾਂ ਲੂਈਸ ਟਾਲਬੋਟ ਹੈ।

ਇਸ ਨੌਜਵਾਨ ਨੇ ਸ੍ਰੀ ਕੇਸਗੜ ਸਾਹਿਬ ਤੋਂ ਅੰਮ੍ਰਿਤ ਛਕਿਆ ਸੀ ਅਤੇ ਫਿਰ ਨਿਊਜ਼ੀਲੈਂਡ ਦੀ ਫ਼ੌਜ ਵਿਚ ਡੱਟ ਗਿਆ ਸੀ। ਲੂਈ ਸਿੰਘ ਖ਼ਾਲਸਾ ਪੰਜਾਬੀ ਵੀ ਬੋਲ ਲੈਂਦਾ ਹੈ। ਉਸ ਨੂੰ ਸਿੱਖੀ ਅਤੇ ਸਿੱਖੀ ਜੀਵਨ 5 ਸਾਲਾਂ ਵਿਚ ਹੀ ਸਮਝ ਆ ਗਿਆ। ਇਹ ਨੌਜਵਾਨ ਕੈਂਟਰਬਰੀ ਦੇ ਇਕ ਸ਼ਹਿਰ ਟੀਮਾਰੂ ਦਾ ਰਹਿਣਾ ਵਾਲਾ ਹੈ ਅਤੇ ਇਸ ਨੇ ਕਾਲਜ ਦੀ ਅਪਣੀ ਪੜਾਈ ਕ੍ਰਾਈਸਟ ਕਾਲਜ ਕ੍ਰਾਈਸਟਚਰਚ ਤੋਂ ਪੂਰੀ ਕੀਤੀ। ਸਿੱਖੀ ਜੀਵਨ ਬਾਰੇ ਉਸ ਨੇ ਦਸਿਆ ਕਿ 2015 ਵਿਚ ਸਕੂਲ ਤੋਂ ਬਾਅਦ ਉਹ ਅਪਣੇ ਇਕ ਦੋਸਤ ਦੇ ਘਰ ਇਕ ਸਿੱਖ ਨੌਜਵਾਨ ਤੇਜਿੰਦਰ ਸਿੰਘ (ਹੁਣ ਕੈਨੇਡਾ) ਨੂੰ ਮਿਲਿਆ। ਉਸ ਨੇ ਗੁਰੂ ਘਰ ਬਾਰੇ ਜਾਣਕਾਰੀ ਮੰਗੀ। ਇਸ ਨੂੰ ਕ੍ਰਾਈਸਟਚਰਚ ਦੇ ਗੁਰਦਵਾਰਾ ਜਗਤ ਗੁਰੂ ਨਾਨਕ ਸਾਹਿਬ ਵਿਖੇ ਆਉਣ ਲਈ ਕਿਹਾ ਗਿਆ। ਜਿਥੇ ਉਸ ਨੂੰ ਇਕ ਅਲੱਗ ਤਰਾਂ ਸਕੂਨ ਦਿੰਦਾ ਅਹਿਸਾਸ ਹੋਇਆ। ਗੁਰਬਾਣੀ ਦੇ ਇੰਗਲਿਸ਼ ਅਰਥ ਹਿਰਦੇ ਵਸ ਗਏ। ਫਿਰ ਇਹ ਹਰ ਹਫ਼ਤੇ ਗੁਰਦਵਾਰਾ ਸਾਹਿਬ ਜਾਣ ਲੱਗਾ ਜਿਥੇ ਉਸ ਨੂੰ ਸਿੱਖ ਨੌਜਵਾਨ ਭਾਈ ਸੁਖਪ੍ਰੀਤ ਸਿੰਘ, ਕਮਲ ਸਿੰਘ, ਦਿਲਰਾਜ ਸਿੰਘ, ਕੰਵਲਜੀਤ ਸਿੰਘ ਤੇ ਰਾਜਵਿੰਦਰ ਸਿੰਘ ਹੋਰੀਂ ਮਿਲਦੇ ਰਹਿੰਦੇ ਅਤੇ ਸਿੱਖੀ ਜੀਵਨ ਵੱਲ ਇਹ ਵੀ ਪ੍ਰੇਰਿਤ ਹੋਣ ਲੱਗਾ। ਜੂਨ 2018 ਵਿਚ ਇਹ ਨੌਜਵਾਨ ਪੰਜਾਬ ਯਾਤਰਾ ਲਈ ਜਾਂਦਾ ਹੈ ਅਤੇ ਇਕ ਸਿੱਖ ਪਰਿਵਾਰ ਨਾਲ ਰਹਿੰਦਾ ਹੈ, ਸ੍ਰੀ ਕੇਸਗੜ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਵਿਖੇ ਅੰਮ੍ਰਿਤਪਾਨ ਕਰਦਾ ਹੈ, ਚੋਲਾ ਪਹਿਨਦਾ ਹੈ, ਗੁਰਮੁਖੀ ਸਿੱਖਣੀ ਸ਼ੁਰੂ ਕਰਦਾ ਹੈ, ਬਾਣੀ ਪੜਨੀ ਸ਼ੁਰੂ ਕਰਦਾ ਹੈ। ਦਰਬਾਰ ਸਾਹਿਬ ਜਾਂਦਾ ਹੈ, ਸੜਕਾਂ ਉਤੇ ਲਿਖੇ ਪੰਜਾਬੀ ਬੋਰਡ ਪੜ ਕੇ ਪ੍ਰੈਕਟਿਸ ਕਰਦਾ ਹੈ ਤੇ ਵਾਪਸ ਨਿਊਜ਼ੀਲੈਂਡ ਆ ਕੇ ਤਬਲਾ ਤੇ ਕੀਰਤਨ ਸਿੱਖਣ ਲਗਦਾ ਹੈ।

ਇਸ ਨੌਜਵਾਨ ਦੀ ਮਾਤਾ ਇੰਗਲੈਂਡ ਤੋਂ ਹੈ ਅਤੇ ਪਿਤਾ ਨਿਊਜ਼ੀਲੈਂਡ ਤੋਂ ਹੈ। ਇਸ ਦਾ ਇਕ ਵੱਡਾ ਭਰਾ ਹੈ ਤੇ ਛੋਟੀ ਭੈਣ ਹੈ। ਦਸਤਾਰ ਸਜਾ ਕੇ ਅੱਗੇ ਵਧਣ ਲਈ ਇਹ ਨੌਜਵਾਨ ਸਿੱਖ ਬੱਚਿਆਂ ਲਈ ਵਿਸ਼ਵ ਵਿਆਪੀ ਇਕ ਵਧੀਆ ਉਦਾਹਰਣ ਹੈ ਤਾਂ ਕਿ ਕੇਸਾਂ ਕਰ ਕੇ ਉਨਾਂ ਵਿਚ ਕੋਈ ਹੀਣ ਭਾਵਨਾ ਨਾ ਪੈਦਾ ਹੋਵੇ।

# ਰੈਫਰੰਡਮ 2020 ਪ੍ਰਤੀ ਦਹਿਸ਼ਤ ਪੈਦਾ ਕਰਨ ਲਈ ਸਿੱਖਾਂ ਨੂੰ ਝੂਠੇ ਕੇਸ ਵਿੱਚ ਫਸਾਇਆ ਜਾ ਰਿਹਾ : ਯੁਨਾਈਟਿਡ ਖਾਲਸਾ ਦਲ ਯੂ,ਕੇ

### ਹਰ ਇਨਸਾਨ ਦੇ ਮੁੱਢਲੇ ਅਜ਼ਾਦੀ ਦੇ ਹੱਕ ਤੋਂ ਹਿੰਦੂਤਵੀ ਲਾਬੀ ਤੇ ਇਸਦੇ ਦਲਾਲ ਸਿੱਖਾਂ ਨੂੰ ਵਾਂਝਾ ਨਹੀਂ ਕਰ ਸਕਦੇ



**ਲੰਡਨ/ਏ.ਟੀ.ਨਿਊਜ਼:** ਪੰਜਾਬ ਪੁਲਿਸ ਆਪਣੀ ਪੁਰਾਣੀ ਅਤੇ ਖਾਨਦਾਨੀ ਫਿਤਰਤ ਅਨੁਸਾਰ ਸਿੱਖ ਨੌਜਵਾਨਾਂ ਨੂੰ ਝੂਠੇ ਕੇਸਾਂ ਵਿੱਚ ਫਸਾ ਰਹੀ ਹੈ ।ਜਿਸ ਤਰਾਂ ਖਾਲਿਸਤਾਨ ਨੂੰ ਹਊਆ ਬਣਾ ਕੇ ਪੇਸ਼ ਕਰਦਿਆਂ ਇਸ ਆੜ ਹੇਠ ਪੰਜਾਬ ਵਿੱਚ ਸਿੱਖ ਨੌਜਵਾਨਾਂ ਦਾ ਵੱਡੀ ਪੱਧਰ ਤੇ ਘਾਣ ਕੀਤਾ ਗਿਆ ਉਸੇ ਤਰਾਂ ਹੀ ਹੁਣ ਰੈਫਰੰਡਮ ਦਾ ਹਊਆ ਖੜਾ ਕਰਕੇ ਆਏ ਦਿਨ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਆਪਣੇ ਮਾਲਖਾਨਿਆਂ ਵਿੱਚੋਂ ਹਥਿਆਰ ਕੱਢ ਕੱਢ ਕੇ ਉਹਨਾਂ ਤੇ ਪਾਏ ਜਾ ਰਹੇ ਹਨ । ਵੀਹਵੀਂ ਸਦੀ ਦੇ ਮਹਾਨ ਸਿੱਖ ਅਤੇ ਦਮਦਮੀ ਟਕਸਾਲ ਦੇ ਜਥੇਦਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਲਾਸਾਨੀ ਸ਼ਹਾਦਤ ਨਾਲ ਅਰੰਭ ਹੋਇਆ ਖਾਲਿਸਤਾਨ ਦਾ ਸੰਘਰਸ਼ ਹੱਕ ,ਸੱਚ,ਇਨਸਾਫ ਅਤੇ ਧਰਮ ਤੇ ਅਧਾਰਿਤ ਹੈ । ਸਿੱਖ ਕੌਮ ਦਾ ਨਿਸ਼ਾਨਾ ਖਾਲਿਸਤਾਨ ਹੈ ਅਤੇ ਖਾਲਿਸਤਾਨ ( ਅਜਾਦੀ ) ਹਰ ਸਿੱਖ ਦਾ ਬੁਨਿਆਦੀ ਹੱਕ ਹੈ । ਕੋਈ ਵੀ ਖਾਲਸਈ ਫਲਸਫੇ ਦਾ ਧਾਰਨੀ ਵਿਆਕਤੀ ਇਸਦਾ ਵਿਰੋਧੀ ਨਹੀਂ ਹੋ ਸਕਦਾ । ਦਿੱਲੀ ਪੁਲਿਸ ਅਤੇ ਪੰਜਾਬ ਪੁਲਿਸ ਕੇਂਦਰੀ ਜਾਂਚ ਏਜੰਸੀ ਦੇ ਇਸ਼ਾਰੇ ਤੇ ਸਿੱਖ ਨੌਜਵਾਨਾਂ ਦੀਆਂ ਅਧਾਰਹੀਣ ਗ੍ਰਿਫਤਾਰੀਆਂ ਕਰ ਰਹੀ ਹੈ ਜੋ ਕਿ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ । ਕਈ ਸਿੱਖ ਨੌਜਵਾਨਾਂ ਨੂੰ ਰੈਫਰੰਡਮ 2020 ਦੇ ਸਬੰਧ ਵਿੱਚ ਪੋਸਤ ੌਅਰ ਕਰਨ ਦੇ ਦੋਸ਼ ਵਿੱਚ ਹੀ ਗ੍ਰਿਫਤਾਰ ਕੀਤਾ ਗਿਆ ਅਤੇ ਥਾਣਿਆਂ ਵਿੱਚ ਸੱਦ ਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ।। ਯੂਨਾਈਟਿਡ ਖਾਲਸਾ ਦਲ ਯੂ,ਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਪੁਲਿਸ ਦੇ ਇਹਨਾਂ ਮਾੜੇ ਅਤੇ ਸਿੱਖ ਵਿਰੋਧੀ ਵਤੀਰੇ ਦੀ ਸਖਤ ਨਿਖੇਧੀ ਕੀਤੀ ਗਈ ਹੈ । ਅਜੇ ਕੁੱਝ ਦਿਨ ਪਹਿਲਾਂ ਹੀ 13 ਸਿੱਖਾਂ ਨੂੰ ਅੱਤਵਾਦੀ ਐਲਾਨਿਆ ਗਿਆ ਹੈ, ਜਦਕਿ ਅਸਲ ਅੱਤਵਾਦੀ ਭਾਰਤ ਸਰਕਾਰ ਅਤੇ ਹਿੰਦੂਤਵੀ ਲਾਬੀ ਦੇ ਕਰਿੰਦੇ ਹਨ । ਜਿਕਰਯੋਗ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀਆਂ ਪੰਜਾਬ ਵਿੱਚ ਹੋਈਆਂ ਬੇਅਦਬੀਆਂ ਕਾਰਨ ਸਿੱਖ ਮਾਨਸਿਕਤਾ ਬੁਰੀ ਤਰਾਂ ਜਖਮੀਂ ਹੈ । ਇਹ ਦੁੱਖਦਾਇਕ ਵਰਤਾਰਾ ਤਿੰਨ ਸਾਲ ਪਹਿਲਾਂ ਬਾਦਲ ਸਰਕਾਰ ਵਕਤ ਅਰੰਭ ਹੋਇਆ ਸੀ , ਪਰ ਕਥਿਤ ਦੋਸ਼ੀਆਂ ਨੂੰ ਸਖਤ ਸਜਾਵਾਂ ਦੇਣ ਦੀ ਬਜਾਏ ਬਾਦਲ ਸਰਕਾਰ ਨੇ ਉਹਨਾਂ ਨੂੰ ਬਚਾਉਣ ਲਈ ਹਰ ਹੀਲਾ ਵਰਤਿਆ ਅਤੇ ਦੋਸ਼ੀਆਂ ਨੂੰ ਤੱਤੀ ਹਵਾ ਨਹੀਂ ਲੱਗਣ ਦਿੱਤੀ । ਹਾਲ ਹੀ ਦੌਰਾਨ ਸਿਰਸੇ ਵਾਲੇ ਅਸਾਧ ਦੇ ਚੇਲਿਆਂ ਦੀਆਂ ਗ੍ਰਿਫਤਾਰੀਆਂ ਅਤੇ ਉਹਨਾਂ ਦੇ ਇਕਬਾਲ ਨਾਮਿਆਂ ਨੇ ਸਾਬਤ ਕਰ ਦਿੱਤਾ ਕਿ ਸਮੂਹ ਬੇਅਦਬੀਆਂ ਪਿੱਛੇ ਸਿਰਸ ਵਾਲੇ ਅਸਾਧ ਰਾਮ ਰਹੀਮ ਦਾ ਹੱਥ ਸੀ ਇਸ ਕਰਕੇ ਇਹ ਘਿਨਾਉਣੇ ਅਪਰਾਧ ਬਦਲੇ ਸਮੁੱਚੇ ਦੋਸ਼ੀਆਂ ਨੂੰ ਸਜ਼ਾਏ ਮੌਤ ਮਿਲਣੀ ਚਾਹੀਦੀ ਹੈ । ਪੰਜਾਬ ਭਰ ਦੀਆਂ ਸਿੱਖ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰਾਂ ਦੀਆਂ ਅਲੰਬਰਦਾਰ ਸੰਸਥਾਵਾਂ ਨੂੰ ਸਨਿਮਰ ਅਪੀਲ ਕੀਤੀ ਗਈ ਹੈ ਕਿ ਰੈੱਫਰੰਡਮ ਦੀ ਆੜ ਹੇਠ ਸਿੱਖ ਨੌਜਵਾਨਾਂ ਦੀ ਧੜਾ ਧੜ ਕੀਤੀਆਂ ਜਾ ਰਹੀਆਂ ਗ੍ਰਿਫਤਾਰੀਆਂ ਖਿਲਾਫ ਅਵਾਜ ਬੁਲੰਦ ਕੀਤੀ ਜਾਵੇ । ਪਤਾ ਲੱਗਾ ਹੈ ਕਿ ਸਿੱਖ ਨੌਜਵਾਨਾਂ ਨੂੰ ਥਾਣਿਆਂ ਵਿੱਚ ਸੱਦ ਕੇ ਭਾਰੀ ਪੁੱਛਗਿੱਛ ਕੀਤੀ ਜਾ ਰਹੀ ਹੈ ।

# ਆਈਸ ਨੇ ਐਲਾਨ ਕੀਤਾ ਹੈ ਕਿ ਵੀਜ਼ਾ 'ਤੇ ਵਿਦਿਆਰਥੀਆਂ ਨੂੰ ਯੂ ਐਸ ਛੱਡਣਾ ਪਵੇਗਾ ਜਾਂ ਕਿਸੇ ਹੋਰ ਕਾਲਜ ਵਿਚ ਤਬਦੀਲ ਹੋਣਾ ਪਵੇਗਾ।

### ਜੇਕਰ ਇਹਨਾ ਵਿਦਿਆਰਥੀਆ ਦੇ ਸਕੂਲ ਸਿਰਫ ਆਨ- ਲਾਈਨ ਹਨ



**ਵਸ਼ਿਗਟਨ ਡੀ ਸੀ/ਗਿੱਲ:** ਇੰਮੀਗਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈਸੀਈ) ਨੇ ਸੋਮਵਾਰ ਨੂੰ ਘੋਸ਼ਣਾ ਕੀਤੀ ਹੈ ਕਿ ਸੰਯੁਕਤ ਰਾਜ ਅਮਰੀਕਾ ਦੇ ਅੰਤਰਰਾਸ਼ਟਰੀ ਵਿਦਿਆਰਥੀ ਜਿਨਾਂ ਦੇ ਸਕੂਲ ਫਾਲ ਸਮੈਸਟਰ ਲਈ ਆਨ-ਲਾਈਨ ਕਲਾਸਾਂ 'ਤੇ ਹਨ, ਉਨਾਂ ਨੂੰ ਦੇਸ਼ ਛੱਡਣਾ ਪਏਗਾ ਜਾਂ ਉਨਾਂ ਤੇ ਵੀਜ਼ਾ ਸਥਿਤੀ ਦੀ ਉਲੰਘਣਾ ਕਰਨ ਦਾ ਜੋਖਮ ਹੋਵੇਗਾ। ਨਵੇਂ ਨਿਯਮ ਦੇ ਤਹਿਤ, ਸੰਯੁਕਤ ਰਾਜ ਦੀਆਂ ਵਿਦਿਅਕ ਸੰਸਥਾਵਾਂ ਵਿੱਚ ਦਾਖਲ ਵਿਦੇਸ਼ੀ ਨਾਗਰਿਕਾਂ ਨੂੰ ਦੇਸ਼ ਛੱਡਣਾ ਪਏਗਾ, ਜਦ ਤੱਕ ਕਿ ਉਹਨਾਂ ਦੇ ਕੋਰਸ ਦੇ ਭਾਰ ਦਾ ਹਿੱਸਾ ਵਿਅਕਤੀਗਤ ਰੂਪ ਵਿੱਚ ਨਹੀਂ ਲਿਆ ਜਾਂਦਾ। ਸਟੂਡੈਂਟ ਐਂਡ ਐਕਸਚੇਂਜ ਵਿਜ਼ਿਟਰ ਪ੍ਰੋਗਰਾਮ (ਐਸਈਵੀਪੀ) ਨੇ ਕੋਵਿਡ -19 ਮਹਾਂਮਾਰੀ ਦੇ ਜਵਾਬ ਵਿੱਚ, ਸੰਯੁਕਤ ਰਾਜ ਵਿੱਚ ਰਹਿੰਦੇ ਹੋਏ ਵਿਦੇਸ਼ੀ ਵਿਦਿਆਰਥੀਆਂ ਨੂੰ ਆਪਣੇ ਬਸੰਤ ਅਤੇ ਗਰਮੀਆਂ ਦੇ 2020 ਕੋਰਸ ਆਨ-ਲਾਈਨ ਲੈਣ ਦੀ ਆਗਿਆ ਦਿੱਤੀ ਸੀ। ਐਸਈਵੀਪੀ, ਵਿਦਿਆਰਥੀ ਵੀਜ਼ਾ ਲਈ ਨਿਯਮ ਨਿਰਧਾਰਤ ਕਰਨ ਵਾਲੀ ਸੰਸਥਾ, ਆਈਸੀਈ ਦੁਆਰਾ ਚਲਾਇਆ ਜਾਂਦਾ ਹੈ, ਜੋ ਆਮ ਤੌਰ 'ਤੇ ਇਮੀਗ੍ਰੇਸ਼ਨ ਲਾਗੂ ਕਰਨ ਲਈ ਸਮਰਪਿਤ ਹੁੰਦਾ ਹੈ।ਆਪਣੀ ਘੋਸ਼ਣਾ ਵਿਚ, ਐਸਈਵੀਪੀ ਨੇ ਕਿਹਾ ਕਿ ਵਿਦੇਸ਼ੀ ਵਿਦਿਆਰਥੀ ਜੋ ਵਿਅਕਤੀਗਤ ਪ੍ਰੋਗਰਾਮਾਂ ਵਿਚ ਤਬਦੀਲ ਨਹੀਂ ਹੁੰਦੇ ਹਨ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਰਹਿੰਦੇ ਹਨ ।ਜਦੋਂ ਕਿ ਆਨ-ਲਾਈਨ ਕੋਰਸਾਂ ਵਿਚ ਦਾਖਲਾ ਲੈਂਦੇ ਹਨ, ਉਹਨਾਂ ਨੂੰ "ਇਮੀਗ੍ਰੇਸ਼ਨ ਦੇ ਨਤੀਜੇ ਭੁਗਤਣੇ ਪੈ ਸਕਦੇ ਹਨ, ਪਰ ਇਥੋਂ ਤੱਕ ਸੀਮਿਤ ਨਹੀਂ, ਉਹਨਾ ਨੂੰ ਹਟਾਉਣ ਦੀ ਕਾਰਵਾਈ ਦੀ ਸ਼ੁਰੂਆਤ ਕਰ ਦਿੱਤੀ ਹੈ।ਵਿਅਕਤੀਗਤ ਪ੍ਰੋਗਰਾਮਾਂ ਨੂੰ ਲੈਣ ਵਾਲੇ ਵਿਦਿਆਰਥੀਆਂ ਨੂੰ ਦੇਸ਼ ਵਿਚ ਰਹਿਣ ਦੀ ਆਗਿਆ ਦਿੱਤੀ ਜਾਏਗੀ, ਜਦੋਂਕਿ ਹਾਈਬ੍ਰਿਡ ਆਨਨਲਾਈਨ / ਵਿਅਕਤੀਗਤ ਕੋਰਸਾਂ ਵਾਲੇ ਸਕੂਲ ਆਪਣੇ ਪ੍ਰੋਗਰਾਮਾਂ ਦੀ ਤਸਦੀਕ ਕਰਨ ਦੀ ਜ਼ਰੂਰਤ ਪੂਰੀ ਤਰਾਂ ਕਰਨਗੇ।ਅੰਗਰੇਜ਼ੀ ਭਾਸ਼ਾ ਦੇ ਕੋਰਸਾਂ ਵਿਚ ਵਿਦਿਆਰਥੀਆਂ ਅਤੇ ਕਿੱਤਾਮੁਖੀ ਡਿਗਰੀ ਪ੍ਰਾਪਤ ਕਰਨ ਵਾਲੇ ਕੁਝ ਵਿਦਿਆਰਥੀਆਂ ਨੂੰ ਅੰਤਮ ਲਾਈਨ ਕੋਰਸ ਕਰਨ ਦੀ ਆਗਿਆ ਨਹੀਂ ਹੋਵੇਗੀ। ਅੰਤਰਰਾਸ਼ਟਰੀ ਦਾਖਲਾ ਹਰ ਸ਼੍ਰੇਣੀ ਵਿੱਚ ਅੰਡਰ-ਗ੍ਰੈਜੂਏਟ, ਗ੍ਰੈਜੂਏਟ ਅਤੇ ਨਾਨ-ਡਿਗਰੀ ਘੱਟ ਹੈ - ਸਾਲ 2018-2019 ਦੇ ਸਕੂਲ ਸਾਲ ਵਿੱਚ 269,383 ਦਾਖਲ ਹੋਏ, 2015-2016 ਵਿੱਚ 300,743 ਨਵੇਂ ਵਿਦਿਆਰਥੀਆਂ ਦੀ ਤੁਲਨਾ ਵਿੱਚ ਦਾਖਲੇ ਹੋਏ ਸਨ। ਵਣਜ ਵਿਭਾਗ ਦੇ ਅਨੁਸਾਰ, ਅੰਤਰਰਾਸ਼ਟਰੀ ਵਿਦਿਆਰਥੀਆਂ ਨੇ 2018 ਵਿੱਚ ਸੰਯੁਕਤ ਰਾਜ ਦੀ ਆਰਥਿਕਤਾ ਵਿੱਚ 45 ਮਿਲੀਅਨ ਡਾਲਰ ਦਾ ਯੋਗਦਾਨ ਪਾਇਆ ਸੀ । ਪਰ ਵਾਪਸੀ ਕਾਰਵਾਈ ਕਰਕੇ ਵਿਦਿਆਰਥੀਆ ਵਿੱਚ ਕਾਫ਼ੀ ਤਣਾ ਤੇ ਰੋਸ ਹੈ। ਜੋ ਲੱਖਾਂ ਡਾਲਰ ਲਾਕੇ ਵੀਜ਼ਾ ਪ੍ਰਾਪਤ ਕਰਕੇ ਪੜਨ ਆਏ ਸਨ। ਪਰ ਇਸ ਫ਼ੈਸਲੇ ਨਾਲ ਹਜ਼ਾਰਾਂ ਵਿਦਿਆਰਥੀਆ ਦੀਆ ਆਸਾ ਤੇ ਪਾਣੀ ਫਿਰ ਜਾਵੇਗਾ। ਆਨ - ਲਾਈਨ ਕੋਰਸਾਂ ਵਾਲ਼ਿਆਂ ਨੂੰ ਰੈਗੂਲਰ ਕੋਰਸਾਂ ਵਿੱਚ ਤਬਦੀਲ ਹੋਣਾ ਪਵੇਗਾ ਜਾ ਅਮਰੀਕਾ ਛੱਡਣਾ ਪਵੇਗਾ।

# ਟਰੰਪ ਹੰਕਾਰੀ ਤੇ ਆਦਤਨ ਝੂਠਾ ਹੈ, ਰਾਸ਼ਟਰਪਤੀ ਦੀ ਭਤੀਜੀ ਵੱਲੋਂ ਆਪਣੀ ਕਿਤਾਬ ਵਿਚ ਖੁਲਾਸਾ




**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** "ਰਾਸ਼ਟਰਪਤੀ ਡੋਨਾਲਡ ਟਰੰਪ ਝੂਠਾ ਤੇ ਮਕਾਰ ਹੈ। ਉਸ ਨੇ ਝੂਠ ਬੋਲਣ ਦੀ ਆਦਤ ਵਿਕਸਤ ਕੀਤੀ ਤੇ ਉਹ ਸਿਰੇ ਦਾ ਹੰਕਾਰੀ ਹੈ।" ਇਹ ਖੁਲਾਸਾ ਰਾਸ਼ਟਰਪਤੀ ਦੀ ਭਤੀਜੀ ਮੈਰੀ ਟਰੰਪ ਨੇ ਆਪਣੀ ਪੁਸਤਕ " ਟੂ ਮੱਚ ਐਂਡ ਨੈਵਰ ਇਨੱਫ" ਵਿਚ ਕਰਦਿਆਂ ਲਿਖਿਆ ਹੈ ਕਿ ਕਿਸ ਤਰਾਂ ਮੇਰੇ ਪਰਿਵਾਰ ਨੇ ਵਿਸ਼ਵ ਦਾ ਸਭ ਤੋਂ ਵਧ ਖਤਰਨਾਕ ਵਿਅਕਤੀ ਪੈਦਾ ਕੀਤਾ।" ਉਸ ਨੇ ਲਿਖਿਆ ਹੈ ' ਡੋਨਾਲਡ ਸਧਾਰਨ ਕਮਜੋਰ ਵਿਅਕਤੀ ਨਹੀਂ ਹੈ, ਉਸ ਦਾ ਹੰਕਾਰ ਹਰ ਵੇਲੇ ਝਲਕਦਾ ਹੈ ਕਿਉਂਕਿ ਉਹ ਚੰਗੀ ਤਰਾਂ ਜਾਣਦਾ ਹੈ ਕਿ ਜੋ ਉਹ ਦਾਅਵਾ ਕਰ ਰਿਹਾ ਹੈ, ਉਹ ਕੁਝ ਵੀ ਨਹੀਂ ਹੈ। ਉਸ ਲਈ ਚੰਗਾ ਬਣਨਾ ਅਸੰਭਵ ਹੈ" ਇਹ ਪੁਸਤਕ ਸਿਮਨ ਐਂਡ ਚਸਟਰ ਵੱਲੋਂ ਨਿਰਧਾਰਤ ਸਮੇ ਤੋਂ 2 ਹਫ਼ਤੇ ਪਹਿਲਾਂ 14 ਜੁਲਾਈ ਨੂੰ ਪ੍ਰਕਾਸ਼ਿਤ ਹੋ ਰਹੀ ਹੈ ਜਿਸ ਵਿਚ ਮੈਰੀ ਨੇ ਆਪਣੇ ਪਰਿਵਾਰ ਨਾਲ ਕਾਨੂੰਨੀ ਲੜਾਈ ਦਾ ਜਿਕਰ ਵੀ ਕੀਤਾ ਹੈ। ਇਹ ਪੁਸਤਕ ਇਕ ਤਰਾਂ ਤਿੰਨ ਟਰੰਪਾਂ ਰਾਸ਼ਟਰਪਤੀ, ਉਸ ਦੇ ਪਿਤਾ ਫਰੈਡ ਟਰੰਪ ਸੀਨੀਅਰ ਤੇ ਉਸ ਦੇ ਵੱਡੇ ਭਰਾ ਤੇ ਲੇਖਿਕਾ ਦੇ ਪਿਤਾ ਫਰੈਡ ਟਰੰਪ ਜੂਨੀਅਰ ਦੀ ਜੀਵਨੀ ਹੈ। 55 ਸਾਲਾ ਮਨੋਵਿਗਿਆਨੀ ਮੈਰੀ ਟਰੰਪ ਨੇ ਆਪਣੀ ਪੁਸਤਕ ਵਿਚ ਡੋਨਾਲਡ ਦੀਆਂ ਬੁਰੀਆਂ ਆਦਤਾਂ ਲਈ ਫਰੈਡ ਟਰੰਪ ਸੀਨੀਅਰ ਨੂੰ ਦੋਸ਼ੀ ਠਹਿਰਾਇਆ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਅਸਲ ਸਥਿਤੀ ਚੰਗੀ ਨਹੀਂ ਨਵੇਂ ਕੋਵਿਡ -19 ਦੇ ਕੇਸ ਰਿਕਾਰਡ ਤੋੜ ਰਹੇ ਹਨ: ਡਾਕਟਰ ਫੌਸੀ





**ਵਾਸ਼ਿੰਗਟਨ/ਰਾਜ ਗੋਗਨਾ:** ਅਮਰੀਕਾ ਦੇਸ਼ ਦੇ ਚੋਟੀ ਦੇ ਛੂਤ ਵਾਲੀ ਬਿਮਾਰੀ ਦੇ ਮਾਹਿਰ ਡਾ: ਐਂਥਨੀ ਫੌਸੀ ਨੇ ਸੋਮਵਾਰ ਨੂੰ ਕਿਹਾ ਕਿ ਸੰਯੁਕਤ ਰਾਜ ਵਿਚ ਕੋਵਿਡ -19 ਮਹਾਂਮਾਰੀ ਦੀ ਮੌਜੂਦਾ ਸਥਿਤੀ ਅਸਲ ਵਿਚ ਚੰਗੀ ਨਹੀਂ ਹੈ। ਨਵੇਂ ਕੇਸਾਂ ਅਤੇ ਹਸਪਤਾਲਾਂ ਵਿਚ ਦਾਖਲ ਹੋਣ ਦੀ ਚਿੰਤਾਜਨਕ ਚ' ਵਾਧਾ ਹੋਇਆ ਹੈ।ਉਨਾਂ ਦੀਆਂ ਟਿੱਪਣੀਆਂ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਬਿੱਲਕੁਲ ਉਲਟ ਸਨ, ਜਿਨਾਂ ਨੇ ਉਨਾਂ ਰਾਜਾਂ ਵਿੱਚ ਖ਼ਤਰੇ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਥੇ ਰਾਜਪਾਲ ਅਤੇ ਮੇਅਰ ਮੁੜ ਖੋਲਣ ਤੋਂ ਬਾਅਦ ਪ੍ਰਕੋਪ ਫੈਲਣ 'ਤੇ ਕਾਬੂ ਪਾਉਣ ਲਈ ਜੱਦੋਜਹਿਦ ਕਰ ਰਹੇ ਹਨ।ਫੌਸੀ ਨੇ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਮਹਾਂਮਾਰੀ ਦੀ ਮੌਜੂਦਾ ਸਥਿੱਤੀ ਕੁਝ ਹੱਦ ਤੱਕ ਵਿਗੜਦੀ ਜਾ ਰਹੀ ਹੈ ਕਿਉਂਕਿ ਯੂਰਪ ਦੇ ਉਲਟ, ਰਾਜ ਵਿੱਚ ਅਤੇ ਸਯੁੰਕਤ ਰਾਜਾਂ ਦੇ ਮੁਲਕਾਂ ਨੇ ਕੇਸਾਂ ਦੀ ਸੰਖਿਆ ਨੂੰ ਘੱਟ ਕਰਨ ਤੋਂ ਪਹਿਲਾਂ ਮੁੜ ਖੋਲਣ ਲਈ ਪ੍ਰੇਰਿਤ ਕੀਤਾ ਹੈ।ਦੱਖਣ ਅਤੇ ਪੱਛਮ ਦੇ ਕਈ ਰਾਜਾਂ ਵਿੱਚ ਪਿਛਲੇ ਹਫਤਿਆਂ ਵਿੱਚ ਸਕਾਰਾਤਮਕ ਟੈਸਟ ਕੀਤੇ ਗਏ ਲੋਕਾਂ ਦੀ ਗਿਣਤੀ ਵਿੱਚ ਵਾਧਾ ਵੇਖਿਆ ਗਿਆ ਹੈ। ਕੈਲੀਫੋਰਨੀਆ ਵਿਚ ਸਕਾਰਾਤਮਕ ਦਰ 6.8% ਤੇ ਪਹੁੰਚ ਗਈ ਹੈ, ਗਵਰਨ ਗੈਵਿਨ ਨੇ ਸੋਮਵਾਰ ਨੂੰ ਕਿਹਾ,ਐਰੀਜ਼ੋਨਾ ਵਿਚ 100,000 ਕੇਸ ਪਹੁੰਚ ਗਏ ਹਨ ਜੋ ਕਿ ਰਾਜ ਵਿੱਚ ਆਈ. ਸੀ.ਯੂ. ਉਪਲੱਬਧ ਬੈੱਡਾਂ ਦੀ ਘਾਟ ਬਾਰੇ ਚਿੰਤਾ ਕਰਕੇ ਵੱਧੇ ਹਨ।ਮੌਜੂਦਾ ਸਥਿੱਤੀ ਅਸਲ ਵਿਚ ਚੰਗੀ ਨਹੀਂ ਹੈ, ਸਾਡੇ ਕੋਲ ਹੁਣ ਰਿਕਾਰਡ ਤੋੜ ਮਾਮਲੇ ਹਨ। ਦੋ ਦਿਨ ਪਹਿਲਾਂ ਇਹ 57,500' ਤੇ ਸੀ।ਇਸ ਲਈ ਇਕ ਹਫ਼ਤੇ ਦੇ ਅਰਸੇ ਵਿੱਚ ਅਸੀਂ ਲਗਭਗ ਦੁੱਗਣੀ ਗਿਣਤੀ ਕਰ ਦਿੱਤੀ ਹੈ। ਅਸੀਂ ਅਜੇ ਵੀ ਇਸ ਦੀ ਪਹਿਲੀ ਲਹਿਰ ਵਿੱਚ ਬਹੁਤ ਡੂੰਘੇ ਹਾਂ ਅਤੇ ਮੈਂ ਕਹਾਂਗਾ ਕਿ ਇਹ ਇੱਕ ਲਹਿਰ ਨਹੀਂ ਮੰਨੀ ਜਾਏਗੀ।ਇਹ ਇੱਕ ਵਾਧਾ ਸੀ।ਇਸ ਲਈ, ਇਹ ਇਕ ਗੰਭੀਰ ਸਥਿੱਤੀ ਹੈ ਜਿਸ ਦਾ ਸਾਨੂੰ ਤੁਰੰਤ ਹੱਲ ਕਰਨਾ ਹੈ," ਫੌਕੀ ਨੇ ਚੇਤਾਵਨੀ ਦਿੱਤੀ।ਫੌਸੀ ਨੇ ਕਿਹਾ ਕਿ ਤੁਸੀਂ ਕਿੱਥੇ ਵੀ ਹੋ ਅਮਰੀਕੀ ਲੋਕਾਂ ਨੂੰ ਅੰਦਰ ਅਤੇ ਬਾਹਰ, ਸਮਾਜਿਕ ਦੂਰੀ ਤੇ ਮਖੌਟਾ ਪਹਿਨਣਾ ਚਾਹੀਦਾ ਹੈ, ਅਤੇ ਭੀੜ ਤੋਂ ਬੱਚਣਾ ਚਾਹੀਦਾ ਹੈ।ਨਵੇਂ ਮਾਮਲਿਆਂ ਦੀ ਛੋਟੀ ਉਮਰ ਬਾਰੇ, ਫੌਸੀ ਨੇ ਕਿਹਾ ਕਿ ਨਵੇਂ ਕੇਸ ਜ਼ਿਆਦਾਤਰ ਨੌਜਵਾਨਾਂ ਵਿੱਚ ਹਨ।ਕੁਝ ਹੱਦ ਤਕ ਕਿਉਂਕਿ ਉਹ ਘਰ ਵਿੱਚ ਹੋਣ ਕਰਕੇ ਬਿਮਾਰ ਹਨ ਅਤੇ ਸਮਾਜਿਕ ਗਤੀਵਿਧੀਆਂ, ਰੈਸਟੋਰੈਂਟਾਂ ਅਤੇ ਬਾਰਾਂ ਵਿੱਚ ਪਰਤ ਰਹੇ ਹਨ।ਉਨਾਂ ਕਿਹਾ, ਨੌਜਵਾਨਾਂ ਨੂੰ ਇਹ ਮਹਿਸੂਸ ਨਹੀਂ ਕਰਨਾ ਚਾਹੀਦਾ ਕਿ ਉਹ ਗੰਭੀਰ ਨਤੀਜੇ ਭੁਗਤਣ ਦੇ ਕਾਬਲ ਨਹੀਂ ਹਨ, ਉਹਨਾਂ ਕਿਹਾ, ਭਾਵੇਂ ਕਿ ਨੌਜਵਾਨ ਵੀ ਕਿਸੇ ਲੱਛਣ ਤੋਂ ਸੰਕਰਮਿਤ ਹੋ ਜਾਂਦੇ ਹਨ ਜਿਸ ਦਾ ਮਤਲਬ ਇਹ ਨਹੀਂ ਕਿ ਇਹ ਸਮੱਸਿਆ ਨਹੀਂ ਹੈ।ਸੰਕਰਮਿਤ ਹੋ ਕੇ ਉਹ ਪ੍ਰਕੋਪ ਫੈਲਾ ਰਹੇ ਹਨ, ਕਿਉਂਕਿ ਅਣਜਾਣੇ ਵਿਚ ਜਾਂ ਨਿਰਦੋਸ਼ ਤੌਰ ਤੇ, ਉਹ ਕਿਸੇ ਨੂੰ ਸੰਕਰਮਿਤ ਕਰ ਸਕਦੇ ਹਨ, ਜੋ ਕਿਸੇ ਨੂੰ ਸੰਕਰਮਿਤ ਕਰਦਾ ਹੈ, ਅਤੇ ਫੇਰ ਅਚਾਨਕ ਕਿਸੇ ਦੀ ਦਾਦੀ ਜਾਂ ਦਾਦਾ ਜਾਂ ਚਾਚੀ ਜੋ ਛਾਤੀ ਦੇ ਕੈਂਸਰ ਦੀ ਕੀਮੋਥੈਰੇਪੀ ਕਰਵਾ ਰਹੀ ਹੈ, ਸੰਕਰਮਿਤ ਹੋ ਜਾਂਦੀ ਹੈ। ਤੁਹਾਨੂੰ ਲਗਦਾ ਹੈ ਕਿ ਤੁਸੀਂ ਇਕ ਖਲਾਅ ਵਿਚ ਅਲੱਗ ਹੋ ਗਏ ਹੋ ਜੋ ਤੁਸੀਂ ਨਹੀਂ ਹੋ, ਤੁਸੀਂ ਮਹਾਂਮਾਰੀ ਦੇ ਫੈਲਣ ਦਾ ਹਿੱਸਾ ਹੋ ਇਸ ਲਈ ਇਹ ਤੁਹਾਡੀ ਆਪਣੀ, ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਹੈ ਕਿ ਉਹ ਇਸ ਲਾਗ ਤੋਂ ਬੱਚਣ ਸਾਡਾ ਇਹੋ ਹੀ ਸੰਦੇਸ਼ ਹੈ, ਮੈਨੂੰ ਪਤਾ ਹੈ ਕਿ ਇਹ ਬਹੁਤ ਮੁਸ਼ਕਲ ਹੈ ।ਨੌਜਵਾਨਾਂ ਨੂੰ ਸੱਚਮੁੱਚ ਇਹ ਸਮਝਣ ਦੀ ਜ਼ਰੂਰਤ ਹੈ।ਮੌਜੂਦਾ ਪ੍ਰਕੋਪ ਦੇ ਆਲੇ ਦੁਆਲੇ ਦੇ ਤਣਾਅ 'ਤੇ, ਫੌਸੀ ਨੇ ਕਿਹਾ ਕਿ ਅਮਰੀਕੀ ਲੋਕਾਂ ਨੂੰ ਜਨਤਕ ਸਿਹਤ ਦੇ ਯਤਨਾਂ ਅਤੇ ਆਰਥਿਕਤਾ ਨੂੰ ਮੁੜ ਖੋਲਣ ਵੱਲ ਨਹੀਂ ਦੇਖਣਾ ਚਾਹੀਦਾ । ਕਿਉਂਕਿ ਇਕ ਦੂਜੇ ਨਾਲ ਮਤਭੇਦ ਹਨ, ਪਰ ਜਨਤਕ ਸਿਹਤ ਦੀ ਮੁੜ ਵਰਤੋਂ ਦੇ ਤਰੀਕੇ ਵਜੋਂ ਸੁਰੱਖਿਆ ਦੀ ਵਰਤੋਂ ਕਰਨ ਲਈ ਸਾਰੇ ਮਾਪਦੰਡਾਂ ਦਾ ਸੰਤੁਲਨ ਹੋਣਾ ਚਾਹੀਦਾ ਹੈ। ਇਸ ਲਈ ਸਾਨੂੰ ਇਹ ਯਕੀਨੀ ਬਣਾਉਣਾ ਪਏਗਾ ਕਿ ਅਸੀਂ ਸਾਰੀਆਂ ਸੁਵਿਧਾਵਾਂ ਤੇ ਹਦਾਇਤਾ ਦੀ ਪਾਲਣਾ ਕਰੀਏ।

## ਨੈਨਸੀ ਪੇਲੋਸੀ ਦਾ ਪਤੀ ਸੰਸਦ ਨਾਲ ਜੁੜੇ ਪੀਪੀਪੀ ਲੋਨ ਪ੍ਰਾਪਤ ਕਰਨ ਵਾਲਿਆਂ ਵਿੱਚ ਸ਼ਾਮਲ



**ਵਸ਼ਿਗਟਨ ਡੀਸੀ/ਸੁਰਿੰਦਰ ਗਿੱਲ:** ਹਾਊਸ ਦੀ ਸਪੀਕਰ ਨੈਨਸੀ ਪੇਲੋਸੀ ਦੇ ਪਤੀ ਦੀ ਅੰਸ਼ਿਕ ਤੌਰ 'ਤੇ ਮਾਲਕੀ ਵਾਲੀ ਇਕ ਫਰਮ ਸੰਸਦ ਮੈਂਬਰ ਨਾਲ ਜੁੜੇ ਕਾਰੋਬਾਰਾਂ ਵਿਚ ਸ਼ਾਮਲ ਸੀ । ਜਿਸ ਨੂੰ ਪੇਚੈਕ ਪ੍ਰੋਟੈਕਸ਼ਨ ਪ੍ਰੋਗਰਾਮ ਲੋਨ ਮਿਲਿਆ ਹੈ। ਸੋਮਵਾਰ ਨੂੰ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਪਤਾ ਚਲਿਆਂ ਹੈ। ਰਿਪ. ਮਾਈਕ ਕੈਲੀ (ਆਰ-ਪਾ.), ਕੇਵਿਨ ਹਰਨ (ਆਰ-ਓਕਲਾ.), ਮਾਰਕਵੇਨ ਮੂਲਿਨ (ਆਰ-ਓਕਲਾ.) ਅਤੇ ਰਿਕ ਐਲੇਨ (ਆਰ-ਗਾ.) ਦੀਆਂ ਮਾਲਕੀਅਤ ਵਾਲੀਆਂ ਕੰਪਨੀਆਂ ਨੇ ਵੀ ਕੋਰੋਨਵਾਇਰਸ ਕਰਜ਼ੇ ਪ੍ਰਾਪਤ ਕੀਤੇ ਹਨ। ਰਿਪੋਰਸ ਨਾਲ ਜੁੜੇ ਕਾਰੋਬਾਰ. ਰੋਜਰ ਵਿਲੀਅਮਜ਼ (ਆਰ-ਟੈਕਸਸ), ਵਿੱਕੀ ਹਾਰਟਜ਼ਲਰ (ਆਰ-ਮੋ.), ਸੂਜ਼ੀ ਲੀ (ਡੀ-ਨੇਵ.) ਅਤੇ ਡੈਬੀ ਮੁਕਰਸਲ-ਪੋਵਲ (ਡੀ-ਫਲਾ.) ਨੇ ਪਹਿਲਾਂ ਦੱਸਿਆ ਸੀ ਕਿ ਉਨਾਂ ਨੂੰ ਕਰਜ਼ਾ ਮਿਲ ਗਿਆ ਹੈ।

ਪੇਲੋਸੀ ਦੇ ਬੁਲਾਰੇ ਡ੍ਰਯੂ ਹੈਮਿਲ ਨੇ ਕਿਹਾ ਕਿ ਉਸ ਦਾ ਪਤੀ ਪਾਲ ਪਲੋਸੀ ਇਸ ਕੰਪਨੀ ਵਿਚ ਨਾਬਾਲਗ ਅਤੇ ਨਿਵੇਸ਼ਕ ਹੈ। ਉਹ ਪੀਪੀਪੀ ਦੇ ਇਸ ਕਰਜ਼ੇ ਵਿਚ ਸ਼ਾਮਲ ਨਹੀਂ ਸੀ ਅਤੇ ਇਥੋਂ ਤਕ ਕਿ ਉਸ ਨੂੰ ਪਤਾ ਵੀ ਨਹੀਂ ਸੀ। ਹੈਮਿਲ ਨੇ ਦਿ ਪੋਸਟ ਨੂੰ ਦੱਸਿਆ ਕਿ ਪਾਲ ਪੈਲੋਸੀ ਈ.ਡੀ.ਆਈ. ਐਸੋਸੀਏਟਸ ਦਾ 8.1 ਪ੍ਰਤੀਸ਼ਤ ਮਾਲਕ ਹੈ, ਜਿਸ ਨੂੰ ,350,000 ਤੋਂ 1 ਮਿਲੀਅਨ ਦੇ ਵਿਚਕਾਰ ਦਾ ਕਰਜ਼ਾ ਮਿਲਿਆ ਹੈ। ਕੰਪਨੀ ਨੇ ਸੋਨੀਮਾ, ਕੈਲੀਫੋਰਨੀਆ ਦੇ ਅਲ ਡੋਰਾਡੋ ਹੋਟਲ ਵਿਚ ਨਿਵੇਸ਼ ਕੀਤਾ ਹੈ।ਪੈਲੋਸੀ ਦੀ ਹਿੱਸੇਦਾਰੀ ਇਕ ਮਿਲੀਅਨ ਡਾਲਰ ਦੇ ਵਿਚਕਾਰ ਹੈ, ਅਧਿਕਾਰਤ ਖੁਲਾਸੇ ਅਨੁਸਾਰ ਰਿਸ ਬਾਰੇ ਪਤਾ ਚਲਿਆਂ ਹੈ।

ਪੀਪੀਪੀ ਲੋਨ ਨੂੰ ਗ੍ਰਾਂਟਾਂ ਵਿੱਚ ਬਦਲਿਆ ਜਾ ਸਕਦਾ ਹੈ ਜੇ 500 ਤੋਂ ਵੱਧ ਕਰਮਚਾਰੀ ਵਾਲੀਆਂ ਕੰਪਨੀਆਂ, ਅਤੇ ਕੁਝ ਮਾਮਲਿਆਂ ਵਿੱਚ, 60 ਪ੍ਰਤੀਸ਼ਤ ਤਨਖਾਹ ਤੇ ਖਰਚ ਕਰਦੇ ਹਨ। ਨੈਨਸੀ ਪੇਲੋਸੀ ਦੁਆਰਾ ਹਿੱਸਾ ਲੈਣ ਵਾਲੇ ਦੋ ਸੌਦਿਆਂ ਵਿੱਚ, ਕਾਂਗਰਸ ਨੇ ਪ੍ਰੋਗਰਾਮ ਲਈ 670 ਬਿਲੀਅਨ ਡਾਲਰ ਨੂੰ ਭਾਰੀ ਮਨਜ਼ੂਰੀ ਦਿੱਤੀ ਸੀ। 2 ਕੈਲੀ ਦੇ ਬੁਲਾਰੇ, ਜਿਨਾਂ ਦੀ ਕਾਰ ਡੀਲਰਸ਼ਿਪ ਨੂੰ 50 ਤੋਂ 5 1.05 ਮਿਲੀਅਨ ਦੇ ਵਿੱਚ ਗਰਾਟ ਮਿਲੀ, ਅਤੇ ਐਲੇਨ, ਜਿਸਦੀ ਉਸਾਰੀ ਫਰਮ ਨੂੰ 350,000 ਤੋਂ 1 ਮਿਲੀਅਨ ਦੇ ਵਿੱਚ ਸਹਾਇਤਾ ਕਰਜ਼ੇ ਦੇ ਰੂਪ ਵਿੱਚ ਪ੍ਰਾਪਤ ਕੀਤੀ ਹੈ।ਮੁਲਿਨ, ਜਿਸ ਦੀਆਂ ਪਲੰਬਿੰਗ ਕੰਪਨੀਆਂ ਨੂੰ 800,000 ਤੋਂ 2.05 ਮਿਲੀਅਨ ਡਾਲਰ ਮਿਲ ਗਏ, ਅਤੇ ਹਰਨ, ਜਿਸ ਦੀ ਮੈਕਡੋਨਲਡ ਦੀ ਫ੍ਰੈਂਚਾਇਜ਼ੀ 10 ਲੱਖ ਤੋਂ 2 ਮਿਲੀਅਨ ਡਾਲਰ ਦੇ ਵਿਚਕਾਰ ਗਰਾਟ ਮਿਲੀ, ਜਿਨਾ ਨੇ ਟਿੱਪਣੀ ਜਰਨ ਤੋ ਤੁਰੰਤ ਜਵਾਬ ਦਿੱਤਾ ਹੈ।ਐਲੇਨ ਦੀ ਤਰਜਮਾਨ ਐਂਡਰਿਆ ਪੋਰਵਾਲ ਨੇ ਕਿਹਾ ਕਿ ਉਸਨੇ ਕੰਪਨੀ ਦੀ ਬਹੁਗਿਣਤੀ ਹਿੱਸੇਦਾਰੀ ਤਿਆਗ ਦਿੱਤੀ ਹੈ ਅਤੇ ਉਹ ਅਤੇ ਉਸ ਦੀ ਪਤਨੀ ਕੋਲ ਹੁਣ ਫੈਸਲਾ ਲੈਣ ਦਾ ਅਧਿਕਾਰ ਨਹੀਂ ਹੈ; ਪਰ ਇਹ ਕਿ ਸਾਡੇ ਦਫ਼ਤਰ ਨੇ ਅਮਰੀਕੀ ਸਦਨ ਦੇ ਪ੍ਰਤੀਨਿਧੀ ਦਫ਼ਤਰ ਜਨਰਲ ਕੌਂਸਲ ਨਾਲ ਸਲਾਹ ਮਸ਼ਵਰਾ ਕੀਤਾ ਹੈ ।ਕੌਵੀਡ -19 ਦੁਆਰਾ ਪ੍ਰਭਾਵਤ ਦੇਸ਼ ਭਰ ਦੇ ਕਾਰੋਬਾਰਾਂ ਵਾਂਗ ਕੰਪਨੀ ਨੂੰ ਭਰੋਸਾ ਹੈ ਕਿ ਉਹ ਆਪਣੀ ਪੂਰੀ ਤਨਦੇਹੀ ਨਾਲ ਕੰਮ ਕਰਨ ਅਤੇ ਚੰਗੀ ਨਿਹਚਾ ਨਾਲ ਬਿਨੈ ਕਰਨ ਤੋਂ ਬਾਅਦ ਪੇਚੈਕ ਪ੍ਰੋਟੈਕਸ਼ਨ ਪ੍ਰੋਗਰਾਮ ਤਹਿਤ ਲੋਨ ਪ੍ਰਾਪਤ ਕਰਨ ਦੇ ਯੋਗ ਹਨ।

ਬਾਕੀ ਸਫ਼ਾ 32 'ਤੇ


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment

ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ 209.487.3699

ਹਰਨੇਕ ਸਿੰਘ ਅਟਵਾਲ 209.351.5965

2850 Loomis Rd, Stockton, CA 95205

## ਸ਼੍ਰੋਮਣੀ ਅਕਾਲੀ ਦਲ (ਅ) ਅਮਰੀਕਾ ਵਲੋਂ ਨਨਕਾਣਾ ਸਾਹਿਬ ਨੇੜੇ ਰੇਲ ਤੇ ਬੱਸ ਦੇ ਟਕਰਾਉਣ ਨਾਲ ਵਾਪਰੀ ਦੁਰਘਟਨਾ ਵਿੱਚ ਮਰ ਗਏ ਸਿੱਖ ਯਾਤਰੂਆਂ ਪ੍ਰਤੀ ਅਫਸੋਸ ਜ਼ਾਹਿਰ ਕੀਤਾ ਗਿਆ

**ਸ਼ਿਕਾਗੋ/ਮੱਖਣ ਸਿੰਘ ਕਲੇਰ ਸ਼ਿਕਾਗੋ:** ਪਿਛਲੇ ਦਿਨੀਂ ਪਾਕਿਸਤਾਨ ਤੋਂ ਬਹੁਤ ਹੀ ਦੁਖਦਾਈ ਖਬਰ ਆਈ ਹੈ। ਪੇਸ਼ਾਵਰ ਤੋਂ ਸਿੱਖ ਸੰਗਤਾਂ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਾ ਸਾਹਿਬਾਨਾਂ ਦੇ ਦਰਸ਼ਨ ਕਰਨ ਆਈਆਂ ਸਨ।ਜਦ ਨਨਕਾਣਾ ਸਾਹਿਬ ਤੋਂ ਲਾਹੌਰ ਵੱਲ ਨੂੰ ਵਾਪਸ ਆ ਰਹੇ ਸਨ ਤਾਂ ਸੰਗਤਾਂ ਦੀ ਛੋਟੀ ਬੱਸ ਇਕ ਰੇਲ ਦੇ ਨਾਲ ਟਕਰਾ ਗਈ। ਜਿਸ ਕਾਰਨ 19 ਸਿੱਖਾਂ ਦੀਆਂ ਜਾਨਾਂ ਚੱਲੀਆਂ ਗਈਆਂ।ਮਿਲੀ ਜਾਣਕਾਰੀ ਮੁਤਾਬਿਕ ਬੱਸ ਦੇ ਦੋ ਟੋਟੇ ਹੋ ਗਏ। ਦੱਸਿਆ ਜਾ ਰਿਹਾ ਇਹ ਹਾਦਸਾ ਬੱਸ ਦੇ ਡਰਾਇਵਰ ਦੀ ਗਲਤੀ ਨਾਲ ਵਾਪਰਿਆ ਹੈ। ਇਹ ਖਬਰ ਸੁਣਦਿਆਂ ਪੂਰੇ ਸੰਸਾਰ ਵਿੱਚ ਵੱਸਦੀ ਸਿੱਖ ਕੌਮ ਅੰਦਰ ਸੋਗ ਦੀ ਲਹਿਰ ਦੌੜ ਗਈ।ਸਮੁੱਚਾ ਸਿੱਖ ਜਗਤ ਪੀੜਤ ਪਰਿਵਾਰਾਂ ਦੇ ਨਾਲ ਇਸ ਦੁੱਖ ਦੀ ਘੜੀ ਵਿੱਚ ਸ਼ਾਮਿਲ ਹੈ ਤੇ ਵਾਹਿਗੁਰੂ ਅਗੇ ਅਰਦਾਸ ਕਰਦਾ ਹੈ। ਜੋ ਪ੍ਰਾਣੀ ਆਪਣੇ ਪਰਿਵਾਰਾਂ ਤੋਂ ਸਦੀਵੀ ਤੌਰ ਤੇ ਵਿਛੜ ਗਏ ਹਨ ਉਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ ਅਤੇ ਜੋ ਸੰਗਤਾਂ ਜ਼ਖਮੀ ਹੋਈਆਂ ਹਨ ਉਨਾਂ ਦੀ ਚੜਦੀ ਕਲਾ ਅਤੇ ਤੰਦਰੁਸਤੀ ਵਾਸਤੇ ਅਰਦਾਸ ਕਰਦੇ ਹਾਂ।ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਇਸ ਦੁਖਦਾਈ ਸਮੇਂ ਵਿੱਚ ਪਾਕਿਸਤਾਨ ਦੇ ਸਮੂਹ ਸਿੱਖਾਂ ਨਾਲ ਅਫਸੋਸ ਜਾਹਿਰ ਕੀਤਾ ਜਾਂਦਾ ਹੈ।

## ਵਿਗਿਆਨੀਆਂ ਨੇ ਸਦਾ ਜਵਾਨ ਰਹਿਣ ਦਾ ਲੱਭਿਆ ਰਾਜ

**ਨਿਊਯਾਰਕ/ਏ.ਟੀ.ਨਿਊਜ਼:** ਕੋਲੰਬੀਆ ਯੂਨੀਵਰਸਿਟੀ ਦੇ ਜੈਨੇਟਿਕਸ ਵਿਭਾਗ ਦੇ ਮੁਖੀ ਪ੍ਰੋਫੈਸਰ ਗਰਾਰਡ ਕਾਰਸੈਂਟੀ ਪਿਛਲੇ 30 ਸਾਲਾਂ ਤੋਂ ਹੱਡੀਆਂ ਵਿੱਚ ਛੁਪੇ ਇਸ ਰਾਜ਼ ਨੂੰ ਜਾਣਨ ਲਈ ਖੋਜ ਵਿੱਚ ਲੱਗੇ ਹੋਏ ਹਨ। ਹੱਡੀਆਂ ਵਿਚ ਪੈਦਾ ਹੋਏ ਹਾਰਮੋਨ ਓਸਟੀਓਕਲਸੀਨ ਦੀ ਖੋਜ ਦੌਰਾਨ ਉਨਾਂ ਪਾਇਆ ਕਿ ਇਹ ਹੱਡੀਆਂ ਦੇ ਅੰਦਰਲੇ ਪੁਰਾਣੇ ਟਿਸ਼ੂਆਂ ਨੂੰ ਹਟਾਉਣ ਤੇ ਨਵੇਂ ਟਿਸ਼ੂ ਨੂੰ ਨਿਰੰਤਰ ਬਣਾਉਣ ਲਈ ਕੰਮ ਕਰਦਾ ਹੈ। ਇਹ ਸਾਡੇ ਕੱਦ ਨੂੰ ਵਧਾਉਂਦਾ ਹੈ। ਇਸ ਦੇ ਲਈ ਉਨਾਂ ਚੂਹਿਆਂ ਵਿੱਚ ਇਸ ਹਾਰਮੋਨ ਦੇ ਜੀਨ ਦੀ ਖੋਜ ਕੀਤੀ। ਪ੍ਰੋ. ਕਾਰਸੈਂਟੀ ਕਹਿੰਦੇ ਹਨ ਕਿ ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਹੱਡੀਆਂ ਦੇ ਢਾਂਚੇ ਨਾਲ ਸਿਰਫ ਸਾਡਾ ਸਰੀਰ ਖੜਦਾ ਹੈ, ਪਰ ਅਜਿਹਾ ਨਹੀਂ। ਹੱਡੀਆਂ ਦੇ ਅੰਦਰਲੇ ਟਿਸ਼ੂ ਸਾਡੇ ਸਰੀਰ ਵਿੱਚ ਦੂਜੇ ਟਿਸ਼ੂਆਂ ਦੇ ਨਾਲ ਸਹਿਯੋਗ ਕਰਦੇ ਹਨ। ਹੱਡੀਆਂ ਆਪਣੇ ਹਾਰਮੋਨ ਖੁਦ ਬਣਾਉਂਦੀਆਂ ਹਨ, ਜੋ ਦੂਜੇ ਅੰਗਾਂ ਲਈ ਸੰਕੇਤ ਭੇਜਣ ਦਾ ਕੰਮ ਕਰਦੀਆਂ ਹਨ। ਇਸ ਸਹਾਇਤਾ ਨਾਲ ਅਸੀਂ ਕਸਰਤ ਕਰਦੇ ਹਾਂ। ਇਹ ਬੁਢਾਪੇ ਨੂੰ ਰੋਕਣ ਅਤੇ ਯਾਦਦਾਸ਼ਤ ਵਧਾਉਣ ਵਿਚ ਸਹਾਇਤਾ ਕਰਦਾ ਹੈ। ਪ੍ਰੋ. ਕਾਰਸੈਂਟੀ ਦਾ ਕਹਿਣਾ ਹੈ ਕਿ ਬੁਢਾਪੇ ਨੂੰ ਰੋਕਣ ਲਈ ਸਰੀਰ ਵਿਚ ਓਸਟੀਓਕਲਸੀਨ ਵਧਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ। ਨਿਯਮਤ ਕਸਰਤ ਨਾਲ ਹੱਡੀਆਂ ਆਪਣੇ ਆਪ ਓਸਟੀਓਕਲਸੀਨ ਬਣਾਉਣਾ ਸ਼ੁਰੂ ਕਰ ਦਿੰਦੀਆਂ ਹਨ। ਵਿਗਿਆਨੀ ਓਸਟੀਓਕਲਸੀਨ ਦਵਾਈ ਬਣਾਉਣ ਵਿਚ ਜੁਟੇ ਹੋਏ ਹਨ ਤਾਂ ਕਿ ਇਹ ਹਾਰਮੋਨ ਲੰਬੇ ਸਮੇਂ ਤੱਕ ਸਰੀਰ ਵਿਚ ਰਹੇ ਅਤੇ ਉਮਰ ਦੀਆਂ ਬਿਮਾਰੀਆਂ ਤੋਂ ਬਚਾ ਸਕੇ।

## ਸਿਆਟਲ ਵਿਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਪੁਰਬ ਮਨਾਇਆ



**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਕੈਂਟ ਵਿਚ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਭਾਈ ਕੁਲਬੀਰ ਸਿੰਘ ਤੇ ਭਾਈ ਦਲਜੀਤ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕੀਤਾ। ਭਾਈ ਅਮਨ ਸਿੰਘ ਨੇ ਕਥਾ ਰਾਹੀਂ ਗੁਰੂ ਦਾ ਜਸ ਗਾਇਨ ਕੀਤਾ। ਭਾਈ ਕਾਰਜ ਸਿੰਘ ਨੇ ਮੁੱਖ ਵਾਕ ਲੈ ਕੇ ਸੇਵਾ ਨਿਭਾਈ। ਭਾਈ ਦਿਆਲ ਸਿੰਘ ਨੇ ਕੜਾਹ ਪ੍ਰਸ਼ਾਦਿ ਵੰਡਣ ਦੀ ਸੇਵਾ ਕੀਤੀ। ਕੋਰੋਨਾ ਮਹਾਂਮਾਰੀ ਕਾਰਨ ਸੰਗਤਾਂ ਦੀ ਹਾਜ਼ਰੀ ਸੀਮਤ ਰਹੀ। ਗੁਰੂਘਰ ਦੇ ਮੁੱਖ ਸੇਵਾਦਾਰ ਹਰਪਾਲ ਸਿੰਘ ਸਪਰਾ ਨੇ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਉਨਾਂ ਗੁਰੂਘਰ ਦੀ ਨਵੀਂ ਬਣ ਰਹੀ ਇਮਾਰਤ ਵਿਚ ਸਹਿਯੋਗ ਦੇਣ ਦੀ ਅਪੀਲ ਕੀਤੀ।

## ਕੋਰੋਨਾ ਬਾਰੇ ਵਿਗਿਆਨੀਆਂ ਦਾ ਵੱਡਾ ਦਾਅਵਾ ਹਵਾ ਰਾਹੀਂ ਫੈਲ ਸਕਦਾ ਕੋਰੋਨਾ

**ਵਾਸ਼ਿੰਗਟਨ/ਏ.ਟੀ.ਨਿਊਜ਼:** ਅਮਰੀਕੀ ਅਖਬਾਰ 'ਦ ਨਿਊਯਾਰਕ ਟਾਈਮਜ਼' ਦੀ ਰਿਪੋਰਟ ਅਨੁਸਾਰ ਵਿਸ਼ਵ ਦੇ 239 ਵਿਗਿਆਨੀ ਦਾਅਵਾ ਕਰਦੇ ਹਨ ਕਿ ਹਵਾ ਵਿੱਚ ਕੋਰੋਨਾ ਵਿਸ਼ਾਣੂ ਦੇ ਛੋਟੇ-ਛੋਟੇ ਕਣ ਲੋਕਾਂ ਨੂੰ ਸੰਕਰਮਿਤ ਕਰ ਸਕਦੇ ਹਨ। ਇੰਨਾ ਹੀ ਨਹੀਂ ਵਿਗਿਆਨੀਆਂ ਨੇ ਵਿਸ਼ਵ ਸਿਹਤ ਸੰਗਠਨ ਡਬਲਯੂਐਚਓ ਨੂੰ ਵੀ ਇਨਾਂ ਦਾਅਵਿਆਂ ਦੀ ਘੋਖ ਕਰਨ ਲਈ ਕਿਹਾ ਹੈ। ਵਿਗਿਆਨੀਆਂ ਨੇ ਡਬਲਯੂਐਚਓ ਨੂੰ ਵੀ ਨਿਰਦੇਸ਼ਾਂ ਨੂੰ ਬਦਲਣ ਦੀ ਬੇਨਤੀ ਕੀਤੀ ਹੈ। ਸ਼ਨੀਵਾਰ ਨੂੰ ਪ੍ਰਕਾਸ਼ਤ 'ਦ ਨਿਊਯਾਰਕ ਟਾਈਮਜ਼' ਦੀ ਰਿਪੋਰਟ ਅਨੁਸਾਰ 32 ਦੇਸ਼ਾਂ ਦੇ 239 ਵਿਗਿਆਨੀਆਂ ਨੇ ਵਿਸ਼ਵ ਸਿਹਤ ਸੰਗਠਨ ਨੂੰ ਖੁੱਲੇ ਪੱਤਰ ਵਿੱਚ ਕਿਹਾ ਹੈ ਕਿ ਸਬੂਤ ਦਿਖਾਉਂਦੇ ਹਨ ਕਿ ਹਵਾ ਦੇ ਛੋਟੇ-ਛੋਟੇ ਕਣ ਲੋਕਾਂ ਨੂੰ ਸੰਕਰਮਿਤ ਕਰ ਸਕਦੇ ਹਨ। ਵਿਗਿਆਨੀਆਂ ਦਾ ਦਾਅਵਾ ਹੈ ਕਿ ਕੋਰੋਨਾ ਹਵਾ ਦੇ ਜ਼ਰੀਏ ਲੋਕਾਂ ਨੂੰ ਸੰਕਰਮਿਤ ਕਰ ਸਕਦੀ ਹੈ। ਇੱਥੋਂ ਤਕ ਕਿ ਇਨਡੋਰ ਖੇਤਰਾਂ ਵਿੱਚ ਸਰੀਰਕ ਦੂਰੀ ਦੇ ਨਿਯਮਾਂ ਦੀ ਪਾਲਣਾ ਕਰਦਿਆਂ, ਆਸਾਨੀ ਨਾਲ ਇੱਕ ਸੰਕਰਮਿਤ ਵਿਅਕਤੀ ਤੋਂ ਦੂਸਰੇ ਹਵਾ ਦੁਆਰਾ ਸੰਕਰਮਿਤ ਹੋ ਸਕਦੇ ਹਨ। ਇਸ ਲਈ ਚਾਰਦੀਵਾਰੀ ਵਿਚ ਬੰਦ ਹੋਣ 'ਤੇ ਵੀ ਐਨ -95 ਮਾਸਕ ਪਹਿਨਣਾ ਜ਼ਰੂਰੀ ਹੈ। ਵਿਗਿਆਨੀ ਇਹ ਵੀ ਦਾਅਵਾ ਕਰਦੇ ਹਨ ਕਿ ਆਸ ਪਾਸ ਦੇ ਲੋਕ ਸਿਰਫ ਸਾਹ ਰਾਹੀਂ ਕੋਰੋਨਾਵਾਇਰਸ ਨਾਲ ਸੰਕਰਮਿਤ ਹੋ ਸਕਦੇ ਹਨ। ਵਿਸ਼ਵ ਸਿਹਤ ਸੰਗਠਨ ਨੇ ਇਸ ਅਪੀਲ ਦਾ ਅਜੇ ਤੱਕ ਕੋਈ 'ਅਧਿਕਾਰਤ' ਜਵਾਬ ਨਹੀਂ ਦਿੱਤਾ ਹੈ। ਉਹ ਕਹਿੰਦਾ ਹੈ ਕਿ ਕੋਰੋਨਾ ਹਵਾ ਦੁਆਰਾ ਫੈਲਦਾ ਹੈ, ਦੇ ਸਬੂਤ ਯਕੀਨਨ ਨਹੀਂ ਹੈ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਦਰਬਾਰ ਸਾਹਿਬ ਹਮਲੇ ਅਤੇ ਪੰਜਾਬ ਨੂੰ ਪੁਲਸੀਆ ਰਾਜ ਬਣਾਉਣ ਲਈ ਕਾਂਗਰਸ-ਭਾਜਪਾ ਜ਼ਿੰਮੇਵਾਰ : ਗੜ੍ਹੀ

**ਜਲੰਧਰ /ਏ.ਟੀ.ਨਿਊਜ਼ :** ਬਸਪਾ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਪੁਲੀਸ ਛਾਉਣੀ ਬਣਾਉਣ ਤੇ ਦਰਬਾਰ ਸਾਹਿਬ ਸਮੂਹ / ਪਰਕਰਮਾ ਵਿਚ ਚਿਟ ਕਪੜੀਆ ਪੁਲੀਸ ਦਾ ਪਹਿਰਾ ਲਗਾਉਣ ਕਾਰਣ ਕੈਪਟਨ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਜਦ ਸ਼੍ਰੋਮਣੀ ਕਮੇਟੀ ਦੀ ਸੁਰੱਖਿਆ ਪ੍ਰਬੰਧਾਂ ਲਈ ਟਾਸਕ ਫੋਰਸ ਹੈ ਤਾਂ ਅਜਿਹੀ ਕਾਰਵਾਈ ਤੇ ਦਖਲ ਅੰਦਾਜ਼ੀ ਦੀ ਲੋੜ ਨਹੀ ਸੀ ਜੋ ਸਿਖ ਜਗਤ ਵਿਚ ਰੋਸ ਪੈਦਾ ਕਰੇ। ਬਸਪਾ ਦੇ ਪੰਜਾਬ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਨੇ ਕਿਹਾ ਕਿ ਬੇਵਜਾ ਸਿਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਤੇ ਥਾਣਿਆਂ ਵਿਚ ਹਾਜ਼ਰੀ ਪੰਜਾਬ ਵਿਚ ਜਮਹੂਰੀ ਮਾਹੌਲ ਨੂੰ ਖਰਾਬ ਕਰਨਗੀਆਂ। ਪੰਜਾਬ ਨੂੰ ਪੁਲੀਸ ਰਾਜ ਬਣਾਉਣ ਤੋਂ ਕੈਪਟਨ ਸਰਕਾਰ ਗੁਰੇਜ਼ ਕਰੇ ਤੇ ਸੰਵਿਧਾਨਕ ਨਿਯਮਾਂ ਦਾ ਪਾਲਣਾ ਕਰਦਿਆਂ ਪੰਜਾਬੀਆਂ ਦੀਆਂ ਮੁਸ਼ਕਲਾਂ ਦਾ ਹਲ ਕਰੇ। ਉਹਨਾਂ ਕਿਹਾ ਕਿ ਕੈਪਟਨ ਸਰਕਾਰ ਦਾ ਰਵਈਆ ਦਲਿਤ ਤੇ ਸਿਖ ਵਿਰੋਧੀ ਹੈ। ਕਾਂਗਰਸ ਸਰਕਾਰ ਆਰ ਐੱਸ ਐੱਸ ਦੇ ਹੁਕਮਾਂ ਮੁਤਾਬਕ ਦਰਬਾਰ ਸਾਹਿਬ ਨੂੰ ਪੁਲਸ ਬਸਤੀ ਬਣਾਕੇ ਸਿਖ ਜਗਤ ਨੂੰ ਜਲੀਲ ਕਰ ਰਿਹਾ ਹੈ। ਇਹ ਗੈਰ ਸਿਧਾਂਤਕ ਕਾਰਵਾਈ ਹੈ।

## ਦੋ ਵਾਰੀ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਹੋਇਆ

ਇਸ ਤੋਂ ਪਹਿਲਾਂ ਦੋ ਵਾਰ ਦਰਬਾਰ ਸਾਹਿਬ ਉਪਰ ਕਾਂਗਰਸ ਸਰਕਾਰ ਫੌਜੀ ਕਾਰਵਾਈ ਕਰਕੇ ਸਿਖ ਜਗਤ ਤੇ ਗੁਰੂ ਗਰੰਥ ਸਾਹਿਬ ਨੂੰ ਮੰਨਣ ਵਾਲੇ ਭਾਈਚਾਰੇ ਨੂੰ ਜਲੀਲ ਕਰ ਚੁਕੀ ਹੈ। ਉਹਨਾਂ ਦਸਿਆ ਕਿ ਬਹੁਤੇ ਸਿੱਖ ਇਹੀ ਸਮਝਦੇ ਹਨ ਕਿ ਜੂਨ 1984 ਵਿਚ ਹੀ ਭਾਰਤੀ ਹਕੂਮਤ ਵਲੋਂ ਦਰਬਾਰ ਸਾਹਿਬ ਉੱਤੇ ਪਹਿਲੀ ਵਾਰ ਹਮਲਾ ਕੀਤਾ ਗਿਆ ਸੀ । ਪਰ ਦੇਸ਼ ਦੀ ਆਜ਼ਾਦੀ ਤੋਂ ਦੇ ਕਰੀਬ 8 ਸਾਲਾਂ (4 ਜੁਲਾਈ 1955) ਬਾਅਦ ਹੀ ਕਾਂਗਰਸੀ ਰਾਜ ਦੌਰਾਨ ਪੁਲੀਸ ਮੁਖੀ ਮਹਾਸ਼ਾ ਅਸ਼ਵਨੀ ਕੁਮਾਰ ਨੇ ਸਿਖ਼ਰ ਦੁਪਹਿਰੇ ਲਾਠੀਆਂ, ਬੰਦੂਕਾਂ, ਪਿਸਤੌਲਾਂ ਅਤੇ ਟੀਅਰ ਗੈਸ ਨਾਲ ਲੈਸ ਹੋ ਕੇ ਪੁਲੀਸ ਦੇ ਹਜ਼ਾਰਾਂ ਸਿਪਾਹੀਆਂ ਸਮੇਤ ਦਰਬਾਰ ਸਾਹਿਬ ਉੱਤੇ ਹੱਲਾ ਬੋਲ ਦਿੱਤਾ ਸੀ । ਇਹ ਹਮਲਾ ਪੰਜਾਬੀ ਸੂਬਾ ਮੋਰਚੇ ਨੂੰ ਕੁਚਲਣ ਲਈ 4 ਜੁਲਾਈ 1955 ਨੂੰ ਮੁੱਖ ਮੰਤਰੀ ਭੀਮ ਸੈਨ ਸੱਚਰ ਨੇ ਦਰਬਾਰ ਸਾਹਿਬ ਉਪਰ ਕਰਵਾਇਆ। ਪੁਲੀਸ ਦੀਆਂ ਵੱਖ-ਵੱਖ ਟੋਲੀਆਂ ਨੇ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ, ਦਰਬਾਰ ਸਾਹਿਬ ਦੇ ਮੈਨੇਜਰ ਸਰਦਾਰ ਗਿਆਨੀ ਗੁਰਦਿਆਲ ਸਿੰਘ, ਸ਼੍ਰੋਮਣੀ ਕਮੇਟੀ ਦੇ ਕਾਇਮ-ਮੁਕਾਮ ਸਕੱਤਰ ਗਿਆਨੀ ਤੇਜਾ ਸਿੰਘ ਅਤੇ ਸਕੱਤਰ ਪ੍ਰੋਫ਼ੈਸਰ ਹਰਭਜਨ ਸਿੰਘ ਜੀ ਆਦਿ ਦੇ ਮਕਾਨਾਂ ਉਪਰ ਛਾਪੇ ਮਾਰ ਕੇ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ । ਜਦ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਦੀ ਗ੍ਰਿਫਤਾਰੀ ਲਈ ਰਾਤ ਦੇ ਸਾਢੇ ਬਾਰਾਂ ਵਜੇ ਪੁਲੀਸ ਉਹਨਾਂ ਦੇ ਮਕਾਨ ਉਪਰ ਪੁੱਜੀ ਤਾਂ ਉਹਨਾਂ ਪੁੱਛਿਆ 'ਮੇਰੇ ਵਰੰਟ ਕਿੱਥੇ ਹਨ", ਉੱਤਰ ਵਿੱਚ ਪੁਲੀਸ ਪਾਰਟੀ ਦੇ ਇੰਚਾਰਜ ਥਾਣੇਦਾਰ ਨੇ ਕਿਹਾ 'ਮੈਂ ਆਪ ਹੀ ਵਰੰਟ ਹਾਂ।"

ਇਤਿਹਾਸ ਵਿੱਚ ਪਹਿਲੀ ਵਾਰ ਮੁਗਲ ਰਾਜ ਵਿੱਚ ਸ਼੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਮਨੀ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਦੂਜਾ ਮੌਕਾ ਹੁਣ 1955 ਨੂੰ ਕਾਂਗਰਸ ਦੇ ਨਹਿਰੂ ਰਾਜ ਦੌਰਾਨ ਇਤਿਹਾਸ ਵਿੱਚ ਇਹ ਆਇਆ ਜਦ ਤਤਕਾਲੀਨ ਹੈੱਡ ਗ੍ਰੰਥੀ ਅਤੇ ਤਤਕਾਲੀਨ ਅਕਾਲ ਤਖ਼ਤ ਦੇ ਜੱਥੇਦਾਰ ਸਾਹਿਬ ਨੂੰ ਕਾਂਗਰਸ ਸਰਕਾਰ ਨੇ ਗ੍ਰਿਫਤਾਰ ਕਰਕੇ ਜੇਲ ਵਿੱਚ ਸੁੱਟਣਾ ਜ਼ਰੂਰੀ ਸਮਝਿਆ।

ਸਰਦਾਰ ਗੜ੍ਹੀ ਨੇ ਕਿਹਾ ਕਿ ਕੈਪਟਨ ਸਰਕਾਰ ਨੇ ਪੁਰਾਣੀਆਂ ਗਲਤੀਆਂ ਤੋਂ ਸਬਕ ਨਾ ਸਿਖ ਕੇ ਸਮੁਚੀ ਅਫਸਰਸ਼ਾਹੀ ਨੂੰ ਲੋਕਾਂ ਦੀ ਸੇਵਾਦਾਰ ਬਣਾਉਣ ਲਈ ਸੰਵਿਧਾਨ ਦੇ ਨਿਯਮਾਂ ਤੇ ਦਾਇਰੇ ਵਿਚ ਨਾ ਲਿਆਕੇ ਲੋਕ ਰਾਜ ਦਾ ਅਸਲੀ ਸਰੂਪ ਉਜਾਗਰ ਕਰਨ ਵਿੱਚ ਅਸਫਲ ਸਿੱਧ ਹੋਈ ਹੈ। ਧਾਰਮਿਕ ਤੌਰ ਉਪਰ ਸਿੱਖਾਂ ਅਤੇ ਸਿੱਖੀ ਸਿਧਾਂਤਾਂ ਉਪਰ ਮਨੂੰਵਾਦੀ ਪਾਰਟੀਆਂ ਦੀ ਬੁਰਛਾਗਰਦੀ ਵਧੀ ਹੈ। ਬਸਪਾ ਸੂਬਾ ਪ੍ਰਧਾਨ ਗੜ੍ਹੀ ਨੇ ਕਿਹਾ ਸਿੱਖ ਸਮਾਜ ਦਾ ਹਿੱਤ ਬਹੁਜਨ ਸਮਾਜ ਨਾਲ ਸੁਰੱਖਿਅਤ ਬਸਪਾ ਦਾ ਮੁੱਖ ਸਿਧਾਂਤ ਹੈ। ਸਮੂਹ ਸਿੱਖ ਜਥੇਬੰਦੀਆਂ ਨੂੰ ਬਸਪਾ ਪੰਜਾਬ ਵਿੱਚ ਜੁੜਨ ਦਾ ਸੱਦਾ ਦਿੰਦਿਆਂ ਸਰਦਾਰ ਗੜ੍ਹੀ ਨੇ ਕਿਹਾ ਬਸਪਾ ਪੰਜਾਬ ਵਿੱਚ ਮਜਬੂਤ ਤੀਜਾ ਬਦਲ ਦੇਵੇਗੀ ਜੋ ਕਿ ਪੰਜਾਬ ਵਿਚ ਕਾਂਗਰਸ ਤੇ ਭਾਜਪਾ ਗਠਜੋੜ ਨੂੰ ਹਰਾਉਣ ਦਾ ਕੰਮ ਕਰੇਗਾ।

ਇਸ ਮੌਕੇ ਉਹਨਾਂ ਨੇ ਬਲਾਚੌਰ ਵਿਧਾਨ ਸਭਾ ਦੇ ਪਿੰਡਾਂ ਦਾ ਤੂਫ਼ਾਨੀ ਦੌਰਾ ਕੀਤਾ ਅਤੇ ਵਰਕਰਾਂ ਨਾਲ ਗੱਲ ਬਾਤ ਦੀ ਸਾਂਝ ਪਾਈ ਜਿਸ ਵਿਚ ਪਿੰਡ ਭਰਥਲਾ, ਜਿਓਂਵਾਲ, ਬ ਛੂਆ, ਮਾਜਰਾ ਜੱਟਾਂ, ਫਤਿਹਪੁਰ ਜੱਟਾਂ ਆਦਿ ਸ਼ਾਮਿਲ ਹਨ। ਇਹਨਾ ਮੀਟਿੰਗਾਂ ਵਿੱਚ ਬਸਪਾ ਵੱਲੋਂ ਸੈਕਟਰ ਕਮੇਟੀਆਂ ਦਾ ਕੰਮ ਚੈਕ ਕੀਤਾ ਅਤੇ ਆਉਂਦੇ ਦਿਨਾਂ ਵਿਚ ਬੂਥ ਕਮੇਟੀਆਂ ਬਣਾਉਣ ਦਾ ਕੰਮ ਸੌਂਪਿਆ। ਇਸ ਮੌਕੇ ਹਰਬੰਸ ਲਾਲ ਚਣਕੋਆ, ਅਸ਼ੋਕ ਦੁੱਗਲ ਭਾਰਥਲਾ, ਸਾਬਕਾ ਸਰਪੰਚ, ਪ੍ਰੇਮ ਨਾਥ ਭਰਥਲਾ ਸਰਪੰਚ, ਸ਼੍ਰੀ ਚੈਨ ਸਿੰਘ ਠੇਕੇਦਾਰ, ਬਖਸ਼ਿਸ਼ ਸਿੰਘ ਮਾਜਰਾ ਸਾਬਕਾ ਸਰਪੰਚ, ਸੁਰਿੰਦਰ ਸਿੰਘ ਮਾਜਰਾ ਸਾਬਕਾ ਸਰਪੰਚ, ਤੁਲਸੀ ਰਾਮ ਪੰਚ ਫਤਿਹਪੁਰ, ਮੱਖਣ ਸਿੰਘ ਗੜ੍ਹੀ ਪੰਚ, ਗੁਰਮੀਤ ਸਿੰਘ ਪੰਚ ਆਦਿ ਵੱਡੀ ਗਿਣਤੀ ਵਿਚ ਵਰਕਰ ਸ਼ਾਮਿਲ ਹੋਏ।

## ਮਾਮਲਾ ਪਿਓ-ਪੁੱਤ ਨੂੰ ਥਾਣੇ ਵਿਚ ਨੰਗਾ ਕਰਨ ਦਾ

### ਇੰਸਪੈਕਟਰ ਤੇ ਹੌਲਦਾਰ ਖ਼ਿਲਾਫ਼ ਮਾਮਲਾ ਦਰਜ



**ਖੰਨਾ/ਏ.ਟੀ.ਨਿਊਜ਼:** ਸਦਰ ਥਾਣਾ ਖੰਨਾ ਦੇ ਸਾਬਕਾ ਐੱਸਐੱਚਓ ਇੰਸਪੈਕਟਰ ਬਲਜਿੰਦਰ ਸਿੰਘ ਖ਼ਿਲਾਫ਼ ਖੰਨਾ ਦੇ ਸਿਟੀ-1 ਥਾਣੇ ਵਿਚ ਮਾਮਲਾ ਦਰਜ ਕੀਤਾ ਗਿਆ ਹੈ। ਇੰਸਪੈਟਕਰ ਦੇ ਨਾਲ ਹੌਲਦਾਰ ਵਰੁਣ 'ਤੇ ਵੀ ਐੱਫਆਈਆਰ ਦਰਜ ਕੀਤੀ ਗਈ ਹੈ। ਇੱਥੇ ਜ਼ਿਕਰਯੋਗ ਹੈ ਕਿ ਸਦਰ ਥਾਣਾ ਖੰਨਾ ਦੇ ਐੱਸਐੱਚਓ ਬਲਜਿੰਦਰ ਸਿੰਘ ਵੱਲੋਂ ਪਿਤਾ, ਪੁੱਤਰ ਤੇ ਇਕ ਹੋਰ ਵਿਅਕਤੀ ਨੂੰ ਥਾਣੇ ਵਿਚ ਆਪਣੇ ਕੈਬਿਨ ਵਿਚ ਨੰਗਾ ਕਰ ਕੇ ਉਨਾਂ ਦੀ ਵੀਡੀਓ ਬਣਾ ਕੇ ਉਸਨੂੰ ਵਾਇਰਲ ਕਰਨ ਦੇ ਦੋਸ਼ 16 ਅਪ੍ਰੈਲ 2020 ਨੂੰ ਲੱਗੇ ਸਨ। ਵੀਡੀਓ ਪਿਛਲੇ ਸਾਲ 2019 ਵਿਚ ਬਣਾਈ ਦੱਸੀ ਜਾਂਦੀ ਹੈ। ਪੀੜਤਾਂ ਵਿਚ ਪਿੰਡ ਦਹਿੜੂ ਦੀ ਸਾਬਕਾ ਸਰਪੰਚ ਦਾ ਪਤੀ ਜਗਪਾਲ ਸਿੰਘ ਜੋਗੀ, ਉਸਦਾ ਪੁੱਤਰ ਗੁਰਵੀਰ ਸਿੰਘ ਤੇ ਐੱਸਸੀ ਸਮਾਜ ਨਾਲ ਸਬੰਧਿਤ ਉਨਾਂ ਦਾ ਨੌਕਰ ਜਸਵੰਤ ਸਿੰਘ ਸ਼ਾਮਲ ਸਨ। ਇਸਦਾ ਵੀਡੀਓ ਵਾਇਰਲ ਹੋਣ ਦੇ ਬਾਅਦ ਪੀੜਤਾਂ ਦੇ ਵਕੀਲ ਗੁਨਿੰਦਰ ਸਿੰਘ ਬਰਾੜ ਨੇ ਇਸਦੀ ਸ਼ਿਕਾਇਤ ਡੀਜੀਪੀ ਪੰਜਾਬ ਨੂੰ ਕੀਤੀ ਸੀ। ਡੀਜੀਪੀ ਦਿਨਕਰ ਗੁਪਤਾ ਨੇ ਮਾਮਲੇ ਦੀ ਜਾਂਚ ਦੇ ਆਦੇਸ਼ ਦੇ ਦਿੱਤੇ ਸਨ। ਇੰਸਪੈਕਟਰ ਬਲਜਿੰਦਰ ਸਿੰਘ ਦਾ ਤਬਾਦਲਾ ਫਿਰੋਜ਼ਪੁਰ ਰੇਂਜ ਕਰਨ ਦੇ ਨਾਲ ਹੌਲਦਾਰ ਵਰੁਣ ਕੁਮਾਰ ਨੂੰ ਵੀ ਲਾਈਨ ਹਾਜ਼ਰ ਕਰ ਦਿੱਤਾ ਗਿਆ ਸੀ। ਇਸ ਮਗਰੋਂ ਜਦੋਂ ਕਈ ਦਿਨ ਤਕ ਖੰਨਾ ਪੁਲਿਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ ਤਾਂ ਪੀੜਤਾਂ ਨੇ ਪੰਜਾਬ ਹਰਿਆਣਾ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ। ਹਾਈਕੋਰਟ ਨੇ ਆਪਣੇ ਆਦੇਸ਼ ਵਿਚ ਮਾਮਲੇ ਨੂੰ ਸ਼ਰਮਨਾਕ ਦੱਸਦੇ ਹੋਏ ਡੀਜੀਪੀ ਨੂੰ ਤੁਰੰਤ ਐੱਸਆਈਟੀ ਬਣਾ ਕੇ 8 ਜੁਲਾਈ ਨੂੰ ਜਵਾਬ ਦੇਣ ਨੂੰ ਕਿਹਾ ਸੀ। ਏਡੀਜੀਪੀ ਡਾ. ਨਰੇਸ਼ ਅਰੋੜਾ ਦੀ ਅਗਵਾਈ ਵਿਚ ਆਈਜੀ ਲੁਧਿਆਣਾ ਤੇ ਐੱਸਐੱਸਪੀ ਜਗਰਾਓਂ ਦੀ ਇਕ ਐੱਸਆਈਟੀ ਬਣਾਈ ਗਈ। ਇਸ ਐੱਸਆਈਟੀ ਦੀ ਜਾਂਚ ਤੋਂ ਬਾਅਦ ਇੰਸਪੈਕਟਰ ਬਲਜਿੰਦਰ ਸਿੰਘ ਤੇ ਹੌਲਦਾਰ ਵਰੁਣ ਖਿਲਾਫ਼ ਐੱਫਆਈਆਰ ਦਰਜ ਕੀਤੀ ਗਈ ਹੈ। ਮਾਮਲੇ ਦੀ ਅਗਲੀ ਜਾਂਚ ਐੱਸਆਈਟੀ ਦੇ ਮੈਂਬਰ ਆਈਜੀ ਲੁਧਿਆਣਾ ਨੌਨਿਹਾਲ ਸਿੰਘ ਕਰਨਗੇ। ਵਰੁਣ ਕੁਮਾਰ ਦੇ ਮੋਬਾਈਲ ਫੋਨ ਨਾਲ ਵੀਡੀਓ ਬਣਾਈ ਗਈ ਤੇ ਬਾਅਦ ਵਿਚ ਵਾਇਰਲ ਕਰਨ ਦੇ ਇਲਜ਼ਾਮ ਹਨ। ਦਰਜ ਐੱਫਆਈਆਰ ਵਿਚ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ, ਐੱਸਸੀ-ਐੱਸਟੀ ਐਕਟ, ਮਾਰਕੁੱਟ ਕਰਨ, ਗ਼ੈਰਕਾਨੂੰਨੀ ਹਿਰਾਸਤ ਵਿਚ ਰੱਖਣ ਤੇ ਆਈਟੀ ਐਕਟ ਦੀਆਂ ਧਾਰਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ।

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# Sir Speedy Tustin
*Printers to the Community*

## Outdoor 3'x11' Promo Flag
SUBWAY eat fresh. · OPEN 24 HOURS 7 ELEVEN · DRY CLEANER · LIQUOR · PIZZA

**Only $29/-**

Pole & Spike $55/-

## Outdoor 3'x6' Durable Banner
GURU NANAK SIKH TEMPLE FAIRFIELD Visit Our Website: www.FairfieldGurudwara.com

All weather, durable to sunlight, rain and wear & tear. Text only.

**Only $69/-**

## Receipt Books
Customized with your information and design. 2 part carbonless with numbering and perforation.

**Call for Price**

## Retractable 33"x 80" Banner
Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs
OPEN 24 HOURS · OPEN HOUSE! Welcome · Call Toll Free: 855 360-HOME

Includes H-stakes. Single sided, durable to sunlight and rain. Reusable!

**$49/- for 4**

## 11" Printed Balloons
ਲੱਖ ਲੱਖ ਵਧਾਈ

Printed with your logo and info. One color, one location. Min. qty 1000

**19¢ each**

## Your Printed T-Shirts
YOUR LOGO OR MESSAGE PRINTED HERE

White T-Shirts, 1 color screen printing in 1 position. Min Qty. 100

**Only $4.99**

## Your Printed Caps
YOUR LOGO HERE

1 color in 1 position. Min Qty. 100

**Only $4.99**

## Trip Envelopes Qty 1000
DAILY TRIP ENVELOPE

**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**

*South Asian Wedding Cards*

**CALL NOW**

# ਸਿਆਟਲ ਵਿਚ ਬਾਬਾ ਬੰਦਾ ਸਿੰਘ ਬਹਾਦਰ, ਮਹਾਰਾਜਾ ਰਣਜੀਤ ਸਿੰਘ ਤੇ ਸੰਤ ਗੁਰਬਚਨ ਸਿੰਘ ਭਿੰਡਰਾਂਵਾਲਿਆਂ ਦੀ ਸਾਂਝੇ ਤੌਰ 'ਤੇ ਬਰਸੀ ਮਨਾਈ



**ਸਿਆਟਲ : ਗੁਰਚਰਨ ਸਿੰਘ ਢਿੱਲੋਂ:** ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੈਂਟ ਵਿਖੇ ਸਿੱਖ ਰਾਜ ਦੇ ਪਹਿਲੇ ਬਾਦਸ਼ਾਹ ਬਾਬਾ ਬੰਦਾ ਸਿੰਘ ਜੀ ਬਹਾਦਰ, ਮਹਾਰਾਜਾ ਰਣਜੀਤ ਸਿੰਘ ਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਦੀ ਬਰਸੀ ਸਾਂਝੇ ਤੌਰ 'ਤੇ ਇਕੋ ਦਿਨ ਮਨਾਈ ਗਈ। ਇਸ ਮੌਕੇ ਧਾਰਮਿਕ ਵਿਸ਼ੇਸ਼ ਦੀਵਾਨ ਸਜਾਏ ਗਏ, ਜਿੱਥੇ ਭਾਈ ਦਲਜੀਤ ਸਿੰਘ, ਬਾਬਾ ਸਾਧੂ ਸਿੰਘ ਤੇ ਰਾਗੀ ਭਾਈ ਕੁਲਬੀਰ ਸਿੰਘ ਦੇ ਜਥਿਆਂ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਗਿਆਨੀ ਭਾਈ ਅਮਨ ਸਿੰਘ ਜੀ ਕਥਾ ਸਰਵਣ ਕਰਵਾਈ। ਸੰਗਤਾਂ ਨੇ ਪ੍ਰਸ਼ਾਸਨ ਵਲੋਂ ਹਦਾਇਤਾਂ ਦੀ ਪਾਲਣਾ ਕਰਦਿਆਂ ਹਾਜ਼ਰੀ ਭਰ ਕੇ ਲਾਹਾ ਪ੍ਰਾਪਤ ਕੀਤਾ ਅਤੇ ਗੁਰੂ ਦਾ ਲੰਗਰ ਅਤੁੱਟ ਵਰਤਿਆ। ਤਿੰਨੋਂ ਵਿਸ਼ੇਸ਼ ਦਿਹਾੜੇ ਇਕੱਠੇ ਮਨਾਉਂਦੇ ਸਮੇਂ ਸੰਗਤਾਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ।

# ਅਮਨਦੀਪ ਸਿੰਘ ਬੋਲਾਂ ਦੀ ਅਚਾਨਕ ਮੌਤ

## ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿਲ ਅਤੇ ਬੋਲਾ ਪਰਿਵਾਰ ਨੂੰ ਭਾਰੀ ਸਦਮਾ



**ਫਰੈਜਨੋ/ਏ.ਟੀ.ਨਿਊਜ਼ :** ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿਲ ਅਤੇ ਪਰਿਵਾਰ ਨੂੰ ਉਨਾਂ ਦੇ ਸਾਲੇ ਅਮਨਦੀਪ ਸਿੰਘ ਬੋਲਾ ਦੀ ਅਚਾਨਕ ਹੋਈ ਮੌਤ ਨਾਲ ਭਾਰੀ ਸਦਮਾ ਲੱਗਿਆ ਹੈ।ਅਮਨਦੀਪ ਸਿੰਘ, ਸੁਖਜਿੰਦਰ ਸਿੰਘ ਬੋਲਾ ਦੇ ਛੋਟੇ ਭਰਾ ਸਨ, ਜੋ ਇਕ ਲੰਬੇ ਅਰਸੇ ਤੋਂ ਸੈਂਟਰੈਲ ਕੈਲੇਫੋਰਨੀਆਂ ਦੇ ਸ਼ਹਿਰ ਸੈਲਮਾ ਵਿਚ ਰਹਿ ਰਹੇ ਹਨ ਅਤੇ ਕਮਿਊਨਿਟੀ ਦੇ ਕੰਮਾਂ ਵਿਚ ਹਮੇਸ਼ਾ ਸਰਗਰਮ ਰਹਿੰਦੇ ਹਨ। ਅਮਨਦੀਪ ਦੀ ਮੌਤ ਨਾਲ ਸਾਰੇ ਬੋਲਾ ਪਰਿਵਾਰ ਨੂੰ ਵੀ ਅਸਿਹ ਸਦਮਾ ਲੱਗਿਆ ਹੈ ਅਤੇ ਖਾਸ ਕਰ ਉਨਾਂ ਦੇ ਬਿਰਧ ਪਿਤਾ ਨੂੰ ਇਹ ਵਿਛੋੜਾ ਝੱਲਣਾ ਔਖਾ ਹੈ। ਅਮਨਦੀਪ ਸਿੰਘ ਦੀ ਉਮਰ ਸਿਰਫ 48 ਸਾਲ ਸੀ ਅਤੇ ਉਹ ਚੰਗੀ ਸੇਹਤ ਵਿਚ ਸਨ ਅਤੇ ਉਨਾਂ ਨੂੰ ਕਿਸੇ ਕਿਸਮ ਦੀ ਕੋਈ ਬੀਮਾਰੀ ਨਹੀਂ ਸੀ ਇਸ ਲਈ ਇਸ ਮੌਤ ਤੇ ਕਿਸੇ ਨੂੰ ਵੀ ਯਕੀਨ ਨਹੀਂ ਆ ਰਿਹਾ। ਅਮਨਦੀਪ ਸਿੰਘ ਪਿਛਲੇ ਕੁਝ ਸਾਲਾ ਤੋਂ ਆਪਣੇ ਪਰਿਵਾਰ ਨਾਲ ਅਮਰੀਕਾ ਆਏ ਸਨ ਪਰ ਉਨਾਂ ਦਾ ਇਕਲੌਤਾ ਪੁਤਰ ਰੂਬਲ ਸਿੰਘ ਅਜੇ ਵੀ ਭਾਰਤ ਵਿਚ ਹੀ ਪੜਾਈ ਕਰ ਰਿਹਾ ਹੈ। ਉਹ ਆਪਣੀ ਪਤਨੀ ਨਾਲ ਇਕ ਸਟੋਰ ਵਿਚ ਪਿਛਲੇ ਕੁਝ ਸਾਲਾਂ ਤੋ ਸਟੋਰ ਕਲਰਕ ਦੇ ਤੌਰ ਤੇ ਕੰਮ ਕਰ ਰਹੇ ਸੰਨ। ਉਹਨਾਂ ਦਾ ਪਿਛਲਾ ਪਿੰਡ ਦਾਤੇਵਾਸ ਤਹਿਸੀਲ ਬੁਢਲਾਡਾ ਵਿਚ ਪੈਂਦਾ ਹੈ। ਉਹ ਪਟਿਆਲਾ ਯੂਨੀਵਰਸਿਟੀ ਤੋਂ ਗਰੈਜੂਏਟ ਸਨ ਅਤੇ ਪਤਰਕਾਰਤਾ ਦੇ ਕਿਤੇ ਨਾਲ ਜੁੜੇ ਹੋਏ ਸਨ। ਉਨਾਂ ਦੇ ਕੁਝ ਅਰਸੇ ਲਈ ਦੂਰਦਰਸ਼ਨ ਜਲੰਧਰ ਲਈ ਵੀ ਕੰਮ ਕੀਤਾ ਅਤੇ ਇਕ ਕਿਤਾਬ 'ਜੁਗਨੂੰਆ ਦੇ ਅੰਗਸੰਗ' ਵੀ ਲਿਖੀ।

ਇੰਡੋ ਅਮਰੈਕੀਨ ਹੈਰੀਟੇਜ ਫੋਰਮ ਨੇ ਅਮਨਦੀਪ ਸਿੰਘ ਦੀ ਇਸ ਬੇਵਕਤ ਮੌਤ ਤੇ ਪ੍ਰਧਾਨ ਗੁਰਦੀਪ ਸਿੰਘ ਗਿਲ ਦੇ ਅਤੇ ਅਮਨਦੀਪ ਸਿੰਘ ਦੀ ਪਤਨੀ ਪ੍ਰੀਤੀ ਕੌਰ, ਬੇਟਾ ਰੂਬਲ ਸਿੰਘ, ਪਿਤਾ ਜਗਰੂਪ ਸਿੰਘ ਬੋਲਾ, ਭੈਣਾ ਪਰਮਜੀਤ ਕੌਰ ਅਤੇ ਸਵਰਨਜੀਤ ਕੌਰ ਅਤੇ ਭਰਾ ਸੁਖਜਿੰਦਰ ਸਿੰਘ ਬੋਲਾ ਅਤੇ ਹੋਰ ਰਿਸ਼ਤੇਦਾਰਾ ਨਾਲ ਅਫਸੋਸ ਦਾ ਇਜਹਾਰ ਕੀਤਾ।

# ਖਾਲਿਸਤਾਨੀ ਸਿੱਖ 'ਅੱਤਵਾਦੀ' ਨਹੀਂ, ਆਜਾਦੀ ਪਸੰਦ ਹਨ: ਦਲ ਖਾਲਸਾ ਅਤੇ ਅਕਾਲੀ ਦਲ ਅੰਮ੍ਰਿਤਸਰ

**ਪਟਿਆਲਾ/ਏ.ਟੀ.ਨਿਊਜ਼ :**

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਦਲ ਖਾਲਸਾ ਨੇ ਭਾਰਤ ਸਰਕਾਰ ਵਲੋਂ ਖਾਲਿਸਤਾਨੀ ਸੰਘਰਸ਼ ਨਾਲ ਸਬੰਧਿਤ ੯ ਸਿਖਾਂ ਨੂੰ 'ਅੱਤਵਾਦੀ' ਘੋਸ਼ਿਤ ਕਰਨ ਦੀ ਕਰਵਾਈ ਦੀ ਸਖਤ ਆਲੋਚਨਾ ਕਰਦਿਆ ਸਰਕਾਰ ਦੇ ਇਸ ਕਦਮ ਨੂੰ ਸਿੱਖ ਕੌਮ ਦੇ ਅਕਸ ਅਤੇ ਆਜਾਦੀ ਸੰਘਰਸ਼ ਨੂੰ ਦੁਨੀਆ ਦੀਆਂ ਨਿਗਾਹਾਂ ਵਿੱਚ 'ਅੱਤਵਾਦ' ਦੀ ਸਿਆਹੀ ਨਾਲ ਲਿਬੇੜਨ ਦੀ ਚਾਲ ਦਸਿਆ ਹੈ।

ਦਲ ਖਾਲਸਾ ਅਤੇ ਅਕਾਲੀ ਦਲ ਅੰਮ੍ਰਿਤਸਰ ਨੇ ਸਰਕਾਰ ਦੇ ਇਸ ਫੈਸਲੇ ਨੂੰ ਭੜਕਾਹਟ ਵਾਲਾ ਅਤੇ ਗੈਰ-ਕਾਨੂੰਨੀ ਦਸਦਿਆਂ ਕਿਹਾ ਕਿ ਭਾਰਤ ਸਰਕਾਰ ਨੂੰ ਆਪਣੇ ਇਸ ਗਲਤ ਫੈਸਲੇ ਨੂੰ ਵਾਪਿਸ ਲੈਣਾ ਚਾਹੀਦਾ ਹੈ। ਉਹਨਾਂ ਸਪਸ਼ਟ ਕੀਤਾ ਕਿ ਖਾਲਿਸਤਾਨੀ ਸਿਖ 'ਅੱਤਵਾਦੀ' ਨਹੀਂ, ਆਜਾਦੀ ਪਸੰਦ ਹਨ।

ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਪ੍ਰੋ ਮੁਹਿੰਦਰਪਾਲ ਸਿੰਘ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆ ਕਿਹਾ ਕਿ ਘੱਟਗਿਣਤੀ ਵਿਰੋਧੀ ਨੀਤੀਆਂ ਅਤੇ ਮਾਨਸਿਕਤਾ ਨੂੰ ਜਾਰੀ ਰੱਖਦਿਆਂ, ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤ ਸਰਕਾਰ ਨੇ ਖਾਲਿਸਤਾਨ ਲਹਿਰ ਨਾਲ ਲੰਮੇ ਸਮੇ ਤੋਂ ਜੁੜੇ ੯ ਸਿੱਖਾਂ ਨੂੰ ਸੋਧੇ ਹੋਏ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਐਕਟ, ੧੯੬੭ ਦੇ ਤਹਿਤ 'ਅੱਤਵਾਦੀ' ਵਜੋਂ ਨਾਮਜ਼ਦ ਕੀਤਾ ਹੈ।

ਉਹਨਾਂ ਕਿਹਾ ਕਿ ਮੋਦੀ-ਸ਼ਾਹ ਦੀ ਜੋੜੀ ਨੇ ਪਿਛਲੇ ਸਾਲ ੨੦੧੯ ਵਿੱਚ ਇਸ ਐਕਟ ਵਿਚ ਸੋਧ ਕਰਕੇ ਵਿਅਕਤੀਆਂ ਨੂੰ 'ਅੱਤਵਾਦੀ' ਵਜੋਂ ਨਾਮਜ਼ਦ ਕਰਨ ਦਾ ਵਾਧਾ ਕੀਤਾ ਸੀ ਕਿਉਂਕਿ ਪਹਿਲਾਂ ਇਸ ਐਕਟ ਅਧੀਨ ਸਿਰਫ ਸੰਸਥਾਵਾਂ ਨੂੰ ਹੀ "ਗੈਰਕਾਨੂੰਨੀ ਅਤੇ ਅੱਤਵਾਦੀ" ਵਜੋਂ ਨਾਮਜ਼ਦ ਕੀਤਾ ਜਾਂਦਾ ਸੀ। ਉਹਨਾਂ ਦਸਿਆ ਕਿ ਇਸ ਸਮੇਂ ਇਸ ਸੂਚੀ ਵਿਚ ਸ਼ਾਮਲ ੧੩ ਵਿਅਕਤੀ- ਚਾਰ ਮੁਸਲਮਾਨ ਅਤੇ ੯ ਸਿੱਖ ਹਨ। ਇਸ ਤੋਂ ਪਹਿਲਾਂ ੩੬ ਸੰਗਠਨਾਂ ਵਿਚੋਂ ਜਿਨਾਂ ਨੂੰ ਯੂਏਪੀਏ ਅਧੀਨ ਅੱਤਵਾਦੀ/ਗੈਰਕਾਨੂੰਨੀ ਘੋਸ਼ਿਤ ਕੀਤਾ ਗਿਆ ਸੀ, ਸਾਰੇ ਘੱਟਗਿਣਤੀ ਭਾਈਚਾਰਿਆਂ ਦੀ ਨੁਮਾਇੰਦਗੀ ਕਰਦੇ ਹਨ ਜਦੋਂਕਿ ਹਿੰਦੂਤਵੀ ਅੱਤਵਾਦੀ ਗਰੁਪ ਸਟੇਟ ਦੀ ਸਰਪ੍ਰਸਤੀ ਦਾ ਆਨੰਦ ਮਾਣ ਰਹੇ ਹਨ।

ਉਹਨਾ ਕਿਹਾ ਕਿ ਇੰਝ ਲਗਦਾ ਹੈ ਕਿ ਮੋਦੀ ਸਰਕਾਰ ਨੇ ਇਹ ਕਦਮ ਗੁਆਂਢੀ ਦੇਸ਼ਾਂ ਨਾਲ ਵਿਵਾਦਾਂ ਨੂੰ ਹੱਲ ਕਰਨ ਅਤੇ ਚੀਨ ਦੇ ਹਮਲੇ ਦਾ ਸਾਹਮਣਾ ਕਰਨ ਵਿੱਚ ਆਪਣੀ ਨਾਕਾਮੀ ਨੂੰ ਲੁਕਾਉਣ ਲਈ ਚੁਕਿਆ ਹੈ। ਉਹਨਾਂ ਕਿਹਾ ਕਿ ਪਿਛਲ਼ੇ ਵਰੇ ਕਸ਼ਮੀਰੀਆਂ ਕੋਲੋਂ ਜੋਰ-ਜਬਰ ਨਾਲ ਉਹਨਾਂ ਦੇ ਹੱਕ ਖੋਹੇ ਗਏ, ਫਿਰ ਮੁਸਲਿਮ ਭਾਈਚਾਰੇ ਉਤੇ ਨਾਗਰਿਕਤਾ ਕਾਨੂੰਨ ਵਿੱਚ ਸੋਧ ਕਰਕੇ ਕੁਹਾੜਾ ਚਲਾਇਆ ਗਿਆ ਅਤੇ ਹੁਣ ਸਿੱਖ ਮੋਦੀ ਸਰਕਾਰ ਦੇ ਨਿਸ਼ਾਨੇ ਉਤੇ ਚੜ ਗਏ ਹਨ।

ਬਾਕੀ ਸਫ਼ਾ 31 'ਤੇ


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035





Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸਿੱਖਾਂ ਵੱਲੋਂ ਸੇਵਾ ਕਰਕੇ ਨਵੇਕਲੇ ਤਰੀਕੇ ਨਾਲ ਮਨਾਇਆ ਗਿਆ ਅਮਰੀਕਾ ਦਾ ਅਜ਼ਾਦੀ ਦਿਵਸ

**ਫਰੀਮਾਂਟ /ਏ.ਟੀ.ਨਿਊਜ਼ :** 4 ਜੁਲਾਈ ਨੂੰ ਅਮਰੀਕਾ ਦਾ US Declaration of Independence ਦਿਨ ਮਨਾਇਆ ਜਾਂਦਾ ਹੈ। ਹਰ ਸਾਲ ਹਰੇਕ ਸ਼ਹਿਰ ਆਪਣੇ ਤੌਰ ਤੇ ਪਰੇਡ ਕੱਢਦਾ ਹੈ ਤੇ ਲੋਕ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਇਸ ਸਾਲ Covid 19 ਕਰਕੇ ਸਾਰੀਆਂ ਪਰੇਡਾਂ ਕੈਂਸਲ ਕਰ ਦਿੱਤੀਆਂ ਸਨ। ਫਰੀਮਾਂਟ ਗੁਰਦੂਆਰਾ ਸਾਹਿਬ ਅਤੇ Sikhs for Humanity ਨੇ City of Fremont ਨਾਲ ਮਿਲਕੇ ਗੁਰੂ ਨਾਨਕ ਦੇ ਲੰਗਰ ਲਾ ਕੇ ਲੋੜਵੰਦਾ ਨਾਲ ਅਜ਼ਾਦੀ ਦਿਵਸ ਮਨਾਇਆ। ਪ੍ਰੋਗਰਾਮ ਵਿੱਚ ਫਰੀਮਾਂਟ ਸਿਟੀ ਦੀ ਮੇਅਰ, ਪੁਲਿਸ ਚੀਫ, ਫਾਇਰ ਚੀਫ, ਸਿਟੀ ਕੌਂਸਲ ਦੇ ਰਾਜ ਸਲਵਾਨ ਨੇ ਵੀ ਸ਼ਿਰਕਤ ਕੀਤੀ। ਸਿੱਖਸ ਫਾਰ ਹਿਉਮੈਨਟੀ ਦੇ ਭਾਈ ਰਜਿੰਦਰ ਸਿੰਘ ਟਾਂਡਾ ਅਤੇ ਸਿੱਖ ਪੰਚਾਇਤ ਦੇ ਭਾਈ ਕਸ਼ਮੀਰ ਸਿੰਘ ਨੇ ਪਿਛਲੇ ਦੱਸ ਦਿਨਾਂ ਤੋਂ ਇਸ ਪ੍ਰੋਗਰਾਮ ਨੂੰ ਕਾਮਯਾਬ ਕਰਨ ਵਾਲੇ ਗੁਰਦੂਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਸਾਰੇ ਵਲੰਟੀਅਰਾਂ ਦਾ ਧੰਨਵਾਦ ਕੀਤਾ। ਇਸ ਨਿਵੇਕਲੇ ਕਿਸਮ ਦੇ ਆਜ਼ਾਦੀ ਦਿਵਸ ਨੂੰ ਮਨਾਉਣ ਦੇ ਢੰਗ ਨੂੰ ਇੱਥੋਂ ਦੀਆਂ ਲੋਕਲ ਚੈਨਲਾਂ ਵੱਲੋਂ ਵੀ ਭਰਪੂਰ ਸ਼ਲਾਘਾ ਕੀਤੀ ਗਈ।



# ਸਿੱਖਾਂ ਤੇ ਪੰਜਾਬ ਉੱਤੇ ਜ਼ੁਲਮ-ਓ-ਸਿਤਮ ਬੰਦ ਕਰੋ

## (ਮੁੱਖ ਮੰਤਰੀ, ਪੰਜਾਬ ਦੇ ਨਾਂ ਖੁੱਲਾ ਖਤ)

ਸੇਵਾ ਵਿਖੇ
ਸਰਦਾਰ ਅਮਰਿੰਦਰ ਸਿੰਘ,
ਸਤਿਕਾਰਯੋਗ ਮੁੱਖ ਮੰਤਰੀ, ਪੰਜਾਬ,
ਚੰਡੀਗੜ।
ਸ਼੍ਰੀਮਾਨ ਜੀ,

ਜੂਨ 2020 ਦੇ ਅਖੀਰਲੇ ਦਿਨਾਂ ਦੌਰਾਨ, ਆਪਣੀਆਂ ਆਤਸੀ ਖੁਫੀਆ ਏਜੰਸੀਆਂ ਨੇ ਇਕ ਤੋਂ ਬਾਅਦ ਇਕ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ. ਐਸ.ਆਈ ਅਤੇ ਸਿਖਸ ਫਾਰ ਜਸਟਿਸ ਦਾ ਸਮਰਥਨ ਪ੍ਰਾਪਤ ਦਹਿਸ਼ਤ ਗਰਦ ਗਿਰੋਹਾਂ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ। ਸਿੱਟੇ ਵਜੋਂ, ਅਕਾਲ ਪੁਰਖ ਹੀ ਜਾਣਦਾ ਹੈ ਕਿ ਕਿੰਨੇ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਹਨਾ (ਵਿਚੋਂ) (ਕੁਝ) ਸਾਇਦ ਨੂੰ ਸਰੀਰਕ ਅਤੇ ਮਾਨਸਿਕ ਡੂੰਘੇ ਤਸੀਹੇ ਦਿੱਤੇ ਗਏ ਹਨ ਅਤੇ ਉਹਨਾਂ ਦੀ ਘੋਰ ਬੇਇੱਜ਼ਤੀ ਕੀਤੀ ਗਈ। ਇਹ ਸੰਵਿਧਾਨਕ ਅਤੇ ਜਨਮ-ਸਿੱਧ ਮਨੁੱਖੀ ਅਧਿਕਾਰਾਂ ਦੇ ਮੁਕੰਮਲ ਘਾਣ ਰਾਹੀਂ ਲੋਕਾਂ ਨੂੰ ਲਗਾਤਾਰ ਗੁਲਾਮ ਬਣਾ ਕੇ ਰੱਖਣ ਲਈ ਉਹਨਾਂ ਨੂੰ ਨਿਰਉਤਸ਼ਾਹਿਤ ਅਤੇ ਭੈਭੀਤ ਕਰਨ ਦੀ ਕੋਸ਼ਿਸ਼ ਹੈ। ਆਪਣੀ ਪੁਲਿਸ ਦੇ ਵਿਹਾਰ,ਜਿਸਨੂੰ ਕਿ ਪਿਛਲੀ ਸਦੀ ਦੇ ਦੂਜੇ ਅੱਧ ਦੌਰਾਨ ਨਿਰੰਤਰ ਦੇਖਿਆ ਗਿਆ, ਤੋਂ ਸਾਡਾ ਇਹ ਵਿਸ਼ਵਾਸ਼ ਬੱਝਦਾ ਹੈ ਕਿ ਇਹ ਇਕ ਅਜਿਹਾ ਸੰਦ ਹੈ ਜਿਸ ਰਾਹੀਂ ਸੱਤਾ 'ਤੇ ਕਾਬਜ ਲੋਕ ਉਹਨਾਂ ਲੋਕਾਂ ਉਪਰ ਸਥਾਈ ਅਤੇ ਅਨੈਤਿਕ ਦਬਦਬਾ ਬਣਾਈ ਰੱਖਣਾ ਚਹੁੰਦੇ ਹਨ, ਜਿਹਨਾਂ ਨੇ ਉਹਨਾਂ ਨੂੰ ਚੁਣ ਕੇ ਸੱਤਾ 'ਤੇ ਬਿਠਾਇਆ।

ਜਦੋਂ ਇਹ ਚਿੱਠੀ ਲਿਖੀ ਜਾ ਰਹੀ ਹੈ, ਉਦੋਂ ਵੀ ਵੱਡੀ ਪੱਧਰ 'ਤੇ ਇਸ ਮਾਮਲੇ ਦੇ ਸਬੰਧ ਵਿਚ ਹੋਈਆਂ ਗ੍ਰਿਫਤਾਰੀਆਂ ਦੀ ਖਬਰ ਬਣ ਰਹੀ ਹੋਵੇਗੀ।

ਭਾਰਤੀ ਸਿਆਸਤਦਾਨਾਂ ਦੀ ਮਨੋ-ਵਿਗਿਆਨ ਸਬੰਧੀ ਸਾਡੀ ਸਮਝ ਇਹ ਕਹਿੰਦੀ ਹੈ ਕਿ ਇਹ ਕਾਰਵਾਈ ਸਪੱਸ਼ਟ ਰੂਪ ਵਿਚ ਗੈਰ-ਜਰੂਰੀ ਅਤੇ ਅਨਰਥਕਾਰੀ ਦਾਅ ਹੈ ਜੋ ਇਸ ਲਈ ਖੇਡਿਆ ਗਿਆ ਹੈ ਕਿ ਸਿੱਖ ਚੀਨ ਵਿਰੁੱਧ ਬਿਹਤਰ ਤਰੀਕੇ ਨਾਲ ਲੜਨ। ਇਸ ਨੂੰ ਮਨੋਵਿਗਿਆਨਕ ਚੋਭ ਵਜੋਂ ਦੇਖਿਆ ਜਾਂਦਾ ਹੈ, ਜੋ ਇਸ ਲਈ ਮਾਰੀ ਜਾ ਰਹੀ ਹੈ ਤਾਂ ਕਿ ਸਿੱਖ ਮੂਹਰਲੀ ਕਤਾਰ ਦੇ ਯੋਧਿਆਂ ਵਜੋਂ ਖੁਦ ਨੂੰ ਅਰਪਿਤ ਕਰਕੇ ਮੜੇ ਹੋਏ ਬਚਗਾਨਾ ਦੋਸ਼ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰਨ। ਇਹ ਕਾਰਵਾਈ ਕੁਲੈਹਣੀ ਹੈ ਅਤੇ ਸ਼ੈਤਾਨੀ ਹੈ ਕਿਉਂਕਿ ਸਿੱਖਾਂ ਨੇ ਫੌਜੀ ਹੋਣ ਦੇ ਨਾਤੇ ਆਪਣਾ ਕਰਤੱਵ ਹਮੇਸ਼ਾਂ ਪੂਰੀ ਸਮਰੱਥਾ ਨਾਲ ਅਤੇ ਖੁਸ਼ੀ-ਖੁਸ਼ੀ ਨਿਭਾਇਆ ਹੈ। ਉਹਨਾਂ ਨੇ ਆਪਣੇ ਚੁੱਲਿਆਂ, ਘਰਾਂ,ਘਾਟਾਂ ਅਤੇ ਇੱਜਤ ਦੀ ਰੰਗ ਬਰੰਗੇ ਵੈਰੀਆਂ ਤੋਂ ਰਾਖੀ ਕਰਨ ਦਾ ਕਠਿਨ ਫਰਜ ਸਵੈ-ਇੱਛਾ ਨਾਲ ਪੂਰਾ ਕੀਤਾ ਹੈ। ਨਾ ਤਾਂ ਅੰਨੇਵਾਹ ਹੋਣ ਵਾਲਾ ਇਹ ਜੁਲਮ ਸਾਨੂੰ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਮੁੜ ਖੋਲਣ ਦੀ ਮੰਗ ਕਰਨ ਤੋਂ ਰੋਕ ਸਕੇਗਾ ਨਾ ਹੀ ਹਰ ਜਗਾ ਵਸਦੇ ਮਨੁੱਖ ਨਾਲ ਦੋਸਤੀ ਦੀ ਇੱਛਾ ਜਾਹਰ ਕਰਨ ਤੋਂ। 'ਸਭ ਕੋ ਮੀਤ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨਾ' ਸਾਡੇ ਧਰਮ ਦਾ ਸਿਧਾਂਤ ਹੈ।

ਗੈਰ-ਕਨੂੰਨੀ ਸਰਗਰਮੀਆਂ ਰੋਕੂ ਕਨੂੰਨ ਦੀ ਜਾਲਮਾਨਾਂ ਦੁਰਵਰਤੋ ਹੁਣ ਤੁਹਾਡੇ ਆਗੂ ਕਪਿਲ ਸਿੱਬਲ ਤੋਂ ਲੁਕੀ ਨਹੀਂ ਹੈ। ਛੇਤੀ ਹੀ ਤੁਹਾਨੂੰ ਵੀ ਇਸ ਦੇ ਤਬਾਹਕੁਨ ਅਸਰ ਦਾ ਅਹਿਸਾਸ ਹੋ ਜਾਵੇਗਾ। ਸਮੇਂ-ਸਮੇਂ 'ਤੇ ਅਕਸਰ ਆਹੂ ਲਾਹੁਣ ਅਤੇ ਨੌਜਵਾਨ ਆਗੂਆਂ ਦਾ ਸ਼ਿਕਾਰ ਖੇਡਣ ਵਾਲਾ ਇਹ ਢੰਗ-ਤਰੀਕਾ ਪੰਜਾਬ ਵਿਰੁੱਧ ਸਦੀਆਂ ਤੋਂ ਬਿਨਾਂ ਕਿਸੇ ਕਾਮਯਾਬੀ ਦੇ ਅਪਣਾਇਆ ਜਾਂਦਾ ਰਿਹਾ ਹੈ। ਜਿਹਨਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਉਹ ਅਜਿਹੇ ਸ਼ਖਸ ਹਨ, ਜੋ ਪਰਉਪਕਾਰੀ ਅਤੇ ਅਹਿਮ ਸਮਾਜਿਕ ਕਾਰਜਾਂ ਦੇ ਹੱਕ ਵਿਚ ਖੜਨ ਵਾਲੇ ਹੁੰਦੇ ਹਨ। ਦਿੱਲੀ ਵਿਚ ਮੌਜੂਦਾ ਪ੍ਰਕਰਨ ਇਹ ਹੈ ਕਿ ਇਹ ਨੇੜਲੇ ਅਤੀਤ ਵਿਚ ਮਨੁੱਖੀ ਹੱਕਾਂ ਦੇ ਪੱਖ ਵਿਚ ਖੜੇ ਹੋਏ। ਕੈਥਲ ਦੇ ਨੌਜਵਾਨ ਲਵਪ੍ਰੀਤ ਸਿੰਘ ਨੇ ਸ਼ਹੀਨ ਬਾਗ ਦੀਆਂ ਸਾਡੀਆਂ ਬਹਾਦਰ ਧੀਆਂ-ਭੈਣਾਂ ਨੂੰ ਭੋਜਨ ਵਰਤਾਉਣ ਵਿਚ ਮੁੱਖ ਭੂਮਿਕਾ ਅਦਾ ਕੀਤਾ। ਇਹਨਾਂ ਧੀਆਂ-ਭੈਣਾਂ ਨੇ ਦਮਨ ਦੇ ਖ਼ਿਲਾਫ ਸ਼ਾਨਮੱਤੀ ਲੜਾਈ ਲੜ ਕੇ ਦੁਨੀਆ ਵਿਚ ਸੋਭਾ ਕਮਾਈ। ਸਮਾਂ ਪਾ ਕੇ ਹੋਰਾਂ(ਦੋਸੀ ਗਰਦਾਨਿਆਂ) ਬਾਰੇ ਵੀ ਜਾਣਕਾਰੀ ਸਾਹਮਣੇ ਆਵੇਗੀ। ਇਹੀ ਅਤੀਤ ਵਿਚ ਵਾਪਰੇ ਅਨੇਕਾਂ ਵਰਤਾਰਿਆਂ ਦਾ ਸਬਕ ਹੈ।

ਇਕ ਹੋਰ ਮਾਮਲਾ ਜਿਸਦਾ ਹੁਣੇ-ਹੁਣੇ ਨਿਪਟਾਰਾ ਹੋਇਆ ਹੈ, ਜਿਵੇਂ ਕਿ ਆਸ ਸੀ, ਫਤਹਿਗੜ ਸਾਹਿਬ ਦੇ ਇਕਬਾਲਪ੍ਰੀਤ ਸਿੰਘ ਨਾਲ ਸਬੰਧਤ ਹੈ, ਜੋ ਆਪਣੀ ਮਾਂ ਦਾ ਇਕੋ-ਇਕ ਪੁੱਤ ਹੈ, ਅਤੇ ਜਿਸਨੂੰ ਆਪਣੀ ਮਾਂ ਦੀ ਗੋਦੀ ਵਿਚੋਂ ਧੱਕੇ ਨਾਲ ਖੋਹ ਲਿਆ ਗਿਆ ਅਤੇ ਰਾਤ ਸਮੇਂ ਉਸ ਦੇ ਘਰ ਵਿਚੋਂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਉਪਰ ਝੂਠਾ ਦੋਸ਼ ਇਹ ਲਾ ਦਿੱਤਾ ਗਿਆ ਕਿ ਉਸ ਨੇ ਸ਼ਿਵ ਸੈਨਾ ਵਰਕਰ ਉਪਰ ਗੋਲੀਆਂ ਨਾਲ ਹਮਲਾ ਕੀਤਾ। ਉਸ ਨੂੰ 15 ਦਿਨ ਦੀ ਗੈਰ-ਕਨੂੰਨੀ ਹਿਰਾਸਤ ਦੌਰਾਨ ਜਾਲਮਾਨਾਂ ਢੰਗ ਨਾਲ ਤਸੀਹੇ ਦਿੱਤੇ ਗਏ ਅਤੇ ਅਖੀਰ ਦੇਵਨੇਤ ਨਾਲ ਇਸ ਲਈ ਛੱਡ ਦਿੱਤਾ ਗਿਆ ਕਿ ਅਦਾਲਤ ਨੇ ਇਕ ਵਾਰ ਲਾਇਕ ਵਕੀਲ ਜੋ ਉਸ ਦੇ ਬਚਾਅ ਵਿਚ ਪੇਸ਼ ਹੋਇਆ, ਵਲੋਂ ਦਿੱਤੀਆਂ ਦਲੀਲਾਂ ਵੱਲ ਧਿਆਨ ਦਿੱਤਾ। ਪਰ ਅਜਿਹੀ ਰਾਹਤ ਅਨੇਕਾਂ ਬਦਕਿਸਮਤ ਨੌਜਵਾਨਾਂ ਨੂੰ ਨਹੀਂ ਮਿਲਦੀ। ਇਹ ਗੱਲ ਸੱਚ ਹੈ ਕਿ ਪੀੜਤ ਦੀ ਚੋਣ ਧਿਆਨਪੂਰਵਕ ਉਸ ਦੀ ਆਪਣਾ ਬਚਾਅ ਕਰਨ ਦੀ ਅਸਮਰੱਥਾ ਮੁਤਾਬਕ ਕੀਤੀ ਜਾਂਦੀ ਹੈ। ਇਕ ਸੰਵੇਦਨਸ਼ੀਲ ਵੀਡੀਓ ਵਿਚ ਮੈਂ ਇਕ ਮਾਂ ਦੀਆਂ ਅੱਖਾਂ ਵਿਚ ਹੰਝੂ ਇਸ ਤਰਾਂ ਕਿਰਦੇ ਦੇਖੇ ਜਿਵੇਂ ਮੁਸਲੇਧਾਰ ਮੀਂਹ ਪੈ ਰਿਹਾ ਹੋਵੇ। ਮੈਨੂੰ ਇਸ ਵਿਚ ਕੋਈ ਸ਼ੱਕ ਨਹੀਂ (ਕਿ ਇਹ ਹੰਝੂ) ਉਹ ਗਲਤ ਕੰਮ ਕਰਨ ਵਾਲਿਆਂ ਦੀ ਆਤਮਾ ਨੂੰ (ਖੋਰ) ਦੇਣਗੇ।

ਇਹ ਗੱਲ ਹੈਰਾਨੀਜਨਕ ਹੈ ਕਿ ਤਿੰਨ ਸਾਲ ਪੁਰਾਣਾ ਮੌੜ ਮੰਡੀ ਬੰਬ ਧਮਾਕਾ ਮਾਮਲਾ ਜਿਸ ਦੀ ਜਾਂਚ ਲਗਭਗ ਮੁਕੰਮਲ ਹੋ ਚੁੱਕੀ ਹੈ, ਜਾਣੇ-ਪਛਾਣੇ ਦੋਸ਼ੀਆਂ ਦੇ ਬਚਾਅ ਲਈ ਲਮਕਾਇਆ ਗਿਆ।

ਮੁੱਖ ਮੰਤਰੀ ਸਾਬ, ਪੰਜਾਬ ਨੇ ਤੁਹਾਨੂੰ ਵੋਟਾਂ ਪਾ ਕੇ ਸੱਤਾ ਇਸ ਲਈ ਦਿੱਤੀ ਹੈ ਕਿ ਤੁਸੀਂ ਪੁਲਿਸ ਵਰਦੀ ਵਿਚ ਨਾ-ਮੁੱਕਣ ਵਾਲੀ ਅੱਤ ਦੇ ਜਬਰ ਤੋਂ ਸਾਡਾ ਛੁਟਕਾਰਾ ਕਰਾਉਣ ਵਿਚ ਮਦਦ ਕਰੋਗੇ। ਇਹ ਦੁੱਖ ਦੀ ਗੱਲ ਹੈ ਕਿ ਤਿੰਨ ਸਾਲ ਜਾਂ ਇਸ ਤੋਂ ਵੱਧ ਸਮੇਂ ਦੌਰਾਨ ਪੰਜਾਬ ਨੂੰ ਇਹ ਪਤਾ ਲੱਗ ਗਿਆ ਹੈ ਕਿ ਤੁਸੀਂ ਵੱਖਰੇ ਨਹੀਂ ਹੋ ਅਤੇ ਜਦੋਂ ਸਿੱਖਾਂ ਉਪਰ ਜੁਲਮ ਦੀ ਗੱਲ ਆਉਂਦੀ ਹੈ, ਉਦੋਂ ਤੁਹਾਡੇ ਤੋਂ ਹੋਰ ਵੀ ਨਿਰਾਸ਼ਾ ਮਿਲਦੀ ਹੈ। ਅਸੀਂ ਤੁਹਾਨੂੰ ਪੰਜਾਬ ਦੇ ਬੁੱਚੜਾਂ ਬੇਅੰਤ ਸਿੰਘ ਅਤੇ ਕੇ.ਪੀ.ਐੱਸ. ਗਿੱਲ ਵੱਲ ਸਰਕਦੇ ਹੋਏ ਵੇਖ ਰਹੇ ਹਾਂ। ਦੁੱਖ ਦੀ ਗੱਲ ਇਹ ਹੈ ਕਿ ਤੁਹਾਡੀ ਪੁਲਿਸ ਅਜਿਹਾ ਉਨਾਂ ਚਿਰ ਤੱਕ ਨਹੀਂ ਕਰ ਸਕਦੀ ਜਿਨਾਂ ਚਿਰ ਤੱਕ ਤੁਸੀਂ ਨਹੀਂ ਚਾਹੁੰਦੇ ਕਿ ਉਹ ਅਜਿਹਾ ਕਰੇ। ਕਈ ਸਾਲਾਂ ਤੋਂ ਤੁਹਾਨੂੰ ਜਾਣਦਿਆਂ, ਅਸੀਂ ਇਸ ਗੱਲ ਤੋਂ ਬਹੁਤ ਨਿਰਾਸ਼ ਹਾਂ ਕਿ ਤੁਹਾਡੀ ਨਿਗਰਾਨੀ ਥਲੇ ਮਨੁੱਖਤਾ ਦਾ ਘਾਣ ਏਨੀ ਤੇਜੀ ਨਾਲ ਹੋ ਰਿਹਾ ਹੈ।

ਉਹਨਾਂ ਸਾਰੇ ਲਾਚਾਰ, ਕਮਜੋਰ ਅਤੇ ਗੁਲਾਮ ਲੋਕਾਂ ਦੀ ਤਰਾਂ, ਅਸੀਂ ਦਿਲ ਦੀਆਂ ਡੂੰਘਾਈਆਂ ਵਿਚੋਂ ਤੁਹਾਨੂੰ ਜਾਗ ਜਾਣ ਅਤੇ ਅਕਾਲ ਪੁਰਖ ਦੀ ਖਾਮੋਸ਼ ਡਾਂਗ (ਨਿਆਂ) ਵੱਜਣ ਤੋਂ ਪਹਿਲਾਂ ਸਥਿਤੀਆਂ ਦਾ ਹੱਲ ਲੱਭਣ ਦੀ ਅਪੀਲ ਕਰਦੇ ਹਾਂ। ਅਸੀਂ ਤੁਹਾਡੀ ਬਿਹਤਰੀ ਦਾ ਕਾਮਨਾ ਕਰਦੇ ਹੋਏ ਇਹ ਆਸ ਕਰਦੇ ਹਾਂ ਕਿ ਤੁਸੀਂ ਸਾਡੇ ਸਮੇਂ ਦੇ ਸ਼ਹਿਰੀਆਂ ਨੂੰ ਕਨੂੰਨ ਦੇ ਸ਼ਾਸ਼ਨ ਦੀ ਬਹਾਲੀ ਕਰਕੇ ਦਿਖਾਵੋਂਗੇ।

ਇਸ ਖੁੱਲੀ ਚਿੱਠੀ ਦੀ ਸਮਰਥਨ ਗੁਰਤੇਜ ਸਿੰਘ, ਆਈ.ਏ.ਐੱਸ ; ਸੁਖਦੇਵ ਸਿੰਘ, ਪੱਤਰਕਾਰ ; ਜਸਪਾਲ ਸਿੰਘ ਸਿੱਧੂ, ਪੱਤਰਕਾਰ ; ਗੁਰਬਚਨ ਸਿੰਘ, ਸੰਪਾਦਕ 'ਦੇਸ ਪੰਜਾਬ'; ਅਜੇਪਾਲ ਸਿੰਘ ਬਰਾੜ ; ਪ੍ਰੋ. ਮਨਜੀਤ ਸਿੰਘ, ਸਾਬਕਾ ਮੁਖੀ, ਡਾ. ਅੰਬੇਦਕਰ ਚੇਅਰ, ਪੰਜਾਬ ਯੂਨੀਵਰਸਿਟੀ, ਚੰਡੀਗੜ ; ਭਿੰਦਰ ਸਿੰਘ (ਜੀ.ਐਮ, ਇੰਡਸਰੀ); ਡਾ. ਕੁਲਦੀਪ ਸਿੰਘ, ਸਰਜਨ, ਪਟਿਆਲਾ ਅਤੇ ਰਜਿੰਦਰ ਸਿੰਘ (ਖਾਲਸਾ ਪੰਚਾਇਤ) ਵਲੋਂ ਕੀਤਾ ਜਾਂਦਾ ਹੈ।

# ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਇੰਸਾ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਸਾਜਿਸ਼ ਕਿਵੇਂ ਰਚੀ ?

**ਅੰਮ੍ਰਿਤਸਰ ਟਾਈਮਜ਼ ਬਿਊਰੋ** : ਸਿੱਖ ਜਗਤ ਦੀਆਂ ਰੂਹਾਂ ਨੂੰ ਜ਼ਖਮੀ ਕਰਨ ਵਾਲੇ ਬਰਗਾੜੀ ਬੇਅਦਬੀ ਮਾਮਲੇ ਵਿਚ ਪੰਜਾਬ ਪੁਲਸ ਦੀ ਜਾਂਚ ਟੀਮ ਨੇ ਬੁਰਜ ਜਵਾਹਰ ਸਿੰਘ ਵਾਲਾ ਪਿੰਡ ਦੇ ਗੁਰਦੁਆਰਾ ਸਾਹਿਬ ਵਿਚੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਚੋਰੀ ਕਰਨ ਦੇ ਮਾਮਲੇ 'ਚ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਇੰਸਾ ਨੂੰ ਮੁੱਖ ਸਾਜਿਸ਼ਕਰਤਾ ਵਜੋਂ ਨਾਮਜ਼ਦ ਕਰ ਲਿਆ ਹੈ। ਜਾਂਚ ਟੀਮ ਨੇ ਦਾਅਵਾ ਕੀਤਾ ਕਿ 2007 ਤੋਂ ਲੈ ਕੇ 2015 ਤੱਕ ਡੇਰਾ ਸਿਰਸਾ ਅਤੇ ਸਿੱਖਾਂ ਦਰਮਿਆਨ ਤਿੱਖਾ ਟਕਰਾਅ ਚੱਲਦਾ ਰਿਹਾ ਅਤੇ ਸਿੱਖ ਪ੍ਰਚਾਰਕ ਭਾਈ ਹਰਜਿੰਦਰ ਸਿੰਘ ਮਾਂਝੀ ਦੇ ਕਹਿਣ 'ਤੇ ਕੁਝ ਡੇਰਾ ਪ੍ਰੇਮੀਆਂ ਨੇ ਸੱਚਾ ਸੌਦਾ ਦੇ ਲੌਕੇਟ ਉਤਾਰ ਕੇ ਸੁੱਟ ਦਿੱਤੇ ਸਨ। ਇਸੇ ਗੱਲ ਤੋਂ ਤੈਸ਼ ਵਿਚ ਆਏ ਡੇਰਾ ਪ੍ਰੇਮੀਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀ ਸਾਜਿਸ਼ ਰਚੀ। ਜਾਂਚ ਟੀਮ ਅਨੁਸਾਰ ਗੁਰੂ ਗ੍ਰੰਥ ਸਾਹਿਬ ਚੋਰੀ ਅਤੇ ਇਸ ਦੀ ਬੇਅਦਬੀ ਕਰਨ ਦੀ ਸਾਜਿਸ਼ ਡੇਰਾ ਸੱਚਾ ਸੌਦਾ 'ਚ ਹੀ ਰਚੀ ਗਈ ਸੀ ਅਤੇ ਡੇਰਾ ਮੁਖੀ ਇਸ ਸਾਜਿਸ਼ 'ਚ ਪੂਰੀ ਤਰਾਂ ਸ਼ਾਮਲ ਸੀ। ਦੱਸ ਦਈਏ ਕਿ ਜੂਨ 2015 ਵਿਚ ਫ਼ਰੀਦਕੋਟ ਜ਼ਿਲੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਵਿੱਚੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕੀਤੇ ਗਏ ਸਨ ਅਤੇ ਬਾਅਦ ਵਿਚ ਇਸ ਸਰੂਪ ਦੇ ਅੰਗਾਂ ਨੂੰ ਫਾੜ ਕੇ ਬਰਗਾੜੀ ਪਿੰਡ ਦੀਆਂ ਗਲੀਆਂ ਵਿਚ ਸੁੱਟਿਆ ਗਿਆ ਸੀ। ਨਾਲ ਹੀ ਕੰਧਾਂ 'ਤੇ ਇਸ਼ਤਿਹਾਰ ਲਾ ਕੇ ਸਿੱਖਾਂ ਨੂੰ ਵੰਗਾਰਿਆ ਗਿਆ ਸੀ। ਇਸ ਬੇਹਦ ਦਰਦਨਾਕ ਘਟਨਾ ਤੋਂ ਬਾਅਦ ਪੰਜਾਬ ਭਰ ਵਿਚ ਸਿੱਖਾਂ ਨੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਰੋਸ ਮੁਜ਼ਾਹਰੇ ਕੀਤੇ ਸੀ। ਇਸ ਦੌਰਾਨ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਖੇ ਸ਼ਾਂਤਮਈ ਧਰਨਾ ਦੇ ਰਹੀਆਂ ਸਿੱਖ ਸੰਗਤਾਂ 'ਤੇ ਪੰਜਾਬ ਪੁਲਸ ਨੇ ਗੋਲੀ ਚਲਾ ਦਿੱਤੀ ਸੀ ਜਿਸ ਵਿਚ ਦੋ ਸਿੱਖ ਸ਼ਹੀਦ ਹੋ ਗਏ ਸਨ ਅਤੇ ਕਈ ਸਿੱਖ ਜ਼ਖਮੀ ਹੋਏ ਸਨ। ਇਸ ਘਟਨਾ ਨੇ ਪੰਜਾਬ ਦੀ ਰਾਜਨੀਤੀ 'ਤੇ ਵੱਡਾ ਅਸਰ ਪਾਇਆ ਅਤੇ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ 2017 ਦੀਆਂ ਚੋਣਾਂ ਵਿਚ ਬੇਹੱਦ ਬੁਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਇਹਨਾਂ ਘਟਨਾਵਾਂ ਦਾ ਇਨਸਾਫ ਦੇਣ ਦਾ ਵਾਅਦਾ ਕਰਕੇ ਸੱਤਾ ਹਾਸਲ ਕੀਤੀ ਸੀ। ਪਰ 2018 ਵਿਚ ਭਾਰਤ ਦੀ ਜਾਂਚ ਅਜੈਂਸੀ ਸੀਬੀਆਈ ਨੇ ਇਹਨਾਂ ਮਾਮਲਿਆਂ ਵਿਚ ਨਾਮਜ਼ਦ ਕੀਤੇ ਗਏ ਡੇਰਾ ਸਿਰਸਾ ਪ੍ਰੇਮੀਆਂ ਨੂੰ ਬਰੀ ਕਰਨ ਦੀ ਸਿਫਾਰਸ਼ ਕਰ ਦਿੱਤੀ ਸੀ। ਇਸ ਤੋਂ ਬਾਅਦ ਸਿੱਖ ਸੰਗਤਾਂ ਫੈਲੇ ਰੋਹ ਦੇ ਚਲਦਿਆਂ ਪੰਜਾਬ ਸਰਕਾਰ ਨੇ ਮਾਮਲਿਆਂ ਦੀ ਜਾਂਚ ਸੀਬੀਆਈ ਤੋਂ ਵਾਪਸ ਲੈਣ ਦਾ ਐਲ਼ਾਨ ਕੀਤਾ ਸੀ। ਹਲਾਂਕਿ ਇਹਨਾਂ ਮਾਮਲਿਆਂ ਦੀ ਜਾਂਚ ਅਜੇ ਵੀ ਸੀਬੀਆਈ ਦੇ ਕੋਲ ਹੈ ਪਰ ਨਾਲ ਹੀ ਪੰਜਾਬ ਪੁਲਸ ਦੀ ਜਾਂਚ ਟੀਮ ਵੀ ਆਪਣੀ ਜਾਂਚ ਕਰ ਰਹੀ ਹੈ।

ਡੇਰਾ ਸਿਰਸਾ ਮੁਖੀ ਪਹਿਲਾਂ ਵੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦਾ ਸਵਾਂਗ ਰਚਣ ਦਾ ਦੋਸ਼ੀ ਹੈ ਅਤੇ ਲਗਾਤਾਰ ਸਿੱਖਾਂ ਨਾਲ ਟਕਰਾਅ ਵਿਚ ਰਿਹਾ ਹੈ। ਪਰ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦੇ ਆਗੂ ਅਤੇ ਹਰਿਆਣਾ ਦੇ ਆਗੂ ਇਸ ਡੇਰਾ ਮੁਖੀ ਨੂੰ ਸਿੱਖਾਂ ਖਿਲਾਫ ਹੱਲਾਸ਼ੇਰੀ ਦਿੰਦੇ ਰਹੇ। ਇਸ ਡੇਰਾ ਮੁਖੀ ਦੇ ਕੁਕਰਮਾਂ ਦਾ ਭਾਂਡਾ ਅਖੀਰ ਉਦੋਂ ਫੁਟਿਆ ਜਦੋਂ ਇਸਨੂੰ ਆਪਣੇ ਡੇਰੇ ਵਿਚ ਰਹਿੰਦੀਆਂ ਕੁੜੀਆਂ ਨਾਲ ਬਲਾਤਕਾਰ ਕਰਨ ਦੇ ਮਾਮਲੇ ਵਿਚ 20 ਸਾਲਾਂ ਦੀ ਦੋਹਰੀ ਸਜ਼ਾ ਦਿੱਤੀ ਗਈ। ਇਸ ਤੋਂ ਬਾਅਦ ਇਸ 'ਤੇ ਪੱਤਰਕਾਰ ਨੂੰ ਕਤਲ ਕਰਨ ਦੇ ਦੋਸ਼ ਵੀ ਸਾਬਤ ਹੋਏ।

ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ ਨੇ ਚਾਰ ਦਿਨ ਪਹਿਲਾਂ ਪੰਜ ਡੇਰਾ ਪ੍ਰੇਮੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਨਾਂ ਤੋਂ ਪੁੱਛਗਿੱਛ ਪੜਤਾਲ ਦੌਰਾਨ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੀ ਸਾਜਿਸ਼ ਸਾਹਮਣੇ ਆਈ ਹੈ। ਜਾਂਚ ਟੀਮ ਨੇ ਮੁੱਢਲੀ ਪੜਤਾਲ ਮੁਕੰਮਲ ਹੋਣ ਮਗਰੋਂ ਅੱਜ ਅਦਾਲਤ ਸਾਹਮਣੇ ਚਲਾਨ ਵੀ ਪੇਸ਼ ਕਰ ਦਿੱਤਾ, ਜਿਸ 'ਚ ਡੇਰੇ ਦੀ ਕੌਮੀ ਕਮੇਟੀ ਦੇ ਮੈਂਬਰ ਹਰਸ਼ ਪੁਰੀ, ਪ੍ਰਦੀਪ ਕਲੇਰ ਅਤੇ ਸੰਦੀਪ ਬਰੇਟਾ ਦੇ ਨਾਂਅ ਵੀ ਸ਼ਾਮਲ ਹਨ।

ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਨੇ ਕਿਹਾ ਕਿ ਜੇਕਰ ਡੇਰਾ ਸੱਚਾ ਸੌਦਾ ਦੇ ਕੌਮੀ ਕਮੇਟੀ ਮੈਂਬਰ ਗ੍ਰਿਫ਼ਤਾਰ ਹੋ ਜਾਂਦੇ ਹਨ ਤਾਂ ਹੋਰ ਮੁਲਜ਼ਮਾਂ ਦੀ ਸ਼ਨਾਖਤ ਵੀ ਹੋ ਸਕਦੀ ਹੈ। ਪੜਤਾਲ ਦੌਰਾਨ ਉਨਾਂ ਨੂੰ ਅਹਿਮ ਸਬੂਤ, ਗਵਾਹ ਅਤੇ ਦਸਤਾਵੇਜ਼ ਮਿਲੇ ਹਨ, ਜੋ ਉਨਾਂ ਨੇ ਚਲਾਨ ਦੇ ਨਾਲ ਡਿਊਟੀ ਜੱਜ ਚੇਤਨ ਸ਼ਰਮਾ ਦੀ ਅਦਾਲਤ ਵਿੱਚ ਪੇਸ਼ ਕਰ ਦਿੱਤੇ ਹਨ।

ਦੱਸਣਯੋਗ ਹੈ ਕਿ ਬਾਜਾਖਾਨਾ ਪੁਲੀਸ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋਣ ਸਬੰਧੀ 2 ਜੂਨ 20 15 ਨੂੰ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਧਾਰਾ 295-ਏ, 380, 120-ਬੀ, 201 ਤਹਿਤ ਦਰਜ ਕੇਸ 'ਚ ਧਾਰਾ 414 ਅਤੇ 451 ਤਹਿਤ ਦੋਸ਼ਾਂ ਦਾ ਵਾਧਾ ਕੀਤਾ ਹੈ। ਜਾਂਚ ਟੀਮ ਨੇ ਕੌਮੀ ਕਮੇਟੀ ਮੈਂਬਰ ਹਰਸ਼ ਪੁਰੀ, ਪ੍ਰਦੀਪ ਕਲੇਰ ਅਤੇ ਸੰਦੀਪ ਬਰੇਟਾ ਨੂੰ ਗ੍ਰਿਫ਼ਤਾਰ ਕਰਨ ਲਈ ਅਦਾਲਤ ਤੋਂ ਗ੍ਰਿਫ਼ਤਾਰੀ ਵਾਰੰਟਾਂ ਦੀ ਮੰਗ ਕੀਤੀ ਹੈ। ਅਦਾਲਤ ਵਾਰੰਟ ਜਾਰੀ ਕਰਨ ਬਾਰੇ 8 ਜੁਲਾਈ ਨੂੰ ਸੁਣਵਾਈ ਕਰੇਗੀ।

**ਪੰਜ ਡੇਰਾ ਪ੍ਰੇਮੀਆਂ ਦਾ 20 ਤੱਕ ਜੁਡੀਸ਼ਲ ਰਿਮਾਂਡ**

ਗੁਰੂ ਗ੍ਰੰਥ ਸਾਹਿਬ ਦਾ ਸਰੂਪ ਦੀ ਬੇਅਦਬੀ ਦੇ ਦੋਸ਼ਾਂ 'ਚ ਗ੍ਰਿਫ਼ਤਾਰ ਕੀਤੇ ਗਏ ਪੰਜ ਡੇਰਾ ਪ੍ਰੇਮੀਆਂ ਨੂੰ ਅੱਜ ਇੱਥੇ ਡਿਊਟੀ ਮੈਜਿਸਟਰੇਟ ਚੇਤਨ ਸ਼ਰਮਾ ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਜ਼ਿਲਾ ਅਟਾਰਨੀ ਰਜਨੀਸ਼ ਕੁਮਾਰ ਗੋਇਲ ਨੇ ਅਦਾਲਤ ਨੂੰ ਦੱਸਿਆ ਕਿ ਮੁਲਜ਼ਮਾਂ ਦੇ ਹੋਰ ਪੁਲੀਸ ਰਿਮਾਂਡ ਦੀ ਲੋੜ ਨਹੀਂ ਹੈ। ਜਿਸ 'ਤੇ ਅਦਾਲਤ ਨੇ ਪੰਜੇ ਮੁਲਜ਼ਮਾਂ ਰਣਦੀਪ ਸਿੰਘ ਉਰਫ਼ ਨੀਲਾ, ਰਣਜੀਤ ਸਿੰਘ ਉਰਫ਼ ਭੋਲਾ, ਬਲਜੀਤ ਸਿੰਘ, ਨਰਿੰਦਰ ਸ਼ਰਮਾ ਤੇ ਨਿਸ਼ਾਨ ਸਿੰਘ ਨੂੰ 20 ਜੁਲਾਈ ਤੱਕ ਅਦਾਲਤੀ ਹਿਰਾਸਤ ਤਹਿਤ ਜੇਲ ਭੇਜ ਦਿੱਤਾ। ਇਸੇ ਦੌਰਾਨ ਅੱਜ ਡੇਰਾ ਪ੍ਰੇਮੀਆਂ ਦੀ ਅਦਾਲਤ 'ਚ ਪੇਸ਼ੀ ਮੌਕੇ ਸਿੱਖ ਜਥੇਬੰਦੀਆਂ ਦੇ ਕੁਝ ਆਗੂਆਂ ਨੇ ਅਦਾਲਤ ਦੇ ਬਾਹਰ ਡੇਰਾ ਪ੍ਰੇਮੀਆਂ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਜ਼ਿਲਾ ਪੁਲੀਸ ਵੱਲੋਂ ਸਿੱਖ ਜਥੇਬੰਦੀਆਂ ਦੇ ਆਗੂਆਂ ਨੂੰ ਅਦਾਲਤੀ ਕੰਪਲੈਕਸ ਦੇ ਅੰਦਰ ਨਹੀਂ ਜਾਣ ਦਿੱਤਾ ਗਿਆ।

# ਮਾਮਲਾ ਸਿੱਖ ਨੌਜਵਾਨਾਂ ਦੀ ਗ੍ਰਿਫਤਾਰੀ ਦਾ: ਪੰਜਾਬ ਡੀਜੀਪੀ ਦੇ ਝੂਠ ਦਾ ਸਰਪੰਚ ਨੇ ਪਰਦਾਫਾਸ਼ ਕੀਤਾ

**ਅੰਮ੍ਰਿਤਸਰ ਟਾਈਮਜ਼ ਬਿਊਰੋ** : ਪੰਜਾਬ ਪੁਲਸ ਵੱਲੋਂ ਬੀਤੇ ਦਿਨੀਂ ਖਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਸਬੰਧ ਦਸਦਿਆਂ ਗ੍ਰਿਫਤਾਰ ਕੀਤੇ ਗਏ ਤਿੰਨ ਸਿੱਖਾਂ ਦੇ ਮਾਮਲੇ 'ਚ ਪੁਲਸ ਦੇ ਦਾਅਵਿਆਂ 'ਤੇ ਵੱਡਾ ਸਵਾਲੀਆ ਚਿੰਨ ਲੱਗਿਆ ਹੈ। ਗ੍ਰਿਫਤਾਰ ਸਿੱਖਾਂ ਵਿਚੋਂ ਇਕ ਸੁਖਚੈਨ ਸਿੰਘ ਪਟਿਆਲਾ ਜ਼ਿਲੇ ਦੇ ਪਿੰਡ ਸਿਹਰਾ ਨਾਲ ਸਬੰਧਿਤ ਹੈ। ਪੁਲਸ ਨੇ ਦਾਅਵਾ ਕੀਤਾ ਸੀ ਕਿ ਉਹਨਾਂ ਸੁਖਚੈਨ ਸਿੰਘ ਨੂੰ ਕੌਲੀ ਪਿੰਡ ਤੋਂ .32 ਬੋਰ ਦੇ ਪਿਸਤੌਲ ਅਤੇ ਸੱਤ ਕਾਰਤੂਸਾਂ ਨਾਲ ਗ੍ਰਿਫਤਾਰ ਕੀਤਾ ਸੀ, ਜਦਕਿ ਪਿੰਡ ਦੇ ਸਰਪੰਚ ਦਾ ਕਹਿਣਾ ਹੈ ਕਿ ਪਿੰਡ ਦੀ ਪੰਚਾਇਤ ਦੀ ਮੌਜੂਦਗੀ ਵਿਚ ਪੁਲਸ ਸੁਖਚੈਨ ਸਿੰਘ ਨੂੰ ਉਸਦੇ ਘਰ ਤੋਂ ਲੈ ਕੇ ਗਈ।

ਅੰਮ੍ਰਿਤਸਰ ਟਾਈਮਜ਼ ਨਾਲ ਗੱਲ ਕਰਦਿਆਂ ਪਿੰਡ ਸਿਹਰਾ ਦੇ ਸਰਪੰਚ ਹਾਕਮ ਸਿੰਘ ਨੇ ਕਿਹਾ ਕਿ ਜਦੋਂ ਪੁਲਸ ਸੁਖਚੈਨ ਸਿੰਘ ਦੇ ਘਰ ਆਈ ਤਾਂ ਬਤੌਰ ਸਰਪੰਚ ਉਹ ਉਹਨਾਂ ਦੇ ਘਰ ਗਏ ਅਤੇ ਪੰਚਾਇਤ ਦੀ ਮੌਜੂਦਗੀ ਵਿਚ ਸੁਖਚੈਨ ਸਿੰਘ ਨੂੰ ਪੁਲਸ ਘਰ ਤੋਂ ਲੈ ਕੇ ਗਈ। ਉਹਨਾਂ ਦੱਸਿਆ ਕਿ ਉਸ ਸਮੇਂ ਕਿਸੇ ਵੀ ਤਰਾਂ ਦਾ ਕੋਈ ਹਥਿਆਰ ਬਰਾਮਦ ਨਹੀਂ ਕੀਤਾ ਗਿਆ ਸੀ। ਸਰਪੰਚ ਨੇ ਕਿਹਾ ਕਿ ਸੁਖਚੈਨ ਸਿੰਘ ਇਕ ਚੰਗਾ ਮੁੰਡਾ ਹੈ ਅਤੇ ਉਸਦਾ ਕਦੇ ਕਿਸੇ ਨਾਲ ਕੋਈ ਲੜਾਈ ਝਗੜਾ ਨਹੀਂ ਸੀ।

26 ਸਾਲਾ ਸੁਖਚੈਨ ਸਿੰਘ ਦਲਿਤ ਪਰਿਵਾਰ ਨਾਲ ਸਬੰਧਿਤ ਹੈ। ਸੁਖਚੈਨ ਸਿੰਘ ਦੇ ਪਰਿਵਾਰ ਨੇ ਉਸਦੀ ਗ੍ਰਿਫਤਾਰੀ ਦੀ ਨਿਰਪੱਖ ਜਾਂਚ ਕਰਾਉਣ ਦੀ ਮੰਗ ਕਰਦਿਆਂ ਕਿਹਾ ਕਿ ਉਸਨੂੰ ਝੂਠੇ ਕੇਸ ਵਿਚ ਫਸਾਇਆ ਗਿਆ ਅਤੇ ਕੇਸ ਪਾਉਣ ਤੋਂ ਪਹਿਲਾਂ ਦੋ ਦਿਨ ਉਸਨੂੰ ਗੈਰਕਾਨੂੰਨੀ ਹਿਰਾਸਤ ਵਿਚ ਰੱਖਿਆ ਗਿਆ।

ਪਰਿਵਾਰ ਨੇ ਦੱਸਿਆ ਕਿ ਪੁਲਸ ਨੇ ਸੁਖਚੈਨ ਸਿੰਘ ਨੂੰ 26 ਜੂਨ ਨੂੰ ਸਰਪੰਚ ਦੀ ਮੌਜੂਦਗੀ ਵਿਚ ਉਸਦੇ ਘਰ ਤੋਂ ਗ੍ਰਿਫਤਾਰ ਕੀਤਾ। ਪਰ ਪੁਲਸ ਨੇ ਸੁਖਚੈਨ ਦੀ ਗ੍ਰਿਫਤਾਰ ਪਿੰਡ ਦੇ ਬਸ ਅੱਡੇ ਤੋਂ ਹੋਈ ਦਿਖਾਈ ਹੈ। ਪਰਿਵਾਰ ਦਾ ਕਹਿਣਾ ਹੈ ਕਿ ਜਦੋਂ ਪੁਲਸ ਸੁਖਚੈਨ ਨੂੰ ਘਰੋਂ ਲੈ ਕੇ ਗਈ ਉਸ ਸਮੇਂ ਕੋਈ ਹਥਿਆਰ ਨਹੀਂ ਸੀ ਪਰ ਪੁਲਸ ਨੇ ਬਾਅਦ ਵਿਚ ਆਪਣੇ ਕੋਲੋਂ ਹੀ ਸੁਖਚੈਨ 'ਤੇ ਪਿਸਤੌਲ ਅਤੇ ਕਾਰਤੂਸ ਪਾ ਦਿੱਤੇ।

ਸੁਖਚੈਨ ਦੇ ਵੱਡੇ ਭਰਾ ਬੁੱਧ ਰਾਜ ਨੇ ਮੀਡੀਆ ਨੂੰ ਦੱਸਿਆ ਕਿ ਸੁਖਚੈਨ ਕਦੇ ਵੀ ਭਾਰਤ ਤੋਂ ਬਾਹਰ ਨਹੀਂ ਗਿਆ। ਉਹ ਸਿਰਫ ਇਸ ਸਾਲ ਦਰਬਾਰ ਸਾਹਿਬ ਗਿਆ ਸੀ। ਉਸਨੇ ਦੋ ਮਹੀਨੇ ਪਹਿਲਾਂ ਹੀ ਪਾਸਪੋਰਟ ਬਣਵਾਇਆ ਸੀ ਕਿਉਂਕਿ ਉਹ ਦੁਬਈ ਜਾਣਾ ਚਾਹੁੰਦਾ ਸੀ। ਸੁਖਚੈਨ ਦਾ ਭਰਾ ਵੀ ਪਹਿਲਾਂ ਦੁਬਈ ਕੰਮ ਕਰਕੇ ਆਇਆ ਹੈ। ਸੁਖਚੈਨ ਸਿੰਘ ਦੇ ਭਰਾ ਦਾ ਕਹਿਣਾ ਹੈ ਕਿ ਉਹਨਾਂ ਨੂੰ ਡਰ ਹੈ ਕਿ ਪੁਲਸ ਪਰਿਵਾਰ ਦੇ ਬਾਕੀ ਜੀਆਂ ਨੂੰ ਵੀ ਝੂਠੇ ਕੇਸਾਂ ਵਿਚ ਫਸਾ ਸਕਦੀ ਹੈ ਅਤੇ ਤਸ਼ੱਦਦ ਕਰ ਸਕਦੀ ਹੈ।

ਦੱਸ ਦਈਏ ਕਿ ਪੰਝਾਬ ਦੇ ਡੀਜੀਪੀ ਨੇ ਇਹਨਾਂ ਗ੍ਰਿਫਤਾਰੀਆਂ ਬਾਰੇ ਜਾਰੀ ਬਿਆਨ ਵਿਚ ਕਿਹਾ ਸੀ ਕਿ ਇਹ ਲੋਕ ਸਮਾਜਿਕ ਤੇ ਧਾਰਮਿਕ ਆਗੂਆਂ ਨੂੰ ਨਿਸ਼ਾਨਾ ਬਣਾਉਣ ਅਤੇ ਸੂਬੇ ਦੀ ਫ਼ਿਰਕੂ ਸਦਭਾਵਨਾ ਨੂੰ ਭੰਗ ਕਰਨ ਦੀ ਯੋਜਨਾ ਬਣਾ ਰਹੇ ਸੀ

ਅੰਮ੍ਰਿਤਸਰ ਟਾਈਮਜ਼
AMRITSAR TIMES

08 ਜੁਲਾਈ 2020 ਤੋਂ 14 ਜੁਲਾਈ 2020

## ਕਰੋਨਾ ਮਹਾਂਮਾਰੀ: ਅਸਲ ਵਿਚਾਰ ਚਰਚਾ ਕੀ ਹੋਣੀ ਚਾਹੀਦੀ ਹੈ ?

ਅਕਸਰ ਜਦੋਂ ਮਨੁੱਖ ਦਾ ਕੋਈ ਬਹੁਤ ਨਜ਼ਦੀਕੀ ਇਸ ਦੁਨੀਆਂ ਤੋਂ ਜਾਂਦਾ ਹੈ ਉਦੋਂ ਹੀ ਉਹ ਮੌਤ ਨੂੰ ਨੇੜਿਓਂ ਵੇਖਦਾ ਹੈ ਪਰ ਕਰੋਨਾ ਮਹਾਂਮਾਰੀ ਕਰ ਕੇ ਪਿਛਲੇ ਕੁਝ ਮਹੀਨਿਆਂ ਤੋਂ ਸੰਸਾਰ ਦਾ ਵੱਡਾ ਹਿੱਸਾ ਇਕੋ ਵੇਲੇ ਮੌਤ ਦਾ ਸਾਹਮਣਾ ਕਰ ਰਿਹਾ ਹੈ, ਇਕੋ ਵੇਲੇ ਮੌਤ ਨੂੰ ਠੀਕ ਉਸੇ ਤਰਾਂ ਮਹਿਸੂਸ ਕਰ ਰਿਹਾ ਹੈ ਜਿਵੇਂ ਉਹ ਪਹਿਲਾਂ ਆਪਣੇ ਕਿਸੇ ਬਹੁਤ ਨਜਦੀਕੀ ਦੇ ਤੁਰ ਜਾਣ ਤੇ ਕਰਦਾ ਸੀ। ਅਜਿਹਾ ਕਦੀ ਵੀ ਵਾਰ ਵਾਰ ਨੀ ਵਾਪਰਦਾ ਹੁੰਦਾ ਅਤੇ ਜਿਹੜੀ ਗੱਲ ਵਾਰ ਵਾਰ ਨਾ ਵਾਪਰੇ ਓਹਨੂੰ ਸਮਝਣਾ ਵੀ ਆਪਣੇ ਆਪ ਵਿੱਚ ਇਕ ਵੱਡਾ ਕਾਰਜ ਬਣ ਜਾਂਦਾ ਹੈ। ਸਮਝਣ ਵਿੱਚ ਵੀ ਭੇਦ ਹੈ, ਸਮਝਣਾ ਸਿਰਫ ਜਰੀਏ ਨੂੰ ਨਹੀਂ ਹੁੰਦਾ ਓਹਦੇ ਕਾਰਨਾਂ ਜਾ ਸੁਨੇਹਿਆਂ ਨੂੰ ਵੀ ਸਮਝਣਾ ਉਹਨਾਂ ਹੀ ਅਹਿਮ ਹੁੰਦਾ ਹੈ। ਕਰੋਨਾ ਕੀ ਹੈ ? ਇਹਦਾ ਇਲਾਜ ਕੀ ਹੈ ? ਇਸ ਤਰਾਂ ਦੇ ਸਵਾਲਾਂ ਦੇ ਹੱਲ ਲੱਭਣੇ ਬਿਨਾ ਸ਼ੱਕ ਜਰੂਰੀ ਹੋ ਸਕਦੇ ਹਨ ਪਰ ਇਹ ਸਦੀਵੀ ਹੱਲ ਨਹੀਂ, ਇਹ ਵਕਤੀ ਹੱਲ ਹੈ। ਵਕਤੀ ਤੋਂ ਭਾਵ ਇਹ ਇਸ ਪੂਰੇ ਮਸਲੇ ਦਾ ਹੱਲ ਨਹੀਂ ਸਿਰਫ ਕਰੋਨਾ ਦਾ ਹੱਲ ਹੈ। ਕਰੋਨਾ ਇਕ ਜਰੀਆ ਹੈ ਜੋ ਆਪਣੇ ਨਾਲ ਕੋਈ ਅਹਿਮ ਸੁਨੇਹਾ ਲੈ ਕੇ ਆਇਆ ਹੈ। ਜੇਕਰ ਮਸਲਾ ਕਰੋਨਾ ਨਹੀਂ ਫਿਰ ਮਸਲਾ ਕੀ ਹੈ ? ਉਹ ਸਮਝਣ ਲਈ ਸਾਨੂੰ ਕਰੋਨਾ ਬਹਾਨੇ ਮਿਲੇ ਸੁਨੇਹਿਆਂ ਨੂੰ ਸਮਝਣਾ ਪਵੇਗਾ। ਕਰੋਨਾ ਅੱਜ ਹੈ ਕੱਲ ਇਸ ਦੀ ਥਾਂ ਕੁਝ ਹੋਰ ਹੋ ਸਕਦੈ, ਜੋ ਕਰੋਨਾ ਨੂੰ ਖਤਮ ਕਰਨ ਦਾ ਹੱਲ ਹੋਵੇ ਜਰੂਰੀ ਨਹੀਂ ਕਿ ਓਹ ਕਰੋਨਾ ਵਰਗੀਆਂ ਹੋਰ ਮਹਾਂਮਾਰੀਆਂ ਨੂੰ ਵੀ ਰੋਕ ਸਕੇ। ਵਕਤੀ ਹੱਲ ਵੀ ਕਰਨੇ ਚਾਹੀਦੇ ਹਨ ਪਰ ਉਸ ਤੋਂ ਅਗਾਂਹ ਵੀ ਤੁਰਨਾ ਚਾਹੀਦਾ ਹੈ, ਕਈ ਵਾਰ ਅਸਲ ਇਲਾਜ ਕਿਸੇ ਸੁਨੇਹੇ ਵਿੱਚ ਪਿਆ ਹੁੰਦਾ ਹੈ।

ਕਰੋਨਾ ਦੀ ਦਸਤਕ ਤੋਂ ਪਹਿਲਾਂ ਸਭ ਕੁਝ ਬਹੁਤ ਰਫਤਾਰ ਨਾਲ ਚੱਲ ਰਿਹਾ ਸੀ। ਵਿਹਲੇ ਤੋਂ ਵਿਹਲੇ ਬੰਦੇ ਕੋਲ ਵੀ ਵਕਤ ਨਹੀਂ ਸੀ ਹੁੰਦਾ। ਰਫਤਾਰ ਵੀ ਐਨੀ ਸੀ ਕਿ ਦਿਨ ਪਰ ਦਿਨ ਬੰਦਾ ਆਪਣੇ ਆਪ ਤੋਂ ਅਣਜਾਣ ਹੋ ਰਿਹਾ ਸੀ, ਰਿਸ਼ਤੇ ਨਾਤਿਆਂ ਦੀਆਂ ਕਦਰਾਂ ਕੀਮਤਾਂ ਆਏ ਦਿਨ ਨਵੀਂ ਪਰਿਭਾਸ਼ਾ ਚ ਬੰਨੀਆਂ ਜਾ ਰਹੀਆਂ ਸਨ, ਪਦਾਰਥ ਦੀ ਖਿੱਚ ਬੰਦੇ ਵਿੱਚੋਂ ਬੰਦੇ ਨੂੰ ਮਨਫ਼ੀ ਕਰ ਰਹੀ ਸੀ, ਕਈ ਕਈ ਸਾਲਾਂ/ਪੀੜੀਆਂ ਲਈ ਪਦਾਰਥ ਇਕੱਤਰ ਹੋ ਰਿਹਾ ਸੀ, ਮਨੁੱਖੀ ਜੀਵਨ ਦੇ ਅਸਲ ਅਰਥ ਆਪਣੀ ਹੋਂਦ ਗੁਆ ਰਹੇ ਸਨ, ਪਦਾਰਥਵਾਦੀ ਮਨੁੱਖ ਦੀ ਇਹ ਰਫਤਾਰ ਕੁਦਰਤੀ ਸਰੋਤਾਂ ਅਤੇ ਹੋਰਨਾਂ ਜੀਵ-ਜੰਤੂਆਂ ਦਾ ਗਲਾ ਘੁੱਟ ਰਹੀ ਸੀ ਜਿਸ ਬਾਰੇ ਖਿਆਲ ਕਰਨ ਦਾ ਵੀ ਵਕਤ ਨਹੀਂ ਸੀ ਮਨੁੱਖ ਕੋਲ। ਸਹਿਜ ਨਹੀਂ ਸੀ, ਵਿਹਲ ਨਹੀਂ ਸੀ, ਪਾਣੀ-ਹਵਾ ਗੰਧਲੀ ਕਰ ਰਿਹਾ ਸੀ, ਤਕਨੌਲਜੀ ਦੇ ਭਾਰ ਹੇਠ ਪੰਛੀਆਂ ਦੀਆਂ ਨਸਲਾਂ ਖਤਮ ਹੋ ਰਹੀਆਂ ਸਨ, ਰਹਿਣ ਸਹਿਣ ਗੈਰ ਕੁਦਰਤੀ ਹੋ ਰਿਹਾ ਸੀ ਅਤੇ ਲਗਾਤਾਰ ਇਹ ਰਫਤਾਰ ਵੱਧ ਰਹੀ ਸੀ। ਅਸੀਂ ਆਪਣੇ ਖਾਤਮੇ ਵੱਲ ਵਧ ਰਹੇ ਸੀ ਅਤੇ ਤੇਜ਼ ਰਫਤਾਰ ਵਿੱਚ ਸਾਨੂੰ ਇਲਮ ਨਹੀਂ ਸੀ ਕਿ ਅਸੀਂ ਕੁਦਰਤ ਨਾਲ ਕਿਵੇਂ ਮੱਥਾ ਲਾਇਆ ਹੋਇਆ ਹੈ।

ਫਿਰ ਇਕ ਬਿਧੁ ਬਣੀ, ਗੁਰੂ ਪਾਤਸ਼ਾਹ ਨੇ ਸਾਨੂੰ ਠਹਿਰਾਓ ਬਖਸ਼ਿਆ। ਇਕਦਮ ਸਭ ਕੁਝ ਰੁਕ ਗਿਆ, ਜਿਹਦੇ ਕੋਲ ਇਕ ਪਲ ਦੀ ਫੁਰਸਤ ਨਹੀਂ ਸੀ ਉਹ ਆਪਣੇ ਪਰਿਵਾਰ ਨਾਲ ਸਮਾਂ ਬਿਤਾਉਣ ਲੱਗਾ, ਪੰਛੀਆਂ ਨੇ ਸਾਫ ਹਵਾ ਚ ਸਾਹ ਲਿਆ, ਬਿਰਖਾਂ ਦੇ ਪੱਤੇ ਗੂੜੇ ਹੋਏ ਅਤੇ ਨਾਲ ਹੀ ਉਮਰਾਂ ਦੇ ਹਿਸਾਬ ਕਿਤਾਬ ਧਰੇ ਦੇ ਧਰੇ ਰਹਿ ਗਏ, ਮੌਤ ਦੇ ਡਰ ਨੇ ਸਭ ਕੁਝ ਰੋਕ ਦਿੱਤਾ। ਜਿਹੜਾ ਕਦੀ ਲੱਗਦਾ ਸੀ ਕਿ ਸੰਭਵ ਨਹੀਂ ਹੈ ਉਹ ਸਭ ਪਰਤੱਖ ਹੋ ਗਿਆ। ਗੁਰੂ ਪਾਤਸ਼ਾਹ ਨੇ ਵਕਤ ਬਖਸ਼ਿਆ ਗੈਰ ਕੁਦਰਤੀ ਜੀਵਨ ਨੂੰ ਬਦਲਣ ਲਈ ਸੋਚਣ ਦਾ, ਵਿਚਾਰਨ ਦਾ ਅਤੇ ਅਮਲ ਕਰਨ ਦਾ। ਪਦਾਰਥ ਨੂੰ ਕਿਵੇਂ ਅਤੇ ਕਿੰਨਾ ਵਰਤਣਾ ਚਾਹੀਦਾ ਇਸ ਗੱਲ ਦੀ ਸਮਝ ਸਾਨੂੰ ਪਿਛਲੇ ਕੁਝ ਮਹੀਨਿਆਂ ਵਿੱਚ ਆ ਹੀ ਗਈ ਹੋਵੇਗੀ, ਇਹ ਵੀ ਪਤਾ ਚੱਲ ਗਿਆ ਹੋਣਾ ਕਿ ਜੋ ਸਭ ਕੁਝ ਚੱਲ ਰਿਹਾ ਹੈ ਇਹ ਕਦੋਂ ਵੀ ਰੁੱਕ ਸਕਦੈ, ਇਹ ਕੁਝ ਵੀ ਸਦੀਵੀ ਨਹੀਂ। ਜੋ ਸਦੀਵੀ ਹੈ ਓਧਰ ਧਿਆਨ ਕੇਂਦਰਿਤ ਕਰੀਏ ਅਤੇ ਮਨੁੱਖੀ ਜੀਵਨ ਦੇ ਅਸਲ ਅਰਥਾਂ ਵਿੱਚ ਆਪਣੇ ਆਪ ਨੂੰ ਵੇਖੀਏ। ਸੰਭਵ ਸਭ ਕੁਝ ਹੈ, ਆਪਾਂ ਅੱਖੀਂ ਵੇਖ ਲਿਆ ਹੈ ਹੱਡੀਂ ਹੰਢਾ ਲਿਆ ਹੈ ਜਾ ਹੰਢਾ ਰਹੇ ਹਾਂ। ਹੁਣ ਅਸੀਂ ਭਵਿੱਖ ਨੂੰ ਇਥੋਂ ਖਲੋ ਕੇ ਵੇਖੀਏ ਨਾ ਕਿ ਪਿਛਲੀ ਰਫਤਾਰ ਚੋਂ। ਪਿਛਲੀ ਰਫਤਾਰ ਚੋਂ ਵੇਖਾਂਗੇ ਤਾਂ ਉਹ ਸਭ ਭਰਮ ਭੁਲੇਖੇ ਵੀ ਨਾਲ ਆਉਣਗੇ ਜੋ ਇਕੋ ਪਲ ਸਵਾਹ ਬਣਨ ਦੀ ਹੈਸੀਅਤ ਰੱਖਦੇ ਹਨ, ਇਥੋਂ ਖਲੋ ਕੇ ਵੇਖਾਂਗੇ ਤਾਂ ਬਹੁਤ ਕੁਝ ਹੈ ਜੋ ਇਕ ਸਕੂਨ ਦੀ ਤਰਾਂ ਸਾਡੀ ਬਾਂਹ ਫੜਨ ਨੂੰ ਤਿਆਰ ਹੈ।

ਨਾਲ ਹੀ ਹੁਣ ਜਿੱਥੇ ਅਸੀਂ ਸਾਰਾ ਧਿਆਨ ਕਰੋਨਾ ਦੇ ਇਲਾਜ ਲਈ ਹੱਲ ਲੱਭਣ ਉੱਤੇ ਲਾ ਰਹੇ ਹਾਂ ਉਥੇ ਹੀ ਕਰੋਨਾ ਬਹਾਨੇ ਮਿਲੇ ਇਸ ਸੁਨੇਹੇ ਉੱਤੇ ਵੀ ਸੰਵਾਦ ਦੀ ਸਮਾਜ ਵਿੱਚ ਬੜੀ ਵੱਡੀ ਲੋੜ ਹੈ ਕਿ ਆਉਣ ਵਾਲਾ ਜੀਵਨ ਕਿਵੇਂ ਬਿਤਾਉਣਾ ਹੈ, ਕੁਦਰਤੀ ਜਾਂ ਗੈਰ ਕੁਦਰਤੀ। ਇਸ ਪੱਖ ਉੱਤੇ ਸੋਚਣ ਵਿਚਾਰਨ ਦਾ ਹੁਣ ਢੁੱਕਵਾਂ ਸਮਾਂ ਹੈ, ਇੱਥੋਂ ਕੁਝ ਸਬਕ ਨਾ ਲੈ ਸਕੇ ਤਾਂ ਭਵਿੱਖ ਵਿੱਚ ਇਹ ਇਤਿਹਾਸ ਸਾਨੂੰ ਕੀ ਥਾਂ ਦਵੇਗਾ ਇਹਦਾ ਕਿਆਸ ਲਾਉਣਾ ਬਹੁਤਾ ਔਖਾ ਨਹੀਂ ਹੈ। ਆਉ ਅਕਾਲ ਪੁਰਖ ਦੇ ਇਸ ਇਸ਼ਾਰੇ ਨੂੰ ਸਮਝੀਏ ਅਤੇ ਹੁਕਮ ਅਤੇ ਰਜਾ ਵਿੱਚ ਵਿਚਰਦਿਆਂ ਭਵਿੱਖਤ ਜੀਵਨ ਕੁਦਰਤ ਨਾਲ ਇਕਮਿਕਤਾ-ਇਕਸੁਰਤਾ ਵਿੱਚ ਗੁਜ਼ਾਰਨ ਲਈ ਬਾਨਣੂੰ ਬੰਨੀਏ।

ਸਦ-ਬਖਸਿੰਦ ਸੱਚੇ ਪਾਤਿਸਾਹ ਭੁੱਲਿਆਂ 'ਤੇ ਮਿਹਰ ਕਰਨਗੇ।

# ਮਨੁੱਖੀ ਸੱਭਿਅਤਾ ਦੇ ਸੰਕਟ ਅਤੇ ਕਾਇਨਾਤੀ ਹੁਕਮ



- ਹਰਸਿਮਰਨ ਸਿੰਘ

2019 ਦੇ ਅੰਤ ਅਤੇ 2020 ਦੇ ਸ਼ੁਰੂ ਵਿਚ ਅਦ੍ਰਿਸ਼ਟ ਕੋਰੋਨਾ ਵਾਇਰਸ ਕਾਰਨ ਆਇਆ ਸੰਕਟ ਕਿਸੇ ਇਕ ਵਿਸ਼ੇਸ਼ ਇਲਾਕੇ ਜਾਂ ਦੇਸ਼ ਤੱਕ ਸੀਮਤ ਨਹੀਂ ਰਿਹਾ, ਸਗੋਂ ਇਹ ਲਾਗ ਵਿਸ਼ਵ-ਵਿਆਪੀ ਪੱਧਰ 'ਤੇ ਫੈਲ ਗਈ ਹੈ। ਜਿਸ ਤਰਾਂ ਇਹ ਮਹਾਂਮਾਰੀ ਫੈਲੀ ਅਤੇ ਇਸ ਦੇ ਜੋ ਨਤੀਜੇ ਨਿਕਲੇ, ਉਸ ਨਾਲ ਵਿਸ਼ਵ ਦੇ ਦੇਸ਼ਾਂ ਅਤੇ ਮਾਨਵ ਜੀਵਨ ਵਿਚ ਕਈ ਤਰਾਂ ਦੀਆਂ ਤਬਦੀਲੀਆਂ ਆਈਆਂ ਹਨ। ਸਪੱਸ਼ਟ ਹੈ ਕਿ ਪੈਦਾ ਹੋਈ ਅਸਾਧਾਰਨ ਸਥਿਤੀ ਕਾਰਨ ਭਵਿੱਖ ਦਾ ਵਿਸ਼ਵ ਉਹ ਨਹੀਂ ਰਹੇਗਾ, ਜੋ ਇਸ ਸੰਕਟ ਦੇ ਪੈਦਾ ਹੋਣ ਤੋਂ ਪਹਿਲਾਂ ਸੀ। ਇਸ ਸੰਕਟ ਦੇ ਪੈਦਾ ਹੋਣ ਤੋਂ ਪਹਿਲਾਂ ਮਨੁੱਖ ਅਸਹਿਜ, ਅਸੰਤੁਲਿਤ, ਲਾਲਸੀ, ਤੇਜ਼-ਤਰਾਰ ਜ਼ਿੰਦਗੀ, ਨਫ਼ਰਤ, ਅਲੱਗ-ਥਲੱਗਤਾ ਅਤੇ ਈਰਖਾ ਹੰਕਾਰ ਵਾਲਾ ਜੀਵਨ ਜੀਅ ਰਿਹਾ ਸੀ। ਵਿਸ਼ਵ-ਵਿਆਪੀ ਸੰਕਟ ਹੋਣ ਕਾਰਨ ਅਮਰੀਕਾ, ਚੀਨ, ਭਾਰਤ, ਕੈਨੇਡਾ, ਸਮੁੱਚਾ ਯੂਰਪ, ਇਸਲਾਮਿਕ ਦੁਨੀਆ, ਅਫ਼ਰੀਕਾ, ਦੱਖਣੀ ਅਮਰੀਕਾ ਆਦਿ ਦੇਸ਼ਾਂ ਦੇ ਸਮੁੱਚੇ ਰਾਜਨੀਤਕ, ਸਮਾਜਿਕ, ਆਰਥਿਕ, ਭਾਈਚਾਰਕ, ਸੱਭਿਆਚਾਰਕ ਤੇ ਧਰਮੋ-ਨੈਤਿਕ ਢਾਂਚੇ ਆਦਿ ਸਭ ਵੱਡੇ ਦਬਾਅ ਹੇਠ ਆ ਗਏ ਹਨ।

ਕੋਰੋਨਾ ਵਾਇਰਸ ਮਹਾਂਮਾਰੀ ਦੇ ਵਿਸ਼ਵ-ਵਿਆਪੀ ਸੰਕਟ ਵਿਚ ਬਦਲਣ ਦੇ ਕੁਝ ਵਿਸ਼ੇਸ਼ ਕਾਰਨ ਹਨ। ਆਖਰ ਚੀਨ ਦੀ ਵੂਹਾਨ ਪ੍ਰਯੋਗਸ਼ਾਲਾ ਵਿਚੋਂ ਕਥਿਤ ਤੌਰ 'ਤੇ ਫੈਲਿਆ ਅਦ੍ਰਿਸ਼ਟ ਵਾਇਰਸ ਅਮਰੀਕਾ, ਕੈਨੇਡਾ, ਰੂਸ, ਭਾਰਤ, ਯੂਰਪ, ਏਸ਼ੀਆਈ ਦੇਸ਼ਾਂ ਅਤੇ ਵਿਸ਼ਵ ਦੇ ਹੋਰ ਦੇਸ਼ਾਂ ਅਤੇ ਸਮੁੱਚੇ ਤੌਰ 'ਤੇ ਮਾਨਵ ਸੱਭਿਅਤਾ ਲਈ ਏਨਾ ਵੱਡਾ ਸੰਕਟ ਕਿਉਂ ਬਣਿਆ ? ਸਥਿਤੀ ਜੇਕਰ ਸੰਕਟ ਨਾਲ ਹੀ ਸਬੰਧਿਤ ਰਹਿੰਦੀ, ਤਾਂ ਇਸ ਨੂੰ ਇਸੇ ਤਰਾਂ ਵੀ ਨਜਿੱਠਿਆ ਜਾ ਸਕਦਾ ਸੀ, ਪਰ ਇਸ ਨਾਲ ਤਾਂ ਵੱਡੀਆਂ ਸ਼ਕਤੀਆਂ ਅਤੇ ਹੋਰ ਦੇਸ਼ਾਂ ਦੇ ਢਾਂਚੇ ਹੀ ਡਗਮਗਾ ਗਏ ਹਨ। ਅਜਿਹੀ ਹਾਲਤ ਵਿਚ ਇਨਾਂ ਦੇਸ਼ਾਂ ਨੂੰ ਚਲਾ ਰਹੇ ਪੂੰਜੀਵਾਦ, ਸਮਾਜਵਾਦ, ਸਾਮਵਾਦ, ਹਿੰਦੂਤਵ ਅਤੇ ਇਸਲਾਮਿਕ ਸ਼ਰੀਅਤ ਆਦਿ ਨਾਲ ਸਬੰਧਤ ਸਮਾਜਿਕ ਢਾਂਚਿਆਂ ਅਤੇ ਪ੍ਰਬੰਧਾਂ ਉੱਤੇ ਉਂਗਲ ਉੱਠਣੀ ਲਾਜ਼ਮੀ ਹੈ। ਇੰਝ ਜਾਪਦਾ ਹੈ ਕਿ ਨਿਘਾਰ ਵੱਲ ਜਾ ਰਹੇ ਉਪਰੋਕਤ ਪ੍ਰਬੰਧਾਂ ਵਿਚ ਕੋਰੋਨਾ ਵਾਇਰਸ ਨੇ ਅਜਿਹੀ ਆਖਰੀ ਕਿੱਲ ਠੋਕੀ ਹੈ ਕਿ ਅਚਾਨਕ ਹੀ ਅਜਿਹੇ ਨਵੇਂ ਸਮਾਜਿਕ ਪ੍ਰਬੰਧ ਦੀ ਤਲਾਸ਼ ਕਰਨੀ ਪੈ ਰਹੀ ਹੈ, ਜਿਸ ਤੋਂ ਨਵੀਂ ਦਿਸ਼ਾ ਪ੍ਰਾਪਤ ਕਰਕੇ ਨਵਾਂ ਸੰਸਾਰਿਕ ਪ੍ਰਬੰਧ ਸਿਰਜਿਆ ਜਾ ਸਕੇ। ਗਿਆਨ-ਵਿਗਿਆਨ-ਤਕਨਾਲੋਜੀ ਦੇ ਬਲ 'ਤੇ ਤਿੰਨ ਉਦਯੋਗਿਕ ਕ੍ਰਾਂਤੀਆਂ ਦਾ ਸਫ਼ਰ ਤੈਅ ਕਰਕੇ ਮਾਨਵ ਸੱਭਿਅਤਾ ਲਈ ਹਾਨੀਕਾਰਕ ਚੌਥੀ ਰੋਬੋਟਿਕ ਅਤੇ ਅਪ੍ਰਾਕ੍ਰਿਤਕ ਬੁੱਧੀ ਕ੍ਰਾਂਤੀ ਦੇ ਦਹਾਨੇ 'ਤੇ ਪਹੁੰਚੇ ਦੇਸ਼ਾਂ, ਵਿਗਿਆਨ ਅਤੇ ਤਕਨਾਲੋਜੀ ਕੋਲ ਇਸ ਕਰੋਨਾ ਵਾਇਰਸ ਮਹਾਂਮਾਰੀ ਕਾਰਨ ਉੱਠੇ ਪ੍ਰਸ਼ਨਾਂ ਦੇ ਜਵਾਬ ਠੋਸ ਨਾਂਹ ਵਿਚ ਹਨ। ਸਪੱਸ਼ਟ ਹੈ ਕਿ ਪਿਛਲੇ ਤਿੰਨ ਦਹਾਕਿਆਂ ਤੋਂ, ਵਿਸ਼ੇਸ਼ ਕਰਕੇ ਠੰਢੀ ਜੰਗ ਤੋਂ ਬਾਅਦ ਦੀਆਂ ਵਿਚਾਰਧਾਰਾਵਾਂ, ਸਮਾਜਿਕ ਪ੍ਰਬੰਧਾਂ, ਵਿਸ਼ਵ ਪੱਧਰ ਦੇ ਨਾ-ਪਾਕ ਆਰਥਿਕ-ਮਿਲਟਰੀ ਗੱਠਜੋੜਾਂ, ਇਕ-ਧਰੁਵੀ, ਦੋ-ਧਰੁਵੀ ਸੰਸਾਰ ਦੇ ਆਗੂਆਂ ਅਮਰੀਕਾ, ਚੀਨ, ਰੂਸ ਦੇ ਆਪਸੀ ਟਕਰਾਉ ਦੀਆਂ ਨੀਤੀਆਂ ਆਦਿ ਨੇ ਵਿਸ਼ਵ ਮਨੁੱਖ ਅਤੇ ਦੇਸ਼ਾਂ ਨੂੰ ਇਸ ਹੱਦ ਤੱਕ ਬੇਵੱਸ, ਲਾਚਾਰ ਅਤੇ ਕਮਜ਼ੋਰ ਕਰ ਦਿੱਤਾ ਹੈ ਕਿ ਉਨਾਂ ਨੂੰ ਇਸ ਮਹਾਂਮਾਰੀ ਵਿਚੋਂ ਨਿਕਲਣ ਦੇ ਕੋਈ ਉਚਿਤ ਅਤੇ ਚਿਰਸਥਾਈ ਰਾਹ ਹੀ ਨਜ਼ਰ ਨਹੀਂ ਆ ਰਹੇ। ਉਹ ਵਿਸ਼ਵ ਨੈਤਿਕਤਾ ਸਨਮੁੱਖ ਬੇਪਰਦ ਹੋ ਗਏ ਹਨ। ਇਸ ਲਈ ਇਕ ਨਵਾਂ ਵਿਸ਼ਵ ਵਿਆਪੀ ਪ੍ਰਬੰਧ ਸਿਰਜਣ ਲਈ ਹੁਣ ਇਨਾਂ ਉੱਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਅਜਿਹੀਆਂ ਸ਼ਕਤੀਆਂ ਹੁਣ ਵਿਸ਼ਵ ਪ੍ਰਬੰਧ ਦਾ ਮੁਖੜਾ ਨਹੀਂ ਰਹੀਆਂ। ਕਰੋਨਾ ਵਾਇਰਸ ਸੰਕਟ ਕਾਰਨ ਭਾਰਤ ਅਤੇ ਵਿਸ਼ਵ ਦੇਸ਼ਾਂ ਦੀ ਅਰਥ ਵਿਵਸਥਾ ਨੂੰ ਸ਼ਕਤੀ ਦੇਣ ਵਾਲੇ ਹਰ ਤਰਾਂ ਦੇ ਕਿਰਤੀ, ਮਜ਼ਦੂਰ ਅਤੇ ਹੁਨਰਮੰਦ ਲੋਕ ਕੁਝ ਪਲਾਂ ਵਿਚ ਹੀ ਅਸੁਰੱਖਿਅਤ ਹੋਏ ਦਰ ਬਦਰ ਹੋ ਗਏ; ਵਿਸ਼ਵ ਦੇ ਦੇਸ਼ਾਂ ਦੀਆਂ ਸਿਹਤ ਸੇਵਾਵਾਂ ਦਾ ਸਮੁੱਚਾ ਸਿਸਟਮ ਅੰਦਰੂਨੀ ਅਤੇ ਬਾਹਰੀ ਕਾਰਨਾਂ ਕਰਕੇ ਢਹਿ ਢੇਰੀ ਹੋ ਗਿਆ; ਧਰਮਾਂ, ਸੱਭਿਆਚਾਰਾਂ ਅਤੇ ਰੰਗ ਨਸਲ ਉੱਤੇ ਆਧਾਰਿਤ ਨਾ-ਬਰਾਬਰੀ ਵਾਲਾ ਭਾਈਚਾਰਾ ਕਮਜ਼ੋਰ ਪੈ ਗਿਆ; ਸਿਵਾਏ ਮੈਡੀਕਲ ਸਾਮਾਨ ਦੇ ਲੋਕਾਂ ਦੀ ਖ਼ਰੀਦ ਸ਼ਕਤੀ ਘਟਣ ਅਤੇ ਹੋਰ ਕਾਰਨਾਂ ਨਾਲ ਅਚਾਨਕ ਚੀਜ਼ਾਂ ਦਾ ਉਤਪਾਦਨ ਅਤੇ ਵਿਕਰੀ ਪ੍ਰਭਾਵਿਤ ਹੋਏ; ਵਿਸ਼ਵ ਪੱਧਰ ਤੱਕ ਦੇਸ਼ਾਂ ਵਿਚ ਮਹੀਨਿਆਂ ਤੱਕ ਹੋਈਆਂ ਤਾਲਾਬੰਦੀਆਂ ਨਾਲ ਕਈ ਤਰਾਂ ਦੀਆਂ ਪਰਿਵਾਰਕ, ਆਰਥਿਕ, ਰਾਜਨੀਤਿਕ-ਸੱਤਾ, ਮਾਨਸਿਕ, ਪ੍ਰਸ਼ਾਸਕੀ ਅਤੇ ਰੁਜ਼ਗਾਰ ਸਬੰਧੀ ਕਈ ਮੁਸ਼ਕਿਲਾਂ ਅਤੇ ਚੁਣੌਤੀਆਂ ਪੈਦਾ ਹੋਈਆਂ; ਕਰੋਨਾ ਤੋਂ ਪਹਿਲਾਂ ਵਾਲੀ ਭੱਜ-ਦੌੜ ਅਤੇ ਬੇਥੱਵੀ ਹੋਈ ਉਪਭੋਗਤਾਵਾਦੀ ਜ਼ਿੰਦਗੀ ਬਦਲਣ ਨਾਲ ਲੋਕਾਂ ਨੂੰ ਸਹਿਜ, ਸੰਜਮ ਅਤੇ ਠਹਿਰਾਉ ਵਿਚ ਰਹਿਣ ਵਾਲੀ ਜੀਵਨ-ਜਾਚ ਦੇ ਅਨੇਕਾਂ ਅਨੁਭਵ ਹੋਏ; ਇਸ ਸੰਕਟ ਦੌਰਾਨ ਭਾਰਤ ਤੋਂ ਵਿਸ਼ਵ ਪੱਧਰ ਤੱਕ ਗ਼ਰੀਬ ਲੋਕ ਕਿਵੇਂ ਆਪਣੀ ਜ਼ਿੰਦਗੀ ਜਿਊਂਦੇ ਸਨ (ਹਨ), ਇਹ ਜੱਗ ਜ਼ਾਹਰ ਹੋਇਆ। ਬੇਰੁਜ਼ਗਾਰੀ ਨੇ ਲੋਕਾਂ ਦੇ ਜੀਵਨ ਭਵਿੱਖ ਸਬੰਧੀ ਕਈ ਤਰਾਂ ਦੇ ਸੰਕਟ ਪੈਦਾ ਕੀਤੇ ਅਤੇ ਉਨਾਂ ਦਾ ਭਵਿੱਖ ਅੰਧਕਾਰ ਵਿਚ ਚਲਾ ਗਿਆ; ਵਿਸ਼ਵ ਦੇ ਦੇਸ਼ਾਂ ਵਿਚ ਆਪਣੇ ਦੇਸ਼ਾਂ ਨੂੰ ਚਲਾਉਣ ਵਾਲੇ ਪ੍ਰਚੱਲਿਤ ਢਾਂਚਿਆਂ ਵਿਚ ਸਰਬਪੱਖੀ ਸੁਧਾਰ ਲਿਆਉਣ ਦੇ ਨਵੇਂ ਅਹਿਸਾਸ ਜਾਗੇ। ਇਸ ਤਰਾਂ ਕਰੋਨਾ ਵਾਇਰਸ ਕਾਰਨ ਆਏ ਕਈ ਹੋਰ ਸੰਕਟਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਪਿਛਲੀਆਂ ਮਹਾਂਮਾਰੀਆਂ ਵਿਚ ਸਦੀਆਂ ਦਾ ਪਾੜਾ ਹੈ, ਪਰ ਪਿਛਲੇ ਕੁਝ ਦਹਾਕਿਆਂ ਵਿਚ ਜਿਵੇਂ ਸਾਰਸ, ਇਬੋਲਾ, ਸਵਾਈਨ, ਬਰਡ ਫਲੂ, ਡੇਂਗੂ, ਏਡਜ਼, ਕੈਂਸਰ ਅਤੇ ਹੁਣ ਕੋਰੋਨਾ ਵਾਇਰਸ ਨੇ ਮਾਨਵ ਜਾਤੀ ਲਈ ਸੰਕਟ ਖੜੇ ਕਰ ਦਿੱਤੇ ਹਨ, ਜਿਨਾਂ ਦੇ ਨਤੀਜੇ ਸਾਡੇ ਸਾਹਮਣੇ ਹਨ। ਇਹ ਸਭ ਕੁਝ ਉਨਾਂ ਵੱਡੀਆਂ ਸ਼ਕਤੀਆਂ, ਆਗੂਆਂ, ਉਲਟ-ਵਿਗਿਆਨੀਆਂ, ਤਕਨਾਲੋਜੀ ਦੀ ਅਤੀ ਨੂੰ ਪਹੁੰਚ ਰਹੀ ਵਰਤੋਂ ਅਤੇ ਪ੍ਰਮਾਣੂੰ ਹਥਿਆਰਾਂ ਦੇ ਸਰਪ੍ਰਸਤਾਂ ਅਤੇ ਸਮਾਜਿਕ ਪ੍ਰਬੰਧਕੀ ਢਾਂਚਿਆਂ ਆਦਿ ਕਾਰਨ ਵਾਪਰਦੇ ਆ ਰਹੇ ਦੁਖਾਂਤ ਹਨ। ਇਨਾਂ ਮਹਾਮਾਰੀਆਂ, ਤਬਾਹਕੁੰਨ ਜੰਗਾਂ ਅਤੇ ਨਫ਼ਰਤਾਂ ਆਦਿ ਵਿਚ ਸਾਰੀ ਮਾਨਵ ਜਾਤੀ ਉਲਝ ਕੇ ਰਹਿ ਗਈ ਹੈ। ਕੁਝ ਇਨਾਂ ਅਤੇ ਹੋਰ ਕਾਰਨਾਂ ਦੇ ਸਥਾਈ ਹੱਲਾਂ ਲਈ ਹੁਣ ਸਾਨੂੰ ਇਕ ਨਵੇਂ ਵਿਸਮਾਦੀ ਵਿਸ਼ਵ ਪ੍ਰਬੰਧ ਦੇ ਨਕਸ਼ ਉਭਾਰਨੇ ਹੋਣਗੇ।

ਅਜਿਹੀ ਹਾਲਤ ਵਿਚ ਵਿਸ਼ਵ ਸਿਆਣਿਆਂ ਨੂੰ ਅਤੇ ਆਮ ਲੋਕਾਂ ਨੂੰ ਖ਼ੁਦ ਹੀ ਸਥਾਨਕ ਤੋਂ ਵਿਸ਼ਵ ਪੱਧਰ ਤੱਕ ਅਜਿਹਾ ਕੁਝ ਵੱਡਾ ਅਤੇ ਉਸਾਰੂ ਸੋਚਣਾ ਹੋਏਗਾ, ਜਿਸ ਨਾਲ ਇਕ ਨਵਾਂ ਵਿਸ਼ਵ ਸਿਰਜਿਆ ਜਾ ਸਕੇ। ਉਨਾਂ ਨੂੰ ਸਭ ਤੋਂ ਵੱਡਾ ਅਹਿਸਾਸ ਕੁਦਰਤ ਵੱਲ ਮੁੜਨ ਅਤੇ ਸ਼ਹਿਰੀ ਉਦਯੋਗੀਕਰਨ ਦੀ ਬਜਾਏ ਦਿਹਾਤੀ/ਖੇਤੀ ਅਰਥਚਾਰੇ ਨੂੰ ਨਵੀਂ ਦਿਸ਼ਾ ਅਤੇ ਮਜ਼ਬੂਤੀ ਦੇਣ ਦਾ ਜਾਗਿਆ ਹੈ।

ਮਨੁੱਖ ਨੂੰ ਕੁਦਰਤ, ਇਸ ਦੇ ਰਹੱਸਾਂ ਨਾਲ ਜੁੜਨ, ਇਸ ਦੀ ਕਾਰਗੁਜ਼ਾਰੀ ਨੂੰ ਜਾਨਣ, ਕੁਦਰਤੀ ਨਜ਼ਾਰਿਆਂ ਨੂੰ ਜੀਵਨ ਵਿਚ ਢਾਲਣ ਅਤੇ ਇਸ ਦੀ ਸੰਭਾਲ ਅਤੇ ਵਾਤਾਵਰਨ ਦੀ ਸ਼ੁੱਧਤਾ ਨੂੰ ਬਚਾਉਣ ਤੋਂ ਅੱਗੇ ਜਾ ਕੇ ਇਸ ਨਾਲ ਵਿਸਮਾਦੀ ਸਾਂਝ ਨੂੰ ਮੁੜ ਪੱਕਿਆਂ ਕਰਕੇ ਇਸ ਅਨੁਸਾਰ ਜੀਵਨ ਜਿਊਣ ਦੇ ਨਵੇਂ/ਵਿਸਮਾਦੀ ਅਹਿਸਾਸ ਪੈਦਾ ਹੋਏ ਹਨ। ਕੁਦਰਤ ਨਾਲ ਕੁਦਰਤ ਅਨੁਸਾਰ ਜੁੜਨਾ, ਇਸ ਦੀ ਅਸਚਰਜਤਾ ਅਤੇ ਅਨੁਸ਼ਾਸਨੀ ਵਿਵਸਥਾ ਨੂੰ ਅਨੁਭਵ ਵਿਚ ਲਿਆਉਣਾ ਅਤੇ ਅਨੰਦਿਤ ਭਾਵ ਵਿਚ ਆਉਣਾ ਵਿਸਮਾਦੀ ਹੋਣਾ ਹੈ। ਕੋਰੋਨਾ ਵਾਇਰਸ ਅਜਿਹੇ ਅਹਿਸਾਸ ਜਗਾਉਣ ਸਬੰਧੀ ਇਕ ਵੱਡਾ ਕਾਰਨ ਬਣਿਆ ਹੈ।

ਕੁਦਰਤ ਦੇ ਦਰਦ, ਇਸ ਦੇ ਵਿਸਮਾਦ, ਇਸ ਦੀ ਅਸਚਰਜਤਾ ਅਤੇ ਇਸ ਤੋਂ ਮਾਂ ਵਰਗੇ ਪਿਆਰ ਦੀ ਵੱਡੇ ਅਰਥਾਂ ਵਿਚ ਵਿਚਾਰਧਾਰਕ ਸੰਰਚਨਾ ਅਤੇ ਵਿਆਖਿਆ ਕਰਨੀ ਹੋਏਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸਮਾਦੀ ਚਿੰਤਨ ਪ੍ਰਚੱਲਿਤ ਸਮਾਜਿਕ ਪ੍ਰਬੰਧਾਂ ਦੀ ਅਸਫ਼ਲਤਾ ਕਾਰਨ ਪਏ ਖੱਪਿਆਂ ਨੂੰ ਭਰ ਕੇ ਮਾਨਵ ਸੱਭਿਅਤਾ ਲਈ ਬਣੀ ਨਵੀਂ ਆਸ, ਨਵਾਂ ਵਿਸ਼ਵ ਕ੍ਰਮ ਸਿਰਜਣ ਦੇ ਸਮਰੱਥ ਹੈ।

ਲੋੜ ਸਿਰਫ਼ ਇਸ ਦੀਆਂ ਬਹੁ-ਪਰਤੀ ਦਿਸ਼ਾਵਾਂ ਅਤੇ ਪਾਸਾਰਿਆਂ ਨੂੰ ਵਿਸ਼ਵ ਚੇਤਨਾ ਦਾ ਹਿੱਸਾ ਬਣਾਉਣ ਦੀ ਹੈ। ਮੁਨਾਫ਼ੇ ਅਤੇ ਧਨ ਨੂੰ ਕੇਂਦਰ ਵਿਚੋਂ ਬਾਹਰ ਕਰਕੇ ਕੁਦਰਤ ਅਤੇ ਇਸ ਦੇ ਵਿਸਮਾਦ ਉੱਤੇ ਸਾਰੇ ਵਿਸ਼ਵ ਚਿੰਤਨ ਨੂੰ ਕੇਂਦਰਿਤ ਕੀਤਾ ਜਾਣਾ ਜ਼ਰੂਰੀ ਹੋਵੇਗਾ।

ਕੁਦਰਤ-ਮੁਖੀ ਸਮਾਜਿਕ ਪ੍ਰਬੰਧ ਦੀ ਲੋੜ ਬੜੇ ਸਮੇਂ ਤੋਂ ਮਹਿਸੂਸ ਕੀਤੀ ਜਾ ਰਹੀ ਸੀ, ਪਰ ਕੋਰੋਨਾ ਵਾਇਰਸ ਕਾਰਨ ਉਪਜੇ ਸੰਕਟਾਂ ਨੇ ਇਸ ਲੋੜ ਨੂੰ ਹੋਰ ਤੀਬਰ ਕਰ ਦਿੱਤਾ ਹੈ। ਸਿੱਖ ਚਿੰਤਕਾਂ ਨੂੰ ਭਾਰਤ ਅਤੇ ਦੂਸਰੇ ਦੇਸ਼ਾਂ ਦੇ ਚਿੰਤਕਾਂ ਨਾਲ ਮਿਲ ਕੇ ਇਸ ਸਬੰਧੀ ਇਕ ਸੰਵਾਦ ਸ਼ੁਰੂ ਕਰਨ ਦੀ ਲੋੜ ਹੈ।

# ਯੂਪੀ 'ਚ ਸੰਤਾਲੀ ਵੰਡ ਵੇਲੇ ਵਸਾਏ ਸਿੱਖਾਂ ਨੂੰ ਜ਼ਮੀਨਾਂ ਤੋਂ ਕਿਉਂ ਉਜਾੜਿਆ ਜਾ ਰਿਹੈ

*✪ ਸਿੱਖ ਪਰਿਵਾਰਾਂ ਦਾ ਦੋਸ਼ ਹੈ ਕਿ ਮੁੱਖ ਮੰਤਰੀ ਦੇ ਭਰੋਸੇ ਦੇ ਬਾਵਜੂਦ ਉਨਾਂ ਨੂੰ ਕੀਤਾ ਜਾ ਰਿਹਾ ਪਰੇਸ਼ਾਨ ✪ ਅਕਾਲੀ ਦਲ ਦਾ ਵਫ਼ਦ ਵੀ ਮਿਲ ਚੁੱਕਾ ਏ ਯੂਪੀ ਦੇ ਮੁੱਖ ਮੰਤਰੀ ਨੂੰ ✪ ਸ਼੍ਰੋਮਣੀ ਅਕਾਲੀ ਦਲ ਤੋਂ ਇਲਾਵਾ 'ਆਪ' ਤੇ ਸ਼੍ਰੋਮਣੀ ਕਮੇਟੀ ਨੇ ਸਰਕਾਰ ਤੋਂ ਦਖਲ ਦੀ ਕੀਤੀ ਮੰਗ*

**- ਟਾਈਮਜ਼ ਬਿਉਰੋ**

ਉੱਤਰ ਪ੍ਰਦੇਸ਼ ਦੇ ਲਖੀਮਪੁਰ ਜ਼ਿਲੇ ਦੀ ਤਹਿਸੀਲ ਨਿਘਾਸਨ ਤਹਿਸੀਲ ਦੇ ਪਿੰਡ ਸਿਸਿਆਇਆ ਦੇ ਅੰਗਰੇਜ਼ ਸਿੰਘ ਬਹੁਤ ਪਰੇਸ਼ਾਨ ਹਨ। ਉਨਾਂ ਦੀ ਪਰੇਸ਼ਾਨੀ ਦਾ ਕਾਰਨ ਹੈ ਕਿ ਜਿਸ ਜ਼ਮੀਨ ਨੂੰ ਅੰਗਰੇਜ਼ ਸਿੰਘ ਦੇ ਪੁਰਖਿਆਂ ਨੇ ਪਿਛਲੇ ਛੇ ਦਹਾਕਿਆਂ ਤੋਂ ਸਾਂਭਿਆ ਹੋਇਆ ਸੀ, ਜੰਗਲਾਤ ਵਿਭਾਗ ਨੇ ਉਨਾਂ ਨੂੰ ਉਸ ਜ਼ਮੀਨ ਤੋਂ ਹੱਟਣ ਲਈ ਨੋਟਿਸ ਦਿੱਤਾ ਹੈ। ਉਸ ਪਿੰਡ ਵਿੱਚ ਸਿਰਫ਼ ਅੰਗਰੇਜ਼ ਸਿੰਘ ਹੀ ਨਹੀਂ ਸਗੋਂ ਹੋਰ ਕਈ ਲੋਕਾਂ ਨੂੰ ਨੋਟਿਸ ਮਿਲਿਆ ਹੈ। ਇਸ ਤਹਿਸੀਲ ਦੇ ਪਿੰਡ ਰਣਨਗਰ ਦੇ ਵੀ ਬਹੁਤ ਸਾਰੇ ਲੋਕਾਂ ਨੂੰ ਜੰਗਲਾਤ ਵਿਭਾਗ ਵੱਲੋਂ ਜ਼ਮੀਨ ਖਾਲੀ ਕਰਨ ਲਈ ਨੋਟਿਸ ਮਿਲੇ ਹਨ। ਪਿਛਲੇ ਦਿਨਾਂ ਵਿੱਚ, ਇਹ ਨੋਟਿਸ ਸਿਰਫ਼ ਲਖੀਮਪੁਰ ਵਿੱਚ ਹੀ ਨਹੀਂ ਬਲਕਿ ਉੱਤਰ ਪ੍ਰਦੇਸ਼ ਦੇ ਤਰਾਈ ਇਲਾਕਿਆਂ ਵਿੱਚ ਵਸੇ ਕਈ ਸਿੱਖ ਪਰਿਵਾਰਾਂ ਨੂੰ ਵੀ ਮਿਲਿਆ ਹੈ। ਇਹ ਸਿੱਖ ਕਿਸਾਨਾਂ ਨੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਤੱਕ ਇਸ ਪਰੇਸ਼ਾਨੀ ਬਾਰੇ ਪਹੁੰਚ ਕੀਤੀ। ਇਥੋਂ ਤੱਕ ਸ਼੍ਰੋਮਣੀ ਅਕਾਲੀ ਦਲ ਦੀ ਟੀਮ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦੀ ਅਗਵਾਈ ਵਿਚ ਵੀ ਮਿਲੀ। ਉੱਥੋਂ, ਇਨਾਂ ਨੂੰ ਭਰੋਸਾ ਮਿਲਿਆ ਕਿ ਕਿਸੇ ਨੂੰ ਵੀ ਬੇਦਖਲ ਨਹੀਂ ਕੀਤਾ ਜਾਵੇਗਾ। ਪਰ ਇਸ ਦੇ ਬਾਵਜੂਦ ਨੋਟਿਸ ਜਾਰੀ ਕੀਤੇ ਜਾ ਰਹੇ ਹਨ ਤੇ ਕੁਝ ਸਿੱਖ ਕਿਸਾਨਾਂ ਖ਼ਿਲਾਫ਼ ਐਫਆਈਆਰ ਵੀ ਦਰਜ ਕਰਵਾਈ ਗਈ ਹੈ।

### ਇਹ ਸਿੱਖ ਕੌਣ ਹਨ ?

ਇਹ ਸਿੱਖ ਪਰਿਵਾਰ ਲਖੀਮਪੁਰ ਖੀਰੀ, ਪੀਲੀਭੀਤ, ਰਾਮਪੁਰ, ਸੀਤਾਪੁਰ, ਬਿਜਨੌਰ ਜ਼ਿਲਿਆਂ ਵਿੱਚ ਵਸੇ ਹੋਏ ਹਨ। ਇਹ ਲੋਕ 1947 ਦੀ ਵੰਡ ਦੌਰਾਨ ਪਾਕਿਸਤਾਨ ਤੋਂ ਉਜੜ ਕੇ ਇੱਥੇ ਆਏ ਤੇ ਵਸ ਗਏ। ਲਖੀਮਪੁਰ ਖੀਰੀ ਜ਼ਿਲੇ ਦੇ ਰਣਪੁਰ ਪਿੰਡ ਵਿੱਚ ਲਗਭਗ 400 ਅਜਿਹੇ ਸਿੱਖ ਪਰਿਵਾਰ ਹਨ ਤੇ ਪਿੰਡ ਦੀ ਆਬਾਦੀ ਲਗਭਗ 1500 ਹੈ। ਸਾਰਾ ਪਿੰਡ ਇਨਾਂ ਸਿੱਖਾਂ ਦਾ ਹੈ ਜੋ ਵੰਡ ਦੇ ਸਮੇਂ 1948 ਦੌਰਾਨ ਇੱਥੇ ਵਸੇ ਸਨ। ਰਣਪੁਰ ਪਿੰਡ ਦੇ ਇੱਕ ਬਜ਼ੁਰਗ ਕਿਸਾਨ ਜਸਵੀਰ ਸਿੰਘ ਕਹਿੰਦੇ ਹਨ, "ਵੰਡ ਤੋਂ ਬਾਅਦ ਸਰਕਾਰ ਨੇ ਸਿੱਖ ਪਰਿਵਾਰਾਂ ਨੂੰ ਇਥੇ ਵਸਾਇਆ। ਜਦੋਂ ਸਾਡੇ ਪੁਰਖੇ ਇੱਥੇ ਆਏ ਸਨ ਤਾਂ ਇਹ ਇਲਾਕਾ ਸਥਾਨਕ ਰਾਜਾ ਵਿਕਰਮ ਸ਼ਾਹ ਦਾ ਸੀ। ਉਨਾਂ ਨੇ ਇਹ ਜ਼ਮੀਨ ਦਿੱਤੀ ਸੀ। ਕੁਝ ਜ਼ਮੀਨਾਂ ਖਰੀਦੀਆਂ ਗਈਆਂ। ਉਸ ਸਮੇਂ ਜ਼ਮੀਨ ਦੀ ਰਜਿਸਟਰੀ ਨਹੀਂ ਹੁੰਦੀ ਸੀ। ਇਸ ਲਈ ਇਹ ਜ਼ਮੀਨ ਵਿਕਰਮ ਸ਼ਾਹ ਦੇ ਨਾਮ 'ਤੇ ਹੀ ਰਹੀ। ਪਰ 1966 ਸੀਲਿੰਗ ਦੌਰਾਨ ਇਹ ਜ਼ਮੀਨ ਜੰਗਲਾਤ ਵਿਭਾਗ ਦੇ ਰਿਕਾਰਡ ਵਿਚ ਚਲੀ ਗਈ।



*ਅੰਗਰੇਜ਼ ਸਿੰਘ*

1980 ਵਿਚ ਚੱਕਬੰਦੀ ਦੇ ਬਾਅਦ ਜ਼ਮੀਨ ਸਾਡੇ ਨਾਮ 'ਤੇ ਹੋ ਗਈ ਤੇ ਉਦੋਂ ਤੋਂ ਸਾਨੂੰ ਇਨਾਂ ਦਾ ਮਾਲਕੀ ਅਧਿਕਾਰ ਮਿਲਿਆ ਹੋਇਆ ਹੈ ਪਰ ਹੁਣ ਸਾਨੂੰ ਇਥੋਂ ਬੇਦਖਲ ਕੀਤਾ ਜਾ ਰਿਹਾ ਹੈ। ਉਹ ਕਹਿੰਦੇ ਹਨ ਕਿ ਚੱਕਬੰਦੀ ਵਿੱਚ 1960 ਤੋਂ ਸਿੱਖ ਪਰਿਵਾਰਾਂ ਦਾ ਇਸ 'ਤੇ ਕਬਜ਼ੇ ਮੰਨਦੇ ਹੋਏ ਸਾਡੇ ਖਾਤੇ ਬੰਨ ਦਿੱਤੇ ਗਏ। ਸਾਡੇ ਕੋਲ ਅੱਜ ਵੀ ਇਸ ਦੇ ਖਾਤੇ ਹਨ। ਇਨਾਂ ਖਾਤਿਆਂ ਦੇ ਅਧਾਰ 'ਤੇ ਅਸੀਂ ਟਿਊਬਵੈੱਲਾਂ ਲਈ ਬਿਜਲੀ ਦੇ ਕੁਨੈਕਸ਼ਨ ਲੈ ਸਕੇ, ਚੀਨੀ ਖੰਡ ਮਿੱਲਾਂ ਵਿੱਚ ਹਿੱਸੇਦਾਰ ਬਣੇ, ਸਰਕਾਰ ਨੇ ਟੈਂਕੀ, ਪੱਕੀਆਂ ਸੜਕਾਂ ਅਤੇ ਕਈ ਵਿਕਾਸ ਕਾਰਜ ਕਰਵਾਏ। ਸਾਡੇ ਕੋਲ ਇਥੇ ਸਭ ਕੁਝ ਹੈ ਵੋਟਰ ਕਾਰਡ, ਰਾਸ਼ਨ ਕਾਰਡ। ਹੁਣ ਸਾਨੂੰ ਇੱਥੋਂ ਹਟਾ ਦਿੱਤਾ ਜਾਵੇਗਾ ਤਾਂ ਅਸੀਂ ਕਿੱਥੇ ਜਾਵਾਂਗੇ।"

### ਜੰਗਲਾਤ ਵਿਭਾਗ ਦਾ ਨੋਟਿਸ

ਜਸਵੀਰ ਸਿੰਘ ਦੱਸਦੇ ਹਨ ਕਿ ਨਾ ਸਿਰਫ ਲਖੀਮਪੁਰ ਵਿੱਚ, ਬਲਕਿ ਭਾਰਤ ਦੀ ਵੰਡ ਤੋਂ ਬਾਅਦ ਪੰਜਾਬ ਤੋਂ ਤਕਰੀਬਨ ਚਾਰ ਹਜ਼ਾਰ ਸਿੱਖ ਪਰਿਵਾਰ ਉੱਤਰ ਪ੍ਰਦੇਸ਼ ਵਿੱਚ ਆ ਵਸੇ ਸਨ। ਇਹ ਉਹ ਪਰਿਵਾਰ ਸਨ, ਜਿਨਾਂ ਨੂੰ ਖੇਤੀਬਾੜੀ ਜ਼ਮੀਨ ਖੁਸਣ ਦਾ ਡਰ ਸਤਾ ਰਿਹਾ ਹੈ। ਉਨਾਂ ਦਾ ਕਹਿਣਾ ਹੈ ਕਿ ਸੱਤ ਦਹਾਕਿਆਂ ਤੋਂ ਜ਼ਮੀਨ 'ਤੇ ਕਬਜ਼ਾ ਹੋਣ ਅਤੇ ਮਾਲਕੀਅਤ ਦੇ ਬਾਵਜੂਦ ਬੇਦਖ਼ਲੀ ਦਾ ਖ਼ਤਰਾ ਬਣਿਆ ਹੋਇਆ ਹੈ।

ਦੂਸਰੇ ਪਾਸੇ ਜੰਗਲਾਤ ਵਿਭਾਗ ਦਾ ਕਹਿਣਾ ਹੈ ਕਿ ਸਿਰਫ



ਉਨਾਂ ਲੋਕਾਂ ਨੂੰ ਨੋਟਿਸ ਭੇਜੇ ਗਏ ਹਨ ਜਿਨਾਂ ਨੇ ਜੰਗਲਾਤ ਵਿਭਾਗ ਦੀ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ ਹੈ।

ਲਖੀਮਪੁਰ ਖੀਰੀ ਵਿਚ ਉੱਤਰੀ ਰੇਂਜ ਦੇ ਜੰਗਲਾਤ ਮੰਡਲ ਅਧਿਕਾਰੀ ਅਨਿਲ ਕੁਮਾਰ ਪਟੇਲ ਦਾ ਕਹਿਣਾ ਹੈ ਕਿ ਅਸੀਂ ਸਿਰਫ ਨੋਟਿਸ ਦਿੱਤਾ ਹੈ ਪਰ ਕਿਸੇ ਨੂੰ ਬੇਦਖਲ ਨਹੀਂ ਕੀਤਾ। ਸਾਡਾ ਉਦੇਸ਼ ਕਿਸੇ ਨੂੰ ਪਰੇਸ਼ਾਨ ਕਰਨਾ ਨਹੀਂ ਬਲਕਿ ਜੰਗਲਾਤ ਵਿਭਾਗ ਦੀ ਜ਼ਮੀਨ 'ਤੇ ਜੇਕਰ ਕਿਸੇ ਨੇ ਗੈਰ ਕਾਨੂੰਨੀ ਢੰਗ ਨਾਲ ਕਬਜ਼ਾ ਕੀਤਾ ਹੈ, ਤਾਂ ਉਸ ਨੂੰ ਕਾਨੂੰਨੀ ਪ੍ਰਕਿਰਿਆ ਨਾਲ ਹਟਾ ਦਿੱਤਾ ਜਾਵੇਗਾ। ਪਟੇਲ ਦਾ ਕਹਿਣਾ ਹੈ ਕਿ ਕੋਰੋਨਾ ਸੰਕਟ ਕਾਰਨ ਜੰਗਲਾਤ ਵਿਭਾਗ ਨੇ ਕਿਸੇ ਕਿਸਮ ਦਾ ਦਬਾਅ ਨਹੀਂ ਬਣਾਇਆ। ਅਸੀਂ ਪਹਿਲਾਂ ਵੀ ਬਹੁਤ ਸਾਰੀਆਂ ਥਾਵਾਂ ਤੋਂ ਨਾਜਾਇਜ਼ ਕਬਜ਼ੇ ਹਟਾਏ ਹਨ ਤੇ ਹਾਲੇ ਵੀ ਇਨਾਂ ਨੂੰ ਹਟਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਜਿਨਾਂ ਦੀਆਂ ਜ਼ਮੀਨਾਂ ਜਾਇਜ਼ ਹੋਣਗੀਆਂ ਉਹ ਕਾਗਜ਼ਾਤ ਦਿਖਾਉਣਗੇ ਤੇ ਉਨਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ।"

### ਬਿਜਨੌਰ ਤੇ ਰਾਮਪੁਰ ਵਿੱਚ ਵੀ ਦਿੱਤੇ ਗਏ ਨੋਟਿਸ

ਹਾਲ ਹੀ ਵਿੱਚ, ਪ੍ਰਸ਼ਾਸਨ ਨੇ ਬਿਜਨੌਰ ਵਿੱਚ ਤਕਰੀਬਨ 650 ਸਿੱਖ ਕਿਸਾਨ ਪਰਿਵਾਰਾਂ ਨੂੰ ਨੋਟਿਸ ਦਿੱਤੇ ਹਨ, ਜਿਨਾਂ ਵਿੱਚ ਬਹੁਤੇ ਪਰਿਵਾਰ ਸਿੱਖ ਹਨ। ਰਾਮਪੁਰ ਜ਼ਿਲੇ ਦੀ ਸਵਰ ਤਹਿਸੀਲ ਵਿੱਚ ਵੀ ਜੰਗਲਾਤ ਵਿਭਾਗ ਨੇ ਕਈ ਪਿੰਡਾਂ ਵਿੱਚ ਵਸੇ ਪਰਿਵਾਰਾਂ ਨੂੰ ਨੋਟਿਸ ਦਿੱਤਾ ਹੈ। ਪੀਲੀਭੀਤ ਜ਼ਿਲੇ ਦੇ ਕੁਝ ਪਰਿਵਾਰਾਂ ਨੂੰ ਨੋਟਿਸ ਵੀ ਦਿੱਤੇ ਗਏ ਹਨ। ਪੰਜਾਬ ਤੋਂ ਆਏ ਸ਼੍ਰੋਮਣੀ ਅਕਾਲੀ ਦਲ ਦੇ ਇੱਕ ਵਫ਼ਦ ਨੇ ਹਾਲ ਹੀ ਵਿੱਚ ਇਨਾਂ ਲੋਕਾਂ ਦੀਆਂ ਮੁਸ਼ਕਲਾਂ ਬਾਰੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨਾਲ ਮੁਲਾਕਾਤ ਕੀਤੀ ਤਾਂ ਉਨਾਂ ਵਲੋਂ ਭਰੋਸਾ ਦਿੱਤਾ ਗਿਆ ਕਿ ਕਿਸੇ ਨੂੰ ਵੀ ਬੇਦਖਲ ਨਹੀਂ ਕੀਤਾ ਜਾਵੇਗਾ। ਹਾਲਾਂਕਿ ਕਿਸਾਨਾਂ ਦਾ ਕਹਿਣਾ ਹੈ ਕਿ ਇਸ ਦੇ ਬਾਵਜੂਦ ਨਾ ਸਿਰਫ਼ ਉਨਾਂ ਨੂੰ ਨੋਟਿਸ ਭੇਜੇ ਜਾ ਰਹੇ ਹਨ, ਬਲਕਿ ਉਨਾਂ ਖਿਲਾਫ਼ ਐਫਆਈਆਰ ਵੀ ਦਰਜ ਕੀਤੀ ਗਈ ਹੈ। ਲਖੀਮਪੁਰ ਵਿੱਚ ਨਿਘਾਸਨ ਦੇ ਐਸਡੀਐਮ ਓਮਪ੍ਰਕਾਸ਼ ਕਹਿੰਦੇ ਹਨ ਕਿ ਕਿਸੇ ਨੂੰ ਬੇਦਖ਼ਲ ਕਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਉਹ ਕਹਿੰਦੇ ਹਨ, "ਕਿਸੇ ਨੂੰ ਪ੍ਰੇਸ਼ਾਨ ਨਹੀਂ ਕੀਤਾ ਗਿਆ। ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਤੁਸੀਂ ਕਾਗਜ਼ ਲੈ ਕੇ ਆਓ। ਜੇ ਤੁਸੀਂ ਕਬਜ਼ਾ ਨਹੀਂ ਕੀਤਾ ਹੈ ਅਤੇ ਜ਼ਮੀਨ ਤੁਹਾਡੇ ਨਾਮ 'ਤੇ ਹੈ, ਤਾਂ ਕੋਈ ਵੀ ਤੁਹਾਨੂੰ ਉੱਥੋਂ ਨਹੀਂ ਹਟਾਏਗਾ।"

ਸੂਬਾ ਸਰਕਾਰ ਦੇ ਇੱਕ ਅਧਿਕਾਰੀ, ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਕਹਿੰਦੇ ਹਨ ਕਿ ਇੱਥੇ ਜ਼ਮੀਨ ਦਾ ਵੱਡਾ ਹਿੱਸਾ ਦਸਤਾਵੇਜ਼ਾਂ ਵਿੱਚ ਦਰਜ ਨਹੀਂ ਹੈ। ਉਨਾਂ ਅਨੁਸਾਰ ਭਾਵੇਂ ਮੁੱਖ ਮੰਤਰੀ ਨੇ ਕਿਹਾ ਹੈ ਕਿ ਇਹ ਜ਼ਮੀਨਾਂ ਸਿੱਖ ਪਰਿਵਾਰਾਂ ਨੂੰ ਦਿੱਤੀਆਂ ਜਾਣਗੀਆਂ ਪਰ ਇਹ ਇੰਨਾ ਸੌਖਾ ਵੀ ਨਹੀਂ ਹੈ। ਉਸ ਦਾ ਕਹਿਣਾ ਹੈ ਕਿ ਸਿੱਖਾਂ ਨੂੰ ਇਥੇ ਵਸਾਇਆ ਜ਼ਰੂਰ ਗਿਆ ਸੀ, ਪਰ ਉਸ ਵੇਲੇ ਨਾਲੋਂ ਹੁਣ ਕਈ ਗੁਣਾ ਜ਼ਿਆਦਾ ਜ਼ਮੀਨ ਨਾਜਾਇਜ਼ ਕਬਜ਼ੇ ਹੇਠ ਹੈ।"

ਯੂਪੀ ਸਰਕਾਰ ਵਿਚ ਰਾਜ ਮੰਤਰੀ ਬਲਦੇਵ ਸਿੰਘ ਔਲਖ ਦਾ ਕਹਿਣਾ ਹੈ ਕਿ ਵਫ਼ਦ ਨੂੰ ਮਿਲਣ ਤੋਂ ਬਾਅਦ ਮੁੱਖ ਮੰਤਰੀ ਨੇ ਕੁਝ ਸੀਨੀਅਰ ਅਧਿਕਾਰੀਆਂ ਦੀਆਂ ਚਾਰ ਟੀਮਾਂ ਦਾ ਗਠਨ ਕੀਤਾ ਹੈ। ਇਹ ਟੀਮਾਂ ਪਤਾ ਲਾਉਣਗੀਆਂ ਕਿ ਉਨਾਂ ਜ਼ਮੀਨਾਂ ਉੱਤੇ ਸਿਖਾਂ ਨੂੰ ਮਾਲਕੀਅਤ ਕਿਵੇਂ ਦਿੱਤੀ ਜਾਵੇ। ਔਲਖ ਕਹਿੰਦੇ ਹਨ, "ਰਾਮਪੁਰ, ਪੀਲੀਭੀਤ, ਲਖੀਮਪੁਰ ਖੇੜੀ, ਬਿਜਨੌਰ, ਬਹਰਾਇਚ ਅਤੇ ਤਰਾਈ ਦੇ ਕੁਝ ਹੋਰ ਜ਼ਿਲਿਆਂ ਵਿੱਚ ਸਿੱਖ ਤੇ ਗੈਰ-ਸਿੱਖ ਕਿਸਾਨਾਂ ਉੱਤੇ ਅਤਿਆਚਾਰ ਦੇ ਕਈ ਮਾਮਲਿਆਂ ਦੇ ਸਾਹਮਣੇ ਆਉਣ ਮਗਰੋਂ ਇਹ ਫੈਸਲਾ ਕੀਤਾ ਗਿਆ ਹੈ। ਟੀਮ ਸਰਵੇ ਕਰ ਰਹੀ ਹੈ। ਰਿਪੋਰਟਾਂ ਮਿਲਣ ਤੋਂ ਬਾਅਦ ਜਲਦ ਹੀ ਸਰਕਾਰ ਅਜਿਹੇ ਲੋਕਾਂ ਨੂੰ ਉਨਾਂ ਦੀ ਜ਼ਮੀਨ ਦੀ ਮਾਲਕੀਅਤ ਦੇਵੇਗੀ।"

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਤੋਂ ਇਲਾਵਾ ਆਮ ਆਦਮੀ ਪਾਰਟੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਸਰਕਾਰ ਤੋਂ ਦਖਲ ਦੀ ਮੰਗ ਕੀਤੀ ਹੈ।

ਸਿੱਖ ਪਰਿਵਾਰਾਂ ਦਾ ਦੋਸ਼ ਹੈ ਕਿ ਮੁੱਖ ਮੰਤਰੀ ਦੇ ਭਰੋਸੇ ਦੇ ਬਾਵਜੂਦ ਉਨਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ, ਜਦੋਂਕਿ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਸਰਕਾਰੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ਾ ਕਰਨ ਵਾਲੇ ਲੋਕ ਜਾਣਬੁੱਝ ਕੇ ਇਸ 'ਤੇ ਰਾਜਨੀਤੀ ਕਰ ਰਹੇ ਹਨ।

# ਫ਼ੈਡਰੇਸ਼ਨ ਆਗੂ ਅਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਸਮੇਤ ਸੈਂਕੜੇ ਸਿੱਖ ਨੌਜਵਾਨਾਂ ਨੂੰ ਥਾਣਿਆਂ 'ਚ ਬੁਲਾ ਕੇ ਕੀਤਾ ਜਾ ਰਿਹਾ ਖੱਜਲ-ਖੁਆਰ

**ਅੰਮ੍ਰਿਤਸਰ (ਏ.ਟੀ.ਨਿਊਜ਼ :** ਸੋਸ਼ਲ ਮੀਡੀਆ ਉੱਤੇ ਪੰਥ ਅਤੇ ਪੰਜਾਬ ਦੇ ਹੱਕਾਂ ਦੀ ਆਵਾਜ਼ ਬੁਲੰਦ ਕਰਨ ਵਾਲ਼ੇ ਸਿੱਖ ਨੌਜਵਾਨਾਂ ਨੂੰ ਪੁਲਿਸ ਨੇ ਸਰਕਾਰੀ ਗੁੰਡਾਗਰਦੀ ਦਾ ਨਿਸ਼ਾਨਾ ਬਣਾਉਣਾ ਇੱਕ ਵਾਰ ਫਿਰ ਤੋਂ ਸ਼ੁਰੂ ਕਰ ਦਿੱਤਾ ਹੈ। ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਸਮੇਤ ਪੰਜਾਬ 'ਚ ਸੈਂਕੜੇ ਸਿੱਖ ਨੌਜਵਾਨਾਂ ਨੂੰ ਪੁਲਿਸ ਵੱਲੋਂ ਰੈਫਰੰਡਮ ੨੦੨੦ ਦੇ ਬਹਾਨੇ ਥਾਣਿਆਂ 'ਚ ਬੁਲਾ ਕੇ ਖੱਜਲ-ਖੁਆਰ ਕੀਤਾ ਜਾ ਰਿਹਾ ਹੈ, ਪੁਲਿਸ ਘਰ ਗੇੜੇ ਮਾਰ ਕੇ ਪਰਿਵਾਰਾਂ ਨੂੰ ਤੰਗ-ਪ੍ਰੇਸ਼ਾਨ ਕਰ ਰਹੀ ਹੈ ਤੇ ਦਹਿਸ਼ਤ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਪਿਛਲੇ ਚਾਰ ਦਿਨਾਂ ਤੋਂ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੂੰ ਬੀ ਡਵੀਜ਼ਨ ਥਾਣੇ 'ਚ ਬੁਲਾ ਕੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਤੇ ਉਸ ਦਾ ਸਾਰਾ ਜੀਵਨ-ਬਿਓਰਾ, ਪਰਿਵਾਰਾਂ-ਰਿਸ਼ਤੇਦਾਰਾਂ ਅਤੇ ਦੋਸਤਾਂ ਦੇ ਨਾਮ-ਨੰਬਰ, ਅਡਰੈੱਸ, ਆਧਾਰ ਕਾਰਡ, ਲਾਇਸੰਸ, ਪੈਨ ਕਾਰਡ, ਪਾਸਪੋਰਟ, ਬੈਂਕ-ਅਕਾਊਂਟ, ਮੋਟਰਸਾਇਕਲ ਅਤੇ ਗੱਡੀ ਨੰਬਰ ਆਦਿ ਲਏ ਜਾ ਰਹੇ ਹਨ। ਭਾਈ ਰਣਜੀਤ ਸਿੰਘ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਸਮਾਗਮਾਂ ਅਤੇ ਗੁਰਮਤ ਕੈਂਪਾਂ 'ਚ ਸਰਗਰਮ ਅਤੇ ਪੰਥ ਤੇ ਪੰਜਾਬ ਦੇ ਹੱਕਾਂ ਬਾਬਤ ਸੈਮੀਨਾਰਾਂ, ਕਾਨਫਰੰਸਾਂ, ਮਾਰਚਾਂ ਅਤੇ ਸੋਸ਼ਲ ਮੀਡੀਆ 'ਤੇ ਖੁੱਲ ਕੇ ਬੋਲਦਾ ਹੈ, ਉਸ ਦੀਆਂ ਲਿਖਤਾਂ ਅਕਸਰ ਹੀ ਵੱਖ-ਵੱਖ ਰਸਾਲਿਆਂ ਅਤੇ ਅਖ਼ਬਾਰਾਂ 'ਚ ਛਪਦੀਆਂ ਰਹਿੰਦੀਆਂ ਹਨ ਤੇ ਉਸ ਵੱਲੋਂ ਲਿਖੀ ਕਿਤਾਬ



'ਤਵਾਰੀਖ਼ ਸ਼ਹੀਦ-ਏ-ਖ਼ਾਲਿਸਤਾਨ' ਵੀ ਕਾਫ਼ੀ ਚਰਚਾ 'ਚ ਹੈ ਜਿਸ ਕਰਕੇ ਪਿਛਲੇ ਲੰਬੇ ਸਮੇਂ ਤੋਂ ਉਹ ਸਰਕਾਰ ਦੀਆਂ ਅੱਖਾਂ 'ਚ ਰੜਕ ਰਿਹਾ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਉਹ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ ਜਥੇਬੰਦੀ ਨਾਲ਼ ਸੰਬੰਧਿਤ ਹੈ ਅਤੇ ਮਾਨ ਦਲ ਅਤੇ ਦਲ ਖ਼ਾਲਸਾ ਨਾਲ਼ ਰਲ਼ ਕੇ ਪੰਥਕ ਸਰਗਰਮੀਆਂ 'ਚ ਵਧ-ਚੜ ਕੇ ਹਿੱਸਾ ਲੈਂਦਾ ਹੈ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਮੈਨੂੰ ਹਰ ਤਿੰਨ-ਚਾਰ ਮਹੀਨਿਆਂ ਬਾਅਦ ਪੁਲੀਸ ਵੱਲੋਂ ਬੇ-ਵਜਾ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਹੈ। ਕਦੇ ਬੀ ਡਵੀਜ਼ਨ ਥਾਣੇ ਵਾਲ਼ੇ, ਕਦੇ ਸੀ.ਆਈ.ਡੀ. ਵਾਲ਼ੇ, ਕਦੇ ਸੀ.ਆਈ.ਏ ਸਟਾਫ਼ ਵਾਲ਼ੇ, ਕਦੇ ਆਈ.ਬੀ. ਵਾਲ਼ੇ, ਕਦੇ ਐੱਨ.ਆਈ.ਏ. ਵਾਲ਼ੇ ਤੇ ਕਦੇ ਮਾਲ਼ ਮੰਡੀ ਸਪੈਸ਼ਲ ਬ੍ਰਾਂਚ ਵਾਲ਼ੇ ਉਸ ਤੋਂ ਪੁੱਛਗਿੱਛ ਕਰਦੇ ਹਨ। ਉਹਨਾਂ ਕਿਹਾ ਕਿ ਕੀ ਇਹ ਲੋਕਤੰਤਰ ਹੈ ? ਕੀ ਹੁਣ ਸਿੱਖੀ ਦਾ ਪ੍ਰਚਾਰ ਕਰਨਾ ਵੀ ਜੁਰਮ ਹੈ ? ਕੀ ਅਸੀਂ ਆਪਣੇ ਹੱਕਾਂ ਦੀ ਗੱਲ ਵੀ ਨਹੀਂ ਕਰ ਸਕਦੇ ? ਭਾਈ ਰਣਜੀਤ ਸਿੰਘ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਉਹਨਾਂ ਦੇ ਹੱਥਾਂ-ਪੈਰਾਂ ਦੇ ਨਿਸ਼ਾਨ ਲਏ ਜਾ ਚੁੱਕੇ ਹਨ, ਉਹਨਾਂ ਦਾ ਮੋਬਾਇਲ ਬਿਨਾਂ ਕਨੂੰਨੀ ਪ੍ਰਕਿਰਿਆ ਦੇ ਚੈੱਕ ਕੀਤਾ ਜਾਂਦਾ ਹੈ ਜੋ ਕਿ ਸਰਾਸਰ ਧੱਕਾ ਅਤੇ ਪੁਲਿਸ ਦਾ ਗ਼ੈਰ-ਕਾਨੂੰਨੀ ਰਵੱਈਆ ਹੈ। ਸੰਵਿਧਾਨਿਕ, ਜਮਹੂਰੀਅਤ, ਲੋਕਤੰਤਰਿਕ ਅਤੇ ਕਾਨੂੰਨੀ ਦਾਇਰੇ 'ਚ ਰਹਿ ਕੇ ਰਾਜਨੀਤਿਕ ਅਤੇ ਸ਼ਾਂਤਮਈ ਢੰਗ ਨਾਲ਼ ਪੰਥ ਅਤੇ ਪੰਜਾਬ ਦੇ ਹੱਕਾਂ ਲਈ ਸੰਘਰਸ਼ ਕਰਨ ਵਾਲ਼ੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਜਿਹੇ ਅਨੇਕਾਂ ਪੰਥ ਦਰਦੀ ਸਿੱਖ ਨੌਜਵਾਨ ਸਰਕਾਰ ਦੇ ਨਿਸ਼ਾਨੇ 'ਤੇ ਹਨ। ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ, ਪੰਥਕ ਜਥੇਬੰਦੀਆਂ, ਸੰਪਰਦਾਵਾਂ, ਸੰਸਥਾਵਾਂ ਨੂੰ ਸਰਕਾਰ ਦੇ ਇਸ ਘਟੀਆ ਵਤੀਰੇ ਖ਼ਿਲਾਫ਼ ਆਵਾਜ਼ ਚੁੱਕਣੀ ਚਾਹੀਦੀ ਹੈ।

# ਨਕੋਦਰ ਬੇਅਦਬੀ ਕਾਂਡ ਦੇ ਇਨਸਾਫ਼ ਲਈ ਜਾਖੜ ਨੂੰ ਪੰਚਾਇਤ ਨੇ ਦਿੱਤਾ ਮੰਗ ਪੱਤਰ

**ਜਲੰਧਰ/ਏ.ਟੀ ਨਿਊਜ਼ :** ਪੰਜਾਬ ਵਿੱਚ ਜਦੋਂ ਬਰਗਾੜੀ ਬੇਅਦਬੀ ਦਾ ਮੁੱਦਾ ਭਖਿਆ ਹੋਇਆ ਹੈ ਉਦੋਂ ਪਿੰਡ ਲਿੱਤਰਾਂ ਦੀ ਪੰਚਾਇਤ ਨੇ ਸਰਪੰਚ ਰੁਪਿੰਦਰ ਸਿੰਘ ਭਿੰਦਾ ਦੀ ਅਗਵਾਈ ਹੇਠ ਪਿੰਡ ਵੱਲੋਂ ਪੰਜਾਬ ਕਾਂਗਰਸ ਕਮੇਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੂੰ ਮੰਗ ਪੱਤਰ ਦਿੱਤਾ ਗਿਆ ।ਪਿੰਡ ਦੀ ਪੰਚਾਇਤ ਨੇ ਦੱਸਿਆ ਕਿ 34 ਸਾਲ ਪਹਿਲਾਂ 2 ਫਰਵਰੀ 1986 ਨੂੰ ਨੂੰ ਸ਼ਰਾਰਤੀ ਅਨਸਰਾਂ ਨੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਜ ਪਾਵਨ ਸਰੂਪ ਗੁਰਦਵਾਰਾ ਸ਼੍ਰੀ ਗੁਰੂ ਅਰਜਨ ਸਾਹਿਬ, ਮਹੱਲਾ ਗੁਰੂ ਨਾਨਕਪੁਰਾ, ਨਕੋਦਰ ਅਗਨ ਭੇਂਟ ਕਰ ਦਿੱਤੇ ਸਨ। ਇਸ ਘਟਨਾ ਵਿਰੁੱਧ ਰੋਸ ਪ੍ਰਗਟਾਉਣ ਲਈ 4 ਫ਼ਰਵਰੀ 1986 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੁੰਦਿਆ ਹੋਇਆ ਪੰਜਾਬ ਪੁਲੀਸ ਨੇ ਚਾਰ ਸਿੱਖ ਨੌਜਵਾਨਾਂ ਨੂੰ ਅੰਨੇਵਾਹ ਚਲਾਈਆਂ ਗੋਲੀਆਂ ਨਾਲ ਭੁੰਨ ਦਿੱਤਾ ਸੀ। ਇਨਾਂ ਚਾਰ ਸਿੱਖ ਨੌਜਵਾਨਾਂ ਵਿੱਚ ਇੱਕ ਨੌਜਵਾਨ ਭਾਈ ਰਵਿੰਦਰ ਸਿੰਘ ਇਸੇ ਪਿੰਡ ਲਿੱਤਰਾਂ ਦਾ ਰਹਿਣ ਵਾਲਾ ਸੀ। ਮੰਗ ਪੱਤਰ ਲੈਣ ਉਪਰੰਤ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਪਿੰਡ ਵਾਲਿਆਂ ਨੂੰ ਭਰੋਸਾ ਦਿੱਤਾ ਕਿ ਉਹ ਨਿੱਜੀ ਤੌਰ 'ਤੇ ਇਸ ਅਹਿਮ ਮੁੱਦੇ ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਉਟਾਉਣਗੇ।

ਜ਼ਿਕਰਯੋਗ ਹੈ ਕਿ 1986 ਵਿੱਚ ਵਾਪਰੇ ਨਕੋਦਰ ਗੋਲੀ ਕਾਂਡ ਵਾਂਗ ਹੀ ਬਰਗਾੜੀ ਬੇਅਦਬੀ ਕਾਂਡ ਵਾਪਰਿਆ ਸੀ ।

ਦੋਵਾਂ ਘਟਨਾਵਾਂ ਵਿੱਚ ਬਹੁਤ ਸਾਰੀਆਂ ਸਮਾਨਤਾਵਾਂ ਹਨ। ਬੇਅਦਬੀਆਂ ਦੀਆਂ ਇੰਨਾਂ ਦੋਵੇਂ ਘਟਨਾਵਾਂ ਵੇਲੇ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਹੀ ਸਨ।ਦੋਵੇਂ ਘਟਨਾਵਾਂ ਵਿੱਚ ਪੁਲੀਸ ਨੇ ਅੰਨੇਵਾਹ ਗੋਲੀਆਂ ਚਲਾਈਆਂ ਤੇ ਸ਼ਾਂਤਮਈ ਰੋਸ ਪਰਗਟਾਉਣ ਵਾਲਿਆਂ ਕੋਲ ਹਥਿਆਰ ਹੋਣ ਦੀ ਗੱਲ ਵੀ ਪੁਲੀਸ ਨੇ ਇੰਨਾਂ ਦੋਵੇਂ ਘਟਨਾਵਾਂ ਵਿੱਚ ਕਹੀ ਹੈ। ਲਿੱਤਰਾਂ ਪਿੰਡ ਦੇ ਸਰਪੰਚ ਰੁਪਿੰਦਰ ਸਿੰਘ ਭਿੰਦਾ ਨੇ ਦੱਸਿਆ ਕਿ ਉਨਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਨਕੋਦਰ ਬੇਅਦਬੀ ਕਾਂਡ ਦੀ ਜਾਂਚ ਲਈ ਬਣਾਏ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਸਾਕਾ ਨਕੋਦਰ ਸੰਬੰਧੀ ਪੂਰੀ ਰਿਪੋਰਟ ਜਨਤਿਕ ਕਰਵਾਉਣ ।

ਪੰਜਾਬ ਵਿਧਾਨ ਸਭਾ ਵਿੱਚ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਸਾਕਾ ਨਕੋਦਰ ਸੰਬੰਧੀ ਰਿਪੋਰਟ ਤੇ ਬਹਿਸ ਕਰਵਾਕੇ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਿਕ ਦੋਸ਼ੀਆਂ ਤੇ ਮੁਕੱਦਮੇ ਕਰਨ ਅਤੇ ਸਜਾਵਾਂ ਦੇਣ ਲਈ ਐਕਸ਼ਨ ਰਿਪੋਰਟ ਜਾਰੀ ਕਰਵਾਉਣ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਈਆਂ ਜਾਣ।

# ਆਰ.ਐਸ.ਐਸ. ਦਾ ਸਿਖ ਵਿਦਿਅਕ ਅਦਾਰਿਆਂ ਵਿਚ ਵਧਦਾ ਦਖਲ ਰੋਕਣ ਦੀ ਲੋੜ

**✪ ਮਹਾਨ ਕੋਸ਼ ਦੀ ਪ੍ਰਮਾਣਿਕਤਾ ਨੂੰ ਸ਼ਕੀ ਬਣਾਉਣ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸੋਧਣ ਦੇ ਨਾਂ ਹੇਠ ਇਸ ਵਿਚ ਗਲਤ ਐਂਟਰੀਆਂ ਸ਼ਾਮਲ ਕੀਤੀਆਂ ਤੇ ਇਸਦੇ ਹਿੰਦੀ ਤੇ ਅੰਗਰੇਜ਼ੀ ਅਨੁਵਾਦ ਵਿਚ ਮੂਲ ਸਿਧਾਂਤਾਂ ਨੂੰ ਹੀ ਬਦਲ ਦਿੱਤਾ ✪ ਧਨੌਲਾ ਨੇੜੇ ਸਕੂਲਾਂ ਵਿਚ ਵਿਦਿਆਰਥੀਆਂ ਤੋਂ ਜਬਰਦਸਤੀ ਸੀ. ਏ. ਏ. ਦੇ ਹਕ ਵਿਚ ਦਸਤਖਤ ਕਰਵਾਏ**

### - ਗੁਰਬਚਨ ਸਿੰਘ

ਪੰਜਾਬ ਦੇ ਅਲਬੇਲੇ ਸ਼ਾਇਰ ਪ੍ਰੋ ਪੂਰਨ ਸਿੰਘ ਨੇ ਕਿਹਾ ਹੈ, ਪੰਜਾਬ ਜਿਉਂਦਾ ਗੁਰਾਂ ਦੇ ਨਾਂ ਤੇ। ਇਥੇ ਗਿਆਨ ਅਤੇ ਗੁਰਮਤਿ ਫਲਸਫੇ ਦੇ ਸਿਰਮੌਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਹੋਈ। ਗੁਰਮਤਿ ਫਲਸਫੇ ਦਾ ਸਰਬ ਸਾਂਝੀਵਾਲਤਾ ਦਾ ਸੰਦੇਸ਼ ਪੂਰੀ ਦੁਨੀਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਪੰਜਾਬ ਦੇ ਯੋਧੇ ਮਹਾਂਬਲੀ, ਸੂਰਮੇ ਅਤੇ ਦੇਸ ਭਗਤਾਂ ਅਤੇ ਦਾਨੀਆਂ ਦੇ ਸਦਕਾ ਪੰਜਾਬ ਦਾ ਦੇਸ-ਵਿਦੇਸ਼ ਵਿਚ ਉੱਚਾ ਨਾਂ ਹੈ। ਪੰਜਾਬੀਆਂ ਨੇ ਹਮੇਸ਼ਾ ਸਮਾਜ ਨੂੰ ਬਿਹਤਰ ਬਣਾਉਣ ਲਈ ਪੂਰੀ ਦਰਿਆਦਿਲੀ ਨਾਲ ਦਾਨ ਦਿਤਾ ਹੈ। ਪੰਜਾਬ ਨੂੰ ਸਿਖਿਅਤ ਬਣਾਉਣ ਲਈ ਅਨੇਕ ਵਿਦਵਾਨਾਂ, ਸੰਸਥਾਵਾਂ ਨੇ ਮਹਤਵਪੂਰਨ ਹਿਸਾ ਪਾਇਆ ਹੈ। ਅਨੇਕ ਸੰਸਥਾਵਾਂ ਨੇ ਗੁਰੂਆਂ ਦੇ ਵਿਦਿਆ ਵੀਚਾਰੀ ਤਾ ਪਰਉਪਕਾਰੀ ਦਾ ਸੰਦੇਸ਼ ਫੈਲਾਉਣ ਲਈ ਜੀਅ ਤੋੜ ਉਪਰਾਲੇ ਕੀਤੇ ਹਨ।

ਅਜੋਕੇ ਸਮੇਂ ਵਿਚ ਆਰ.ਐਸ.ਐਸ. ਵਲੋਂ ਸਿਖ ਪੰਥ ਦੇ ਸਿਰਮੌਰ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਸਮੇਤ ਮਨੁੱਖਤਾ ਦੀ ਭਲਾਈ ਲਈ ਕਾਰਜਸ਼ੀਲ ਸਾਰੇ ਸਿਖ ਅਦਾਰਿਆਂ, ਸਿਖ ਧਰਮ, ਦਰਸ਼ਨ ਬਾਰੇ ਪ੍ਰਮਾਣਿਕ ਗ੍ਰੰਥਾਂ ਅਤੇ ਪੁਸਤਕਾਂ ਵਿਚ ਪੂਰੀ ਤਰਾਂ ਦਖਲਅੰਦਾਜ਼ੀ ਕੀਤੀ ਜਾ ਰਹੀ ਹੈ। ਆਰ.ਐਸ.ਐਸ. ਆਪਣੇ ਗੁਪਤ ਏਜੰਡੇ ਦੇ ਤਹਿਤ ਇਨਾਂ ਸੰਸਥਾਵਾਂ ਵਿਚ ਘੁਸਪੈਠ ਕਰਕੇ ਸਿਧੇ ਜਾਂ ਅਸਿਧੇ ਰੂਪ ਵਿਚ ਕਾਬਜ਼ ਹੋਣਾ ਚਾਹੁੰਦੀ ਹੈ। ਸਿਖ ਧਰਮ ਦੇ ਪ੍ਰਮਾਣਿਕ ਹਵਾਲਾ ਪੁਸਤਕਾਂ ਦੀ ਪੁਨਰ ਛਪਾਈ ਜਾਂ ਸੋਧ ਦੇ ਨਾਂ ਹੇਠ ਉਨਾਂ ਦੇ ਬੁਨਿਆਦੀ ਸੂਤਰਾਂ ਨੂੰ ਢਾਹ ਲਾਈ ਜਾ ਰਹੀ ਹੈ। ਇਸ ਦੀਆਂ ਮੁਖ ਉਦਾਹਰਣਾਂ ਹੇਠ ਲਿਖੀਆ ਹਨ—

ਪ੍ਰਸਿਧ ਵਿਦਵਾਨ ਭਾਈ ਕਾਨ ਸਿੰਘ ਨਾਭਾ ਦੁਆਰਾ ਤਿਆਰ ਕੀਤਾ ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਸਿਖ ਇਤਿਹਾਸ, ਸਾਹਿਤ, ਭਾਸ਼ਾ, ਸਭਿਆਚਾਰ, ਗੁਰਦੁਆਰਾ ਸਾਹਿਬ ਦੇ ਸੰਕਲਪਾਂ, ਗੁਰਮਤਿ ਦੇ ਸੰਦੇਸ਼ਾਂ ਦਾ ਇਕੋ ਇਕ ਸਹੀ ਅਤੇ ਪ੍ਰਮਾਣਿਕ ਗ੍ਰੰਥ ਹੈ। ਮਹਾਨ ਕੋਸ਼ ਦੀ ਪ੍ਰਮਾਣਿਕਤਾ ਦਾ ਸਭ ਤੋਂ ਵਡਾ ਸਬੂਤ ਹੈ ਕਿ ਹੁਣ ਤਕ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਇਤਿਹਾਸ, ਰਾਜਨੀਤੀ ਸ਼ਾਸਤਰ, ਫਿਲਾਸਫੀ, ਪੰਜਾਬੀ, ਅੰਗਰੇਜੀ, ਹਿੰਦੀ ਸੰਸਕ੍ਰਿਤ ਆਦਿ ਅਨੇਕ ਵਿਸ਼ਿਆਂ ਦੇ ਐਮ.ਫਿਲ. ਤੇ ਪੀ. ਐਚ. ਡੀ. ਡਿਗਰੀ ਲਈ ਪੇਸ਼ ਕੀਤੇ ਬਹੁਗਿਣਤੀ ਖੋਜ ਪ੍ਰਬੰਧਾਂ ਵਿਚ ਮਹਾਨ ਕੋਸ਼ ਦੇ ਹਵਾਲੇ ਮਿਲਦੇ ਹਨ। ਮਹਾਨ ਕੋਸ਼ ਦੀ ਪ੍ਰਮਾਣਿਕਤਾ ਨੂੰ ਸ਼ਕੀ ਬਣਾਉਣ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇਸ ਨੂੰ ਸੋਧਣ ਦੇ ਨਾਂ ਹੇਠ ਇਸ ਵਿਚ ਗਲਤ ਐਂਟਰੀਆਂ ਸ਼ਾਮਲ ਕੀਤੀਆਂ ਅਤੇ ਇਸਦੇ ਹਿੰਦੀ ਤੇ ਅੰਗਰੇਜੀ ਅਨੁਵਾਦ ਵਿਚ ਮੂਲ ਸਿਧਾਂਤਾਂ ਨੂੰ ਹੀ ਬਦਲ ਕੇ ਰਖ ਦਿਤਾ। ਜਿਸ ਬਾਰੇ ਗੰਭੀਰ ਵਿਵਾਦ ਖੜਾ ਹੋਇਆ।

ਇਹ ਜ਼ਿਕਰਯੋਗ ਹੈ ਕਿ 1930 ਵਿਚ ਮਹਾਰਾਜਾ ਪਟਿਆਲਾ




ਨੇ ਇਸ ਨੂੰ ਚਾਰ ਜਿਲਦਾਂ ਵਿਚ ਛਪਵਾਇਆ ਸੀ। ਉਸ ਤੋਂ ਬਾਅਦ ਭਾਸ਼ਾ ਵਿਭਾਗ ਪੰਜਾਬ ਨੇ ਪਹਿਲੀ ਵਾਰ ਇਸ ਨੂੰ 1960 ਵਿਚ ਛਾਪਿਆ ਤੇ ਪਾਠਕਾਂ ਦੀ ਮੰਗ ਉਤੇ ਅਨੇਕ ਵਾਰ ਇਸਦੀ ਛਪਾਈ ਹੋਈ। ਨਿਰਸੰਦੇਹ ਭਾਸ਼ਾ ਵਿਭਾਗ ਵਲੋਂ ਵੀ ਕੁਝ ਐਂਟਰੀਆਂ ਨਾਲ ਛੇੜਛਾੜ ਹੋਈ, ਜਿਵੇਂ 1974 ਵਾਲੇ ਐਡੀਸ਼ਨ ਵਿਚ ਭਾਟੜਾ ਐਂਟਰੀ ਨੂੰ ਵੇਖਿਆ ਜਾ ਸਕਦਾ ਹੈ। ਪੰਜਾਬੀ ਯੂਨੀਵਰਸਿਟੀ ਦੇ ਵਿਦਵਾਨਾਂ ਨੇ ਤਾਂ ਸਿਰਾ ਹੀ ਲਾ ਦਿਤਾ। ਉਨਾਂ ਨੇ ਇਸ ਕੋਸ਼ ਦਾ ਪੂਰਾ ਸਰੂਪ ਹੀ ਵਿਗਾੜ ਦਿਤਾ। ਆਰ.ਐਸ.ਐਸ. ਨਾਲ ਜੁੜੀਆਂ ਸ਼ਕਤੀਆਂ ਦਾ ਇਸ ਸਾਜਿਸ਼ ਵਿਚ ਸ਼ਾਮਿਲ ਹੋਣ ਦੇ ਸਬੂਤ ਅਨੇਕ ਵਾਰ ਅਖਬਾਰਾਂ ਵਿਚ ਛਪ ਚੁਕੇ ਹਨ। 2.75 ਕਰੋੜ ਰੁਪਏ ਖਰਚ ਕੇ ਯੂਨੀਵਰਸਿਟੀ ਨੇ ਇਸ ਮਹਾਨ ਕੋਸ਼ ਦੀ ਆਭਾ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ। ਸਰਕਾਰੀ ਪੈਸੇ ਦੀ ਦੁਰਵਰਤੋਂ ਕੀਤੀ ਗਈ। ਸਿਖ ਚਿੰਤਕਾਂ ਦੇ ਰੋਸ ਕਾਰਣ ਪੜਤਾਲ ਉਪਰੰਤ ਇਨਾਂ ਦੀ ਵਿਕਰੀ ਉਤੇ ਰੋਕ ਲਾਈ ਗਈ। ਇਸ ਪੰਥ ਵਿਰੋਧੀ ਸਕੈਂਡਲ ਵਿਰੁਧ ਪੜਤਾਲ ਹੋਣੀ ਚਾਹੀਦੀ ਹੈ।

ਇਸ ਪ੍ਰਕਾਰ ਹੀ ਧਨੌਲਾ ਨੇੜੇ ਸਕੂਲਾਂ ਵਿਚ ਵਿਦਿਆਰਥੀਆਂ ਤੋਂ ਜਬਰਦਸਤੀ ਸੀ. ਏ. ਏ. ਦੇ ਹਕ ਵਿਚ ਦਸਤਖਤ ਕਰਵਾਏ ਗਏ। ਅਜਿਹਾ ਆਰ. ਐਸ. ਐਸ. ਨਾਲ ਜੁੜੇ ਵਿਦਿਆ ਭਾਰਤੀ ਸਕੂਲਾਂ ਵਿਚ ਕਰਵਾਇਆ ਗਿਆ। ਇਸ ਬਾਰੇ ਬਹੁਤ ਸਾਰੀਆਂ ਵੀਡੀਓਜ਼ ਵਾਇਰਲ ਹੋਈਆਂ ਹਨ। ਇਲਾਕੇ ਦੇ ਚੇਤੰਨ ਵਰਗ ਵਲੋਂ ਰੋਸ ਪ੍ਰਗਟ ਕਰਨ 'ਤੇ ਪ੍ਰਬੰਧਕਾਂ ਨੂੰ ਮਾਫੀ ਮੰਗਣੀ ਪਈ ਪਰ ਸਰਕਾਰ ਵਲੋਂ ਹਾਲੇ ਤਕ ਇਸ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਗਈ। ਆਰ. ਐਸ. ਐਸ. ਦੀ ਸਿਖਿਆ ਅਦਾਰਿਆਂ ਵਿਚ ਦਖਲਅੰਦਾਜੀ ਦੀ ਤਾਜ਼ਾ ਮਿਸਾਲ ਬਨਾਰਸ ਹਿੰਦੂ ਯੂਨੀਵਰਸਿਟੀ ਦਾ ਨੀਂਹ ਪਥਰ ਰਖਣ ਵਾਲੇ ਵੀਹਵੀਂ ਸਦੀ ਦੇ ਮਹਾਨ ਸੰਤ ਅਤਰ ਸਿੰਘ ਮਸਤੂਆਣਾ ਜੀ ਦੇ ਸੰਕਲਪਾਂ ਨੂੰ ਸਮਰਪਿਤ ਅਕਾਲ ਡਿਗਰੀ ਕਾਲਜ ਲੜਕੀਆਂ ਸੰਗਰੂਰ ਨੂੰ ਢਾਹ ਲਾਉਣ ਲਈ ਇਸ ਦੇ ਕਾਰਕੁੰਨਾਂ ਵਲੋਂ ਸਿਧੇ ਢੰਗ ਨਾਲ ਚਲਾਈ ਜਾ ਰਹੀ ਮੁਹਿੰਮ ਹੈ।

ਇਹ ਜ਼ਿਕਰਯੋਗ ਹੈ ਕਿ ਇਹ ਕਾਲਜ 1970 ਵਿਚ ਤਤਕਾਲੀ ਬਿਜਲੀ ਤੇ ਸਿੰਜਾਈ ਮੰਤਰੀ ਸ. ਗੁਰਬਖਸ਼ ਸਿੰਘ ਸਿਬੀਆ ਨੇ ਸਥਾਪਤ ਕੀਤਾ ਸੀ। ਇਸ ਪਛੜੇ ਇਲਾਕੇ ਵਿਚ ਉਦੋਂ ਲੜਕੀਆਂ ਦੀ ਵਿਦਿਆ ਦਾ ਕੋਈ ਵੀ ਕਾਲਜ ਨਹੀਂ ਸੀ।

ਪ੍ਰਿੰ. ਸੁਰਜੀਤ ਸਿੰਘ ਗਾਂਧੀ ਤੇ ਪ੍ਰਿੰ. ਸਵਰਾਜ ਕੌਰ ਜੀ ਦੀ ਮਿਹਨਤ ਸਦਕਾ ਇਹ ਪੰਜਾਬ ਦੀ ਨਾਮਵਰ ਸੰਸਥਾ ਬਣ ਗਿਆ। ਜਿਥੇ ਸਿਖਿਆ ਦੇ ਨਾਲ ਲੜਕੀਆਂ ਦੇ ਚਰਿਤਰ ਨਿਰਮਾਣ ਲਈ ਨੈਤਿਕ ਸਿਖਿਆ ਵੀ ਮੁਹਈਆ ਕਰਵਾਈ ਜਾ ਰਹੀ ਹੈ। ਕਾਲਜ ਵਿਚ ਬੀ. ਕਾਮ., ਬੀ. ਸੀ. ਏ., ਬੀ.ਵਾਕ., ਐਮ. ਐਸ. ਸੀ. ਆਈ. ਟੀ., ਪੀ.ਜੀ. ਡੀ.ਸੀ.ਏ. ਦੇ ਕੋਰਸ ਬਹੁਤ ਚੰਗੀ ਤਰਾਂ ਚਲ ਰਹੇ ਹਨ। ਬੀ. ਏ. ਵਿਚ ਵਿਦਿਆਰਥੀਆਂ ਦਾ ਰੁਝਾਨ ਘਟ ਜਾਣ ਕਾਰਣ ਬਚਿਆਂ ਦੇ ਦਾਖਲੇ ਘਟ ਹੋ ਰਹੇ ਹਨ, ਇਸ ਲਈ ਪ੍ਰਬੰਧਕਾਂ ਨੇ ਸਰਕਾਰੀ ਸਿਖਿਆ ਨੀਤੀ ਅਨੁਸਾਰ ਕੋਰਸਾਂ ਦੇ ਪੁਨਰਗਠਨ ਦੀ ਕਿਰਿਆ ਕਾਨੂੰਨੀ ਢੰਗ ਨਾਲ ਆਰੰਭ ਕੀਤੀ ਹੈ। ਇਸ ਲਈ ਮੈਨੇਜਮੈਂਟ ਪੂਰੀ ਤਰੀ ਅਧਿਕਾਰਤ ਹੈ। ਕਿਉਂਕਿ ਅਜੋਕੀਆਂ ਹਾਲਤਾਂ ਵਿਚ ਸਰਕਾਰ ਵਲੋਂ ਵਿਦਿਅਕ ਕੋਰਸਾਂ, ਸਿਲੇਬਸਾਂ ਅਤੇ ਸੰਸਥਾਵਾਂ ਦੇ ਢਾਂਚੇ ਨੂੰ ਨਵਾਂ ਰੂਪ ਦੇਣ ਦੇ ਕਾਰਜ ਕੀਤੇ ਜਾ ਰਹੇ ਹਨ। ਸਰਕਾਰ ਦੀ ਇਸ ਨੀਤੀ ਦੇ ਅਧੀਨ ਅਕਾਲ ਡਿਗਰੀ ਕਾਲਜ ਲੜਕੀਆਂ ਸੰਗਰੂਰ ਵਿਚ ਵੀ ਕੋਰਸਾਂ ਦਾ ਪੁਨਰਗਠਨ ਕਰਨ ਦੀ ਯੋਜਨਾ ਤਿਆਰ ਕੀਤੀ ਗਈ ਹੈ।

ਇਹ ਸੰਗਰੂਰ ਦੇ ਪਛੜੇ ਤੇ ਪੇਂਡੂ ਇਲਾਕਾਈ ਲੋੜਾਂ ਦੇ ਮੁਤਾਬਿਕ ਉਚ ਵਿਦਿਅਕ ਮਾਪਦੰਡਾਂ ਦੇ ਅਨੁਸਾਰ ਤਿਆਰ ਕੀਤੀ ਗਈ ਹੈ, ਤਾਂ ਜੋ ਪੇਂਡੂ ਦਲਿਤ, ਗਰੀਬ ਤੇ ਸਿਖ ਪਰਿਵਾਰਾਂ ਦੀਆਂ ਲੜਕੀਆਂ ਉਚ ਮਿਆਰੀ ਸਿਖਿਆ ਹਾਸਲ ਕਰਕੇ ਸੰਤ ਅਤਰ ਸਿੰਘ ਜੀ ਦੇ ਸੰਕਲਪਾਂ ਅਨੁਸਾਰ ਆਪਣੇ ਪੈਰਾਂ ਉਤੇ ਖੜੀਆਂ ਹੋ ਸਕਣ ਅਤੇ ਕਾਲਜ ਕਰੋੜਾਂ ਰੁਪਏ ਦੇ ਘਾਟੇ ਵਿਚੋਂ ਉਭਰ ਸਕੇ।

ਪਰ ਇਸ ਤੋਂ ਚਿੜ ਕੇ ਆਰ. ਐਸ. ਐਸ. ਨਾਲ ਜੁੜੇ ਤਤਾਂ, ਸਿਖਿਆ ਤੇ ਭੌਂਅ ਮਾਫੀਆ ਤੇ ਸਵਾਰਥੀ ਅਨਸਰਾਂ ਨੇ ਮਿਲ ਕੇ ਇਕ ਸਾਜਿਸ਼ੀ ਮੁਹਿੰਮ ਆਰੰਭੀ ਹੋਈ ਹੈ। ਇਸ ਨੂੰ ਵਿਵਾਦਤ ਤੇ ਭ੍ਰਿਸ਼ਟ ਅਧਿਕਾਰੀ ਆਪਣੇ ਨਿਜੀ ਹਿਤਾਂ ਦੀ ਪੂਰਤੀ ਲਈ ਹਲਾਸ਼ੇਰੀ ਦੇ ਰਹੇ ਹਨ ਤਾਂ ਜੋ ਇਸ ਸੰਸਥਾ ਉਤੇ ਕਬਜਾ ਕੀਤਾ ਜਾ ਸਕੇ। ਇਸ ਲਈ ਪੰਜਾਬ ਦੇ ਵਿਰਸੇ, ਸਿਖ ਧਰਮ ਤੇ ਇਤਿਹਾਸ ਲਈ ਅਜਿਹੀ ਖਤਰਨਾਕ ਮੁਹਿੰਮ ਦਾ ਜ਼ੋਰਦਾਰ ਵਿਰੋਧ ਕਰਨ ਲਈ ਸੰਤ ਅਤਰ ਸਿੰਘ ਦੇ ਮੁਦਈਆਂ ਅਤੇ ਗੁਰਮਤਿ ਆਸ਼ੇ ਨੂੰ ਸਮਰਪਿਤ ਵਿਦਵਾਨਾਂ ਨੂੰ ਅਗੇ ਆਉਣਾ ਚਾਹੀਦਾ ਹੈ।

# ਭਾਰਤ ਵਿਚ ਰਹਿਮ ਦੀ ਅਪੀਲ ਦਾ ਆਧਾਰ ਕੀ ਹੈ ?

### - ਐੱਮਪੀ ਸਿੰਘ ਪਾਹਵਾ

ਭਾਰਤ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਸਾਡੇ ਲੋਕਤੰਤਰ ਦੇ ਤਿੰਨ ਥੰਮ ਮੰਨੇ ਜਾਂਦੇ ਹਨ ਵਿਧਾਨ ਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ। ਇਨਾਂ ਤਿੰਨਾਂ ਦਾ ਕਾਰਜ ਖੇਤਰ ਵੱਖੋ-ਵੱਖਰਾ ਹੈ। ਸੰਸਦ/ਵਿਧਾਨ ਸਭਾ ਦਾ ਕੰਮ ਕਾਨੂੰਨ ਬਣਾਉਣਾ ਹੈ। ਕਾਰਜਪਾਲਿਕਾ ਇਨਾਂ ਕਾਨੂੰਨਾਂ ਨੂੰ ਲਾਗੂ ਕਰਦੀ ਹੈ। ਅਦਾਲਤਾਂ ਇਹ ਵੇਖ ਸਕਦੀਆਂ ਹਨ ਕਿ ਬਣਾਏ ਗਏ ਕਾਨੂੰਨ ਸੰਸਦ/ ਵਿਧਾਨ ਸਭਾ ਦੇ ਅਧਿਕਾਰ ਖੇਤਰ ਅਨੁਸਾਰ ਹਨ ਜਾਂ ਨਹੀਂ ਅਤੇ ਇਨਾਂ ਕਾਰਨ ਕਿਸੇ ਮੌਲਿਕ ਅਧਿਕਾਰ ਦੀ ਉਲੰਘਣਾ ਤਾਂ ਨਹੀਂ ਹੋ ਰਹੀ। ਇਸ ਤੋਂ ਇਲਾਵਾ ਅਦਾਲਤਾਂ ਵੱਖ-ਵੱਖ ਕਿਸਮ ਦੇ ਮੁਕੱਦਮਿਆਂ ਦੀ ਸੁਣਵਾਈ ਕਰਨ ਤੋਂ ਬਾਅਦ ਫਿਰ ਫ਼ੈਸਲਾ ਕਰਦੀਆਂ ਹਨ। ਵੱਖ-ਵੱਖ ਮੁਕੱਦਮਿਆਂ ਨਾਲ ਸਬੰਧਤ ਧਿਰਾਂ ਨੂੰ ਹੇਠਲੀਆਂ ਅਦਾਲਤਾਂ ਦੇ ਫ਼ੈਸਲਿਆਂ ਵਿਰੁੱਧ ਉਪਰਲੀ ਅਦਾਲਤ ਵਿਚ ਅਪੀਲ ਜਾਂ ਪਟੀਸ਼ਨ ਦਾਇਰ ਕਰਨ ਦਾ ਵੀ ਕਾਨੂੰਨੀ ਹੱਕ ਹੈ। ਸਰਬਉੱਚ ਅਦਾਲਤ ਭਾਵ ਸੁਪਰੀਮ ਕੋਰਟ ਦਾ ਫੈਸਲਾ ਆਖ਼ਰੀ ਮੰਨਿਆ ਜਾਂਦਾ ਹੈ ਜੋ ਕਿ ਸਾਰੀਆਂ ਧਿਰਾਂ ਨੂੰ ਸਵੀਕਰਨਾ ਹੁੰਦਾ ਹੈ।

ਸੁਪਰੀਮ ਕੋਰਟ ਦੇ ਆਖ਼ਰੀ ਫ਼ੈਸਲੇ ਤੋਂ ਬਾਅਦ ਵੀ ਮੁਜਰਮ ਜਾਂ ਉਸ ਦੇ ਰਿਸ਼ਤੇਦਾਰਾਂ ਕੋਲ ਇਕ ਹੋਰ ਰਾਹ ਹੁੰਦਾ ਹੈ, ਰਹਿਮ ਦੀ ਪਟੀਸ਼ਨ ਦਾ। ਭਾਰਤੀ ਸੰਵਿਧਾਨ ਦੇ ਆਰਟੀਕਲ 72 ਅਧੀਨ ਰਾਸ਼ਟਰਪਤੀ ਨੂੰ ਅਧਿਕਾਰ ਹੈ ਕਿ ਉਹ ਕਿਸੇ ਵੀ ਅਪਰਾਧੀ ਦੀ ਸਜ਼ਾ ਨੂੰ ਮਾਫ਼ ਕਰ ਸਕਦਾ ਹੈ। ਉਸ ਕੋਲ ਸਜ਼ਾ ਦੀ ਕਿਸਮ ਨੂੰ ਬਦਲਣ ਦਾ ਵੀ ਅਧਿਕਾਰ ਹੈ ਮਸਲਨ, ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣਾ ਜਾਂ ਉਮਰ ਕੈਦ ਦੀ ਸਜ਼ਾ ਨੂੰ ਕੁਝ ਨਿਸ਼ਚਿਤ ਸਾਲਾਂ ਦੀ ਸਜ਼ਾ ਵਿਚ ਤਬਦੀਲ ਕਰਨਾ, ਕਿਸੇ ਸਜ਼ਾ 'ਤੇ ਕੁਝ ਸਮੇਂ ਲਈ ਰੋਕ ਲਗਾਉਣੀ ਜਾਂ ਉਸ ਨੂੰ ਘਟਾ ਦੇਣਾ ਆਦਿ। ਅਜਿਹਾ ਹੀ ਅਧਿਕਾਰ ਆਰਟੀਕਲ 161 ਅਧੀਨ ਰਾਜਾਂ ਦੇ ਰਾਜਪਾਲ ਰੱਖਦੇ ਹਨ। ਫ਼ਰਕ ਸਿਰਫ਼ ਇਹ ਹੈ ਕਿ ਰਾਜਪਾਲ ਦਾ ਅਧਿਕਾਰ ਸਿਰਫ਼ ਉਨਾਂ ਜੁਰਮਾਂ ਲਈ ਹੈ ਜੋ ਕਿਸੇ ਰਾਜ ਸਰਕਾਰ ਦੇ ਕਾਨੂੰਨ ਨਾਲ ਸਬੰਧਤ ਹੋਣ ਜਦਕਿ ਰਾਸ਼ਟਰਪਤੀ ਦਾ ਅਧਿਕਾਰ ਕੇਂਦਰ ਸਰਕਾਰ ਦੇ ਬਣਾਏ ਕਾਨੂੰਨ ਦੀ ਉਲੰਘਣਾ ਨਾਲ ਜੁੜਿਆ ਹੈ।

ਸੰਵਿਧਾਨ ਅਨੁਸਾਰ ਭਾਵੇਂ ਰਾਸ਼ਟਰਪਤੀ ਇਹ ਫ਼ੈਸਲਾ ਕਰਨ ਲਈ ਆਜ਼ਾਦ ਮੰਨਿਆ ਜਾਂਦਾ ਹੈ ਪਰ ਅਸਲੀਅਤ ਵਿਚ ਅਜਿਹਾ ਨਹੀਂ ਹੈ। ਰਾਸ਼ਟਰਪਤੀ ਨੇ ਸਾਰੇ ਫ਼ੈਸਲੇ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਹੀ ਕਰਨੇ ਹੁੰਦੇ ਹਨ। ਇਸ ਕਰਕੇ ਕਿਸੇ ਅਪਰਾਧੀ ਦੀ ਸਜ਼ਾ ਮਾਫ਼ੀ ਜਾਂ ਸਜ਼ਾ ਬਦਲਣ ਵਾਲਾ ਫ਼ੈਸਲਾ ਵੀ ਮੰਤਰੀ ਮੰਡਲ ਜਾਂ ਗ੍ਰਹਿ ਮੰਤਰਾਲੇ ਦੀ ਸਲਾਹ ਅਨੁਸਾਰ ਹੀ ਲਿਆ ਜਾਂਦਾ ਹੈ।

ਰਹਿਮ ਦੀ ਪਟੀਸ਼ਨ ਕੋਈ ਵੀ ਮੁਜਰਮ, ਉਸ ਦਾ ਕੋਈ ਰਿਸ਼ਤੇਦਾਰ ਜਾਂ ਵਕੀਲ ਦਾਇਰ ਕਰ ਸਕਦਾ ਹੈ। ਇੱਥੋਂ ਤਕ ਕਿ ਕੋਈ ਤੀਜਾ ਵਿਅਕਤੀ ਜਾਂ ਜੱਥੇਬੰਦੀ ਵੀ ਕਿਸੇ ਮੁਜਰਮ ਦੀ ਸਜ਼ਾ ਮਾਫ਼ੀ ਲਈ ਰਹਿਮ ਦੀ ਪਟੀਸ਼ਨ ਦਾਇਰ ਕਰ ਸਕਦੀ ਹੈ। ਇਹ ਪਟੀਸ਼ਨ ਰਾਸ਼ਟਰਪਤੀ ਕੋਲ ਜਾਂ ਕੇਂਦਰ ਸਰਕਾਰ ਕੋਲ ਭੇਜੀ ਜਾ ਸਕਦੀ ਹੈ। ਇਹ ਪਟੀਸ਼ਨ ਇਕ ਸਾਦਾ ਅਰਜ਼ੀ 'ਚ ਜਾਂ ਚਿੱਠੀ ਦੇ ਰੂਪ ਵਿਚ ਹੋ ਸਕਦੀ ਹੈ ਜਾਂ ਪੂਰੇ ਵੇਰਵਿਆਂ ਸਹਿਤ ਪਟੀਸ਼ਨ ਵਜੋਂ ਵੀ ਦਾਇਰ ਹੋ ਸਕਦੀ ਹੈ। ਭਾਵ ਅਜਿਹੀ ਪਟੀਸ਼ਨ ਦਾਇਰ ਕਰਨ ਲਈ ਕੋਈ ਵਿਸ਼ੇਸ਼ ਪ੍ਰੋਫਾਰਮਾ ਨਹੀਂ ਹੈ।

ਰਹਿਮ ਦੀ ਪਟੀਸ਼ਨ ਦੀ ਸੁਣਵਾਈ ਅਤੇ ਨਿਪਟਾਰੇ ਨਾਲ ਕਈ ਹੋਰ ਸਵਾਲ ਵੀ ਜੁੜੇ ਹੋਏ ਹਨ ਜਿਵੇਂ ਕਿ ਇਸ ਦਾ ਫ਼ੈਸਲਾ ਕਰਨ ਲਈ ਕਿਹੜੀਆਂ ਗੱਲਾਂ ਵਿਚਾਰਨਯੋਗ ਹਨ। ਇਸ ਦਾ ਫ਼ੈਸਲਾ ਕਿੰਨੇ ਸਮੇਂ ਅੰਦਰ ਹੋਣਾ ਚਾਹੀਦਾ ਹੈ ? ਕੀ ਸਬੰਧਤ ਧਿਰਾਂ ਨੂੰ ਨਿੱਜੀ ਸੁਣਵਾਈ ਦਾ ਮੌਕਾ ਹੋਣਾ ਚਾਹੀਦਾ ਹੈ ? ਕੀ ਪਟੀਸ਼ਨ ਮਨਜ਼ੂਰ ਜਾਂ ਰੱਦ ਕੀਤੇ ਜਾਣ ਦੇ ਕਾਰਨ ਦਰਸਾਏ ਜਾਣੇ ਚਾਹੀਦੇ ਹਨ ਜਾਂ ਨਹੀਂ ? ਇਨਾਂ ਸਾਰੀਆਂ ਗੱਲਾਂ ਬਾਰੇ ਅਜੇ ਤਕ ਕੋਈ ਸਪਸ਼ਟ ਅਤੇ ਲਿਖਤੀ ਨੀਤੀ ਨਹੀਂ ਹੈ। ਨਿਰਭੈਆ ਹੱਤਿਆ ਕਾਂਡ ਦੇ ਚਰਚਿਤ ਕੇਸ ਦੇ ਮੁੱਖ ਦੋਸ਼ੀਆਂ ਨੂੰ ਭਾਵੇਂ ਫਾਂਸੀ ਲੱਗ ਚੁੱਕੀ ਹੈ ਪਰ ਇਸ ਫਾਂਸੀ ਵਿਚ ਹੋਈ ਦੇਰੀ ਕਾਰਨ ਹਰ ਪਾਸਿਓਂ ਇਹ ਮੰਗ ਉੱਠ ਰਹੀ ਹੈ ਕਿ ਰਹਿਮ ਦੀਆਂ ਪਟੀਸ਼ਨਾਂ ਦਾਇਰ ਕਰਨ ਅਤੇ ਫਿਰ ਇਨਾਂ ਦਾ ਨਿਪਟਾਰਾ ਕਰਨ ਦੀ ਇਕ ਨਿਸ਼ਚਿਤ ਸਮਾਂ ਹੱਦ ਹੋਣੀ ਚਾਹੀਦੀ ਹੈ। ਇਸ ਮੰਗ ਦਾ ਇਕ ਮੁੱਖ ਕਾਰਨ ਇਹ ਹੈ ਕਿ ਕਈ ਵਾਰ ਫਾਂਸੀ ਦੀ ਸਜ਼ਾ ਨੂੰ ਅਮਲੀ ਰੂਪ ਦੇਣ ਵਿਚ ਦੇਰੀ ਮੁਜਰਮ ਦੀ ਅਪੀਲ/ਪਟੀਸ਼ਨ ਮਨਜ਼ੂਰ ਹੋ ਜਾਣ ਦਾ ਇਕ ਕਾਰਨ ਬਣ ਜਾਂਦੀ ਹੈ। ਕੁਝ ਫਾਂਸੀ ਦੀ ਸਜ਼ਾ ਵਾਲੇ ਦੋਸ਼ੀ ਫਾਂਸੀ ਦੇ ਫੰਦੇ ਤੋਂ ਇਸ ਕਰ ਕੇ ਬਚ ਨਿਕਲਦੇ ਹਨ ਕਿ ਉਨਾਂ ਨੂੰ ਫਾਂਸੀ ਦੇਣ ਵਿਚ ਬੇਲੋੜੀ ਦੇਰ ਹੋ ਗਈ ਸੀ।

ਉੱਤਰ ਪ੍ਰਦੇਸ਼ ਦੇ ਗੋਂਡਾ ਜ਼ਿਲੇ ਦੇ ਸ਼ਿਵ ਕੁਮਾਰ ਤ੍ਰਿਪਾਠੀ ਨਾਂ ਦੇ ਇਕ ਸਮਾਜ ਸੇਵਕ ਅਤੇ ਵਕੀਲ ਨੇ ਪਿੱਛੇ ਜਿਹੇ ਸੁਪਰੀਮ ਕੋਰਟ ਵਿਚ ਇਕ ਪਟੀਸ਼ਨ ਦਾਇਰ ਕਰ ਕੇ ਇਹ ਮੁੱਦਾ ਉਠਾਇਆ ਹੈ ਕਿ ਰਹਿਮ ਦੀਆਂ ਪਟੀਸ਼ਨਾਂ ਦੇ ਨਿਪਟਾਰੇ ਲਈ ਕੋਈ ਲਿਖਤੀ ਰੂਪ ਵਿਚ ਜ਼ਾਬਤਾ ਨਹੀਂ ਹੈ। ਕੋਈ ਮੁਕੱਰਰ ਦਿਸ਼ਾ-ਨਿਰਦੇਸ਼ ਨਹੀਂ ਹਨ ਅਤੇ ਨਾ ਹੀ ਕੋਈ ਸਮਾਂ ਹੱਦ ਨਿਰਧਾਰਤ ਹੈ। ਇਸ ਲਈ ਇਨਾਂ ਰਹਿਮ ਦੀਆਂ ਪਟੀਸ਼ਨਾਂ ਦੇ ਫ਼ੈਸਲੇ ਵਿਚ ਬੇਲੋੜੀ ਦੇਰੀ ਹੋ ਜਾਂਦੀ ਹੈ। ਕਈ ਵਾਰ ਰਸੂਖ਼ ਵਾਲੇ ਅਤੇ ਸਿਆਸਤਦਾਨ ਮੁਜਰਮ ਇਸ ਗੱਲ ਦਾ ਲਾਹਾ ਲੈ ਜਾਂਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਪੀੜਤ ਪਰਿਵਾਰ ਅਤੇ ਉਨਾਂ ਦੇ ਸਬੰਧੀ ਆਪਣੇ-ਆਪ ਨੂੰ ਠੱਗੇ ਗਏ ਮਹਿਸੂਸ ਕਰਦੇ ਹਨ। ਪਟੀਸ਼ਨਰ ਨੇ ਮੰਗ ਕੀਤੀ ਅਜਿਹੇ ਮਾਮਲਿਆਂ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣ। ਰਹਿਮ ਦੀ ਪਟੀਸ਼ਨ ਦਾ ਕੋਈ ਪ੍ਰੋਫਾਰਮਾ ਵੀ ਨਿਰਧਾਰਤ ਕੀਤਾ ਜਾਵੇ ਤਾਂ ਜੋ ਸਾਰੇ ਲੋੜੀਂਦੇ ਤੱਥ ਪਟੀਸ਼ਨ ਵਿਚ ਦਰਜ ਹੋ ਸਕਣ ਅਤੇ ਕੋਈ ਗੁਮਰਾਹ ਨਾ ਹੋ ਸਕੇ।

ਸੁਪਰੀਮ ਕੋਰਟ ਵੱਲੋਂ ਇਹ ਪਟੀਸ਼ਨ ਸੁਣਵਾਈ ਲਈ ਸਵੀਕਾਰ ਕੀਤੀ ਗਈ ਹੈ ਪਰ ਸਿਰਫ਼ ਇਹ ਮੁੱਦਾ ਵਿਚਾਰਿਆ ਜਾਣਾ ਹੈ ਕਿ ਕੀ ਗ੍ਰਹਿ ਮੰਤਰਾਲੇ ਨੂੰ ਅਜਿਹੀ ਪਟੀਸ਼ਨ ਰਾਸ਼ਟਰਪਤੀ ਦੇ ਸਨਮੁੱਖ ਰੱਖਣ ਲਈ ਸਮਾਂ ਹੱਦ ਮੁਕੱਰਰ ਕੀਤੀ ਜਾ ਸਕਦੀ ਹੈ।

ਬਾਕੀ ਸਫ਼ਾ 31 'ਤੇ

# ਮੰਡੀਕਰਨ ਸੁਧਾਰ ਆਰਡੀਨੈਂਸ ਕਿਸਾਨੀ ਉਜਾੜੇ ਦਾ ਪੈਗਾਮ - ਦਾਅਵੇ ਵੱਡੇ, ਅਮਲ ਫੋਕੇ

**- ਗੁਰਮੀਤ ਸਿੰਘ ਪਲਾਹੀ**

ਸਮੇਂ-ਸਮੇਂ ਕੇਂਦਰ ਸਰਕਾਰ ਵਲੋਂ ਖੇਤੀ ਨੀਤੀਆਂ ਇਹੋ ਜਿਹੀਆਂ ਤਿਆਰ ਕੀਤੀਆਂ ਗਈਆਂ ਜਿਹਨਾਂ ਨਾਲ ਹੌਲੀ-ਹੌਲੀ ਖੇਤੀ ਖੇਤਰ ਵਿੱਚ ਖੜੋਤ ਆਉਂਦੀ ਗਈ। ਖੇਤੀ ਨੇ ਕਿਸਾਨਾਂ ਲਈ ਨਿੱਤ ਨਵੀਆਂ ਚਣੌਤੀਆਂ ਖੜੀਆਂ ਕੀਤੀਆਂ। ਦੇਸ਼ ਦੇ 90 ਫ਼ੀਸਦੀ ਤੋਂ ਵੱਧ ਕਿਸਾਨਾਂ ਦੀ ਮੁੱਖ ਸਮੱਸਿਆ ਮੰਡੀਕਰਨ ਹੈ। ਇਸਦਾ ਕਾਰਨ ਇਹ ਹੈ ਕਿ ਵਿਚੋਲੇ ਮੰਡੀਕਰਨ ਦਾ ਵਧੇਰੇ ਲਾਭ ਉਠਾਉਂਦੇ ਹਨ। ਇਸ ਵੇਲੇ ਕਿਸਾਨਾਂ ਨੂੰ ਕੁਝ ਰਾਹਤ ਦੇਣ ਲਈ ਮੰਡੀਕਰਨ ਦੇ ਪ੍ਰਬੰਧਾਂ ਵਿੱਚ ਹੋਰ ਸੁਧਾਰ ਦੀ ਲੋੜ ਸੀ। ਕੇਂਦਰ ਸਰਕਾਰ ਨੇ ਇੱਕ ਦੇਸ਼ ਇੱਕ ਮੰਡੀ ਦੇ ਨਾਂ 'ਤੇ ਮੰਡੀਕਰਨ ਸੁਧਾਰਾਂ ਬਾਰੇ ਤਿੰਨ ਆਰਡੀਨੈਂਸ ਜਾਰੀ ਕੀਤੇ ਹਨ। ਓਪਰੀ ਨਜ਼ਰੇ ਵੇਖਿਆਂ ਇਹ ਇੱਕ ਵੱਡਾ ਸੁਧਾਰ ਜਾਪਦਾ ਹੈ, ਪਰ ਇਹਨਾਂ ਆਰਡੀਨੈਂਸਾਂ ਨਾਲ ਮੰਡੀਆਂ ਵਿਚਲੇ ਖਰੀਦ ਪ੍ਰਬੰਧਾਂ ਦੀ ਥਾਂ ਖੇਤੀ ਉਪਜ ਦੇ ਖੇਤਰ ਵਿੱਚ ਵਿਚੋਲਿਆਂ ਦੀ ਇੱਕ ਨਵੀਂ ਜਮਾਤ ਪੈਦਾ ਹੋਏਗੀ। ਇਹ ਵਿਚੋਲਿਆਂ ਦੀ ਜਮਾਤ ਕਾਰਪੋਰੇਟ ਕੰਪਨੀਆਂ ਦੀ ਹੋਏਗੀ। ਮੰਡੀਕਰਨ ਸੁਧਾਰ ਦੇ ਨਾਂ 'ਤੇ ਜਾਰੀ ਕੀਤੇ ਅਰਾਡੀਨੈਂਸ ਵਪਾਰੀਆਂ ਦੇ ਮੁਨਾਫੇ ਵਿੱਚ ਵਾਧਾ ਕਰਨ ਲਈ ਵਧੇਰੇ ਪਰ ਕਿਸਾਨਾਂ ਦੇ ਪੱਖੀ ਘੱਟ ਹਨ। ਅਸਲ ਵਿੱਚ ਤਾਂ ਕੇਂਦਰ ਦੀ ਸਰਕਾਰ ਕਿਸਾਨਾਂ ਨੂੰ ਫ਼ਸਲਾਂ ਦੇ ਸਮਰਥਨ ਮੁੱਲ ਤੋਂ ਆਪਣਾ ਹੱਥ ਪਿੱਛੇ ਖਿੱਚਣਾ ਚਾਹੁੰਦੀ ਹੈ ਕਿਉਂਕਿ ਦੇਸ਼ ਦੇ ਅਨਾਜ ਦੇ ਭੰਡਾਰ ਭਰੇ ਪਏ ਹਨ (ਭਾਵੇਂ ਕਿ ਅੱਧੀ ਤੋਂ ਵੱਧ ਆਬਾਦੀ ਨੂੰ ਰੱਜਵੀਂ ਰੋਟੀ ਨਸੀਬ ਨਹੀਂ ਹੁੰਦੀ)।

ਸਰਕਾਰ ਫ਼ਸਲਾਂ ਦੀ ਖਰੀਦ ਤੋਂ ਪਿੱਛੇ ਹਟਣਾ ਚਾਹੁੰਦੀ ਹੈ। ਜੇਕਰ ਸਰਕਾਰ ਨੇ ਫ਼ਸਲਾਂ ਦੀ ਖਰੀਦ ਹੀ ਨਾ ਕੀਤੀ ਤਾਂ ਕਿਸਾਨਾਂ ਨੂੰ ਮਜਬੂਰਨ ਆਪਣੀ ਫ਼ਸਲ ਪ੍ਰਾਈਵੇਟ ਵਪਾਰੀਆਂ ਹੱਥ ਵੇਚਣੀ ਪਵੇਗੀ, ਜੋ ਆਪਣੀ ਮਰਜ਼ੀ ਨਾਲ ਫ਼ਸਲ ਦਾ ਭਾਅ ਲਗਾਉਣਗੇ। ਛੋਟਾ ਕਿਸਾਨ, ਜਿਹੜਾ ਸਥਾਨਕ ਮੰਡੀ ਤਕ ਆਪਣਾ ਅਨਾਜ ਬਹੁਤ ਮੁਸ਼ਕਲ ਨਾਲ ਲੈ ਕੇ ਜਾਂਦਾ ਹੈ, ਉਹ ਦੇਸ਼ ਦੇ ਹੋਰ ਸੂਬਿਆਂ ਵਿੱਚ ਫ਼ਸਲ ਵੇਚਣ ਲਈ ਅਨਾਜ ਕਿਵੇਂ ਲੈ ਕੇ ਜਾਵੇਗਾ? ਇਹਨਾਂ ਆਰਡੀਨੈਂਸਾਂ ਦੀ ਪੰਜਾਬ ਦੀ ਕਿਰਸਾਨੀ ਨੂੰ ਵੱਡੀ ਮਾਰ ਪਵੇਗੀ।

ਪੰਜਾਬ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਮੁੱਖ ਅਹੁਦੇਦਾਰਾਂ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਵਲੋਂ ਅਚਨਚੇਤ ਜਾਰੀ ਕੀਤੇ ਕਿਸਾਨਾਂ ਸਬੰਧੀ ਆਰਡੀਨੈਂਸਾਂ ਅਤੇ ਬਿਜਲੀ ਸੋਧ ਐਕਟ ਵਿੱਚ ਪ੍ਰਸਤਾਵਤ ਸੋਧਾਂ ਸਬੰਧੀ ਵੀਡੀਓ ਕਾਨਫਰੰਸ ਮੀਟਿੰਗ ਵਿੱਚ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਬੁਲਾਉਣ ਲਈ ਸਿਧਾਂਤਕ ਸਹਿਮਤੀ ਪ੍ਰਗਟ ਕੀਤੀ। ਇਸ ਮੀਟਿੰਗ ਵਿੱਚ ਭਾਜਪਾ ਨਾਲ ਸਬੰਧਤ ਕਿਸਾਨ ਜਥੇਬੰਦੀ ਸ਼ਾਮਲ ਨਹੀਂ ਹੋਈ। ਮੀਟਿੰਗ ਵਿੱਚ ਸਰਬਸੰਮਤੀ ਨਾਲ ਕਿਸਾਨ ਜਥੇਬੰਦੀਆਂ ਨੇ ਫੈਸਲਾ ਲਿਆ ਕਿ ਇਹ ਆਰਡੀਨੈਂਸ ਅਤੇ ਤਜਵੀਜ਼ਸ਼ੁਦਾ ਸੋਧਾਂ ਮੁਲਕ ਦੇ ਸੰਘੀ ਢਾਂਚੇ 'ਤੇ ਸਿੱਧਾ ਹਮਲਾ ਹਨ ਜਿਸ ਕਰਕੇ ਇਹਨਾਂ ਨੂੰ ਵਾਪਸ ਲਿਆ ਜਾਣਾ ਚਾਹੀਦਾ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਕੁਝ ਦਿਨ ਪਹਿਲਾਂ ਪੰਜਾਬ ਦੀਆਂ ਮੁੱਖ ਸਿਆਸੀ ਪਾਰਟੀਆਂ ਨਾਲ ਵੀ ਵੀਡੀਓ ਕਾਨਫਰੰਸ ਕੀਤੀ ਸੀ ਅਤੇ ਉਸ ਮੀਟਿੰਗ ਵਿੱਚ ਵੀ ਰਾਏ ਬਣੀ ਸੀ ਕਿ ਇਹ ਆਰਡੀਨੈਂਸ ਵਾਪਸ ਲਏ ਜਾਣੇ ਚਾਹੀਦੇ ਹਨ, ਕਿਉਂਕਿ ਇਹ ਕਿਸਾਨ ਹਿਤਾਂ ਵਿੱਚ ਨਹੀਂ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਛੋਟੇ ਜਿਹੇ ਸੂਬੇ ਪੰਜਾਬ ਵਿੱਚ ਦਰਜਨ ਭਰ ਕਿਸਾਨ ਜੱਥੇਬੰਦੀਆਂ ਹਨ। ਮੰਡੀਕਰਨ ਸੁਧਾਰਾਂ ਦੇ ਨਾਂ ਉੱਤੇ ਕੇਂਦਰ ਸਰਕਾਰ ਨੇ ਕਿਸਾਨਾਂ ਨਾਲ ਵੱਡਾ ਧੱਕਾ ਕੀਤਾ ਹੈ, ਪਰ ਇਹ ਜਥੇਬੰਦੀਆਂ ਇਕੱਠੀਆਂ ਹੋ ਕੇ ਵੱਡਾ ਵਿਰੋਧ ਕਿਉਂ ਨਹੀਂ ਵਿਖਾ ਰਹੀਆਂ। ਇਹ ਜਥੇਬੰਦੀਆਂ 'ਪੱਗੜੀ ਸੰਭਾਲ ਜੱਟਾ, ਲੁੱਟ ਲਿਆ ਮਾਲ ਤੇਰਾ' ਜਾਣਦਿਆਂ ਵੀ ਸਿਰਫ਼ ਆਪਣੀ ਨੇਤਾਗਿਰੀ ਚਮਕਾਉਣ ਲਈ ਭਾਸ਼ਨ ਤਕ ਹੀ ਸੀਮਤ ਹੋ ਕੇ ਕਿਉਂ ਰਹਿ ਗਈਆਂ ਹਨ?

ਖੇਤੀਬਾੜੀ, ਖੇਤੀ ਉਤਪਾਦਕਾਂ ਅਤੇ ਖੇਤੀਬਾੜੀ ਮੰਡੀਕਰਨ ਦਾ ਵਿਸ਼ਾ ਰਾਜ ਸੂਚੀ ਵਿੱਚ ਸ਼ਾਮਲ ਹੈ। ਕੇਂਦਰ ਸਰਕਾਰ ਵਲੋਂ ਜਿਹੜੇ ਤਿੰਨ ਆਰਡੀਨੈਂਸ ਜਾਰੀ ਕੀਤੇ ਗਏ ਹਨ, ਇਹਨਾਂ ਵਿੱਚੋਂ ਪਹਿਲਾ ਆਰਡੀਨੈਂਸ ਕਿਸਾਨੀ ਉਤਪਾਦਨ, ਖਰੀਦੋ-ਫਰੋਖਤ ਅਤੇ ਤਜਾਰਤ ਸਬੰਦੀ ਹੈ। ਦੂਜਾ ਆਰਡੀਨੈਂਸ ਕਿਸਾਨਾਂ ਦੀ (ਪੁੱਗਤ ਅਤੇ ਸੁਰੱਖਿਆ), ਕੀਮਤਾਂ ਦੀ ਜਾਮਨੀ ਤੇ ਖੇਤੀ ਸੇਵਾਵਾਂ ਦੇ ਇਕਰਾਰਨਾਮਿਆਂ ਬਾਬਤ ਆਰਡੀਨੈਂਸ ਹੈ। ਤੀਜਾ ਆਰਡੀਨੈਂਸ ਜ਼ਰੂਰੀ ਵਸਤਾਂ ਸਬੰਧੀ ਕਾਨੂੰਨ (ਤਰਮੀਮ) ਆਰਡੀਨੈਂਸ ਹੈ। ਇਹਨਾਂ ਤਿੰਨਾਂ ਆਰਡੀਨੈਂਸਾਂ ਨੇ ਭਾਰਤ ਦੇ ਸੰਘੀ ਢਾਂਚੇ ਦੀ ਸੰਘੀ ਘੁੱਟ ਦਿੱਤੀ ਹੈ। ਕੋਰੋਨਾ ਕਾਲ ਵਿੱਚ ਕੇਂਦਰ ਸਰਕਾਰ ਵਲੋਂ ਸੂਬਾ ਸਰਕਾਰਾਂ ਨੂੰ ਅਪੰਗ ਬਣਾਉਣ ਲਈ ਆਫ਼ਤ ਦੇ ਨਾਮ ਉੱਤੇ ਸਾਰੇ ਅਧਿਕਾਰ ਆਪਣੇ ਹੱਥ ਵਿੱਚ ਲਏ ਹੋਏ ਹਨ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਕਿਸਾਨਾਂ ਨਾਲ ਸਬੰਧਤ ਇਹ ਤਿੰਨੇ ਆਰਡੀਨੈਂਸ, ਪਹਿਲਾਂ ਪਾਰਲੀਮੈਂਟ ਵਿੱਚ ਬਹਿਸ ਕਰਕੇ ਪਾਸ ਕਰਨ ਦੀ ਥਾਂ, ਰਾਤੋ-ਰਾਤ ਉਵੇਂ ਲਾਗੂ ਕੀਤੇ ਜਾ ਰਹੇ ਹਨ, ਜਿਵੇਂ ਨੋਟਬੰਦੀ, ਜੀਐੱਸਟੀ, 370 ਧਾਰਾ ਦਾ ਕਸ਼ਮੀਰ ਵਿੱਚੋਂ ਖਾਤਮਾ ਆਦਿ ਦੇ ਆਰਡੀਨੈਂਸ ਲਿਆ ਕੇ ਲੋਕਾਂ ਸਿਰ ਦੁੱਖਾਂ-ਦਰਦਾਂ ਦੇ ਪਹਾੜ ਲੱਦ ਦਿੱਤੇ ਗਏ ਸਨ। ਇਹ ਤਿੰਨੇ ਆਰਡੀਨੈਂਸ ਖ਼ਾਸ ਕਰਕੇ ਪੰਜਾਬ ਲਈ ਅਤਿ ਦੇ ਘਾਤਕ ਹਨ।

ਅਸਲ ਵਿੱਚ ਕੇਂਦਰ ਨੇ ਨਾ ਕੇਵਲ ਰਾਜਾਂ ਦੇ ਹੱਕਾਂ ਉੱਤੇ ਡਾਕਾ ਮਾਰਿਆ ਹੈ, ਸਗੋਂ ਪੰਜਾਬ ਦੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਦੀ ਬਰਬਾਦੀ ਦਾ ਰਾਹ ਖੋਲ ਦਿੱਤਾ ਹੈ। ਜਿਣਸਾਂ ਦੀ ਵੇਚ-ਵੱਟਤ ਕਾਰਨ ਮਿਲੇ ਵੰਨ-ਸੁਵੰਨੇ ਰੁਜ਼ਗਾਰ ਦੇ ਹਜ਼ਾਰਾਂ ਮੌਕਿਆਂ ਦਾ ਘਾਣ ਕਰ ਦਿੱਤਾ ਹੈ। ਮੰਡੀ ਦੇ ਸਥਾਪਤ ਢਾਂਚੇ ਅਤੇ ਭੰਡਾਰਣ ਦੀ ਸਮਰੱਥਾ ਉੱਤੇ ਵੱਡੀ ਸੱਟ ਮਾਰੀ ਗਈ ਹੈ। ਇਸ ਆਰਡੀਨੈਂਸ ਦੇ ਲਾਗੂ ਹੋਣ ਨਾਲ ਪੰਜਾਬ ਦੀ ਖੇਤੀਬਾੜੀ ਕਾਰਪੋਰੇਟ ਸੈਕਟਰ ਕੰਪਨੀਆਂ ਦੇ ਹੱਥ ਚਲੇ ਜਾਏਗੀ। ਮੰਡੀਕਰਨ ਤੋਂ ਜੋ ਆਮਦਨ ਮੰਡੀਆਂ ਦੇ ਵਿਕਾਸ ਵਾਸਤੇ ਅਤੇ ਪੇਂਡੂ ਵਿਕਾਸ ਵਾਸਤੇ ਮਿਲਦੀ ਸੀ, ਉਹ ਖ਼ਤਮ ਹੋਏਗੀ। ਜਖੀਰੇਦਾਰੀ ਨਾਲ ਅਨਾਜ ਅਤੇ ਭੋਜਨ ਵਸਤਾਂ ਦੀ ਥੁੜ ਤਾਂ ਹੋਵੇਗੀ ਹੀ, ਪਰ ਨਾਲ ਕੰਪਨੀਆਂ ਦੇ ਹੱਥਾਂ ਵਿੱਚ ਖਰੀਦੋ-ਫ਼ਰੋਖਤ ਜਾਣ ਨਾਲ ਕੀਮਤਾਂ ਅਸਮਾਨੀ ਚੜ ਜਾਣਗੀਆਂ। ਪੇਂਡੂ ਸੜਕਾਂ ਦਾ ਵਿਕਾਸ ਅਤੇ ਰੱਖ-ਰਖਾਅ, ਸ਼ੈਲਰ ਉਦਯੋਗ ਬੁਰੀ ਤਰਾਂ ਪ੍ਰਭਾਵਤ ਹੋਏਗਾ। ਕਣਕ ਅਤੇ ਝੋਨੇ ਦੀ ਖਰੀਦ ਦੀ ਗਰੰਟੀ ਨਹੀਂ ਰਹੇਗੀ। ਅੱਜ ਸਰਕਾਰ ਵਲੋਂ ਹਰ ਵਰੇ ਘੱਟੋ-ਘੱਟ ਖਰੀਦ ਮੁੱਲ ਉੱਤੇ ਫ਼ਸਲਾਂ ਖਰੀਦੀਆਂ ਜਾਂਦੀਆਂ ਹਨ। ਮੱਕੀ ਅਤੇ ਹੋਰ ਕੁਝ ਦਾਲਾਂ ਲਈ ਸਮਰਥਨ ਮੁੱਲ ਨੀਅਤ ਹੈ। ਮੱਕੀ ਦਾ ਘੱਟੋ ਘੱਟ ਸਮਰਥਨ ਮੁੱਲ 1850 ਰੁਪਏ ਕਵਿੰਟਲ ਹੈ, ਪਰ ਪ੍ਰਾਈਵੇਟ ਕੰਪਨੀਆਂ ਕਿਸਾਨਾਂ ਤੋਂ 1000 ਰੁਪਏ ਤੋਂ ਵੀ ਘੱਟ ਮੁੱਲ 'ਤੇ ਖਰੀਦ ਰਹੀਆਂ ਹਨ। ਇਹ ਕਿਸਾਨ ਆਰਡੀਨੈਂਸ ਕਣਕ ਅਤੇ ਝੋਨੇ ਦੀ ਖਰੀਦ ਲਈ ਕਾਰਪੋਰੇਟ ਸੈਕਟਰ ਕੰਪਨੀਆਂ ਨੂੰ ਖਰੀਦ ਦੀ ਇਜਾਜ਼ਤ ਦਿੰਦਾ ਹੈ ਅਤੇ ਉਸ ਦੇ ਖੇਤਾਂ ਵਿੱਚੋਂ ਫਸਲ, ਕਿਸਾਨਾਂ ਦੀ ਸੁਵਿਧਾ ਅਨੁਸਾਰ ਚੁੱਕਣ ਦੀ ਗੱਲ ਕਰਦਾ ਹੈ। ਸੰਭਵ ਤੌਰ 'ਤੇ ਇਸ ਨਾਲ ਇੱਕ-ਦੋ ਸਾਲ ਕਿਸਾਨਾਂ ਨੂੰ ਚੰਗਾ ਭਾਅ ਕੰਪਨੀਆਂ ਦੇ ਦੇਣ, ਪਰ ਬਾਅਦ ਵਿੱਚ ਛੋਟੇ ਕਿਸਾਨ ਇਸ ਤੋਂ ਬੁਰੀ ਤਰਾਂ ਪ੍ਰਭਾਵਤ ਹੋਣਗੇ ਅਤੇ ਕੰਪਨੀਆਂ ਦੇ ਰਹਿਮੋ-ਕਰਮ 'ਤੇ ਹੋ ਜਾਣਗੇ।

ਇਸ ਸਬੰਧ ਵਿੱਚ ਸਰਕਾਰ ਵੱਲੋਂ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਘੱਟੋ ਘੱਟ ਕੀਮਤ ਲਾਗੂ ਰੱਖੀ ਜਾਏਗੀ ਅਤੇ ਕਿਸਾਨ ਹਿਤਾਂ ਦੀ ਪੂਰੀ ਤਰਾਂ ਰੱਖਿਆ ਕੀਤੀ ਜਾਏਗੀ। ਪਰ ਸੂਬੇ ਬਿਹਾਰ ਵਿੱਚ ਹੁਣ ਘੱਟੋ ਘੱਟ ਕੀਮਤ ਲਾਗੂ ਰੱਖ ਕੇ ਉੱਥੋਂ ਦੀ ਸਰਕਾਰ ਨੇ ਪ੍ਰਾਈਵੇਟ ਕੰਪਨੀਆਂ ਨੂੰ ਫਸਲਾਂ ਖਰੀਦਣ ਦੀ ਖੁੱਲ ਦਿੱਤੀ ਹੈ। ਬਿਹਾਰ ਵਿੱਚ ਹਾਲਾਤ ਇਹ ਹਨ ਕਿ ਉੱਥੋਂ ਦੇ ਕਿਸਾਨ ਕੰਪਨੀਆਂ ਦੀ ਲੁੱਟ-ਖਸੁੱਟ ਦਾ ਸ਼ਿਕਾਰ ਹੋ ਗਏ ਹਨ ਅਤੇ ਘੱਟੋ ਘੱਟ ਫਸਲ ਕੀਮਤ ਦਾ ਉੱਥੇ ਕੋਈ ਅਰਥ ਹੀ ਨਹੀਂ ਰਿਹਾ। ਲੋੜ ਤਾਂ ਕਿਸਾਨਾਂ 'ਤੇ ਆਏ ਸੰਕਟ ਸਮੇਂ ਇਹ ਸੀ ਕਿ ਡਾ. ਸਵਾਮੀਨਾਥਨ ਦੀ ਰਿਪੋਰਟ ਨੂੰ ਲਾਗੂ ਕੀਤਾ ਜਾਂਦਾ, ਜਿਸ ਨਾਲ ਉਹਨਾਂ ਨੂੰ ਰਾਹਤ ਮਿਲਦੀ, ਪਰ ਇਸਦੇ ਉਲਟ ਸਰਕਾਰ ਨੇ ਕਾਰਪੋਰੇਟ ਸੈਕਟਰ ਦੀ ਝੋਲੀ ਚੁੱਕਦਿਆਂ, ਸਭੋ ਕੁਝ ਉਹਨਾਂ ਦੇ ਪੱਲੇ ਪਾ ਦਿੱਤਾ ਹੈ ਅਤੇ ਕਿਸਾਨਾਂ ਦੇ ਹਿਤਾਂ ਦੀ ਬੋਲੀ ਲਗਾ ਦਿੱਤੀ ਹੈ। ਸੰਭਵ ਹੈ ਕਿ ਇਹਨਾਂ ਆਰਡੀਨੈਸਾਂ ਨੂੰ ਲਾਗੂ ਕਰਨ ਨਾਲ ਖੇਤੀਬਾੜੀ ਨੂੰ ਹੁਲਾਰਾ ਮਿਲੇ, ਪਰ ਕਿਸਾਨਾਂ ਦੀ ਇਸ ਨਾਲ ਕੋਈ ਮਦਦ ਨਹੀਂ ਹੋਵੇਗੀ। ਖੇਤੀ ਮਾਰਕੀਟਿੰਗ ਦਾ ਇਹ ਕਾਨੂੰਨ, ਜੋ ਕਰੋਨਾਵਾਇਰਸ ਜਾਂ ਲੌਕਡਾਊਨ ਦੇ ਸਮੇਂ ਲਾਗੂ ਕਰਨਾ, ਜਦੋਂ ਕਿ ਪਾਰਲੀਮੈਂਟ ਆਪਣੇ ਬੂਹੇ-ਬਾਰੀਆਂ ਬੰਦ ਕਰੀ ਬੈਠੀ ਹੈ, ਕੀ ਜਾਇਜ਼ ਹੈ?

ਸਵਾਲ ਉੱਠ ਰਹੇ ਹਨ ਕਿ ਆਰਡੀਨੈਂਸ ਨੂੰ ਲਾਗੂ ਕਰਨ ਦੀ ਕੀ ਕਾਹਲੀ ਸੀ? ਅੱਜ ਜਦੋਂ ਪੂਰੇ ਭਾਰਤ ਵਿੱਚ ਕਿਸਾਨ ਜਥੇਬੰਦੀਆਂ ਸਿਵਾਏ ਭਾਰਤੀ ਕਿਸਾਨ ਸੰਘ (ਭਾਰਤੀ ਜਨਤਾ ਪਾਰਟੀ ਦਾ ਅੰਗ) ਦੇ ਇਸ ਕਾਨੂੰਨ ਵਿਰੁੱਧ ਲਾਮਬੰਦ ਹੋ ਰਹੀਆਂ ਹਨ ਅਤੇ ਮੋਦੀ ਸਰਕਾਰ ਦੇ ਇਸ 'ਇਤਿਹਾਸਕ' ਆਰਡੀਨੈਂਸ ਦੇ ਵਿਰੋਧ ਵਿੱਚ ਖੜੀਆਂ ਹਨ, ਉਵੇਂ ਹੀ ਪੰਜਾਬ ਸਮੇਤ ਅੱਠ ਸੂਬਿਆਂ ਨੇ ਬਿਜਲੀ ਸੋਧ ਬਿੱਲ ਦੇ ਖਿਲਾਫ਼ ਇਹ ਕਹਿ ਕੇ ਝੰਡਾ ਚੁੱਕਿਆ ਹੈ ਤੇ ਕਿਹਾ ਹੈ ਕਿ ਕੇਂਦਰੀ ਬਿੱਲ ਫੈਡਰਲ ਢਾਂਚੇ ਲਈ ਮਾਰੂ ਹੈ ਕਿਉਂਕਿ ਕੇਂਦਰ ਕੰਟਰੈਕਟ ਐਨਫੋਰਸਮੈਂਟ ਅਥਾਰਿਟੀ ਦਾ ਗਠਨ ਰਾਜ ਸਰਕਾਰਾਂ ਦੇ ਅਧਿਕਾਰ ਵਿੱਚ ਸ਼ਾਮਲ ਹੈ।

ਕਰੋਨਾ ਕਾਲ ਵਿੱਚ ਕਿਸਾਨਾਂ ਦੇ ਕਥਿਤ ਤੌਰ 'ਤੇ ਭਲੇ ਲਈ ਜਾਰੀ ਆਰਡੀਨੈਂਸ ਨੂੰ ਸਮਝਣ ਦੀ ਲੋੜ ਹੈ, ਜਿਸ ਨੂੰ ਕਿਸਾਨਾਂ ਲਈ ਕੋਵਿਡ-ਰਲੀਫ਼ ਦਾ ਨਾਮ ਦਿੱਤਾ ਗਿਆ। ਅਸਲ ਵਿੱਚ ਆਪਣੀ ਕੇਂਦਰੀ ਹੈਂਕੜ ਵਿਖਾਉਣ ਅਤੇ ਰਾਜਾਂ ਦੇ ਪਰ ਕੱਟਣ ਲਈ ਅਤੇ ਕਾਰਪੋਰੇਟ ਸੈਕਟਰ ਦੀਆਂ ਝੋਲੀਆਂ ਭਰਨ ਲਈ ਕੁਵੇਲੇ ਵੇਲੇ ਕਵੱਲੀ ਸੱਟ ਕਿਸਾਨਾਂ ਨੂੰ ਮਾਰੀ ਗਈ ਹੈ। ਬਿਹਾਰ ਅਤੇ ਹੋਰ ਰਾਜਾਂ ਦੀਆਂ ਚੋਣਾਂ ਲਈ ਕਾਰਪੋਰੇਟ ਸੈਕਟਰ ਤੋਂ ਫੰਡ ਇਕੱਠੇ ਕਰਨਾ ਲੁਕਵਾਂ ਅਜੰਡਾ ਹੋ ਸਕਦਾ ਹੈ। ਸੰਵਿਧਾਨਕ ਤੌਰ 'ਤੇ ਠੇਕਾ ਖੇਤੀ ਸੰਬੰਧੀ ਕੇਂਦਰ ਨੂੰ ਕਾਨੂੰਨ ਬਣਾਉਣ ਦਾ ਅਧਿਕਾਰ ਹੀ ਕੋਈ ਨਹੀਂ ਹੈ। ਅਸਲ ਵਿੱਚ ਮੋਦੀ ਸਰਕਾਰ ਅਵੱਲੇ ਢੰਗ ਤਰੀਕਿਆਂ ਨਾਲ ਲੋਕਾਂ ਨੂੰ ਹਨੇਰੇ ਵਿੱਚ ਰੱਖ ਕੇ ਅਤੇ ਪਾਰਲੀਮਾਨੀ ਸਿਸਟਮ ਨੂੰ ਛਿੱਕੇ ਟੰਗ ਕੇ, ਪਿਛਲੇ ਦਰਵਾਜ਼ੇ ਰਾਹੀਂ, ਉਸ ਸਮੇਂ ਜਦੋਂ ਦੇਸ਼ ਸਿਹਤ ਸੰਕਟਕਾਲੀਨ ਅਵਸਥਾ ਵਿੱਚੋਂ ਗੁਜ਼ਾਰ ਰਿਹਾ ਹੈ, ਇਹ ਖੇਤੀਬਾੜੀ ਕਾਨੂੰਨ ਲਾਗੂ ਕਰਨ ਦਾ ਕੋਝਾ ਯਤਨ ਕਰ ਰਹੀ ਹੈ।

ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਮੌਜੂਦਾ ਕਿਸਾਨੀ ਫਸਲਾਂ ਦੀ ਮੰਡੀਕਰਨ ਉੱਤੇ ਵਧੇਰੇ ਟੈਕਸ ਹਨ। ਪ੍ਰਾਈਵੇਟ ਸੈਕਟਰ ਦੇ ਮੰਡੀਕਰਨ ਨਾਲ ਕਿਸਾਨਾਂ ਉੱਤੇ ਜ਼ੀਰੋ ਟੈਕਸ ਹੋ ਜਾਣਗੇ। ਉਸ ਨੂੰ ਮੰਡੀ ਟੈਕਸ ਆੜਤੀ ਟੈਕਸ ਆਦਿ ਨਹੀਂ ਦੇਣੇ ਪੈਣਗੇ ਪਰ ਸਵਾਲ ਉੱਠਦਾ ਹੈ ਕਿ ਕਾਰਪੋਰੇਟ ਸੈਕਟਰ ਵਾਲੇ ਲੋਕ ਕਿਸਾਨਾਂ ਦੀ ਫਸਲਾਂ ਦਾ ਢੁੱਕਵਾਂ ਮੁੱਲ ਦੇਣਗੇ ਅਤੇ ਕਦੋਂ ਤਕ ਦੇਣਗੇ, ਜਦਕਿ ਪ੍ਰਾਈਵੇਟ ਖਰੀਦਦਾਰਾਂ ਦੇ ਸਾਹਮਣੇ ਤਾਂ ਇੱਕੋ ਇੱਕ ਮਨਸ਼ਾ ਮੁਨਾਫ਼ੇ ਦਾ ਹੁੰਦਾ ਹੈ? ਕੀ ਸਧਾਰਨ ਕਿਸਾਨ, ਇਹਨਾਂ ਮੁਨਾਫ਼ਾਖੋਰਾਂ ਨਾਲ ਮੁੱਲ ਦਾ ਵਾਧਾ-ਘਾਟਾ ਕਰਨ ਦੀ ਸਮਰੱਥਾ ਰੱਖਦਾ ਹੈ, ਜਦੋਂ ਕਿ ਉਹ ਪਹਿਲਾਂ ਹੀ ਕਰਜ਼ ਜਾਲ ਵਿੱਚ ਫਸਿਆ ਹੁੰਦਾ ਹੈ? ਅਤੇ ਬਹੁਤੀਆਂ ਹਾਲਤਾਂ ਵਿੱਚ ਇਹ ਛੋਟਾਂ/ਸੀਮਾਂਤ ਕਿਸਾਨ ਵੱਡੇ ਠੇਕੇ ਅਤੇ ਵਟਾਈ ਉੱਤੇ ਵਹਾਈ ਕਰਨ ਲਈ ਮਜਬੂਰ ਹੋਇਆ ਹੁੰਦਾ ਹੈ ਅਤੇ ਸਿੰਚਾਈ, ਸੋਕੇ, ਭਾਰੀ ਮੀਂਹ ਜਾਂ ਕਿਸੇ ਹੋਰ ਆਫ਼ਤ ਦਾ ਸ਼ਿਕਾਰ ਆਰਥਿਕ ਮੰਦੀ ਨਾਲ ਗ੍ਰਸਿਆ ਪਿਆ ਹੁੰਦਾ ਹੈ। ਅੱਜ ਜਦੋਂ ਕਿ ਕਿਸਾਨ ਕੋਲ ਇੱਕ ਸਥਾਨਕ ਮੰਡੀ ਹੈ, ਉਸ ਮੰਡੀ ਵਿੱਚ ਉਸ ਨੂੰ ਘੱਟੋ ਘੱਟ ਕੀਮਤ ਮਿਲਦੀ ਹੈ। ਆਫ਼ਤ ਦੇ ਸਮੇਂ ਸਰਕਾਰੀ ਸਬਸਿਡੀ ਵੀ ਉਸ ਦੇ ਪੱਲੇ ਪੈਂਦੀ ਹੈ। ਉਸ ਹਾਲਤ ਵਿੱਚ ਉਸ ਪੱਲੇ ਕੀ ਪਏਗਾ ਜਦੋਂ ਠੇਕੇ ਦੀ ਖੇਤੀ ਵਿੱਚ ਪ੍ਰਾਈਵੇਟ ਕੰਪਨੀਆਂ ਇਸ ਸਭ ਵਾਧੇ-ਘਾਟੇ ਨੂੰ ਆਪਣੇ ਵੱਟੇ-ਖਾਤੇ ਪਾ ਲੈਣਗੀਆਂ। ਬਿਨਾਂ ਸ਼ੱਕ ਕੰਪਨੀਆਂ ਦੀ ਠੇਕਾ ਖੇਤੀ ਖੇਤੀਬਾੜੀ ਦੀ ਪੈਦਾਵਾਰ ਵਿੱਚ ਵਾਧਾ ਕਰ ਲਏਗੀ, ਪਰ ਕੀ ਇਹ ਸਧਾਰਨ ਕਿਸਾਨ ਦੀ ਮਦਦ ਕਰੇਗੀ? ਠੇਕਾ ਖੇਤੀ ਰਾਹੀਂ ਕੰਪਨੀਆਂ ਨੂੰ ਜੋ ਅਧਿਕਾਰ ਮਿਲਣਗੇ, ਉਸ ਨਾਲ ਖੇਤਾਂ ਦੇ ਮਾਲਕ ਜੋ ਪਹਿਲਾਂ ਛੋਟੇ ਕਿਸਾਨਾਂ, ਹਲ ਵਾਹਕਾਂ ਤੋਂ ਖੇਤੀ ਕਰਵਾਉਂਦੇ ਹਨ, ਆਪਣੀ ਜ਼ਮੀਨ ਕੰਪਨੀਆਂ ਨੂੰ ਠੇਕੇ ਤੇ ਦੇਣਗੇ ਜਿਸ ਨਾਲ ਸਧਾਰਨ ਕਿਸਾਨੀ ਪੀੜਤ ਹੋਏਗੀ। ਕੇਂਦਰੀ ਸਰਕਾਰ ਦਾ ਇਹ ਨਵਾਂ ਕਾਨੂੰਨ ਇਸ ਸਬੰਧੀ ਚੁੱਪ ਹੈ ਕਿ ਲੱਖਾਂ ਕਿਸਾਨ ਜੋ ਇਸ ਕਾਨੂੰਨ ਤਹਿਤ ਪੀੜਤ ਹੋਣਗੇ, ਉਹਨਾਂ ਦੇ ਰੁਜ਼ਗਾਰ, ਰੋਟੀ ਦਾ ਕੀ ਬਣੇਗਾ? ਅਸਲ ਵਿੱਚ ਤਾਂ ਕਿਸਾਨਾਂ ਦੇ ਭਲੇ ਸਬੰਧੀ ਜਾਰੀ ਕੀਤੇ ਇਹ ਤਿੰਨੇ ਆਰਡੀਨੈਂਸ ਵੱਡੀ ਖੇਤੀਬਾੜੀ ਕਾਰੋਬਾਰੀਆਂ, ਵਪਾਰੀਆਂ ਅਤੇ ਕਾਰਪੋਰੇਟ ਕੰਪਨੀਆਂ ਦੀਆਂ ਝੋਲੀਆਂ ਭਰਨਗੇ ਤੇ ਸਧਾਰਨ ਕਿਸਾਨਾਂ ਦੇ ਮੂੰਹੋਂ ਅੰਨ-ਅਨਾਜ ਖੋਹ ਲੈਣਗੇ।

ਜ਼ਰੂਰੀ ਵਸਤਾਂ ਐਕਟ ਅਧੀਨ ਸਰਕਾਰ ਨੇ ਜੋ ਆਰਡੀਨੈਂਸ ਜਾਰੀ ਕੀਤਾ ਹੈ ਉਸ ਅਧੀਨ ਦਾਲਾਂ, ਤੇਲ, ਪਿਆਜ਼, ਆਲੂ ਆਦਿ ਨੂੰ ਜ਼ਰੂਰੀ ਵਸਤਾਂ ਦੀ ਸੂਚੀ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਹੈ। ਪਰ ਇਹ ਚੀਜ਼ਾਂ ਸਧਾਰਨ ਆਦਮੀ ਲਈ ਅਤਿਅੰਤ ਜ਼ਰੂਰੀ ਹਨ। ਕੀ ਇਹਨਾਂ ਵਸਤਾਂ ਨੂੰ ਕਾਰਪੋਰੇਟ, ਵਪਾਰੀ ਸਟੋਰ ਕਰਕੇ, ਚੀਜ਼ਾਂ ਦੀ ਘਾਟ ਮੰਡੀ ਵਿੱਚ ਪੈਦਾ ਕਰਕੇ ਬਾਅਦ ਵਿੱਚ ਮਹਿੰਗੇ ਭਾਅ ਨਹੀਂ ਵੇਚਣਗੇ? ਕੀ ਇਹ ਜ਼ਖੀਰੇਬਾਜ਼ੀ ਨੂੰ ਉਤਸ਼ਾਹਤ ਨਹੀਂ ਕਰੇਗਾ?

ਇਹ ਗੱਲ ਸਮਝਣ ਵਾਲੀ ਹੈ ਕਿ ਭਾਰਤ ਵਰਗੇ ਦੇਸ਼ ਵਿੱਚ ਅਜੇ ਵੀ ਖੇਤੀਬਾੜੀ ਅੱਧੀ ਅਬਾਦੀ ਨੂੰ ਰੁਜ਼ਗਾਰ ਦੇ ਰਹੀ ਹੈ। ਪਰ ਮੌਜੂਦਾ ਸਰਕਾਰ ਕਾਰਪੋਰੇਟ ਸੈਕਟਰ ਦੇ ਹੱਥੇ ਚੜ ਕੇ ਖੇਤੀਬਾੜੀ ਨੂੰ ਉਹਨਾਂ ਹੱਥ ਸੌਂਪ ਕੇ ਆਮ ਕਿਸਾਨਾਂ ਦਾ ਜੀਊਣਾ ਦੁੱਭਰ ਕਰਨ ਦੇ ਰਾਹ ਤੁਰੀ ਹੋਈ ਹੈ। ਲੋੜ ਤਾਂ ਇਸ ਗੱਲ ਦੀ ਹੈ ਕਿ ਖੇਤੀ ਖੇਤਰ ਨਾਲ ਜੁੜੇ ਕਿਸਾਨ, ਖੇਤ ਮਜ਼ਦੂਰ ਅਤੇ ਛੋਟੇ ਕਾਰੀਗਰ ਪਰਿਵਾਰਾਂ ਲਈ ਘੱਟੋ-ਘੱਟ ਆਮਦਨ ਦੀ ਗਰੰਟੀ ਦਾ ਅਸੂਲ ਲਾਗੂ ਕੀਤਾ ਜਾਵੇ ਨਾ ਕਿ ਉਦਯੋਗਪਤੀ ਅਤੇ ਕਾਰਪੋਰੇਟ ਸੈਕਟਰ ਦੇ ਲੋਕਾਂ ਨੂੰ ਖੁੱਲਾਂ ਦਿੱਤੀਆਂ ਜਾਣ ਜੋ ਬੈਂਕਾਂ ਦੇ ਖਰਬਾਂ ਰੁਪਏ ਡਕਾਰ ਕੇ ਵਿਦੇਸ਼ੀ ਜਾ ਡੇਰੇ ਲਾਉਂਦੇ ਹਨ।

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....
Now we have two locations :

940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

# ਚੀਨ ਦੇ ਮੁਕੰਮਲ ਬਾਈਕਾਟ ਦਾ ਨਾਅਰਾ ਦੇਣ ਵਾਲੇ ਭਗਤ ਚੀਨ ਦੇ ਵਿਕਾਸ ਤੋਂ ਦੁਖੀ ਕਿਉਂ ?

✪ ਚੀਨ ਦੇ ਮੁਸਲਮਾਨ ਵਿਰੋਧੀ ਰਵਈਏ ਦੀ ਨਕਲ ਕਰ ਰਿਹਾ ਏ ਭਗਵਾਂਵਾਦੀ ਰਾਸ਼ਟਰਵਾਦ

✪ ਜੋ ਮੋਦੀ ਸਰਕਾਰ ਨੇ ਕਸ਼ਮੀਰ ਦੇ ਅਧਿਕਾਰਾਂ ਨੂੰ ਖਤਮ ਕਰਕੇ ਕਸ਼ਮੀਰੀ ਆਜ਼ਾਦੀ ਨੂੰ ਖਤਮ ਕੀਤਾ, ਉਹੀ ਨੀਤੀ ਚੀਨ ਹਾਂਗਕਾਂਗ ਨਾਲ ਅਪਨਾ ਰਿਹਾ ਏ



**- ਅਪੂਰਵਾਨੰਦ**

ਅੱਜ ਜੋ ਭਗਤ ਚੀਨ ਦੇ ਮੁਕੰਮਲ ਬਾਈਕਾਟ ਦਾ ਨਾਅਰਾ ਦੇ ਰਹੇ ਹਨ, ਉਹ ਕੱਲ ਤੱਕ ਅਫਸੋਸ ਪ੍ਰਗਟਾ ਰਹੇ ਸਨ ਕਿ ਅਸੀਂ ਚੀਨ ਵਾਂਗ ਵਿਕਾਸ ਦੇ ਉਸ ਸਿਖਰ 'ਤੇ ਕਿਉਂ ਨਹੀਂ ਪਹੁੰਚ ਸਕੇ। ਉਹ ਹੁਣ ਵੀ ਚੀਨ ਦੇ ਵਿਕਾਸ ਤੋਂ ਦੁਖੀ ਹਨ। ਉਹ ਮੋਦੀ ਸਰਕਾਰ ਦੀ ਆਲੋਚਨਾ ਕਰਨ ਵਾਲੇ ਹਮਵਤਨ ਲੋਕਾਂ ਨੂੰ ਧਮਕੀ ਦਿੰਦੇ ਹਨ ਕਿ ਕਾਸ਼! ਭਾਰਤ ਚੀਨ ਹੁੰਦਾ ਤਾਂ ਇਨਾਂ ਆਲੋਚਕਾਂ ਨੂੰ ਆਟੇ ਦੇ ਭਾਅ ਦਾ ਪਤਾ ਲੱਗ ਜਾਂਦਾ। ਇਨਾਂ ਲੋਕਾਂ ਦੀ ਮਾਨਸਿਕਤਾ ਵਿਚ ਚੀਨ ਨਾ ਹੋਣ ਦੀ ਹੀਣਭਾਵਨਾ ਪਿਛਲੇ ਸਾਲਾਂ ਤੋਂ ਪਲ ਰਹੀ ਹੈ। ਭਾਰਤ ਦੇ ਭਗਵੇਂ ਰਾਸ਼ਟਰਵਾਦੀਆਂ ਦੇ ਦਿਮਾਗ ਵਿਚ ਇਕ ਚੀਨ ਗਰੰਥੀ ਹੈ। ਇਹ ਦੋ ਤਰੀਕੇ ਨਾਲ ਕੰਮ ਕਰਦੀ ਹੈ। ਚੀਨ ਪ੍ਰਤੀ ਆਦਰ ਤੇ ਚੀਨ ਪ੍ਰਤੀ ਨਫ਼ਰਤ ਦੋਵੇਂ ਇਸ ਸੁਭਾਅ ਵਿੱਚ ਸ਼ਾਮਲ ਹਨ। ਨਫ਼ਰਤ ਤਾਂ ਹੁਣ ਵੀ ਚੀਨ ਪ੍ਰਤੀ ਦਿਖਾਈ ਦੇ ਰਹੀ ਹੈ। ਇਸੇ ਲਈ ਉਹ ਚੀਨ ਦੇ ਬਾਈਕਾਟ ਦੀ ਮੰਗ ਕਰਦੇ ਦਿਖਾਈ ਦੇ ਰਹੇ ਹਨ। ਉਨਾਂ ਦਾ ਮੰਨਣਾ ਹੈ ਕਿ ਚੀਨ ਭਾਰਤ ਦਾ 'ਸਦੀਵੀ ਦੁਸ਼ਮਣ' ਤੇ ਪਾਕਿਸਤਾਨ ਦਾ ਸਰਪ੍ਰਸਤ ਰਿਹਾ ਹੈ ਤੇ ਉਹ ਸਾਡੀਆਂ ਸਰਹੱਦਾਂ ਨੂੰ ਮਾਨਤਾ ਨਹੀਂ ਦਿੰਦਾ। ਇਹੀ ਕਾਰਨ ਹੈ ਜੋ ਚੀਨ ਬਾਰੇ ਭਗਤਾਂ ਦੇ ਮਨ ਵਿਚ ਨਫ਼ਰਤ ਪੈਦਾ ਕਰਦੀ ਹੈ। ਇਸ ਦੇ ਬਾਵਜੂਦ ਅਸੀਂ ਚੀਨ ਨਾਲ ਉਸੇ ਤਰਾਂ ਪੇਸ਼ ਨਹੀਂ ਆ ਸਕਦੇ ਜਿਸ ਤਰਾਂ ਪਾਕਿਸਤਾਨ ਨਾਲ ਆਉਂਦੇ ਹਾਂ। ਇਹ ਅਹਿਸਾਸ ਸਾਡੇ ਚੀਨ ਵਿਰੋਧੀ ਰਾਸ਼ਟਰਵਾਦ ਨੂੰ ਯਥਾਰਥਵਾਦੀ ਹੋਣ ਲਈ ਮਜਬੂਰ ਕਰਦਾ ਹੈ। ਇਹ ਗੱਲ ਸੱਚ ਹੈ ਕਿ ਚੀਨ ਨਾਲ ਪਾਕਿਸਤਾਨ ਵਰਗਾ ਵਿਹਾਰ ਨਹੀਂ ਕੀਤਾ ਜਾ ਸਕਦਾ। ਇਸੇ ਵਿਚ ਸਿਆਣਪ ਹੈ।

ਪਰ ਦੋਵਾਂ ਦੇਸ਼ਾਂ ਦੇ ਸੰਦਰਭ ਵਿਚ ਭਗਤਾਂ ਦੀ ਭੜਕਾਊ ਬਿਆਨਬਾਜ਼ੀ ਕਿਸੇ ਵੀ ਤਰਾਂ ਬਹਾਦਰੀ ਨਹੀਂ ਕਹੀ ਜਾ ਸਕਦੀ। ਪਿਛਲੇ ਸਮੇਂ ਦੌਰਾਨ ਪਾਕਿਸਤਾਨ ਉੱਪਰ ਸਰਜੀਕਲ ਸਟ੍ਰਾਈਕ ਕੀਤਾ, ਉਹ ਮੰਨ ਲਿਆ ਗਿਆ ਕਿ ਭਾਰਤ ਨੇ ਬਹਾਦਰੀ ਦਿਖਾਈ ਹੈ। ਪੂਰੀ ਦੁਨੀਆ ਭਾਰਤ ਸਰਕਾਰ ਦੇ 'ਸਰਜੀਕਲ ਸਟ੍ਰਾਈਕ' ਦੇ ਦਾਅਵਿਆਂ 'ਤੇ ਸ਼ੱਕ ਕਰਦੀ ਰਹੀ ਪਰ ਸਰਕਾਰ ਇਸ ਦਾ ਬਿਰਤਾਂਤ ਬਿਆਨਦੀ ਰਹੀ ਤੇ ਇਸ ਨੂੰ ਸੱਚ ਦੱਸਦੀ ਰਹੀ। ਭਾਰਤ ਦਾ ਆਵਾਮ ਰਾਸ਼ਟਰਵਾਦ ਦੇ ਨਾਮ 'ਤੇ ਉਸ ਕਲਪਨਾ ਨੂੰ ਸਵੀਕਾਰ ਕਰਨ ਲਈ ਮਜਬੂਰ ਸੀ। ਜੇ ਇਹ ਨਾ ਮੰਨਿਆ ਜਾਂਦਾ ਤਾਂ ਦੇਸ ਦਾ ਗੱਦਾਰ ਐਲਾਨਣ ਦਾ ਖਤਰਾ ਸੀ। ਭਗਵੇਂਵਾਦੀ ਤਾਂ ਝੱਟ ਦੇਸ਼ਭਗਤੀ ਤੇ ਦੇਸ਼ ਵਿਰੋਧੀ ਦੇ ਸਰਟੀਫਿਕੇਟ ਜਾਰੀ ਕਰ ਦਿੰਦੇ ਹਨ।

ਪਰ ਸਰਜੀਕਲ ਸਟ੍ਰਾਈਕ ਦੇ ਸਾਰੇ ਘਟਨਾਕ੍ਰਮ ਵਿਚ ਜੋ ਰਣਨੀਤਕ ਗਲਤੀ ਹੋਈ ਉਸ ਨੂੰ ਰਾਸ਼ਟਰਵਾਦ ਨੇ ਅੱਖੋਂ ਪਰੋਖੇ ਕਰ ਦਿੱਤਾ। ਪਾਕਿਸਤਾਨ ਨੇ ਭਾਰਤ ਦੀ ਏਅਰ ਰੇਂਜ ਵਿਚ ਦਾਖਲ ਹੋ ਕੇ, ਭਾਰਤ ਦੇ ਲੜਾਕੂ ਜਹਾਜ਼ਾਂ 'ਤੇ ਹਮਲਾ ਕੀਤਾ ਅਤੇ ਇਕ ਨੂੰ ਡੇਗ ਦਿੱਤਾ, ਇਕ ਪਾਇਲਟ ਨੂੰ ਗ੍ਰਿਫ਼ਤਾਰ ਕਰ ਲਿਆ, ਇਹ ਤੱਥ ਰਾਸ਼ਟਰਵਾਦ ਦੁਆਰਾ ਨਹੀਂ ਮੰਨਿਆ ਗਿਆ। ਇਸ ਲਈ ਇਸ ਨੂੰ ਰਣਨੀਤਕ ਜਾਂ ਮੌਕਾਪ੍ਰਸਤ ਰਾਸ਼ਟਰਵਾਦ ਕਿਹਾ ਜਾ ਸਕਦਾ ਹੈ ਜਿਸ ਦੀ ਜੜ ਦਾ ਮੁਖ ਤੱਤ ਚਤੁਰਾਈ ਅਤੇ ਕਾਇਰਤਾ ਹੈ। ਇਹ ਉਹੀ ਚਲਾਕ ਕਾਇਰਤਾ ਹੈ ਜੋ ਇਹ ਸਵੀਕਾਰ ਨਹੀਂ ਕਰ ਰਹੀ ਕਿ ਚੀਨ ਉਸ ਦੇ ਖੇਤਰ ਵਿੱਚ ਦਾਖਲ ਹੋ ਗਿਆ ਹੈ ਜਿਸ ਨੂੰ ਹੁਣ ਤੱਕ ਭਾਰਤ ਆਪਣਾ ਮੰਨਦਾ ਰਿਹਾ ਸੀ। ਇਸ ਰਾਸ਼ਟਰਵਾਦ ਦੇ ਮੁੱਖ ਬੁਲਾਰੇ ਦੇ ਮੂੰਹ ਵਿਚ ਇਸ ਸਾਰੇ ਘਟਨਾਕ੍ਰਮ ਬਾਰੇ ਚੀਨ ਸ਼ਬਦ ਨਾ ਸੁਣ ਕੇ ਵੀ ਇਸ ਦੇ ਭਗਤ ਆਪਣੇ ਆਗੂ ਤੋਂ ਨਾਰਾਜ਼ ਨਹੀਂ ਹਨ।

ਸਿਆਣੇ ਵਿਦਵਾਨ ਕਹਿੰਦੇ ਹਨ ਕਿ ਰਾਸ਼ਟਰਵਾਦ ਇਕ ਮਾੜਾ ਨਸ਼ਾ ਹੈ। ਪਰ ਕੁਝ ਲੋਕ ਇਸ ਵਿੱਚ ਇਮਾਨਦਾਰੀ ਨਾਲ ਜਕੜੇ ਜਾਂਦੇ ਹਨ, ਇਕ ਹੋਰ ਕਿਸਮ ਦੇ ਜੀਵ ਉਹ ਲੋਕ ਹਨ ਜੋ ਇਸ ਰਾਸ਼ਟਰਵਾਦ ਦੀ ਕੀਮਤ ਦਿੰਦੇ ਸਮੇਂ ਸੱਜੇ ਤੋਂ ਖੱਬੇ ਦਿਖਾਈ ਦਿੰਦੇ ਹਨ। ਇਸ ਮੌਕਾਪ੍ਰਸਤ ਅਤੇ ਕਾਇਰਤਾਪੂਰਨ ਰਾਸ਼ਟਰਵਾਦ ਦੀ ਚਰਚਾ ਦੀ ਸਾਰਥਕਤਾ ਇੰਨੀ ਜ਼ਿਆਦਾ ਹੈ ਕਿ ਇਹ ਜਾਣਿਆ ਜਾਂਦਾ ਹੈ ਕਿ ਚੀਨ ਦੇ ਮਾਮਲੇ ਵਿਚ ਇਹ ਰਾਸ਼ਟਰਵਾਦੀ ਸ਼ਕਤੀ ਦਿਖਾਵੇ ਦਾ ਖਤਰਾ ਨਹੀਂ ਲੈ ਸਕਦੀ, ਪਰ ਇਸ ਦੇ ਬਾਵਜੂਦ ਉਹ ਪ੍ਰਤੀਕਾਤਮਿਕ ਵਿਰੋਧ ਰਾਹੀਂ ਆਪਣੀ ਬਹਾਦਰੀ ਦਾ ਮੰਤਵ ਸਾਰ ਲੈਂਦੀ ਹੈ। ਇਸ ਵਿਚ ਭਗਤਾਂ ਨੂੰ ਕੋਈ ਇਤਰਾਜ਼ ਨਹੀਂ ਹੈ।

**ਭਾਰਤ ਅਤੇ ਚੀਨ ਦਾ ਰਾਸ਼ਟਰਵਾਦ**

ਭਾਰਤ ਦਾ ਇਹ ਰਾਸ਼ਟਰਵਾਦ ਚੀਨ ਤੋਂ ਬਹੁਤ ਕੁਝ ਸਿੱਖ ਰਿਹਾ ਹੈ। ਚੀਨ ਨੇ ਤਿੱਬਤ 'ਤੇ ਕਬਜ਼ਾ ਕਰ ਲਿਆ ਹੈ ਅਤੇ ਇਸ ਨੂੰ ਚੀਨੀ ਬਣਾਉਣ 'ਤੇ ਤੁਲਿਆ ਹੋਇਆ ਹੈ। ਹਰ ਕੋਈ ਇਸ ਨੂੰ ਜਾਣਦਾ ਹੈ.ਤਿੱਬਤ ਦੀ ਆਜ਼ਾਦੀ ਪ੍ਰਤੀ ਭਾਰਤੀ ਰਾਸ਼ਟਰਵਾਦ ਦਾ ਕੀ ਰਵੱਈਆ ਹੈ ਜਿਸ ਬਾਰੇ ਅਸੀਂ ਪਹਿਲਾਂ ਵਿਚਾਰ ਕੀਤਾ ਹੈ? ਭਾਰਤੀ ਰਾਸ਼ਟਰਵਾਦ ਦਾ ਸ਼ਾਂਤੀਵਾਦ ਪ੍ਰਤੀ ਦਲਾਈ ਲਾਮਾ ਦਾ ਕਿੰਨਾ ਸਤਿਕਾਰ ਹੈ? ਉਹ ਮਨ ਹੀ ਮਨ ਵਿਚ ਚੀਨ ਨਾਲ ਈਰਖਾ ਕਰਦਾ ਹੈ ਕਿ ਉਸਨੇ ਤਿੱਬਤ ਉੱਪਰ ਕਬਜ਼ਾ ਕਿਵੇਂ ਕਰ ਲਿਆ? ਭਾਰਤੀ ਮੀਡੀਆ ਇਸ ਬਾਰੇ ਗੱਲ ਨਹੀਂ ਕਰਦਾ ਹੈ ਕਿ ਚੀਨ ਵਿਚ ਗੈਰ-ਹਾਨ ਭਾਈਚਾਰਿਆਂ ਨਾਲ ਕਿਵੇਂ ਵਿਵਹਾਰ ਕੀਤਾ ਜਾਂਦਾ ਹੈ। ਪਰ ਇਹ ਵਤੀਰਾ ਉਹੀ ਹੈ ਜਿਵੇਂ ਭਾਰਤ ਦੇ ਭਗਵੇਂ ਰਾਸ਼ਟਰਵਾਦੀ ਰਾਸ਼ਟਰਵਾਦ ਅਧੀਨ ਭਾਰਤ ਦੀਆਂ ਘੱਟ ਗਿਣਤੀਆਂ ਨਾਲ ਪੇਸ਼ ਆਉਂਦੇ ਹਨ। ਭਗਵੇਂਵਾਦੀਆਂ ਦੀ ਦੱਬੀ ਹੋਈ ਇੱਛਾ ਹੈ ਕਿ ਭਾਰਤ ਉਹੀ ਕੰਮ ਮੁਸਲਮਾਨਾਂ ਨਾਲ ਨਹੀਂ ਕਰ ਸਕਿਆ ਜੋ ਚੀਨ ਨੇ ਵੀਗਰ ਮੁਸਲਮਾਨਾਂ ਨਾਲ ਕੀਤਾ ਸੀ। ਲੱਖਾਂ ਵਿਗਰ ਮੁਸਲਮਾਨਾਂ ਨੂੰ ਚੀਨੀ ਤਰੀਕਿਆਂ ਨਾਲ ਸਿਖਲਾਈ ਦੇਣ ਲਈ, ਉਹਨਾਂ ਨੇ ਨਜ਼ਰਬੰਦੀ ਕੈਂਪਾਂ ਵਿੱਚ ਕੈਦ ਕਰਕੇ ਰੱਖਿਆ ਗਿਆ ਤਾਂ ਜੋ ਚੀਨੀ ਸੱਭਿਅਤਾ ਸਿਖਾਈ ਜਾ ਸਕੇ। ਭਾਰਤੀ ਭਗਵੇਂ ਰਾਸ਼ਟਰਵਾਦੀਆਂ ਨੇ ਇਹੀ ਇੱਛਾ ਰੱਖੀ ਕਿ ਭਾਰਤ ਵਿਚ ਮੁਸਲਮਾਨਾਂ ਨਾਲ ਵੀ ਅਜਿਹਾ ਵਿਹਾਰ ਕੀਤਾ ਜਾਵੇ। ਭਗਵੇਂਵਾਦੀਆਂ ਵਲੋਂ ਭਾਰਤੀ ਮੁਸਲਮਾਨਾਂ ਨੂੰ ਸ਼ੁਕਰ ਮਨਾਉਣ ਲਈ ਕਿਹਾ ਜਾ ਰਿਹਾ ਹੈ, ਕਿਉਂਕਿ ਅਜੇ ਉਨਾਂ ਨਾਲ ਚੀਨ ਵਰਗਾ ਵਿਹਾਰ ਨਹੀਂ ਕੀਤਾ ਗਿਆ।

ਵਿਸ਼ਵ ਵਿਚ ਅਜਿਹਾ ਨਸਲਵਾਦ ਹਰ ਥਾਂ ਦਿਖਾਈ ਦੇ ਰਿਹਾ ਹੈ। ਘੱਟ ਗਿਣਤੀਆਂ ਦੇ ਸਭਿਆਚਾਰ ਤੇ ਜ਼ੁਬਾਨ ਨੂੰ ਬਦਲਣ ਦੀਆਂ ਹਿੰਸਕ ਇੱਛਾਵਾਂ ਦੁਨੀਆਂ ਵਿੱਚ ਹਰ ਥਾਂ ਮੌਜੂਦ ਹਨ। ਭਾਰਤ ਵਿਚ ਵੀ ਅਜਿਹੀ ਪ੍ਰਵਿਰਤੀ ਆਮ ਦਿਖਾਈ ਦੇ ਰਹੀ ਹੈ। ਇਹ ਹਿੰਸਾ ਭਾਰਤ ਵਿਚ ਈਸਾਈ, ਸਿੱਖ ਅਤੇ ਮੁਸਲਿਮ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਂਦੀ ਰਹਿੰਦੀ ਹੈ। ਇਹੀ ਚੀਨ ਵਿਚ ਵਾਪਰ ਰਿਹਾ ਹੈ।

ਇਸ ਬਾਰੇ ਗੱਲ ਕਰਨ ਦੀ ਜ਼ਰੂਰਤ ਹੈ ਕਿ ਇਸ ਅੰਦਰੂਨੀ ਵਿਸਥਾਰਵਾਦ ਦੇ ਬਗੈਰ ਚੀਨ ਉਹ ਨਹੀਂ ਕਰ ਸਕਦਾ ਜੋ ਉਹ ਆਪਣੇ ਗੁਆਂਢੀਆਂ ਦੇ ਨਾਲ ਕਰ ਰਿਹਾ ਹੈ। ਕਿਸੇ ਵੀ ਪਾਰਟੀ ਜਾਂ ਵਿਅਕਤੀਗਤ ਤਾਨਾਸ਼ਾਹੀ ਦਾ ਕੰਮ ਤਾਂ ਹੀ ਹੋ ਸਕਦਾ ਹੈ ਜੇ ਉਹ ਬਹੁਗਿਣਤੀ ਭਾਈਚਾਰੇ ਨੂੰ ਇਹ ਯਕੀਨ ਦਿਵਾਏ ਕਿ ਉਹ ਇਸ ਲਈ ਕੰਮ ਕਰ ਰਿਹਾ ਹੈ ਤਾਂ ਜੋ ਉਨਾਂ ਦੀ ਪ੍ਰਭੂਸੱਤਾ ਦੀ ਰਾਖੀ ਹੋ ਸਕੇ। ਚੀਨ ਦੀ ਕਮਿਊਨਿਸਟ ਪਾਰਟੀ ਨੇ ਆਪਣੇ ਆਪ ਨੂੰ ਹਾਨ ਦੇ ਹਿੱਤਾਂ ਦਾ ਪ੍ਰਤੀਨਿਧ ਬਣਾਇਆ ਹੋਇਆ ਹੈ। ਜਿਵੇਂ ਸੋਵੀਅਤ ਯੂਨੀਅਨ ਵਿਚ ਰਸ਼ੀਅਨਾਈਜ਼ੇਸ਼ਨ ਸਟਾਲਿਨ ਦੀ ਨੀਤੀ ਦਾ ਜ਼ਰੂਰੀ ਹਿੱਸਾ ਸੀ। ਵਿਸਥਾਰਵਾਦ ਤੋਂ ਬਿਨਾਂ ਰਾਸ਼ਟਰਵਾਦ ਦਾ ਜੀਵਤ ਰਹਿਣਾ ਸੰਭਵ ਨਹੀਂ ਹੈ। ਚੀਨ ਭਾਰਤ, ਭੂਟਾਨ, ਪਾਕਿਸਤਾਨ, ਨੇਪਾਲ ਆਦਿ ਦੀਆਂ ਸਰਹੱਦਾਂ ਨੂੰ ਅਰਥਹੀਣ ਬਣਾ ਦੇਣਾ ਚਾਹੁੰਦਾ ਹੈ। ਇਸ ਰਵੱਈਏ ਦਾ ਮੁਕਾਬਲਾ ਉਸ ਮਨ ਦੁਆਰਾ ਨਹੀਂ ਕੀਤਾ ਜਾ ਸਕਦਾ ਜੋ ਗ੍ਰੇਟਰ ਭਾਰਤ ਦੀ ਕਲਪਨਾ ਵਿੱਚ ਵਿਸ਼ਵਾਸ ਰੱਖਦਾ ਹੈ।

ਗ੍ਰੇਟਰ ਇੰਡੀਆ ਇਕ ਪਿਆਸ ਹੈ। ਭਾਰਤ ਨੂੰ ਪਾਕਿਸਤਾਨ, ਬੰਗਲਾਦੇਸ਼, ਸ੍ਰੀਲੰਕਾ, ਭੂਟਾਨ, ਮਲੇਸ਼ੀਆ, ਜਾਵਾ, ਸੁਮਾਤਰਾ, ਅਫਗਾਨਿਸਤਾਨ, ਇੰਡੋਨੇਸ਼ੀਆ, ਕੰਬੋਡੀਆ, ਆਦਿ ਤਕ ਫੈਲਣ ਦੀ ਇੱਛਾ ਹੈ। ਇਸ ਵਿਸ਼ਾਲ ਭਾਰਤ ਦਾ ਨਕਸ਼ਾ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਹਰ ਮੈਂਬਰ ਦੇ ਦਿਲ ਵਿੱਚ ਉੱਕਰਿਆ ਹੋਇਆ ਹੈ। ਜਿੰਨਾ ਚਿਰ ਤੱਕ ਇਹ ਨਕਸ਼ਾ ਉਕਰਿਆ ਰਹੇਗਾ, ਓਨਾ ਚਿਰ ਇਹ ਭਗਵੇਂਵਾਦੀ ਭਗਤ ਦੂਜੇ ਦੇਸ਼ਾਂ ਨੂੰ ਭਾਰਤ ਦਾ ਮਨਭਾਉਂਦਾ ਹਿੱਸਾ ਮੰਨਦੇ ਰਹਿਣਗੇ। ਉਨਾਂ ਦੇ ਦਿਮਾਗ ਵਿਚ ਵਿਸ਼ਾਲ ਭਾਰਤੀ ਸਾਮਰਾਜ ਦਾ ਸੁਪਨਾ ਚਲਦਾ ਰਹੇਗਾ। ਇਹੀ ਸੁਪਨਾ ਉਹਨਾਂ ਨੂੰ ਅਸੰਤੁਸ਼ਟ ਕਰਦਾ ਹੈ ਤੇ ਭਵਿੱਖ ਵਿੱਚ ਸ਼ਕਤੀਸ਼ਾਲੀ ਹੋਣ ਲਈ ਪ੍ਰੇਰਿਤ ਕਰਦਾ ਹੈ ਤਾਂ ਜੋ ਇਹ ਸੁਪਨਾ ਸਾਕਾਰ ਕੀਤਾ ਜਾ ਸਕੇ। ਇੱਕ ਸੰਯੁਕਤ ਭਾਰਤ ਦੀ ਲਾਲਸਾ ਅੱਜ ਘਟੀਆ ਵਿਚਾਰ ਨੂੰ ਜਨਮ ਦਿੰਦੀ ਹੈ ਜੋ ਹਿੰਸਕ ਰਾਸ਼ਟਰਵਾਦ ਦਾ ਕਾਰਨ ਬਣਦੀ ਹੈ। ਜਦੋਂ ਇਹ ਹਮਲਾਵਰ ਨਹੀਂ ਹੋ ਸਕਦਾ ਤਾਂ ਇਹ ਅੰਦਰ ਕਲੋਨੀਆਂ ਦੀ ਭਾਲ ਕਰਦਾ ਹੈ ਤੇ ਘੱਟ ਗਿਣਤੀਆਂ ਨੂੰ ਦਬਾ ਕੇ ਆਪਣੀ ਇੱਛਾ ਦੀ ਪੂਰਤੀ ਕਰਦਾ ਹੈ।

ਪਿਛਲੇ ਕੁਝ ਸਾਲਾਂ ਤੋਂ ਭਾਰਤੀ ਯੂਨੀਵਰਸਿਟੀਆਂ ਨੂੰ ਕੰਟਰੋਲ ਕਰਨ ਲਈ ਮੁਹਿੰਮ ਚਲਾਈ ਹੈ, ਉਸ 'ਤੇ ਚੀਨੀ ਪ੍ਰਭਾਵ ਵੀ ਹੈ।

ਭਾਰਤੀ ਸਿੱਖਿਆ ਦਾ ਉਦੇਸ਼ ਸਿਰਫ਼ ਨਿਪੁੰਨ ਹੁਨਰਮੰਦ ਉਤਪਾਦਕ ਇਕਾਈਆਂ ਦਾ ਨਿਰਮਾਣ ਹੈ, ਨਾ ਕਿ ਸੁਤੰਤਰ ਵਿਅਕਤੀ ਤੇ ਮਨੁੱਖੀ ਆਜ਼ਾਦੀ। ਇਹੀ ਕਾਰਨ ਹੈ ਕਿ ਭਾਰਤੀ ਮਨੁੱਖ ਦੇ ਗਲ ਵਿਚ ਗੁਲਾਮੀ ਪੈ ਗਈ ਹੈ। ਇਸ ਤੋਂ ਆਜ਼ਾਦ ਤਾਂ ਹੀ ਹੋਇਆ ਜਾ ਸਕਦਾ ਹੈ ਜੇ ਸਾਡੇ ਗਿਆਨ ਸਿਲੇਬਸ ਮਨੁੱਖੀ ਅਜ਼ਾਦੀ ਨਾਲ ਜੁੜੇ ਹੋਣਗੇ। ਚੀਨ ਵਿਚ ਸੁਤੰਤਰ ਮਨ ਦੀ ਜਗਾ ਜੇਲ ਹੈ। ਇਥੋਂ ਤਕ ਕਿ ਭਾਰਤ ਵਿਚ ਵੀ ਭਗਵੇਂਵਾਦੀ ਸੁਤੰਤਰ ਸੋਚ ਵਾਲੇ ਲੋਕਾਂ ਨੂੰ ਨਫ਼ਰਤ ਦੀ ਦ੍ਰਿਸ਼ਟੀ ਨਾਲ ਦੇਖਦੇ ਹਨ। ਉਨਾਂ ਦੀ ਸੋਚ ਇਹ ਹੈ ਕਿ ਜੇ ਉਨਾਂ ਨੂੰ ਮਾਰਿਆ ਨਹੀਂ ਜਾ ਸਕਦਾ ਤਾਂ ਉਨਾਂ ਨੂੰ ਜੇਲ ਵਿਚ ਰੱਖਿਆ ਜਾ ਸਕਦਾ ਹੈ।

ਚੀਨ ਨੇ ਹਾਂਗ ਕਾਂਗ ਨੂੰ ਪੂਰੀ ਤਰਾਂ ਆਪਣੇ ਕਬਜ਼ੇ ਵਿਚ ਲੈਣ ਲਈ ਕੁਝ ਦਿਨ ਪਹਿਲਾਂ ਜੋ ਕਾਨੂੰਨ ਬਣਾਇਆ ਸੀ, ਉਹ ਸਾਨੂੰ ਪਿਛਲੇ ਸਾਲ 5 ਅਗਸਤ ਦੀ ਯਾਦ ਦਿਵਾਉਂਦਾ ਹੈ। ਉਸ ਦਿਨ ਭਾਰਤ ਦੀ ਸੰਸਦ ਨੇ ਵੀ ਕਸ਼ਮੀਰ ਨੂੰ ਆਪਣੇ ਨਾਲ ਮਿਲਾਉਣ ਲਈ ਕਾਨੂੰਨੀ ਕਦਮ ਚੁੱਕਿਆ ਸੀ। ਇਸਦਾ ਅਰਥ ਸੀ ਕਸ਼ਮੀਰੀਆਂ ਦੀ ਆਜ਼ਾਦੀ ਦਾ ਮੁਕੰਮਲ ਵਿਨਾਸ਼। ਭਾਰਤ ਦੇ ਬਹੁਗਿਣਤੀ ਭਾਈਚਾਰੇ ਨੂੰ ਨਵੇਂ ਪ੍ਰਦੇਸ਼ ਨੂੰ ਜਿੱਤਣ ਦਾ ਅਨੰਦ ਦਿੱਤਾ ਗਿਆ। ਚੀਨ ਹਾਂਗ ਕਾਂਗ ਦੇ ਨਾਲ ਬਿਲਕੁਲ ਇਹੀ ਕਰ ਰਿਹਾ ਹੈ। ਸੋ ਰਾਸ਼ਟਰਵਾਦ ਦਾ ਸੁਆਲ ਹਮੇਸ਼ਾ ਹੀ ਮਨੁੱਖੀ ਆਜ਼ਾਦੀ ਦੇ ਵਿਰੁਧ ਹੁੰਦਾ ਹੈ।

# ਕੋਰੋਨਾ ਸੰਕਟ ਵਿਚ ਲੰਗਰ ਸੇਵਾ ਨਾਲ ਦੁਨੀਆ ਵਿਚ ਗੁਰੂ ਨਾਨਕ ਪੰਥ ਦਾ ਉਭਾਰ ਹੋਇਆ

## ✪ ਐਨਡੀਟੀਵੀ ਵਲੋਂ ਵਿਸ਼ਵ ਦੇ ਸਿੱਖਾਂ ਵਲੋਂ ਲੰਗਰ ਸੇਵਾ ਦੀ ਡਾਕੂਮੈਂਟਰੀ ਪੇਸ਼ ਕਰਕੇ ਸਿੱਖ ਧਰਮ ਦੀ ਕੀਤੀ ਸ਼ਲਾਘਾ

**ਜਲੰਧਰ /ਏ.ਟੀ.ਨਿਊਜ਼ :** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਐੱਨ.ਡੀ.ਟੀ.ਵੀ. ਵਲੋਂ ਕੋਰੋਨਾ ਮਹਾਂਮਾਰੀ ਦੀ ਆਫ਼ਤ ਦੌਰਾਨ ਸਿੱਖ ਗੁਰਦੁਆਰਿਆਂ ਵਲੋਂ ਦੁਨੀਆ ਭਰ ਵਿਚ ਲੋੜਵੰਦਾਂ ਨੂੰ ਲੰਗਰ ਛਕਾਉਣ ਦੀ ਕੀਤੀ ਜਾ ਰਹੀ ਸੇਵਾ ਤੇ ਆਸਰਾ ਦੇਣ ਬਾਰੇ ਤਿਆਰ ਕੀਤੇ ਤੇ ਪ੍ਰਸਾਰਤ 'ਦਿਲ ਸੇ ਸੇਵਾ' ਪ੍ਰੋਗਰਾਮ ਨੇ ਇਹ ਗੱਲ ਸਾਹਮਣੇ ਲਿਆਂਦੀ ਹੈ ਕਿ ਦੁਨੀਆ ਦੀ ਵਸੋਂ ਵਿਚ ਆਟੇ ਵਿਚ ਲੂਣ ਬਰਾਬਰ ਸਿੱਖ ਭਾਈਚਾਰੇ ਨੂੰ ਉਸ ਦੀ ਮਨੁੱਖਤਾ ਦੀ ਸੇਵਾ ਭਾਵਨਾ ਨੇ ਪੂਰੀ ਦੁਨੀਆ ਵਿਚ ਉਭਾਰ ਦਿੱਤਾ ਹੈ। ਆਪਣੀ ਮਜ਼ਬੂਤ ਵਿਰਾਸਤ ਤੇ ਫਲਸਫ਼ੇ 'ਤੇ ਚੱਲਦਿਆਂ ਬਿਨਾਂ ਕਿਸੇ ਭੇਦਭਾਵ ਕੋਰੋਨਾ ਵਾਇਰਸ ਦੀ ਖ਼ਤਰਨਾਕ ਹਾਲਾਤ ਵਿਚ ਵੀ ਸਿੱਖਾਂ ਨੇ ਜਾਨ ਜੋਖ਼ਮ ਵਿਚ ਪਾ ਕੇ ਨਾ ਸਿਰਫ਼ ਮਨੁੱਖੀ ਸੇਵਾ ਤੇ ਦੂਜਿਆਂ ਦੀ ਮਦਦ ਕਰਨ ਦੇ ਜਜ਼ਬੇ ਨੂੰ ਹੀ ਜਾਰੀ ਰੱਖਿਆ, ਸਗੋਂ ਉਨਾਂ ਮੁਸ਼ਕਿਲ ਤੋਂ ਮੁਸ਼ਕਿਲ ਹਾਲਤ ਵਿਚ ਵੀ ਹਿੰਮਤ ਤੇ ਚੜਦੀ ਕਲਾ ਦੀਆਂ ਮਿਸਾਲਾਂ ਕਾਇਮ ਕਰਦਿਆਂ ਹੋਰਨਾਂ ਲਈ ਚਾਨਣ ਮੁਨਾਰਾ ਬਣਨ ਦਾ ਕੰਮ ਵੀ ਕੀਤਾ। ਟੀ.ਵੀ. ਚੈਨਲ ਦੇ ਮੁੱਖ ਪ੍ਰਬੰਧਕ ਡਾ. ਪਰਨਾਏ ਰਾਏ, ਵਿਸ਼ਨੂੰ ਤੇ ਰਾਧਿਕਾ ਨੇ 1 ਘੰਟਾ 35 ਮਿੰਟ ਦੇ ਕਰੀਬ ਪ੍ਰੋਗਰਾਮ ਨੂੰ ਬਾਖੂਬੀ ਚਲਾਇਆ। ਅਕਾਲੀ ਦਲ ਦੇ ਜਨਰਲ ਸਕੱਤਰ ਤੇ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਤੇ ਵਿਸ਼ਵ ਪੰਜਾਬੀ ਸੰਗਠਨ ਦੇ ਵਿਕਰਮਜੀਤ ਸਿੰਘ ਸਾਹਨੀ ਨੇ ਸਿੱਖ ਗੁਰੂਆਂ ਵਲੋਂ ਸ਼ੁਰੂ ਕੀਤੀ ਲੰਗਰ ਦੀ ਸੇਵਾ ਉੱਪਰ ਚਾਨਣਾ ਪਾਇਆ ਤੇ ਇਹ ਵੀ ਦੱਸਿਆ ਕਿ ਜਦੋਂ ਉਤਰਾਖੰਡ, ਆਸਾਮ, ਗੁਜਰਾਤ, ਉੜੀਸਾ ਜਾਂ ਹੋਰ ਕਿਤੇ ਹੜ ਆਏ ਤਾਂ ਸਿੱਖਾਂ ਨੇ ਲੰਗਰ ਤੇ ਮੁੜ ਵਸੇਬੇ ਦੇ ਪ੍ਰਬੰਧ ਹਰ ਥਾਂ ਕੀਤੇ। ਗੁਜਰਾਲ ਨੇ ਸਰਹੱਦਾਂ ਉੱਪਰ ਸਿੱਖ ਜਵਾਨਾਂ ਦੀ ਬੀਰਤਾ ਦੀ ਗੱਲ ਕਰਦਿਆਂ ਚੀਨ ਦੀ ਸਰਹੱਦ ਉੱਪਰ ਸ਼ਹੀਦ ਜਵਾਨਾਂ ਦੀ ਬਹਾਦਰੀ ਦੀ ਵੀ ਗੱਲ ਕੀਤੀ। ਗਾਇਕਾ ਹਰਸ਼ਦੀਪ ਕੌਰ ਨੇ ਆਪਣੀ ਕਲਾ ਰਾਹੀਂ ਗੁਰੂ ਘਰ ਦੀ ਪ੍ਰੰਪਰਾ ਨਾਲ ਨੇੜਤਾ ਵਰਨਣ ਕੀਤੀ।

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਲੰਗਰ ਸੇਵਾ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਦੋ ਕਰੋੜ ਤੋਂ ਵਧੇਰੇ ਲੋਕਾਂ ਨੂੰ ਬਾਹਰ ਜਾ ਕੇ ਲੰਗਰ ਛਕਾਇਆ। ਉਨਾਂ ਦੱਸਿਆ ਕਿ ਬੰਗਲਾ ਸਾਹਿਬ ਤੋਂ ਚੱਲ ਰਹੀ ਨਿਰਸਵਾਰਥ ਲੰਗਰ ਸੇਵਾ ਲਈ ਹਰ ਰੋਜ਼ ਲੋਕ ਗੁੰਮਨਾਮ ਰਸਦ ਦੇ ਟਰੱਕ ਭੇਜਦੇ ਰਹਿੰਦੇ ਹਨ। ਸਿਰਸਾ ਨੇ ਦੱਸਿਆ ਕਿ 100 ਦਿਨ ਤੋਂ ਵੀ ਵੱਧ ਸਮਾਂ ਹੋ ਗਿਆ ਕਿ ਲਗਾਤਾਰ ਲੰਗਰ ਵਰਤਾਇਆ ਜਾ ਰਿਹਾ ਸੀ।

ਵੇਵ ਗਰੁੱਪ ਦੇ ਰਾਜੂ ਚੱਢਾ, ਬੰਗਲਾ ਸਾਹਿਬ ਗੁਰਦੁਆਰੇ ਦੇ ਹੈੱਡ ਗ੍ਰੰਥੀ ਗਿਆਨੀ ਰਣਜੀਤ ਸਿੰਘ ਅਤੇ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਨੇ ਵੀ ਸਿੱਖੀ ਪਰੰਪਰਾ ਤੇ ਲੰਗਰ ਸੇਵਾ ਬਾਰੇ ਜਾਣਕਾਰੀ ਦਿੱਤੀ।

ਅਦਾਕਾਰ ਰਣਦੀਪ ਹੁੱਡਾ ਨੇ ਕਿਹਾ ਕਿ ਮੈਂ ਸਿੱਖੀ ਪ੍ਰੰਪਰਾਵਾਂ ਤੋਂ ਪੂਰੀ ਤਰਾਂ ਵਾਕਫ਼ ਹਾਂ। ਉਨਾਂ ਕਿਹਾ ਕਿ ਸਿੱਖ ਗਿਣਤੀ ਵਿਚ ਜ਼ਿਆਦਾ ਨਹੀਂ ਪਰ ਦੁਨੀਆ ਵਿਚ ਸੇਵਾ ਤੇ ਸਹਿਯੋਗ ਵਿਚ ਸਭ ਤੋਂ ਅੱਗੇ ਹਨ। ਉਨਾਂ ਕਿਹਾ ਕਿ ਸਿੱਖ ਨੂੰ ਨੇੜੇ ਦੇਖਦਿਆਂ ਹੀ ਸੁਰੱਖਿਆ ਦੀ ਭਾਵਨਾ ਜਾਗ ਪੈਂਦੀ ਹੈ। ਫ਼ਿਲਮ ਅਭਿਨੇਤਾ ਗੁਲਸ਼ਨ ਗਰੋਵਰ ਨੇ ਕਿਹਾ ਕਿ ਇਸ ਸੰਕਟ ਮੌਕੇ ਪੂਰੀ ਦੁਨੀਆ ਵਿਚ ਗੁਰਦੁਆਰੇ ਲੰਗਰ ਚਲਾ ਰਹੇ ਹਨ ਤੇ ਸਿੱਖਾਂ ਦੀ ਇਹ ਸੇਵਾ ਹਮੇਸ਼ਾ ਯਾਦ ਰਹੇਗੀ। ਉਨਾਂ ਕਿਹਾ ਕਿ ਦਿੱਲੀ ਵਿਚ ਉਹ ਗੁਰਦੁਆਰਾ ਸੀਸਗੰਜ ਸਾਹਿਬ ਤੇ ਲਾਸ ਏਂਜਲਸ ਵਿਚ ਉੱਥੋਂ ਦੇ ਗੁਰਦੁਆਰੇ ਜ਼ਰੂਰ ਮੱਥਾ ਟੇਕਣ ਜਾਣਗੇ। ਫ਼ਿਲਮ ਪ੍ਰੋਡਿਊਸਰ ਰਾਹੁਲ ਮਿੱਤਰਾ ਤੇ ਉੱਘੇ ਗੀਤਕਾਰ, ਲੇਖਕ ਤੇ ਫ਼ਿਲਮ ਨਿਰਦੇਸ਼ਕ ਗੁਲਜ਼ਾਰ ਨੇ ਵੀ ਸਿੱਖਾਂ ਦੀ ਨਿਰਸਵਾਰਥ ਸੇਵਾ ਦੀ ਸ਼ਲਾਘਾ ਕੀਤੀ।

ਪ੍ਰਸਿੱਧ ਪੱਤਰਕਾਰ ਰਵੀਸ਼ ਕੁਮਾਰ ਨੇ ਕਿਹਾ ਕਿ ਭਾਰਤ ਦੇ ਫਿਰਕਾਪ੍ਰਸਤ ਲੋਕਾਂ ਨੂੰ ਸਿੱਖ ਧਰਮ ਵਾਲਿਆਂ ਕੋਲੋਂ ਸਿੱਖਣਾ ਚਾਹੀਦਾ ਹੈ ਕਿ ਮਨੁੱਖਤਾ ਨਾਲ ਕਿਵੇਂ ਪਿਆਰ ਕਰੀਦਾ ਹੈ। ਉਨਾਂ ਕਿਹਾ ਕਿ ਕੋਰੋਨਾ ਸੰਕਟ ਪੂਰੀ ਦੁਨੀਆਂ ਲਈ ਮਹਾਂਮਾਰੀ ਸਾਬਤ ਹੋ ਰਿਹੈ। ਇਸ ਦੇ ਕਾਰਨ ਸਾਹਮਣੇ ਆ ਰਹੀਆਂ ਸੁਆਰਥੀ ਅਤੇ ਸਰਬੱਤ ਦੇ ਭਲੇ ਦੀਆਂ ਦੋ ਫ਼ਿਤਰਤਾਂ ਦੀਆਂ ਕਹਾਣੀਆਂ ਲੋਕ ਆਪਣੀ ਆਉਣ ਵਾਲੀ ਪੀੜੀ ਨੂੰ ਸੁਣਾਇਆ ਕਰਨਗੇ। ਇੱਕ ਫਿਤਰਤ ਉਹ ਜੋ ਇਸ ਪਦਾਰਥਵਾਦੀ ਯੁੱਗ ਵਿੱਚ ਅਤਿ ਦੇ ਸਵਾਰਥ ਦੀ ਵਿਕਸਤ ਹੋਈ ਅਤੇ ਦੂਜੀ ਜੋ ਪੰਦਰਵੀਂ ਸਦੀ ਵਿੱਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਨਵ ਸੇਵਾ ਦੀ ਇਸ ਸਮਾਜ ਨੂੰ ਦਿੱਤੀ। ਗੁਰੂ ਨਾਨਕ ਸਾਹਿਬ ਨੇ ਜਿਹੜਾ ਪੰਥ ਚਲਾਇਆ ਉਸ 'ਤੇ ਚੱਲਣ ਵਾਲੇ ਪਾਂਧੀਆਂ ਨੇ ਆਪਣੇ ਗੁਰੂ ਦੇ ਦੱਸੇ ਸਰਬੱਤ ਦੇ ਭਲੇ ਦੇ ਮਾਰਗ 'ਤੇ ਚਲਦਿਆਂ 2020 ਦੇ ਇਸ ਵਰੇ ਵਿੱਚ ਆਈ ਮਾਨਵ ਖਾਣੀ ਕੋਰੋਨਾ ਮਹਾਂਮਾਰੀ ਦੇ ਸੰਕਟ ਵਿਚ ਫਸੀ ਲੁਕਾਈ ਦੀ ਨਿਰਸਵਾਰਥ ਤੇ ਬਿਨਾਂ ਜਾਤੀ/ਧਰਮ ਦੇ ਵਿਤਕਰੇ ਤੋਂ ਸੇਵਾ ਕੀਤੀ, ਜਿਸ ਨਾਲ ਸਰਬ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦਾ ਸੰਦੇਸ਼ ਪੂਰੀ ਦੁਨੀਆਂ ਵਿੱਚ ਗਿਆ।

ਇਸ ਦੌਰਾਨ ਸਿੱਖ ਭਾਈਚਾਰੇ ਨੇ ਪੂਰੀ ਦੁਨੀਆਂ ਵਿੱਚ ਜਿਸ ਪ੍ਰਕਾਰ ਦੁਖੀ ਲੋਕਾਂ ਦੀ ਬਾਂਹ ਨੂੰ ਫੜਿਆ ਹੈ, ਉਸ ਨੇ ਪੂਰੇ ਵਿਸ਼ਵ ਨੂੰ ਕਾਇਲ ਕਰਕੇ ਰੱਖ ਦਿੱਤਾ ਹੈ। ਆਖਿਰ ਵਿੱਚ ਮੈਂ ਸਿੱਖ ਧਰਮ ਵਾਲਿਆਂ ਨੂੰ ਸਲੂਟ ਕਰਦਾ ਹਾਂ ਜਿਹੜੇ ਇਸ ਲੜਾਈ ਵਿੱਚ ਆਪਣੀ ਜਾਨ ਨੂੰ ਜ਼ੋਖਮ ਵਿੱਚ ਪਾ ਕੇ ਲੋਕਾਂ ਦੀ ਸੇਵਾ ਵਿੱਚ ਜੁਟੇ ਹੋਏ ਹਨ।

ਕੋਰੋਨਾ ਆਫ਼ਤ ਵਿਚ ਸਿੱਖੀ ਦੀ ਵਿਲੱਖਣ ਸੇਵਾ ਉੱਪਰ ਹੋਇਆ ਇਹ ਪ੍ਰੋਗਰਾਮ ਸਿੱਖ ਵਿਰਾਸਤ ਤੇ ਸੇਵਾ ਭਾਵਨਾ ਨੂੰ ਉਭਾਰਨ ਦਾ ਯਾਦਗਾਰੀ ਪ੍ਰੋਗਰਾਮ ਬਣ ਗਿਆ ਹੈ।

# ਕਸ਼ਮੀਰ ’ਚ ਪੁਲੀਸ ਨੇ ਗੋਲੀ ਨਾਲ ਬਜ਼ੁਰਗ ਨੂੰ ਉਡਾਇਆ

**✪ ਬੱਚੇ ਨੇ ਦਿੱਤੀ ਗਵਾਹੀ ਕਿ ਮੇਰੇ ਪਾਪਾ ਨੂੰ ਪੁਲੀਸ ਨੇ ਬੰਦੂਕ ਨਾਲ ਮਾਰਿਆ ✪ ਪੁਲੀਸ ਨੇ ਕਿਹਾ ਅੱਤਵਾਦੀਆਂ ਨੇ ਮਾਰਿਆ**

**ਜੰਮੂ/ਏ.ਟੀ.ਨਿਊਜ਼:** ਕਸ਼ਮੀਰ ਵਿੱਚ ਧਾਰਾ 370 ਖ਼ਤਮ ਕਰਨ ਤੇ ਇਸ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਕੇਂਦਰ ਸ਼ਾਸਤ ਰਾਜ ਬਣਾ ਦੇਣ ਤੋਂ ਬਾਅਦ ਸ਼ੁਰੂ ਹੋਈਆਂ ਪਾਬੰਦੀਆਂ ਨੂੰ ਲੱਗਭੱਗ 11 ਮਹੀਨੇ ਹੋ ਚੁੱਕੇ ਹਨ। ਲੰਮੇ ਸਮੇਂ ਤੋਂ ਸੰਤਾਪ ਭੋਗ ਰਹੇ ਘਾਟੀ ਦੇ ਲੋਕਾਂ ਨੇ ਇਨਾਂ ਦੋਹਰੀਆਂ ਪਾਬੰਦੀਆਂ ਦੌਰਾਨ ਕਿੰਨਾ ਕੁਝ ਝੱਲਿਆ ਹੋਵੇਗਾ, ਇਹ ਉਹੀ ਜਾਣਦੇ ਹਨ। ਪਿਛਲੇ ਦਿਨੀਂ ਆਈ ਇੱਕ ਦਿਲ ਦਹਿਲਾ ਦੇਣ ਵਾਲੀ ਤਸਵੀਰ ਨੇ ਉੱਥੋਂ ਦੀ ਸੱਚਾਈ ਨੂੰ ਕਾਫ਼ੀ ਹੱਦ ਤੱਕ ਉਜਾਗਰ ਕਰ ਦਿੱਤਾ ਹੈ। ਇਸ ਤਸਵੀਰ ਵਿੱਚ ਗੋਲੀ ਨਾਲ ਮਾਰੇ ਗਏ ਇੱਕ ਵਿਅਕਤੀ ਦੀ ਲਾਸ਼ ਉੱਤੇ ਇੱਕ ਬੱਚਾ ਬੈਠਾ ਹੋਇਆ ਹੈ। ਸੀ ਆਰ ਪੀ ਐੱਫ ਮੁਤਾਬਕ ਸੋਪੋਰ ਵਿਖੇ ਉਨਾਂ ਦੀ ਪੈਟਰੋਲਿੰਗ ਪਾਰਟੀ ਉੱਤੇ ਅੱਤਵਾਦੀਆਂ ਨੇ ਹਮਲਾ ਕਰ ਦਿੱਤਾ ਸੀ। ਇਸ ਹਮਲੇ ਵਿੱਚ ਇੱਕ ਜਵਾਨ ਮਾਰਿਆ ਗਿਆ ਤੇ ਇੱਕ ਆਮ ਨਾਗਰਿਕ ਦੀ ਮੌਤ ਹੋ ਗਈ।

ਕਸ਼ਮੀਰ ਦੀਆਂ ਅਖ਼ਬਾਰਾਂ ਵਿਚ ਖ਼ਬਰ ਇੰਝ ਛਪੀ ਹੈ, “ਤਿੰਨ ਸਾਲਾਂ ਦਾ ਬੱਚਾ ਆਪਣੇ ਹੱਥ ਦੀ ਪਹਿਲੀ ਉਂਗਲ ਨਾਲ ਆਪਣੇ ਵੱਲ ਨਿਸ਼ਾਨਾ ਸਾਧਦਿਆਂ ਏਦਾਂ ਸਾਂਗ ਲਾਉਂਦਾ ਏ ਜਿਵੇਂ ਉਹਦੇ ਹੱਥ ਵਿਚ ਬੰਦੂਕ ਹੋਵੇ, ਤੇ ਫਿਰ ਇੰਝ ਅਦਾਕਾਰੀ ਕਰਦਾ ਏ ਜਿਵੇਂ ਉਹ ਬੰਦੂਕ ਦਾ ਘੋੜਾ ਦੱਬ ਰਿਹਾ ਹੋਵੇ ਤੇ ਫਿਰ (ਮੂੰਹ ਵਿਚੋਂ) ਗੋਲੀਆਂ ਚਲਾਉਣ ਦੀਆਂ ਆਵਾਜ਼ਾਂ ਕੱਢਦਾ ਏ।”

ਇਹ ਉਹ ਤਿੰਨ ਸਾਲਾਂ ਦਾ ਬੱਚਾ ਹੈ ਜਿਸ ਦੇ ਦਾਦੇ ਦੀ ਜੰਮੂ-ਕਸ਼ਮੀਰ ਵਿਚ ਸੋਪੋਰ ਵਿਚ ਬੀਤੇ ਹਫਤੇ ਸੁਰੱਖਿਆ ਬਲਾਂ ਤੇ ਜਿਹਾਦੀਆਂ ਵਿਚਕਾਰ ਹੋਏ ਮੁਕਾਬਲੇ ਵਿਚ ਕੁਝ ਘੰਟੇ ਪਹਿਲਾਂ ਮੌਤ ਹੋ ਗਈ ਸੀ। ਪੁਲੀਸ ਦਾ ਕਹਿਣਾ ਹੈ ਕਿ ਜਦ ਸੋਪੋਰ ਦੇ ਬਾਹਰਵਾਰ ਜਿਹਾਦੀਆਂ ਨੇ ਪੁਲੀਸ ਅਤੇ ਸੁਰੱਖਿਆ ਬਲਾਂ ’ਤੇ ਗੋਲੀ ਚਲਾਉਣੀ ਸ਼ੁਰੂ ਕੀਤੀ ਤਾਂ ਇਸ ਬੱਚੇ ਦਾ ਦਾਦਾ ਬਸ਼ੀਰ ਉਸ ਗੋਲਾਬਾਰੀ



ਵਿਚ ਕਰਾਸ ਫਾਇਰ ਵਿਚ ਜਿਹਾਦੀਆਂ ਦੀ ਗੋਲੀ ਨਾਲ ਮਾਰਿਆ ਗਿਆ।

ਦੂਜੇ ਪਾਸੇ ਮਰਨ ਵਾਲੇ ਵਿਅਕਤੀ ਬਸ਼ੀਰ ਅਹਿਮਦ ਦੀ ਪਤਨੀ ਦਾ ਦੋਸ਼ ਹੈ ਕਿ ਉਸ ਦੇ ਪਤੀ ਨੂੰ ਕਾਰ ਵਿੱਚੋਂ ਕੱਢ ਕੇ ਗੋਲੀ ਮਾਰੀ ਗਈ ਤੇ ਫਿਰ ਉਸ ਦੀ ਲਾਸ਼ ਉੱਤੇ ਬੱਚੇ ਨੂੰ ਬਿਠਾ ਦਿੱਤਾ ਗਿਆ। ਸੀ ਆਰ ਪੀ ਐੱਫ਼ ਦੇ ਏ ਡੀ ਜੀ ਜ਼ੁਲਫ਼ਕਾਰ ਹਸਨ ਨੇ ਇਨਾਂ ਦੋਸ਼ਾਂ ਦਾ ਖੰਡਨ ਕਰਦਿਆਂ ਮੀਡੀਆ ਸਾਹਮਣੇ ਕਿਹਾ ਹੈ ਕਿ ਉਹ ਜ਼ਿੰਮੇਵਾਰੀ ਨਾਲ ਕਹਿ ਰਹੇ ਹਨ ਕਿ ਬਸ਼ੀਰ ਅਹਿਮਦ ਦੀ ਮੌਤ ਜਿਹਾਦੀਆਂ ਦੀ ਫਾਇਰਿੰਗ ਨਾਲ ਹੋਈ, ਕੁਝ ਲੋਕ ਇਸ ਨੂੰ ਗਲਤ ਪੇਸ਼ ਕਰ ਰਹੇ ਹਨ ਕਿ ਉਸ ਨੂੰ ਸੀ ਆਰ ਪੀ ਐੱਫ਼ ਨੇ ਗੱਡੀ ਵਿੱਚੋਂ ਕੱਢ ਕੇ ਗੋਲੀ ਮਾਰੀ।

ਇਕ ਹੋਰ ਨਿਊਜ਼ ਪੋਰਟਲ ਅਨੁਸਾਰ ਪੁਲੀਸ ਤੇ ਜਿਹਾਦੀਆਂ ਵਿਚ ਹੋਏ ਮੁਕਾਬਲੇ ਦੀਆਂ ਦਿਲ ਹਲੂਣ ਦੇਣ ਵਾਲੀਆਂ ਕੁਝ ਤਸਵੀਰਾਂ ਇਹ ਵਿਖਾਉਂਦੀਆਂ ਨੇ ਕਿ ਕਿਵੇਂ ਬੱਚਾ ਪਹਿਲਾਂ ਸੜਕ ’ਤੇ ਲੰਮੇ ਪਏ (ਮਰ ਚੁੱਕੇ ਜਾਂ ਮਰ ਰਹੇ) ਆਪਣੇ ਦਾਦੇ ਨੂੰ ਹਲੂਣਦਾ ਅਤੇ ਉਸ ਨੂੰ ‘ਜਗਾਉਣ’ ਦੀ ਕੋਸ਼ਿਸ਼ ਕਰਦਾ ਹੈ। ਇਕ ਹੋਰ ਤਸਵੀਰ ਦੱਸਦੀ ਹੈ ਕਿ ਚੱਟਾਨ ਪਿੱਛੇ ਸ਼ਹਿ ਲਾ ਕੇ ਬੈਠਾ ਸੁਰੱਖਿਆ ਦਲ ਦਾ ਇਕ ਜਵਾਨ ਬੱਚੇ ਨੂੰ ਸੁਰੱਖਿਅਤ ਥਾਂ ਵੱਲ ਆਉਣ ਦਾ ਇਸ਼ਾਰਾ ਕਰ ਰਿਹਾ ਹੈ।

ਇਕ ਹੋਰ ਨਿਊਜ਼ ਪੋਰਟਲ ਅਨੁਸਾਰ ਜਦ ਇਹ ਤਸਵੀਰਾਂ ਸੋਸ਼ਲ ਮੀਡੀਆ ’ਤੇ ਵਾਇਰਲ ਹੋਈਆਂ ਤਾਂ ਭਾਰਤੀ ਜਨਤਾ ਪਾਰਟੀ ਦੇ ਕੁਝ ਆਗੂਆਂ ਨੇ ਕਿਹਾ ਕਿ ਇਨਾਂ ਤਸਵੀਰਾਂ ਲਈ ਕੋਈ ਪੁਲਿਟਜ਼ਰ ਇਨਾਮ ਨਹੀਂ ਮਿਲੇਗਾ ਕਿਉਂਕਿ ਭਾਜਪਾ ਆਗੂਆਂ ਅਨੁਸਾਰ ਬਸ਼ੀਰ ਅਹਿਮਦ ਖ਼ਾਨ ਦਹਿਸ਼ਤਗਰਦਾਂ ਦੀਆਂ ਗੋਲੀਆਂ ਨਾਲ ਮਾਰਿਆ ਗਿਆ ਸੀ। ਪੁਲਿਟਜ਼ਰ ਇਨਾਮ ਦਾ ਜ਼ਿਕਰ ਇਸ ਲਈ ਕੀਤਾ ਗਿਆ ਕਿਉਂਕਿ ਕੁਝ ਮਹੀਨੇ ਪਹਿਲਾਂ ਕਸ਼ਮੀਰ ਦੇ ਤਿੰਨ ਪੱਤਰਕਾਰਾਂ ਦੀਆਂ, ਲੋਕਾਂ ਵੱਲੋਂ ਸੰਵਿਧਾਨ ਦੀ ਧਾਰਾ 370 ਮਨਸੂਖ਼ ਕੀਤੇ ਜਾਣ ਬਾਅਦ ਹੋਏ ਮੁਜ਼ਾਹਰਿਆਂ ਤੇ ਹੋਰ ਤਸਵੀਰਾਂ ਛਪਣ ਕਾਰਨ ਪੁਲਿਟਜ਼ਰ ਇਨਾਮ ਮਿਲਿਆ ਸੀ। ਇਹ ਘੜੀ ਪੁਲਿਟਜ਼ਰ ਇਨਾਮ ਨੂੰ ਛੱਡ ਕੇ ਉਨਾਂ ਸਿਆਸਤਦਾਨਾਂ ਬਾਰੇ ਸੋਚਣ ਦੀ ਹੈ ਜਿਹੜੇ ਬੱਚੇ ਤੇ ਪਰਿਵਾਰ ਦੇ ਅਸੀਮ ਦੁੱਖ ਦੀ ਘੜੀ ਵਿਚ ਵੀ ਅਜਿਹੇ ਕੋਝੇ ਸਿਆਸੀ ਮਜ਼ਾਕ ਕਰ ਰਹੇ ਹਨ। ਦੂਸਰੇ ਪਾਸੇ ਬਸ਼ੀਰ ਅਹਿਮਦ ਖ਼ਾਨ ਦਾ ਪਰਿਵਾਰ ਦੋਸ਼ ਲਗਾ ਰਿਹਾ ਹੈ ਕਿ ਉਸ ਨੂੰ ਕਾਰ ਵਿਚੋਂ ਬਾਹਰ ਆਉਣ ਲਈ ਕਿਹਾ ਗਿਆ ਤੇ ਫਿਰ ਗੋਲੀ ਮਾਰ ਦਿੱਤੀ ਗਈ। ਇਹ ਸੱਚ ਹੈ ਕਿ ਕਸ਼ਮੀਰ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ।

ਬਸ਼ੀਰ ਅਹਿਮਦ ਦੀ ਪਤਨੀ ਵੀ ਬੱਚੇ ਵਾਲੀ ਗੱਲ ਹੀ ਦੁਹਰਾਉਂਦੀ ਹੈ।

ਇਸ ਮਾਮਲੇ ਵਿੱਚ ਨਿਰਪੱਖ ਜਾਂਚ ਰਾਹੀਂ ਸੱਚ ਸਾਹਮਣੇ ਲਿਆਉਣਾ ਚਾਹੀਦਾ ਹੈ, ਨਹੀਂ ਤਾਂ ਅਜਿਹੀਆਂ ਅਣਮਨੁੱਖੀ ਘਟਨਾਵਾਂ ਵਾਪਰਦੀਆਂ ਹੀ ਰਹਿਣਗੀਆਂ।

# ਜੱਥੇਦਾਰ ਜਸਬੀਰ ਸਿੰਘ ਰੋਡੇ ਨੇ ਬਾਦਲ ਦਲ ਨੂੰ ਘੇਰਿਆ

**✪ ਕਿਹਾ ਕਿ ਪੰਜਾਬੀ ਏਜੰਡੇ ਨੂੰ ਅਪਨਾ ਕੇ ਪੰਥ ਨਾਲ ਧੋਖਾ ਕੀਤਾ ਹੈ ✪ ਅਕਾਲੀ ਦਲ ਹੁਣ ਦਾਅਵਾ ਨਹੀਂ ਕਰ ਸਕਦਾ ਕਿ ਉਸ ਦਾ ਕੋਈ ਵੀ ਮੋਰਚਾ ਸਫਲ ਹੋਏਗਾ**

**ਜਲੰਧਰ/ਏ.ਟੀ.ਨਿਊਜ਼:** ਅਕਾਲ ਤਖ਼ਤ ਦੇ ਸਾਬਕਾ ਜੱਥੇਦਾਰ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ ਨੇ ਬੀਤੇ ਸ਼ਨੀਵਾਰ ਨੂੰ ਬਾਦਲ ਅਕਾਲੀ ਦਲ ਵਿਰੁਧ ਬਿਆਨ ਦੇ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਧਰਮ ਸੰਕਟ ਵਿਚ ਪਾ ਦਿੱਤਾ। ਉਨਾਂ ਨੇ ਰਾਜਨੀਤਿਕ ਬਿਆਨ ਦੇਣ ਲਈ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਮੰਚ ਮੰਜੀ ਸਾਹਿਬ ਦੀ ਵਰਤੋਂ ਕੀਤੀ। ਉਨਾਂ ਦੀ ਇਸ ਕਥਾ ਦਾ ਪ੍ਰਸਾਰਨ ਪੰਜਾਬੀ ਚੈਨਲ ਪੀਟੀਸੀ ਰਾਹੀਂ ਹੋ ਰਿਹਾ ਸੀ। ਉਨਾਂ ਨੇ ਪੰਥਕ ਏਜੰਡੇ ਨੂੰ ਖਤਮ ਕਰਨ ਦੇ ਲਈ ਸ਼੍ਰੋਮਣੀ ਅਕਾਲੀ ਦਲ ਦੀ ਦਿਲ ਖੋਲ ਕੇ ਆਲੋਚਨਾ ਕੀਤੀ। ਇੱਥੇ ਜ਼ਿਕਰਯੋਗ ਹੈ ਕਿ ਸਿੰਘ ਸਾਹਿਬ ਰੋਡੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਭਤੀਜੇ ਹਨ। ਭਾਈ ਰੋਡੇ ਉਦੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਣੇ ਸਨ, ਜਦੋਂ ਪੰਜਾਬ ਵਿਚ ਖਾੜਕੂਵਾਦ ਸਿਖਰਾਂ ਤੇ ਸੀ। ਮੰਜੀ ਸਾਹਿਬ ਦੀ ਸਟੇਜ ਤੋਂ ਉਨਾਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆ ਕਿਹਾ ਕਿ ਇਹ ਸਾਡੀ ਬਦਕਿਸਮਤੀ ਹੈ ਕਿ ਸਿੱਖ ਆਪਣੀ ਵੱਖਰੀ ਪਛਾਣ ਨੂੰ ਤਿਆਗ ਚੁੱਕੇ ਹਨ। ਅਕਾਲੀ ਸ਼ਬਦ ਇਤਿਹਾਸਕ ਸਲੋਗਨ ‘ਅਕਾਲ ਪੁਰਖ



ਕੀ ਫ਼ੌਜ’ ਤੋਂ ਲਿਆ ਗਿਆ ਸੀ। ਇਸ ਸ਼ਬਦ ਨੂੰ ਬਾਹਰ ਕੱਢ ਦਿੱਤਾ ਗਿਆ ਹੈ। ਹੁਣ, ਉਹ ਕਹਿੰਦੇ ਹਨ ਕਿ ਅਸੀਂ ਪੰਜਾਬੀ ਹੋ ਗਏ ਹਾਂ ... ਅਕਾਲੀ ਦਲ ਪੰਜਾਬੀ ਪਾਰਟੀ ਬਣ ਗਈ ਹੈ। ਸਿੰਘ ਸਾਹਿਬ ਨੇ ਕਿਹਾ ਕਿ ਅਜਿਹਾ ਕਰਕੇ ਸ਼੍ਰੋਮਣੀ ਅਕਾਲੀ ਦਲ ਦਾ ਨੁਕਸਾਨ ਕੀਤਾ ਗਿਆ ਹੈ। ਹੁਣ ਹਾਲਤ ਅਜਿਹੀ ਹੋ ਗਈ ਹੈ ਕਿ ਪੰਥ ਖੇਰੂ ਖੇਰੂ ਹੋ ਚੁੱਕਾ ਹੈ ਤੇ ਇਹ ਅਕਾਲੀ ਦਲ ਵਾਲੇ ਦਾਅਵਾ ਨਹੀਂ ਕਰ ਸਕਦੇ ਕਿ ਉਹ ਪਹਿਲਾਂ ਦੀ ਤਰਾਂ ਇਤਿਹਾਸਕ ਅੰਦੋਲਨ ਸ਼ੁਰੂ ਕਰ ਸਕਦੇ ਹਨ। ਉਨਾਂ ਕਿਹਾ ਕਿ ਅੱਜ, ਸਾਡੇ ਉੱਤੇ ਜ਼ੁਲਮ ਹੋ ਰਹੇ ਹਨ, ਪਰ ਸਾਡੇ ਕੋਲ ਸੰਗਠਨ ਨਹੀਂ ਹੈ ਤਾਂ ਜੋ ਸੰਘਰਸ਼ ਕਰ ਸਕੀਏ। ਉਨਾਂ ਕਿਹਾ ਕਿ 4 ਜੁਲਾਈ, 1955 ਨੂੰ, ਡੀਆਈਜੀ ਅਸ਼ਵਨੀ ਕੁਮਾਰ ਦੀ ਅਗਵਾਈ ਹੇਠ ਪੁਲਿਸ ਅਤੇ ਮਿਲਟਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਜੁੱਤੀਆਂ ਸਮੇਤ ਦਾਖਲ ਹੋਈ। ਚਾਰ ਤੇ ਪੰਜ ਜੁਲਾਈ ਦੀ ਰਾਤ ਨੂੰ, ਪੁਲਸ ਐਕਸ਼ਨ ਕਰਕੇ, ਮੋਰਚਾ ਬੰਦ ਕਰਨਾ ਚਾਹਿਆ। ਉਸ ਨੇ ਸੋਚਿਆ ਕਿ ਲੰਗਰ ਬੰਦ ਕਰਕੇ ਅਤੇ ਆਏ ਹੋਏ ਵਾਲੰਟੀਅਰਾਂ ਨੂੰ ਗ੍ਰਿਫ਼ਤਾਰ ਕਰਕੇ ਮੋਰਚਾ ਫੇਹਲ ਕਰ ਦਿਆਂਗੇ ਪਰ ਹੋਇਆ ਇਸ ਤੋਂ ਉਲ਼ਟ। ਜਿਉਂ ਹੀ ਸਿੱਖ ਸੰਗਤਾਂ ਵਿਚ ਇਹ ਦੁਖਦਾਈ ਖ਼ਬਰ ਪੁਜੀ, ਸੰਗਤਾਂ ਮੋਰਚੇ ਦੇ ਹੱਕ ਵਿਚ ਉਠ ਖਲੋਤੀਆਂ। ਲੰਗਰ ਤੇ ਸਰਕਾਰੀ ਕਬਜ਼ੇ ਦੀ ਖ਼ਬਰ ਸੁਣ ਕੇ, ਅੰਮ੍ਰਿਤਸਰ ਸ਼ਹਿਰ ਦੀਆਂ ਬੀਬੀਆਂ ਨੇ ਘਰਾਂ ਤੋਂ ਲੰਗਰ ਪਕਾ ਕੇ, ਕੋਠਿਆਂ ਉਪਰੋਂ ਦੀ, ਅਕਾਲ ਤਖ਼ਤ ਸਾਹਿਬ ਪੁਚਾਉਣਾ ਸ਼ੁਰੂ ਦਿਤਾ। ਸਰਕਾਰ ਨੂੰ “ਲੇਨੇ ਕੇ ਦੇਨੇ ਪੜ ਗਏ।” ਸਰਕਾਰ ਘਬਰਾ ਗਈ ਤੇ ਉਸਨੇ “ਪੰਜਾਬੀ ਸੂਬਾ ਜਿੰਦਾਬਾਦ” ਦੇ ਨਾਹਰੇ ਤੋਂ ਪਾਬੰਦੀ ਵਾਪਸ ਲੈ ਲਈ। ਸਰਕਾਰ ਦਾ ਮੁਖੀ, ਮੁਖ ਮੰਤਰੀ ਲਾਲਾ ਭੀਮ ਸੈਨ ਸੱਚਰ, ਆਪ ਚੱਲ ਕੇ ਅਕਾਲ ਤਖ਼ਤ ਸਾਹਿਬ ਵਿਖੇ ਭਰੀ ਸੰਗਤ ਵਿਚ ਦੋਵੇਂ ਹੱਥ ਜੋੜ ਕੇ ਮੁਆਫ਼ੀ ਮੰਗਣੀ ਪਈ।




Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਕਿਸਾਨਾਂ ਨਾਲ ਧੋਖਾ ਤੇ ਬੇਈਮਾਨੀ ਹੈ ਖੇਤੀ ਵਿਰੋਧੀ ਆਰਡੀਨੈਂਸ



**- ਬੀਰਦਵਿੰਦਰ ਸਿੰਘ**

ਭਾਰਤ ਦੇ ਰਾਸ਼ਟਰਪਤੀ ਸ੍ਰੀ ਰਾਮ ਨਾਥ ਕੋਵਿੰਦ ਵਲੋਂ 5 ਜੂਨ, 2020 ਨੂੰ ਖੇਤੀਬਾੜੀ ਨਾਲ ਸਬੰਧਿਤ ਤਿੰਨ ਅਧਿਆਦੇਸ਼ (ਆਰਡੀਨੈਂਸ) ਜਾਰੀ ਕੀਤੇ ਗਏ ਹਨ, ਜਿਨਾਂ ਦੀ ਭਾਵਨਾ ਅਤੇ ਪਰਿਣਾਮ ਸਾਫ਼ ਤੌਰ 'ਤੇ ਕਿਸਾਨ ਵਿਰੋਧੀ ਨਜ਼ਰ ਆ ਰਹੇ ਹਨ। ਇਨਾਂ ਅਧਿਆਦੇਸ਼ਾਂ ਦੇ ਵੇਰਵੇ ਇਸ ਪ੍ਰਕਾਰ ਹਨ : 1. ਦੀ ਫਾਰਮਰਜ਼ ਪ੍ਰੋਡਿਊਸ ਟਰੇਡ ਐਂਡ ਕਾਮਰਸ (ਪਰੋਮੋਸ਼ਨ ਐਂਡ ਫੈਸਿਲੀਟੇਸ਼ਨ) ਆਰਡੀਨੈਂਸ 2020. 2. ਦੀ ਫਾਰਮਰਜ਼ (ਇੰਪਾਵਰਮੈਂਟ ਐਂਡ ਪ੍ਰੋਟੈਕਸ਼ਨ) ਐਗਰੀਮੈਂਟ ਆਨ ਪਰਾਈਸ ਐਸ਼ੋਅਰੈਂਸ ਐਂਡ ਫਾਰਮ ਸਰਵਿਸ ਆਰਡੀਨੈਂਸ 2020. 3. ਦੀ ਇਸੈਂਸ਼ੀਅਲ ਕਮੋਡਿਟੀਜ਼ (ਅਮੈਂਡਮੈਂਟ) ਆਰਡੀਨੈਂਸ 2020.

ਮੇਰਾ ਪਹਿਲਾ ਉਜਰ ਤਾਂ ਇਹ ਹੈ ਕਿ ਇਹ ਅਧਿਆਦੇਸ਼ (ਆਰਡੀਨੈਂਸਜ਼) ਯੋਜਨਾਬੱਧ ਤਰੀਕੇ ਨਾਲ, ਭਿਆਨਕ ਮਹਾਂਮਾਰੀ ਦੇ ਸਮੇਂ ਅੰਦਰ, ਇਸ ਤ੍ਰਾਸਦੀ ਦਾ ਫ਼ਾਇਦਾ ਉਠਾ ਕੇ, ਚੋਰ ਦਰਵਾਜ਼ੇ ਰਾਹੀਂ, ਖੇਤੀਬਾੜੀ ਦੇ ਸਮੁੱਚੇ ਧੰਦੇ ਨੂੰ, ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਅਤੇ ਦੇਸ਼ ਦੇ ਕਿਸਾਨ ਨੂੰ ਪੱਕੇ ਤੌਰ 'ਤੇ ਗ਼ੁਲਾਮ ਬਣਾਉਣ ਦੀ ਇਕ ਘਿਨਾਉਣੀ ਸਾਜਿਸ਼ ਵਜੋਂ ਘੋਸ਼ਿਤ ਕੀਤੇ ਗਏ ਹਨ। ਸਚਾਈ ਤਾਂ ਇਹ ਹੈ ਕਿ ਇਨਾਂ ਅਧਿਆਦੇਸ਼ਾਂ ਰਾਹੀਂ, ਨਿਰਾ-ਪੁਰਾ ਕਿਸਾਨ ਦੀ ਉਪਜ ਨੂੰ, ਘੱਟੋ-ਘੱਟ ਖ਼ਰੀਦ ਮੁੱਲ 'ਤੇ ਖ਼ਰੀਦੇ ਜਾਣ ਦੇ, ਅੱਧੀ ਸਦੀ ਪੁਰਾਣੇ, ਨਿਰਧਾਰਤ ਬੰਦੋਬਸਤ ਨੂੰ ਨਾ ਸਿਰਫ਼ ਅਮਲੀ ਤੌਰ 'ਤੇ ਖ਼ਤਮ ਕਰ ਦਿੱਤਾ ਗਿਆ ਹੈ, ਸਗੋਂ ਇਸ ਦੇ ਨਾਲ ਹੀ ਭਾਰਤੀ ਖ਼ੁਰਾਕ ਨਿਗਮ (ਐਫ.ਸੀ.ਆਈ.) ਨੂੰ ਵੀ, ਕਿਸਾਨਾਂ ਦੀਆਂ ਜਿਣਸਾਂ, ਵਿਸ਼ੇਸ਼ ਕਰਕੇ ਕਣਕ ਅਤੇ ਝੋਨੇ ਦੀ ਫ਼ਸਲ ਨੂੰ, ਘੱਟੋ-ਘੱਟ ਖ਼ਰੀਦ ਮੁੱਲ ਦੇ ਥੰਮਣੇ 'ਤੇ ਖ਼ਰੀਦ ਕਰਨ ਦੀ ਜ਼ਿੰਮੇਵਾਰੀ ਤੋਂ ਵੀ, ਚੋਰ-ਦਰਵਾਜ਼ੇ ਰਾਹੀਂ ਸਾਰੇ ਅਮਲਾਂ ਤੋਂ ਮੁਕਤ ਕਰ ਦਿੱਤਾ ਗਿਆ ਹੈ।

ਭਾਵੇਂ ਕਿ ਕਿਸਾਨ ਵਿਰੋਧੀ ਅਧਿਆਦੇਸ਼ (ਆਰਡੀਨੈਂਸਜ਼) ਰਾਸ਼ਟਰਪਤੀ ਜੀ ਨੇ ਆਪਣੇ ਹਸਤਾਖ਼ਰਾਂ ਹੇਠ ਜਾਰੀ ਕੀਤੇ ਹਨ, ਪਰ ਇਸ ਤੋਂ ਪਹਿਲਾਂ, ਤਿੰਨਾਂ ਅਧਿਆਦੇਸ਼ਾਂ ਦੀ ਪ੍ਰਸਤਾਵਨਾ ਨੂੰ, ਕੇਂਦਰੀ ਮੰਤਰੀ ਮੰਡਲ ਨੇ ਸਰਬਸੰਮਤੀ ਨਾਲ ਮਨਜ਼ੂਰੀ ਦੇ ਕੇ ਪਾਸ ਕੀਤਾ ਹੈ। ਇਸ ਸਬੰਧ ਵਿਚ ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ, ਨਰਿੰਦਰ ਸਿੰਘ ਤੋਮਰ, ਹੁਣ ਭਾਵੇਂ, ਕਿਸਾਨਾਂ ਨੂੰ ਭਰਮ-ਭੁਲੇਖੇ 'ਚ ਪਾਉਣ ਲਈ ਕੁਝ ਵੀ ਆਖੀ ਜਾਣ, ਪਰ ਸੱਚ ਤਾਂ ਇਹ ਹੈ ਕਿ ਉਨਾਂ ਦੇ ਤਸ਼ਹੀਰੀ ਬਿਆਨ, ਕਿਸਾਨ ਵਿਰੋਧੀ ਆਰਡੀਨੈਂਸਾਂ ਨੂੰ ਕਾਰਜ ਰੂਪ ਦੇਣ ਦੀ ਪਰਿਕਿਰਿਆ ਵਿਚ ਹੁਣ ਅਰਥਹੀਣ ਤੇ ਅਸੰਗਤ ਹੋ ਚੁੱਕੇ ਹਨ। ਇੱਥੇ ਇਹ ਦੱਸਣਾ ਯੋਗ ਹੋਵੇਗਾ ਕਿ ਇਸ ਸਮੁੱਚੇ ਮਾਮਲੇ ਦੀ ਸਮੀਖਿਆ ਕਰਦੇ ਹੋਏ ਅਤੇ ਆਰਡੀਨੈਂਸਾਂ ਦੇ ਪ੍ਰਭਾਵਾਂ ਦੀ ਚੀਰ-ਫਾੜ ਕਰਦੇ ਹੋਏ, ਕੇਵਲ ਅਧਿਆਦੇਸ਼ਾਂ ਦੀਆਂ ਸਪੱਸ਼ਟ ਧਾਰਾਵਾਂ ਅਤੇ ਉਨਾਂ ਦੇ ਪਰਿਣਾਮੀ ਸਿੱਟਿਆਂ ਤੇ ਹੀ ਵਿਚਾਰ ਕੀਤਾ ਜਾ ਰਿਹਾ ਹੈ। ਕੈਬਨਿਟ ਤੋਂ ਬਾਹਰ, ਗ਼ੈਰ-ਰਸਮੀ ਬਿਅਨਬਾਜ਼ੀ ਵਿਚ ਇਹ ਤਿੰਨੇ ਕੇਂਦਰੀ ਮੰਤਰੀ, ਨਿਤਿਨ ਗਡਕਰੀ, ਨਰਿੰਦਰ ਸਿੰਘ ਤੋਮਰ ਜਾਂ ਬੀਬੀ ਹਰਸਿਮਰਤ ਕੌਰ ਬਾਦਲ ਹੁਣ ਕੀ ਆਖਦੇ ਹਨ, ਇਸ ਦਾ ਕੋਈ ਅਰਥ ਨਹੀਂ ਬਣਦਾ। ਸਚਾਈ ਤਾਂ ਇਹ ਹੈ ਕਿ ਜਾਰੀ ਕੀਤੇ ਗਏ ਅਧਿਆਦੇਸ਼ਾਂ ਦੀ, ਕਿਸੇ ਵੀ ਧਾਰਾ ਵਿਚ, ਨਾ ਤਾਂ ਕਿਤੇ 'ਭਾਰਤ ਸਰਕਾਰ ਵਲੋਂ ਨਿਰਧਾਰਤ ਘੱਟੋ-ਘੱਟ ਖ਼ਰੀਦ ਮੁੱਲ' ਦਾ ਵੇਰਵਾ ਹੈ ਅਤੇ ਨਾ ਹੀ ਭਾਰਤੀ ਖ਼ੁਰਾਕ ਨਿਗਮ ਦੀ ਇਸ ਸਬੰਧ ਵਿਚ, ਕਿਸੇ ਵੀ ਕਿਸਮ ਦੀ ਕੋਈ ਭੂਮਿਕਾ ਜਾਂ ਭਾਰਤ ਸਰਕਾਰ ਦੀ ਕੋਈ ਪਾਬੰਦੀ ਦਾ ਉਲੇਖ ਹੈ। ਫ਼ੈਜ਼ ਸਾਹਿਬ ਦਾ ਸ਼ਿਅਰ ਹੈ ਕਿ;

ਵੋ ਬਾਤ, ਸਾਰੇ ਫ਼ਸਾਨੇ ਮੇ ਜਿਸ ਕਾ ਜ਼ਿਕਰ ਨਾ ਥਾ,  
ਵੋ ਬਾਤ ਉਨ ਕੋ ਬਹੁਤ ਨਾਗਵਾਰ ਗੁਜ਼ਰੀ ਹੈ।

ਇਨਾਂ ਅਧਿਆਦੇਸ਼ਾਂ (ਆਰਡੀਨੈਂਸਜ਼) ਵਿਚ ਜੋ ਖੇਤੀ ਜਿਣਸਾਂ ਦੀ ਖ਼ਰੀਦ ਦੇ ਨਿੱਜੀ ਵਪਾਰੀਆਂ ਨਾਲ ਇਕਰਾਰਨਾਮੇ ਦੇ ਉਪਬੰਧ ਦਾ ਜ਼ਿਕਰ ਕੀਤਾ ਗਿਆ ਹੈ ਉਸ ਵਿਚ ਵੀ ਕਿਤੇ ਇਹ ਉਲੇਖ ਸਪੱਸ਼ਟ ਨਹੀਂ ਕਿ ਇਹ ਇਕਰਾਰਨਾਮਾ 'ਭਾਰਤ ਸਰਕਾਰ ਵੱਲੋਂ ਨਿਰਧਾਰਤ ਘੱਟੋ-ਘੱਟ ਖ਼ਰੀਦ ਮੁੱਲ' ਤੋਂ ਹੇਠਾਂ ਨਹੀਂ ਹੋ ਸਕਦਾ। ਜੇ ਭਾਰਤ ਸਰਕਾਰ ਦੀ ਦ੍ਰਿਸ਼ਟੀ ਵਿਚ, ਦੇਸ਼ ਦੇ ਕਿਸਾਨ ਪ੍ਰਤੀ ਭੋਰਾ ਜਿੰਨੀ ਵੀ ਵਫ਼ਾਦਾਰੀ ਹੁੰਦੀ ਤਾਂ ਇਸ ਆਰਡੀਨੈਂਸ ਦੀ ਕਿਸੇ ਨਾ ਕਿਸੇ ਮੱਦ ਵਿਚ ਇਹ ਸ਼ਰਤ ਜ਼ਰੂਰ ਸ਼ਾਮਿਲ ਕੀਤੀ ਜਾਣੀ ਚਾਹੀਦੀ ਸੀ ਕਿ ਕਿਸੇ ਵੀ ਕੀਮਤ ਤੇ ਕਿਸਾਨ ਦੇ ਖੇਤੀ ਉਤਪਾਦਨਾਂ ਦੀ ਖ਼ਰੀਦ, ਜਿਨਾਂ ਦਾ ਵੇਰਵਾ ਅਧਿਆਦੇਸ਼ਾਂ ਵਿਚ ਦਿੱਤਾ ਗਿਆ ਹੈ; ਭਾਰਤ ਸਰਕਾਰ ਵਲੋਂ ਨਿਰਧਾਰਤ, 'ਘੱਟੋ-ਘੱਟ ਖ਼ਰੀਦ ਮੁੱਲ' ਤੋਂ ਹੇਠਾਂ ਨਹੀਂ ਹੋ ਸਕੇਗੀ। ਇਹ ਅਤੀ ਜ਼ਰੂਰੀ ਹਵਾਲਾ, ਤਿੰਨਾਂ ਹੀ ਅਧਿਆਦੇਸ਼ਾਂ (ਆਰਡੀਨੈਂਸਜ਼) ਵਿਚੋਂ ਮਨਫ਼ੀ ਹੈ। ਇਸ ਬਾਰੇ ਵੀ ਕੋਈ ਸਪੱਸ਼ਟੀਕਰਨ ਨਹੀਂ ਹੈ, ਕਿ ਜੇ ਕੋਈ ਵੀ ਵਪਾਰਕ ਕੰਪਨੀ ਜਾਂ ਵਪਾਰੀ ਕਿਸਾਨ ਦੀ ਖੇਤੀ ਉਪਜ ਨੂੰ, ਘੱਟੋ-ਘੱਟ ਖ਼ਰੀਦ ਮੁੱਲ ਉੱਤੇ, ਖ਼ਰੀਦ ਕਰਨ ਲਈ ਅੱਗੇ ਨਹੀਂ ਆਉਂਦਾ, ਤਾਂ ਅਜਿਹੀ ਸੂਰਤ ਵਿਚ, ਇਸ ਆਰਡੀਨੈਂਸ ਵਿਚ ਕੀ ਵਿਵਸਥਾ ਜਾਂ ਗਰੰਟੀ ਹੈ, ਫਿਰ ਕਿਹੜੀ ਏਜੰਸੀ, (ਸਰਕਾਰੀ ਜਾਂ ਗ਼ੈਰ-ਸਰਕਾਰੀ) ਕਿਸਾਨ ਦੀਆਂ ਖੇਤੀ ਜਿਣਸਾਂ ਦਾ ਸਹੀ ਖ਼ਰੀਦ ਮੁੱਲ ਅਦਾ ਕਰ ਕੇ, ਖ਼ਰੀਦ ਕਰੇਗੀ ?

ਇਨਾਂ ਅਧਿਆਦੇਸ਼ਾਂ (ਆਰਡੀਨੈਂਸਜ਼) ਰਾਹੀਂ, ਪੰਜਾਬ ਰਾਜ ਮੰਡੀਕਰਨ ਬੋਰਡ ਅਤੇ ਮਾਰਕਿਟ ਕਮੇਟੀਆਂ ਦੇ ਢਾਂਚੇ ਨੂੰ ਵੀ ਵਿਅਰਥ ਕਰ ਦਿੱਤਾ ਗਿਆ ਹੈ। ਸਗੋਂ ਬੜੀ ਚਲਾਕੀ ਨਾਲ ਇਸ ਗੱਲ ਨੂੰ ਯਕੀਨੀ ਬਣਾਇਆ ਗਿਆ ਹੈ ਕਿ ਇਹ ਸੰਸਥਾਵਾਂ, ਵਸੀਲਿਆਂ ਦੀ ਘਾਟ ਕਾਰਨ ਆਪਣੇ ਆਪ ਹੀ ਦਮ ਤੋੜ ਜਾਣ ਤੇ ਇੰਜ ਹੋਣ ਨਾਲ ਆਪਣੇ-ਆਪ ਹੀ ਕਿਸਾਨ ਦੀਆਂ ਫ਼ਸਲਾਂ ਦੇ ਮੰਡੀਕਰਨ ਦਾ ਸਮੁੱਚਾ ਤਾਣਾ-ਬਾਣਾ, ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਚਲਾ ਜਾਵੇਗਾ। ਹੁਣ ਸਵਾਲ ਹੈ ਕਿ ਜਦੋਂ ਮਾਰਕੀਟ ਕਮੇਟੀਆਂ ਅਤੇ ਪੰਜਾਬ ਮੰਡੀ ਬੋਰਡ ਪਾਸ ਕੋਈ ਆਮਦਨ ਦੇ ਵਸੀਲੇ ਹੀ ਨਹੀਂ ਹੋਣਗੇ ਤਾਂ ਅਨਾਜ ਮੰਡੀਆਂ ਦੀਆਂ, ਢਾਂਚਾਗਤ ਲੋੜਾਂ, ਇਮਾਰਤਾਂ, ਸ਼ੈੱਡ, ਵਿਹੜੇ ਤੇ ਵਲਗਣਾਂ ਦੀ ਨਿਗਰਾਨੀ ਤੇ ਸੰਭਾਲ ਕੌਣ ਕਰੇਗਾ, ਆਵਾਰਾ ਪਸ਼ੂਆਂ ਤੋਂ ਅਨਾਜ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਕਿਸ ਦੀ ਹੋਵੇਗੀ ਅਤੇ ਇਨਾਂ ਕਾਰਜਾਂ ਲਈ ਵਸੀਲੇ ਅਤੇ ਸਾਧਨ ਕੌਣ ਉਪਲਬਧ ਕਰਵਾਏਗਾ ? ਬੜੇ ਦੁੱਖ ਦੀ ਗੱਲ ਹੈ ਕਿ ਇਸ ਮਾਮਲੇ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਵਲੋਂ ਬੁਲਾਈ ਗਈ ਸਰਬ-ਪਾਰਟੀ ਮੀਟਿੰਗ ਵੀ ਲਗਪਗ ਬੇਸਿੱਟਾ ਹੀ ਹੋ ਨਿੱਬੜੀ। ਮੇਰਾ ਹੁਣ ਵੀ ਮੁੱਖ ਮੰਤਰੀ ਨੂੰ ਇਹ ਸੁਝਾਅ ਹੈ ਕਿ ਦਿੱਲੀ ਜਾ ਕੇ ਵਕਤ ਜ਼ਾਇਆ ਕਰਨ ਨਾਲੋਂ, ਤਾਂ ਵਧੇਰੇ ਕਾਰਗਰ ਅਮਲ ਇਹ ਹੋਵੇਗਾ, ਕਿ ਪੰਜਾਬ ਵਿਧਾਨ ਸਭਾ ਦਾ ਇਕ-ਰੋਜ਼ਾ ਸੰਕਟਕਾਲੀਨ, ਅਧਿਵੇਸ਼ਨ ਬੁਲਾ ਕੇ, ਸਾਰੇ ਕਿਸਾਨ ਵਿਰੋਧੀ ਅਧਿਆਦੇਸ਼ ਰੱਦ ਕਰ ਦਿੱਤੇ ਜਾਣ ਅਤੇ ਦੇਸ਼ ਦੀਆਂ ਬਾਕੀ ਵਿਧਾਨ ਸਭਾਵਾਂ ਨੂੰ ਵੀ, ਅਜਿਹਾ ਹੀ ਕਰਨ ਦਾ ਮਤਾ ਪਾਸ ਕਰ ਕੇ ਸੱਦਾ ਦਿੱਤਾ ਜਾਵ। ਇਸ ਕਦਮ ਨਾਲ ਦੇਸ਼ ਦਾ ਕਿਸਾਨ ਜਾਗ ਉੱਠੇਗਾ ਤੇ ਇਕ ਵੱਡੀ ਕਿਸਾਨ ਕ੍ਰਾਂਤੀ ਦਾ ਮੁੱਢ ਬੱਝੇਗਾ। ਮੇਰਾ ਵਿਸ਼ਵਾਸ ਹੈ ਕਿ ਅੱਲਾਮਾ ਇਕਬਾਲ ਦੀ ਨਜ਼ਮ ਫ਼ਰਮਾਨ-ਏ-ਖ਼ੁਦਾ ਦਾ ਇਹ ਨਾਅਰਾ ਇਕ ਵਾਰ ਫਿਰ ਦੇਸ਼ ਦੇ ਖੇਤਾਂ ਤੇ ਖਲਵਾਨਾਂ ਵਿਚ ਗੂੰਜ ਉੱਠੇਗਾ;

ਜਿਸ ਖੇਤ ਸੇ ਦਹਿਕਾਂ ਕੋ ਮੁਯੱਸਰ ਨ ਹੋ ਰੋਜ਼ੀ  
ਉਸ ਖੇਤ ਕੇ ਹਰ ਖ਼ੋਸ਼ਾ-ਏ-ਗੰਦੁਮ ਕੋ ਜਲਾ ਦੋ।  
ਮੈਂ ਨਾ ਖ਼ੁਸ਼-ਓ-ਬੇਜ਼ਾਰ ਹੂੰ ਮਰਮਰ ਕਿ ਸਿਲੋਂ ਸੇ,  
ਮੇਰੇ ਲੀਏ ਮਿੱਟੀ ਕਾ ਹਰਮ ਔਰ ਬਣਾ ਦੋ।

**-ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ**

# ਥਰਮਲ ਪਲਾਂਟ ਦਾ ਕੀ ਬਣੇਗਾ



**- ਡਾ. ਲਾਭ ਸਿੰਘ ਖੀਵਾ**

ਪੰਜਾਬ ਦਾ ਪਹਿਲ-ਪਲੇਠਾ ਥਰਮਲ ਪਲਾਂਟ ਬਠਿੰਡਾ ਮੇਰੇ ਨਾਲ ਹੀ ਜਵਾਨ ਹੋਇਆ ਅਤੇ ਮੇਰੇ ਨਾਲ ਹੀ ਬੁੱਢਾ। ਮੈਂ ਜਵਾਨੀ ਦੇ ਰਾਹੇ ਤੁਰਦਿਆਂ 1969 'ਚ ਦਸਵੀਂ ਕੀਤੀ ਅਤੇ ਸਾਰੀ ਪੜਾਈ ਲਾਲਟਨ ਦੀ ਰੋਸ਼ਨੀ 'ਚ ਕੀਤੀ। ਇਸੇ ਸਾਲ ਦੋ ਪ੍ਰਾਜੈਕਟਾਂ ਦਾ ਐਲਾਨ ਹੋਇਆ। ਇਕ ਹਰ ਘਰ ਰੌਸ਼ਨ ਕਰਨ ਦਾ ਅਤੇ ਦੂਜਾ ਦਿਮਾਗ ਰੋਸ਼ਨ ਕਰਨ ਦਾ ਅਰਥਾਤ ਬਠਿੰਡੇ ਦਾ ਥਰਮਲ ਪਲਾਂਟ ਤੇ ਰਾਮਪੁਰਾ ਫੂਲ ਦਾ ਮਾਲਵਾ ਕਾਲਜ। ਦੋਵੇਂ ਅਦਾਰੇ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪੁਰਬ ਨੂੰ ਸਮਰਪਿਤ ਸਨ। ਮਾਲਵੇ ਦਾ ਦਿਹਾਤੀ ਜੀਵਨ ਇਨਾਂ ਦੋਵੇਂ ਰੋਸ਼ਨੀਆਂ ਤੋਂ ਵਾਂਝਾ ਸੀ। ਫੂਲ ਟਾਊਨ 'ਚ ਬਿਜਲੀ ਦੇ ਲਾਟੂ ਜਗਦੇ ਵੇਖਣ ਲਈ ਮੈਂ ਬਚਪਨ 'ਚ ਫ਼ਸਲ ਵੇਚਣ ਮੂੰਹ-ਹਨੇਰੇ ਤੁਰਦੇ ਗੱਡਿਆਂ 'ਤੇ ਜ਼ਿੱਦ ਕਰ ਕੇ ਬੈਠ ਜਾਂਦਾ ਸੀ। ਉਚੇਰੀ ਸਿੱਖਿਆ ਲਈ ਰਾਮਪੁਰੇ ਕਾਲਜ ਦਾਖ਼ਲ ਹੋ ਗਿਆ ਤੇ ਘਰ 'ਚ ਬਲਬ ਦੀ ਰੋਸ਼ਨੀ ਥੱਲੇ ਪੜਨ ਦੀ ਉਡੀਕ ਹੋਣ ਲੱਗੀ। ਪਿੰਡ ਦੇ ਬਾਜ਼ਾਰ 'ਚ ਬਿਜਲੀ ਫਿਟਿੰਗ ਦੀਆਂ ਦੁਕਾਨਾਂ ਖੁੱਲ ਗਈਆਂ। ਕਾਲਜ ਤੋਂ ਘਰ ਆ ਕੇ ਸਭ ਤੋਂ ਪਹਿਲਾਂ ਮੀਟਰ ਲੱਗਣ ਬਾਰੇ ਪੁੱਛਦਾ। ਆਖ਼ਰ ਬੀਏ ਫਾਈਨਲ 'ਚ ਘਰੇ ਲੱਗੇ ਲਾਟੂ ਜਗ ਪਏ।

ਮਾਂ ਕਹੇ, "ਲੈ ਕੁੜੇ ਭਾਮੋ ਵਿਹੜੇ 'ਚ ਕੀੜੀ ਤੁਰਦੀ ਵੇਖ ਲਓ, ਇੰਨਾ ਚਨੈਣ ਐ।" ਸੰਨ 1969-1975 ਦੇ ਅਰਸੇ ਦੌਰਾਨ 1500 ਕਰੋੜ ਰੁਪਏ ਨਾਲ ਤਾਮੀਰ ਹੋਏ ਥਰਮਲ ਪਲਾਂਟ ਦੀਆਂ ਹੌਲੀ-ਹੌਲੀ ਸੱਥਾਂ 'ਚ ਗੱਲਾਂ ਹੋਣ ਲੱਗੀਆਂ। ਘਰ-ਘਰ ਬਿਜਲੀ ਆਉਣ ਕਾਰਨ ਆਥਣੇ ਔਰਤਾਂ ਨੇ ਰੋਟੀ ਬਣਾਉਣੀ ਲੇਟ ਕਰਤੀ। ਭੁੱਖ ਲੱਗਣ 'ਤੇ ਸੱਥ 'ਚ ਬੁੜਿਆਂ ਨੇ ਬੁੜ-ਬੁੜ ਕਰਨੀ। ਬਿਜਲੀ ਵਾਲੀਆਂ ਮਧਾਣੀਆਂ ਆ ਗਈਆਂ। ਹੱਥੀਂ ਝੱਲਣ ਵਾਲੀਆਂ ਪੱਖੀਆਂ ਦੀ ਥਾਂ ਫਰਾਟੇ ਮਾਰਦੇ ਪੱਖੇ ਆ ਗਏ। ਥਰਮਲ 'ਚ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਮਿਲਿਆ। ਪੰਜਾਬ 'ਚ ਬਠਿੰਡਾ ਥਰਮਲ ਪਲਾਂਟ ਕਰ ਕੇ ਮਸ਼ਹੂਰ ਹੋ ਗਿਆ। ਫਿਰ ਕਾਲੀਆਂ-ਬੋਲੀਆਂ ਹਨੇਰੀਆਂ ਝੱਲਦਾ ਇਹ ਝੀਲਾਂ ਵਾਲਾ ਸ਼ਹਿਰ ਬਣ ਗਿਆ।

ਅਜੇ ਵੀ ਮੈਨੂੰ ਯਾਦ ਹੈ, ਜਦੋਂ ਇਨਾਂ ਝੀਲਾਂ 'ਚ ਕਿਸ਼ਤੀਆਂ ਉਤਾਰੀਆਂ ਗਈਆਂ, ਪਲੇਠੇ ਝੂਟੇ ਦੀ ਫੋਟੋ ਅਖ਼ਬਾਰਾਂ 'ਚ ਤਤਕਾਲੀ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਅਤੇ ਉਨਾਂ ਦੀ ਧਰਮ ਪਤਨੀ ਦੀ ਲੱਗੀ ਸੀ। ਬਠਿੰਡੇ ਜਾ ਕੇ ਪਰਤਿਆ ਬੰਦਾ ਸੱਥ 'ਚ ਵੇਖੇ ਥਰਮਲ ਦੀਆਂ ਵਧਾ-ਚੜਾਅ ਕੇ ਬਬਾਣੀਆਂ-ਕਹਾਣੀਆਂ ਸੁਣਾਉਂਦਾ। ਚਾਰ ਉੱਚੇ-ਉੱਚੇ ਕੂਲਿੰਗ ਟਾਵਰਜ਼ ਦੀ ਬਣਤਰ ਗਹੀਰਿਆਂ ਵਰਗੀ ਦੱਸ ਕੇ ਸਮਝਾਉਂਦਾ ਅਤੇ ਉੱਚਾਈ ਇਉਂ ਦੱਸਦਾ, "ਵੇਖਦਿਆਂ ਪੱਗ ਲਹਿੰਦੀ ਆ।" ਕੋਈ ਨਘੋਚੀ ਉਸ ਦੇ ਸਿਰਜੇ ਬਿਰਤਾਂਤ ਨੂੰ ਇਹ ਕਹਿ ਕੇ ਕਿਰਕਿਰਾ ਕਰ ਦਿੰਦਾ, "ਯਾਰ ਸੁਣਿਐ ਸ਼ਹਿਰੀਆਂ ਦੇ ਸਿਰ ਸੁਆਹ ਨਾਲ ਭਰੇ ਰਹਿੰਦੇ ਐ।" ਥਰਮਲ ਵੇਖਣ ਲਈ ਸਕੂਲਾਂ/ਕਾਲਜਾਂ ਦੇ ਵਿਦਿਆਰਥੀ ਟੂਰ ਬਣਾ ਕੇ ਆਉਣ ਲੱਗ ਪਏ।

ਪਹਿਲਾਂ ਥਰਮਲ ਪਲਾਂਟ ਵੱਲੋਂ ਪੈਦਾ ਹੁੰਦੀ ਬਿਜਲੀ ਦੀ ਜਾਣਕਾਰੀ ਲੈਂਦੇ ਅਤੇ ਫਿਰ ਝੀਲ ਦੀਆਂ ਕਿਸ਼ਤੀਆਂ ਦੀ ਸੈਰ ਕਰਦੇ। ਬਠਿੰਡਾ ਹੁਣ ਬਲਵੰਤ ਗਾਰਗੀ ਦੇ ਕੀਕੇ ਰੇਤ ਵਾਲਾ ਸ਼ਹਿਰ ਨਹੀਂ ਸੀ ਰਿਹਾ। ਪਲਾਂਟ ਦੇ ਕੂਲਿੰਗ ਟਾਵਰਾਂ ਨੂੰ ਨੇੜਲੀ ਸਰਹਿੰਦ ਨਹਿਰ ਰਜਾਈ ਰੱਖਦੀ ਅਤੇ ਬੁਆਇਲਰਾਂ ਨੂੰ ਇਤਿਹਾਸਕ ਰੇਲਵੇ ਜੰਕਸ਼ਨ ਝਾਰਖੰਡ ਦੀ 1500 ਕਿਲੋਮੀਟਰ ਦੂਰੀ ਤੋਂ ਰੋਜ਼ਾਨਾ ਖ਼ਪਤ ਦਾ 7400 ਮੀਟ੍ਰਿਕ ਟਨ ਕੋਲਾ ਢੋਅ ਕੇ ਮਘਾਈ ਰੱਖਦਾ। ਇਸ ਪਲਾਂਟ ਨੇ ਸ਼ਾਨਦਾਰ ਬਿਜਲੀ ਉਤਪਾਦਨ ਪੱਖੋਂ ਕਈ ਕੌਮੀ ਇਨਾਮ ਜਿੱਤੇ। ਇਸ ਦੀਆਂ ਚਾਰੇ ਯੂਨਿਟਾਂ ਦੀ ਅਧਿਕਤਮ ਬਿਜਲੀ ਪੈਦਾ ਕਰਨ ਦੀ ਪੂਰੀ ਸਮਰੱਥਾ ਸੀ। ਕੋਲਾ ਖ਼ਪਤ 'ਚੋਂ ਨਿਕਲੀ ਸੁਆਹ ਤੋਂ ਸੀਮੈਂਟ ਬਣਾਉਣ ਲਈ ਅੰਬੂਜਾ ਕੰਪਨੀ ਨੇ ਨਾਲ ਫੈਕਟਰੀ ਵੀ ਲਾਈ। ਸੈਂਕੜੇ ਏਕੜ 'ਚ ਫੈਲੀ ਵਿਸ਼ਾਲ ਥਰਮਲ ਕਾਲੋਨੀ ਬਣੀ। ਪਲਾਂਟ ਦੇ ਦਫ਼ਤਰ 'ਚ ਮੈਂ ਨੌਕਰੀ ਵੀ ਕੀਤੀ ਅਤੇ ਕਾਲੋਨੀ 'ਚ ਰਿਹਾ ਵੀ। ਸਰਕਾਰ ਕਹਿੰਦੀ ਕਿ ਹੁਣ ਇਹ ਪਲਾਂਟ ਬਿਰਧ ਹੋ ਗਿਆ ਹੈ। ਮਾਹਿਰ ਕਹਿੰਦੇ ਐ, ਨਹੀਂ ਇਹ ਅਜੇ ਵੀ ਕਮਾਊ ਬਲਦ ਹੈ ਪਰ ਕੈਪਟਨ-ਕੈਬਨਿਟ ਨੇ ਇਹ ਦਾ ਰੀਸਾ ਲਾਹ ਦਿੱਤਾ ਹੈ। ਕੁਝ ਦਹਾਕੇ ਪਹਿਲਾਂ ਪੰਜਾਬੀ ਕਿਸਾਨ ਬਿਰਧ ਬਲਦ ਦਾ ਇਉਂ ਨਿਰਾਦਰ ਨਹੀਂ ਸੀ ਕਰਦਾ। ਮਰਦੇ ਦਮ ਤਕ ਉਸ ਦੀ ਕੀਤੀ ਕਮਾਈ ਸਦਕਾ ਕਿੱਲੇ ਖੜੇ ਦੀ ਸੇਵਾ ਕੀਤੀ ਜਾਂਦੀ। ਉਂਜ, ਇਸ ਪਲਾਂਟ ਦਾ ਮੱਥਾ ਉਸ ਸਮੇਂ ਹੀ ਠਣਕ ਪਿਆ ਸੀ ਜਦੋਂ ਪ੍ਰਾਈਵੇਟ ਥਰਮਲ ਪਲਾਂਟ ਲੱਗਣੇ ਸ਼ੁਰੂ ਹੋ ਗਏ ਸਨ। ਠੀਕ ਉਸੇ ਤਰਾਂ ਜਿਵੇਂ ਲਿਮਟ ਬੰਨਵਾ ਕੇ ਕਿਸਾਨ ਦੇ ਵਿਹੜੇ ਟਰੈਕਟਰ ਆ ਕੇ ਖੜ ਗਏ ਅਤੇ ਕਿੱਲੇ ਬੱਝੇ ਬਲਦ ਵਿਹੜਿਓਂ ਬਾਹਰ ਹੋ ਗਏ। ਦਰਅਸਲ, ਸਰਕਾਰ ਦੀ ਮੈਲੀ ਅੱਖ ਪਲਾਂਟ ਦੀ ਅੱਜ ਦੇ ਭਾਅ ਮਹਿੰਗੀ ਸੰਪਤੀ 'ਤੇ ਹੈ। ਕੈਪਟਨ ਸਰਕਾਰ ਦੇ ਇਸ ਫ਼ੈਸਲੇ 'ਤੇ ਉਹ ਸਿਆਸੀ ਧਿਰ ਵੀ ਮੋਰਚਾ ਲਾਉਣ ਦਾ ਐਲਾਨ ਕਰ ਰਹੀ ਹੈ ਜਿਸ ਨੇ ਸੱਤਾ 'ਚ ਰਹਿੰਦਿਆਂ ਇਸ ਨੂੰ ਬਿਰਧ, ਬੇਕਾਰ ਤੇ ਪੈਸੇ-ਖਾਊ ਕਹਿਣ ਦਾ ਮੁੱਢ ਬੰਨਿਆ ਸੀ। ਸਰਕਾਰ ਬਦਲਣ ਨਾਲ ਵਪਾਰੀ ਹੀ ਬਦਲੇ ਹਨ।

ਸਿਤਮ-ਜ਼ਰੀਫੀ ਇਹ ਹੈ ਕਿ ਜਿਹੜੇ ਗੁਰੂ ਸਾਹਿਬ ਦੇ ਪੰਜ ਸੌ ਸਾਲਾ ਪੁਰਬ 'ਤੇ ਇਹ ਪਲਾਂਟ ਬਣਾਇਆ ਗਿਆ ਸੀ, ਉਨਾਂ ਦੇ ਹੀ ਸਾਢੇ ਪੰਜ ਸੌ ਸਾਲਾ ਪੁਰਬ 'ਤੇ ਇਸ ਨੂੰ ਢਾਹਿਆ ਜਾ ਰਿਹਾ ਹੈ। ਲੱਗਦਾ ਹੈ ਕਿ ਪੰਜਾਬੀ ਕੌਮ ਅਜੇ ਵੀ ਇਸ ਧਾਰਨਾ ਨੂੰ ਮੇਟ ਨਹੀਂ ਸਕੀ ਕਿ ਇਹ ਐਗਰੀਕਲਚਰ ਲਈ ਤਾਂ ਜਨੂੰਨੀ ਹੈ ਪਰ ਕਲਚਰ ਲਈ ਨਹੀਂ। ਅਸੀਂ ਆਪਣਾ ਇਤਿਹਾਸ/ਵਿਰਸਾ ਸਿਰਜ ਸਕਦੇ ਹਾਂ ਪਰ ਸੰਭਾਲ ਪੱਖੋਂ ਉਦਾਸੀਨ ਅਤੇ ਸੰਵੇਦਨਾਹੀਣ ਹਾਂ। 'ਅੱਗਾ ਦੌੜ, ਪਿੱਛਾ ਚੌੜ' ਵਾਲੀ ਗੱਲ ਹੈ। ਮੈਨੂੰ ਯਾਦ ਆ ਰਿਹੈ ਬੰਗਲੌਰ (ਕਰਨਾਟਕ) ਦਾ ਸਨਅਤੀ ਤੇ ਤਕਨੀਕੀ ਅਜਾਇਬਘਰ ਜੋ ਮੈਂ ਦੋ ਵਾਰ ਵੇਖਿਆ ਹੈ। ਪੁਰਾਣਾ ਰੂਪ ਵੀ ਅਤੇ ਨਵੀਨ ਵੀ। ਭਾਰਤ ਦੇ ਪ੍ਰਥਮ ਪ੍ਰਧਾਨ ਮੰਤਰੀ ਨੇ 1962 'ਚ ਇਸ ਦਾ ਉਦਘਾਟਨ ਕੀਤਾ ਸੀ। ਇਹ ਭਾਰਤ ਰਤਨ ਸਰ ਵਿਸਵੇਸਵਾਰੱਈਆ ਨੂੰ ਸਮਰਪਿਤ ਹੈ। ਇਸ ਦੀ ਇਕ ਗੈਲਰੀ 1965 ਤੋਂ ਬਿਜਲੀ ਦੀ ਉਤਪਾਦਨ-ਪ੍ਰਕਿਰਿਆ ਨੂੰ ਸਮਝਾਉਣ ਹਿਤ ਰਾਖਵੀਂ ਹੈ।

ਥਰਮਲ ਪਲਾਂਟ ਬਠਿੰਡਾ ਪੰਜਾਬੀਆਂ ਲਈ ਅੱਧੀ ਸਦੀ ਦੀ ਆਧੁਨਿਕ ਧਰੋਹਰ ਹੈ। ਗੁਰੂ ਨਾਨਕ ਬਾਬੇ ਦੇ ਨਾਮ ਲੇਵਾ ਪੰਜਾਬੀਆਂ ਦੀਆਂ ਸਰਕਾਰਾਂ ਪਲਾਂਟ ਦੀਆਂ ਝੀਲਾਂ, ਕਾਲੋਨੀ ਤੇ ਹੋਰ ਥਾਵਾਂ ਵੇਚ ਕੇ ਖ਼ਜ਼ਾਨੇ ਭਰ ਲੈਂਦੀਆਂ ਹਨ ਪਰ ਪਲਾਂਟ ਦਾ ਤਕਨੀਕੀ ਵਜੂਦ ਵਿਰਾਸਤ ਦੇ ਤੌਰ 'ਤੇ ਬਰਕਰਾਰ ਰੱਖਦੀਆਂ ਹਨ ਮਸਲਨ "ਗੁਰੂ ਨਾਨਕ ਦੇਵ ਥਰਮਲ ਪਲਾਂਟ ਅਜਾਇਬਘਰ (ਜੀਐੱਨਡੀਟੀਪੀ ਮਿਊਜ਼ੀਅਮ ਬਠਿੰਡਾ)।

ਅਗਲੇਰੀ ਪੀੜੀ ਮਾਣ ਨਾਲ ਅਸਾਂ ਦੀ ਤਕਨੀਕੀ ਤਰੱਕੀ ਤੇ ਸੋਚ ਨੂੰ ਵੇਖ ਕੇ ਦਗ-ਦਗ ਹੁੰਦੀ। ਅਧਿਆਪਕ ਬਿਜਲੀ ਦੇ ਉਤਪਾਦਨ-ਅਮਲ ਨੂੰ ਸਮਝਾਉਣ ਲਈ ਵਿਦਿਆਰਥੀਆਂ ਦੇ ਟੋਲੇ ਲੈ ਕੇ ਆਉਂਦੇ। ਅਸੀਂ ਭੰਗੜੇ-ਗਿੱਧੇ, ਰਥ, ਬਲਦ, ਊਠ, ਭੱਤਾ ਲੈ ਕੇ ਜਾਂਦੀਆਂ ਸੁਆਣੀਆਂ, ਕਲੀਆਂ ਲਾਉਂਦੇ, ਹਲ ਵਾਹੁੰਦੇ ਗੱਭਰੂ, ਬੰਦੂਕ ਦਾ ਨਿਸ਼ਾਨਾ ਸੇਧੀ ਫ਼ੌਜੀ ਆਦਿ ਬਹੁਤ ਸੰਭਾਲੇ ਹੋਏ ਹਨ ਪਰ ਆਧੁਨਿਕ ਪੰਜਾਬ ਦੀਆਂ ਝਲਕਾਂ ਵੀ ਜੀਵਤ ਰੱਖਣੀਆਂ ਚਾਹੀਦੀਆਂ ਹਨ। ਅਸੀਂ ਪਦਾਰਥਕ ਤਰੱਕੀ ਪੱਖੋਂ ਬੜੇ ਅਗਾਂਹਵਧੂ ਹਾਂ ਪਰ ਸੱਭਿਆਚਾਰਕ ਪੱਖੋਂ ਬੜੇ ਦਕੀਆਨੂਸੀ। ਇਤਿਹਾਸ ਉਪਰੋਕਤ ਸੁਝਾਏ ਅਜਾਇਬਘਰ ਬਣਉਣ ਵਾਲੀ ਸਰਕਾਰ ਨੂੰ ਆਪਣੇ ਪੰਨਿਆਂ 'ਤੇ ਅੰਕਿਤ ਕਰੇਗਾ ਨਾ ਕਿ ਅਸਮਾਨ ਛੂੰਹਦੇ ਦਸ ਮੰਜ਼ਿਲੀ ਫਲੈਟਾਂ, ਬਿੱਗ ਬਾਜ਼ਾਰੀ ਮਾਲਜ਼ ਆਦਿ ਖੜੇ ਕਰਨ ਵਾਲੀ ਸਰਕਾਰ ਨੂੰ।

# ਮਨੁੱਖ ਸੁਪਨਿਆਂ ਵਿੱਚ ਖ਼ੁਸ਼ੀ ਤਾਂ ਮਹਿਸੂਸ ਕਰੇ ਪਰ ਜਿਊਣਾ ਨਹੀਂ ਚਾਹੀਦਾ

**- ਡਾ. ਨਿਸ਼ਾਨ ਸਿੰਘ**

ਮਨੋਵਿਗਿਆਨ ਵਿੱਚ ਕਿਹਾ ਜਾਂਦਾ ਹੈ ਕਿ ਕਥਾ-ਕਹਾਣੀਆਂ ਮਨੁੱਖੀ ਮਨ ਦੀਆਂ ਉਹ ਅਧੂਰੀਆਂ ਇੱਛਾਵਾਂ ਹੁੰਦੀਆਂ ਹਨ ਜਿਹੜੀਆਂ ਕਿ ਅਸਲ ਜੀਵਨ ਵਿੱਚ ਕਦੇ ਪੂਰੀਆਂ ਨਹੀਂ ਹੋਈਆਂ ਹੁੰਦੀਆਂ। ਸ਼ਾਇਰ, ਲੇਖਕ ਅਤੇ ਕਲਮਕਾਰ ਇਹਨਾਂ ਅਧੂਰੀਆਂ ਇੱਛਾਵਾਂ ਨੂੰ ਆਪਣੀਆਂ ਲਿਖਤਾਂ, ਰਚਨਾਵਾਂ ਵਿੱਚ ਪੂਰਾ ਕਰਦੇ ਹਨ। ਸਮੁੱਚਾ ਸਾਹਿਤ ਜਗਤ ਇਸੇ ਮਨੋਵਿਗਿਆਨਕ ਸਿਧਾਂਤ ਅਧੀਨ ਸਿਰਜਣਾ/ ਰਚਨਾ ਕਰਦਾ ਹੈ। ਹਾਂ, ਇਤਿਹਾਸਕ ਪਾਤਰਾਂ ਵੇਲੇ ਕੁਝ ਛੋਟ ਕਹੀ ਜਾ ਸਕਦੀ ਹੈ ਕਿਉਂਕਿ ਇਤਿਹਾਸਕ ਪਾਤਰਾਂ/ ਹਵਾਲਿਆਂ ਨਾਲ ਛੇੜਛਾੜ ਲਿਖਤ ਨੂੰ ਅਰਥਹੀਣ ਕਰ ਦਿੰਦੀ ਹੈ। ਪ੍ਰੰਤੂ ਜਦੋਂ ਅਸੀਂ ਇਸ ਵਿਧਾ ਦਾ ਗਹਿਰਾਈ ਨਾਲ ਅਧਿਐਨ ਕਰਦੇ ਹਾਂ ਤਾਂ ਇਹ ਵਿਧਾ ਕੁਝ ਹੱਦ ਤੀਕ ਕਲਪਨਾ ਦੇ ਘੇਰੇ ਵਿੱਚ ਆ ਜਾਂਦੀ ਹੈ।

ਪ੍ਰਸਿੱਧ ਮਨੋਵਿਗਿਆਨੀ ਸਿਗਮੰਡ ਫ੍ਰਾਇਡ ਨੇ ਸੁਪਨਿਆਂ ਦੇ ਮਨੋਵਿਗਿਆਨ ਅਤੇ ਸਿਧਾਂਤਾਂ ਬਾਰੇ ਬਹੁਤ ਖੁੱਲ ਕੇ ਲਿਖਿਆ ਹੈ। ਉਸਦਾ ਮੰਨਣਾ ਹੈ ਕਿ ਸੁਪਨੇ ਸਾਡੀਆਂ ਗਹਿਰੀਆਂ ਚਿੰਤਾਵਾਂ ਅਤੇ ਇੱਛਾਵਾਂ ਦੀ ਦਿਸਦੀ, ਪ੍ਰਤੱਖ ਪ੍ਰਤੀਕਿਰਿਆ ਹੈ, ਜਿਹੜੀ ਬਚਪਨ, ਜਨੂੰਨ ਜਾਂ ਯਾਦਾਂ ਨਾਲ ਸੰਬੰਧ ਰੱਖਦੀ ਹੈ।

ਜਿੱਥੋਂ ਤਕ ਪੰਜਾਬੀ ਲੋਕਧਾਰਾ ਦੀ ਗੱਲ ਹੈ, ਇਸ ਵਿਧਾ ਵਿੱਚ ਵੀ ਮਨੁੱਖੀ ਮਨ ਦੇ ਮਿਲਾਪ, ਵਿਛੋੜੇ ਨੂੰ ਸੁਪਨੇ ਦੇ ਮਾਧਿਅਮ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਸੁਪਨੇ ਅੰਦਰ ਪ੍ਰੀਤਮ-ਪਿਆਰਾ ਮਿਲ ਜਾਂਦਾ ਹੈ ਅਤੇ ਅੱਖ ਖੁੱਲਣ ਮਗਰੋਂ ਇਹ ਮਿਲਾਪ ਮੁੱਕ ਜਾਂਦਾ ਹੈ;

'ਸੁਪਨਿਆਂ ਤੂੰ ਸੁਲਤਾਨ ਹੈ ਉੱਤਮ ਤੇਰੀ ਜਾਤ
ਸੌ ਵਰਿਆਂ ਦੇ ਵਿੱਛੜੇ ਆਣ ਮਿਲਾਵੇ ਰਾਤ।'
(ਲੋਕ ਤੱਥ)

ਗੁਰਮਤਿ ਕਾਵਿ ਦੀ ਗੱਲ ਕਰਦਿਆਂ ਵੀ ਇਹ ਪਤਾ ਲੱਗਦਾ ਹੈ ਕਿ ਗੁਰੂ ਸਾਹਿਬਾਨ ਵੱਲੋਂ ਸੁਪਨਿਆਂ ਅੰਦਰ ਜਿਉਂਦੇ ਮਨੁੱਖ ਨੂੰ ਤਾਕੀਦ ਕੀਤੀ ਗਈ ਹੈ ਕਿ ਉਹ ਅਸਲ ਜੀਵਨ ਵਿੱਚ ਆਪਣਾ ਜੀਵਨ ਬਤੀਤ ਕਰੇ। ਗੁਰਬਾਣੀ ਅੰਦਰ ਸੁਪਨਿਆਂ ਦੇ ਸੰਸਾਰ ਬਾਰੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਵਿਸ਼ੇਸ਼ ਤੌਰ 'ਤੇ ਵਾਚਿਆ ਜਾ ਸਕਦਾ ਹੈ, ਪੜਿਆ ਜਾ ਸਕਦਾ ਹੈ;

**'ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥**
**ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥'**
**(ਗੁਰੂ ਗ੍ਰੰਥ ਸਾਹਿਬ ਜੀ, ਪੰਨਾ-1427)**

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਤਾਂ ਸਮੁੱਚੇ ਮਨੁੱਖੀ ਜੀਵਨ ਨੂੰ ਹੀ ਸੁਪਨੇ ਦੀ ਨਿਆਈਂ ਪੇਸ਼ ਕੀਤਾ ਗਿਆ ਹੈ। ਮਨੁੱਖ ਦਾ ਸਰੀਰ ਨਾਸ਼ਵਾਨ ਹੈ ਅਤੇ ਇਹ ਜੀਵਨ ਸੁਪਨੇ ਦੇ ਵਾਂਗ ਕੁਝ ਸਮੇਂ ਦਾ ਭੁਲੇਖਾ ਹੈ। ਇਸ ਸੱਚਾਈ ਨੂੰ ਪੇਸ਼ ਕਰਦਿਆਂ ਗੁਰੂ ਸਾਹਿਬ ਨੇ ਮਨੁੱਖ ਨੂੰ ਚੰਗੇ ਕਰਮਾਂ ਲਈ ਪ੍ਰੇਰਿਤ ਕੀਤਾ ਹੈ;

**'ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥' (ਗੁਰੂ ਗ੍ਰੰਥ ਸਾਹਿਬ ਜੀ, ਪੰਨਾ-219)**

ਪੰਜਾਬੀ ਸਾਹਿਤ ਵਿੱਚ ਸੁਪਨਿਆਂ ਬਾਰੇ ਬਹੁਤ ਸਾਰੀਆਂ ਕਵਿਤਾਵਾਂ, ਰਚਨਾਵਾਂ ਪੜੀਆਂ ਜਾ ਸਕਦੀਆਂ ਹਨ। ਇਹ ਰਚਨਾਵਾਂ ਮਨੁੱਖੀ ਮਨ ਦੀਆਂ ਇੱਛਾਵਾਂ ਨੂੰ ਬਿਆਨ ਕਰਦੀਆਂ ਹਨ ਜਿਹੜੀਆਂ ਸੁਪਨਿਆਂ ਅੰਦਰ ਪੂਰੀਆਂ ਹੁੰਦੀਆਂ ਹਨ;

**'ਸੁਪਨੇ ਵਿੱਚ ਤੁਸੀਂ ਮਿਲੇ ਅਸਾਂ ਨੂੰ, ਅਸਾਂ ਧਾ ਗਲਵੱਕੜੀ ਪਾਈ, ਨਿਰਾ ਨੂਰ ਤੁਸੀਂ ਹੱਥ ਨਾ ਆਏ, ਸਾਡੀ ਕੰਬਦੀ ਰਹੀ ਕਲਾਈ।'**
**(ਭਾਈ ਵੀਰ ਸਿੰਘ)**

ਇਤਿਹਾਸਕ ਪ੍ਰਸੰਗ ਦੀ ਗੱਲ ਕਰਦਿਆਂ ਬਹੁਤ ਸਾਰੇ ਇਤਿਹਾਸਕਾਰ ਕਲਪਨਾ ਦੇ ਆਵੇਸ਼ ਵਿੱਚ ਆ ਜਾਂਦੇ ਹਨ। ਇਸ ਵਿਧਾ ਵਿੱਚ ਦੂਜਾ ਪੱਖ ਇਹ ਵੀ ਕਿਹਾ ਜਾਂਦਾ ਹੈ ਕਿ ਆਪਣੇ ਇਸ਼ਟ, ਦੇਵਤਾ ਨੂੰ ਦੂਜਿਆਂ ਧਰਮਾਂ ਦੇ ਇਸ਼ਟਾਂ, ਦੇਵਤਿਆਂ ਦੇ ਬਰਾਬਰ ਖੜਾ ਕਰਨ ਲਈ ਕਈ ਵਾਰ ਕਲਪਨਾ ਨੂੰ ਸ਼ਬਦੀਜ਼ਾਮਾ ਪਹਿਨਾ ਦਿੱਤਾ ਜਾਂਦਾ ਹੈ। ਇਸੇ ਲਈ ਮਨੁੱਖ ਵੀ ਸੁਪਨਿਆਂ ਵਿੱਚ ਵਧੇਰੇ ਖੁਸ਼ ਰਹਿੰਦਾ ਹੈ, ਆਨੰਦ ਮਹਿਸੂਸ ਕਰਦਾ ਹੈ।

'ਸੁਪਨੇ ਹਰ ਬੱਚਾ, ਬੁੱਢਾ ਤੇ ਜਵਾਨ ਦੇਖਦਾ ਹੈ। ਬੱਚੇ ਜਿਹੜੇ ਦਿਨਾਂ ਜਾਂ ਮਹੀਨਿਆਂ ਦੇ ਹੁੰਦੇ ਹਨ, ਉਹ ਵੀ ਕਈ ਵਾਰ ਸੁੱਤੇ ਪਏ ਮੁਸਕਰਾਉਂਦੇ ਦਿਸਦੇ ਹਨ। ਬੱਚਾ ਕਦੇ ਬੁੱਲ ਗੋਲ ਕਰ ਕੇ ਮਚਾਕੇ ਮਾਰਦਾ ਹੈ ਜਿਵੇਂ ਦੁੱਧ ਚੁੰਘ ਰਿਹਾ ਹੋਵੇ। ਕਦੀ ਅੱਖਾਂ ਇਕੱਠੀਆਂ ਕਰ ਕੇ ਅਤੇ ਬੁੱਲ ਲਟਕਾ ਕੇ ਰੋਣ ਵਾਲੀ ਸੂਰਤ ਬਣਾਉਂਦਾ ਹੈ। ਲਗਦਾ ਹੈ ਜਿਵੇਂ ਬੱਚਾ ਸੁਪਨੇ ਵਿੱਚ ਰੋਂਦਾ, ਹੱਸਦਾ ਜਾਂ ਦੁੱਧ ਚੁੰਘਦਾ ਹੋਵੇ।' (ਕਿਰਪਾਲ ਕੌਰ, (ਲੇਖ), ਸੁਪਨਿਆਂ ਦਾ ਸੰਸਾਰ, ਪ੍ਰਕਾਸ਼ਨ ਮਿਤੀ-25 ਮਈ 2016)

ਅਲਾਦੀਨ ਦਾ ਚਿਰਾਗ਼, ਰੱਬ ਦੇ ਤਿੰਨ ਵਰਦਾਨ, ਦੱਬਿਆ ਖ਼ਜ਼ਾਨਾ ਅਤੇ ਜਾਦੂਈ ਮੁੰਦਰੀ ਆਦਿਕ ਮਨੋਕਲਪਿਤ ਕਹਾਣੀਆਂ; ਇਹਨਾਂ ਸੁਪਨਿਆਂ ਦੇ ਨਤੀਜੇ ਵਜੋਂ ਹੋਂਦ ਵਿੱਚ ਆਈਆਂ ਹਨ। ਸ਼ੇਖਚਿੱਲੀ ਦੀਆਂ ਕਹਾਣੀਆਂ ਨੂੰ ਬਹੁਤ ਸਾਰੇ ਲੋਕ ਅੱਜ ਵੀ ਦਿਲਚਸਪੀ ਨਾਲ ਪੜਦੇ ਵੇਖੇ ਜਾ ਸਕਦੇ ਹਨ ਕਿਉਂਕਿ ਉਹ ਦਿਨ ਵਿੱਚ ਹੀ ਸੁਪਨੇ ਵੇਖਦਾ ਸੀ, ਸੁਪਨਿਆਂ ਵਿੱਚ ਜਿਉਂਦਾ ਸੀ; ਹਾਲਾਂਕਿ ਉਹ ਖ਼ੁਦ ਕਲਪਨਾ ਦੀ ਉਪਜ ਹੈ। ਅਜਿਹਾ ਕੋਈ ਪਾਤਰ ਇਤਿਹਾਸ ਵਿੱਚ ਨਹੀਂ ਹੋਇਆ। ਪਰ! ਸੁਪਨਿਆਂ ਵਿੱਚ ਜਿਉਂਦੇ ਲੋਕਾਂ ਨੇ ਆਪਣੇ ਸੁਪਨਿਆਂ ਲਈ ਇੱਕ ਹੋਰ ਸੁਪਨਾ (ਸ਼ੇਖਚਿੱਲੀ) ਘੜ ਲਿਆ। ਖ਼ੈਰ! ਉਪਰੋਕਤ ਕਹਾਣੀਆਂ, ਵਿਸ਼ਵਾਸਾਂ ਦਾ ਮੂਲ ਕਾਰਣ ਮਨੁੱਖ ਦਾ ਸੁਪਨਿਆਂ ਵਿੱਚ ਜਿਊਣਾ ਹੁੰਦਾ ਹੈ। ਮਨੁੱਖ ਦੇ ਮਨ ਨੂੰ ਪੜਨ ਵਾਲੇ ਸਮੁੱਚੇ ਵਿਸ਼ਿਆਂ ਨੂੰ ਮਨੋਵਿਗਿਆਨਕ ਖ਼ੇਤਰ ਦੇ ਅਧੀਨ ਮੰਨਿਆ ਜਾਂਦਾ ਹੈ। ਇਹ ਖ਼ੇਤਰ ਮਨੁੱਖ ਦੇ ਜੀਵਨ ਵਿੱਚ ਵਿਸ਼ਾਲ ਅਤੇ ਗਹਿਰਾ ਅਸਰ ਰੱਖਦਾ ਹੈ। ਉਂਝ ਇਹ ਲਾਜ਼ਮੀ ਵੀ ਨਹੀਂ ਕਿ ਮਨੋਵਿਗਿਆਨ ਅੰਦਰ ਬਿਲਕੁਲ 100% ਸਟੀਕ ਨਤੀਜੇ ਪ੍ਰਾਪਤ ਕੀਤੇ ਜਾ ਸਕਣ ਪ੍ਰੰਤੂ ਫੇਰ ਵੀ ਮਨੁੱਖ ਦੇ ਬਾਹਰੀ ਹਾਵਾਂ-ਭਾਵਾਂ ਤੋਂ ਅੰਦਾਜ਼ੇ ਲਗਾਏ ਜਾਂਦੇ ਹਨ, ਜਿਹੜੇ ਕਿ ਅਮੂਮਨ ਸਹੀ ਅਤੇ ਸਟੀਕ ਹੀ ਹੁੰਦੇ ਹਨ। ਬਹੁਤੀ ਵਾਰ ਗੱਲਬਾਤ ਦੇ ਢੰਗ ਨੂੰ ਵੀ ਆਧਾਰ ਬਣਾਇਆ ਜਾਂਦਾ ਹੈ।

**ਸਿਨੇਮਾ ਸੰਦਰਭ:**

ਮਨੋਵਿਗਿਆਨ ਵਿੱਚ ਫਿਲਮ, ਨਾਟਕ, ਗੀਤ-ਸੰਗੀਤ ਨੂੰ 'ਜਾਗਦੀਆਂ ਅੱਖਾਂ ਨਾਲ ਵੇਖੇ ਜਾਂਦੇ ਸੁਪਨੇ' ਕਿਹਾ ਜਾਂਦਾ ਹੈ। ਯਕੀਨਨ, ਇਹ ਗੱਲ ਬਿਲਕੁਲ ਦਰੁਸਤ ਹੈ ਕਿ ਮਨੁੱਖ ਜਾਗਦੀਆਂ ਅੱਖਾਂ ਨਾਲ ਸੁਪਨੇ ਵਿੱਚ ਮਸਤ ਹੋ ਜਾਂਦਾ ਹੈ, ਖ਼ੁਸ਼ ਹੋ ਜਾਂਦਾ ਹੈ। ਮਨੁੱਖ ਨੂੰ ਕੁਝ ਸਮੇਂ ਲਈ ਆਲੇ-ਦੁਆਲੇ ਦਾ ਅਹਿਸਾਸ ਭੁੱਲ ਜਾਂਦਾ ਹੈ। ਇਸੇ ਲਈ ਬਹੁਤੇ ਭਾਵੁਕ ਲੋਕ ਫਿਲਮਾਂ ਵਿੱਚ ਨਾਇਕ ਦੀ ਮੌਤ ਉੱਪਰ ਰੋਂਦੇ ਹੋਏ ਵੇਖੇ ਜਾ ਸਕਦੇ ਹਨ। ਕਈ ਵਾਰ ਬਹੁਤ ਭਾਵੁਕ ਦ੍ਰਿਸ਼ ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਫਿਲਮਾਏ ਜਾਂਦੇ ਹਨ ਤਾਂ ਕਿ ਲੋਕ ਉਸ ਫਿਲਮ ਨਾਲ, ਦ੍ਰਿਸ਼ ਨਾਲ ਭਾਵੁਕਤਾ ਵੱਸ ਜੁੜ ਜਾਣ। ਹਾਲਾਂਕਿ ਫਿਲਮ ਵੇਖਣ ਵਾਲਾ ਸ਼ਖ਼ਸ ਵੀ ਜਾਣਦਾ ਹੈ ਕਿ ਇਹ ਸਭ ਨਾਟਕ ਹੈ, ਡਰਾਮਾ ਹੈ, ਨਕਲੀ ਹੈ ਪ੍ਰੰਤੂ ਉਹ ਆਪਣੇ-ਆਪ ਨੂੰ ਇਸ ਸੁਪਨੇ ਨਾਲੋਂ ਅੱਡ ਨਹੀਂ ਕਰ ਪਾਉਂਦਾ। ਫਿਲਮ ਨਿਰਮਾਤਾ ਇਹਨਾਂ ਮਨੋਵਿਗਿਆਨਕ ਨੁਕਤਿਆਂ ਨੂੰ ਜਾਣਦੇ ਹਨ, ਸਮਝਦੇ ਹਨ। ਇਸੇ ਲਈ ਇਸ ਤਰਾਂ ਦੀ ਫਿਲਮਾਂ ਵੱਧ ਕਾਮਯਾਬ ਹੁੰਦੀਆਂ ਹਨ ਜਿਹੜੀਆਂ ਵੱਧ ਲੋਕਾਂ ਦੇ ਸੁਪਨਿਆਂ ਦੇ ਹਾਣ ਦੀਆਂ ਹੋਣ, ਮੇਚ ਦੀਆਂ ਹੋਣ। ਫਿਲਮੀ ਖ਼ੇਤਰ ਦੇ ਲੋਕ ਜਾਣਦੇ ਹਨ ਕਿ ਮਨੁੱਖ ਆਪਣੀ ਅਸਲ ਜ਼ਿੰਦਗੀ ਨਾਲੋਂ ਕੁਝ ਸਮੇਂ ਲਈ ਟੁੱਟਣਾ ਚਾਹੁੰਦਾ ਹੈ, ਕਲਪਨਾ ਵਿੱਚ ਜਿਊਣਾ ਚਾਹੁੰਦਾ ਹੈ। ਇਸ ਲਈ ਉਹ ਦਰਸ਼ਕਾਂ ਦੇ ਸੁਪਨਿਆਂ ਦੇ ਹਾਣ ਦੀ ਫਿਲਮ ਨੂੰ ਬਣਾਉਂਦਾ ਹੈ, ਪੇਸ਼ ਕਰਦਾ ਹੈ ਤਾਂ ਕਿ ਉਹਨਾਂ ਦੀ ਫਿਲਮ ਕਾਮਯਾਬ ਹੋ ਸਕੇ।

ਇਹ ਗੱਲ ਸਿਰਫ਼ ਫਿਲਮਾਂ ਉੱਪਰ ਹੀ ਨਹੀਂ ਢੁੱਕਦੀ ਬਲਕਿ ਗੀਤ-ਸੰਗੀਤ, ਪੁਸਤਕਾਂ, ਖਾਣ-ਪੀਣ ਅਤੇ ਕੱਪੜੇ ਪਹਿਨਣ ਉੱਪਰ ਵੀ ਪੂਰੀ ਤਰਾਂ ਫਿੱਟ ਬੈਠਦੀ ਹੈ। ਨੌਜੁਵਾਨ ਵਰਗ ਬੇਰੁਜ਼ਗਾਰੀ ਦੀ ਆਲਮ ਵਿੱਚ ਘਿਰਿਆ ਬੈਠਾ ਹੈ, ਇਸ ਲਈ ਉਹ ਬੇਰੁਜ਼ਗਾਰੀ ਵਾਲੇ ਗੀਤ ਨਹੀਂ ਸੁਣਨਾ ਚਾਹੁੰਦਾ। ਉਹ ਗੁਰਬਤ ਨੂੰ ਕੁਝ ਸਮੇਂ ਲਈ ਆਪਣੇ ਜੀਵਨ ਵਿੱਚੋਂ ਕੱਢਣਾ ਚਾਹੁੰਦਾ ਹੈ। ਇਸੇ ਲਈ ਉਹ ਬੰਦੂਕਾਂ, ਬੁਲਿਟਾਂ, ਗੱਡੀਆਂ ਆਦਿ ਦੇ ਗੀਤ ਸੁਣ ਕੇ ਸੁਪਨਿਆਂ ਅੰਦਰ ਸੁਖ ਮਹਿਸੂਸ ਕਰਦਾ ਹੈ, ਖ਼ੁਸ਼ ਹੁੰਦਾ ਹੈ, ਆਨੰਦ ਮਾਣਦਾ ਹੈ। ਸੁਪਨਿਆਂ ਵਿੱਚ ਜਿਉਂਦੇ ਮਨੁੱਖ ਦੇ ਇਸ ਮਨੋਵਿਗਿਆਨ ਨੂੰ ਅਜੋਕੇ ਗਾਇਕ, ਗੀਤਕਾਰ ਬਾਖ਼ੂਬੀ ਜਾਣਦੇ ਹਨ, ਸਮਝਦੇ ਹਨ। ਇਸੇ ਲਈ ਹਥਿਆਰਾਂ ਵਾਲੇ, ਮਾਰ ਕੁੱਟ ਵਾਲੇ 99% ਗੀਤ ਮਕਬੂਲ ਹੋ ਜਾਂਦੇ ਹਨ ਅਤੇ ਅਸਲ ਜੀਵਨ ਨਾਲ ਬਾਵਸਤਾ ਗੀਤ ਲੋਕ-ਮਨਾਂ ਵਿੱਚ ਆਪਣੀ ਥਾਂ ਨਹੀਂ ਬਣਾ ਪਾਉਂਦੇ ਕਿਉਂਕਿ ਅਸਲ ਜੀਵਨ ਦੀਆਂ ਤੰਗੀਆਂ-ਤੁਰਸ਼ੀਆਂ ਤੋਂ ਮਨੁੱਖ ਪਹਿਲਾਂ ਹੀ ਪ੍ਰੇਸ਼ਾਨ ਹੁੰਦਾ ਹੈ, ਦੁਖੀ ਹੁੰਦਾ ਹੈ। ਉਹ ਕੁਝ ਚਿਰ ਲਈ ਆਪਣੇ ਅਸਲ ਜੀਵਨ ਤੋਂ ਨਿਜਾਤ ਚਾਹੁੰਦਾ ਹੈ।

**ਬਾਕੀ ਸਫ਼ਾ 31 'ਤੇ**

# ਮੋਢੇ ਸਲੀਬ ਰੱਖੀਂ



**- ਹਰਦੇਵ ਸਿੰਘ**

ਕੰਡਿਆਂ ਨੂੰ ਨਫਰਤਾਂ ਦੀ
ਕਰਦਾ ਨਹੀਂ ਸਿਫਾਰਸ,
ਫੁੱਲਾਂ ਜਏ ਲੋਕ ਆਪਣੇ
ਦਿਲ ਦੇ ਕਰੀਬ ਰੱਖੀਂ।
ਸਫਿਆਂ ਨੇ ਹੋਰ ਕੇੜ੍ਹੇ
ਰੁਤਬੇ ਦਾ ਮਾਣ ਕਰਨੈ,
ਅੱਖਰਾਂ ਨੂੰ ਵਾਹੁਣ ਲੱਗਿਆਂ
ਪੋਟੇ ਤਹਜੀਬ ਰੱਖੀਂ।
ਕੁਫਰਾਂ ਦੇ ਕਾਫਲੇ ਤੋਂ
ਹਰਗਿਜ ਉਜਾੜ ਚੰਗੀ,
ਸੁੱਚੀ ਜੁਬਾਨ ਵਾਲੇ
ਆਪਣੇ ਰਕੀਬ ਰੱਖੀਂ।
ਜਿਤਾਂ ਦੀ ਦੌੜ ਪਿੱਛੇ
ਢਹਿੰਦਾ ਏ ਹਰ ਸਿਕੰਦਰ,
ਹਾਰਾਂ 'ਚੋ ਉਸਰਨੇ ਲਈ
ਡਾਡੇ ਨਸੀਬ ਰੱਖੀਂ।
ਬੇਅਦਬ ਆਲਿਮਾਂ ਤੋਂ
ਅਦਬੀ ਜਨੌਰ ਚੰਗੇ,
ਦੁਸ਼ਮਨ 'ਤੇ ਜੋਰ ਹੈ ਨੀਂ
ਦੋਸਤ ਅਦੀਬ ਰੱਖੀਂ।
ਰੂਹਾਂ ਦੀ ਆਸ਼ਕੀ ਦਾ
ਇੱਕੋ ਉਸੂਲ ਮੁਢ ਤੋਂ,
ਤੁਰਨੈ ਜੇ ਰਾਹੇ ਰਹਿਬਰ
ਮੋਢੇ ਸਲੀਬ ਰੱਖੀਂ।

……………………………………..

# ਚਲੋ ਹੁਣ ਨੰਗੀਆਂ ਦਹਿਲੀਜ਼ਾਂ ਨੂੰ ਟੱਪੀਏ

**- ਜਨਮੇਜਾ ਸਿੰਘ ਜੌਹਲ**

ਧੋਖਾ ਮੇਰੇ ਨਾਲ ਹੀ ਨਹੀਂ ਹੋਇਆ ,
ਧੋਖਾ ਤੁਹਾਡੇ ਨਾਲ ਵੀ ਹੋਇਆ ਹੈ ।

ਡਰਿਆ ਮੈਂ ਹੀ ਨਹੀਂ ਹਾਂ,
ਡਰਾ ਤੁਹਾਨੂੰ ਵੀ ਦਿੱਤਾ ਗਿਆ ਹੈ ।

ਖਾਲ਼ੀ ਮੈਂ ਹੀ ਨਹੀਂ ਹੋਇਆ ਹਾਂ,
ਖਾਲ਼ੀ ਤੁਹਾਨੂੰ ਵੀ ਕਰ ਦਿੱਤਾ ਗਿਆ ਹੈ ।

ਮੂਰਖ ਮੈਂ ਹੀ ਆਪਣੇ ਨੂੰ ਨਹੀਂ ਸਮਝਦਾ,
ਮੂਰਖ ਤੁਹਾਨੂੰ ਵੀ ਬਣਾ ਦਿੱਤਾ ਗਿਆ ਹੈ ।

ਕੌਣ ਕਹਿੰਦਾ ਕਿ ਕੱਲਾ ਮੈਂ ਹੀ ਬੇਵੱਸ ਹੋਇਆ।
ਬੇਵੱਸ ਤੁਹਾਨੂੰ ਵੀ ਕਰ ਦਿੱਤਾ ਗਿਆ ਹੈ ।

ਠੀਕਰ ਮੇਰਾ ਹੀ ਨਹੀਂ ਭੰਨਿਆ,
ਚੌਰਾਹੇ ਚ ਤੁਹਾਨੂੰ ਵੀ ਭੰਨ ਦਿੱਤਾ ਗਿਆ ਹੈ ।

ਹੁਣ ਤਾਂ ਮੈਂ ਵੀ 'ਮੈਂ' ਨਹੀਂ ਰਿਹਾ ,
ਤੁਹਾਨੂੰ ਵੀ 'ਮੈਂ' ਹੀ ਬਣਾ ਦਿੱਤਾ ਗਿਆ ਹੈ ।

ਚਲੋ ਹੁਣ ਨੰਗੀਆਂ ਦਹਿਲੀਜ਼ਾਂ ਨੂੰ ਟੱਪੀਏ ,
ਸਾਡੀਆਂ ਸਰਦਲਾਂ ਨੂੰ ਤਾਂ ਢਾਅ ਦਿੱਤਾ ਗਿਆ ਹੈ ।




MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# ਭਾਈ ਮਨੀ ਸਿੰਘ ਜੀ



- ਪ੍ਰਮਿੰਦਰ ਸਿੰਘ ਪ੍ਰਵਾਨਾ

ਸਿੱਖ ਇਤਿਹਾਸ ਵਿਚ ਭਾਈ ਮਨੀ ਸਿੰਘ ਜੀ ਦੀ ਸ਼ਖਸੀਅਤ ਦਾ ਵਿਸ਼ੇਸ਼ ਸਥਾਨ ਹੈ। ਉਹ ਗੁਰਬਾਣੀ ਦੇ ਲਿਪੀਕਾਰ, ਵਿਆਖਿਆਕਾਰ, ਸੁਚੇਤ ਪ੍ਰਬੰਧਕ ਅਤੇ ਮਹਾਨ ਯੋਧਾ ਸਨ। ਜਿਨਾਂ ਨੇ ਅੰਮ੍ਰਿਤਸਰ ਦੀ ਮਰਯਾਦਾ ਨੂੰ ਕਾਇਮ ਰੱਖਿਆ। ਧਰਮ ਬਚਾਉਣ ਲਈ ਜਬਰ ਨੂੰ ਸਬਰ ਨਾਲ ਹੰਡਾਇਆ। ਅਜਿਹੇ ਮਹਾਨ ਸ਼ਹੀਦਾਂ ਦੀ ਕੁਰਬਾਨੀ ਸਿੱਖ ਅਰਦਾਸ ਦਾ ਹਿੱਸਾ ਬਣੀ ਕਿ

ਜਿੰਨਾਂ ਸਿੰਘਾਂ ਸਿੰਘਣੀਆ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ।

ਭਾਈ ਮਨੀ ਸਿੰਘ ਜੀ ਦਾ ਜਨਮ 10 ਮਾਰਚ, 1644 ਈ. ਨੂੰ ਪਿੰਡ ਅਲੀਪੁਰ ਜ਼ਿਲਾ ਮੁਜ਼ਫ਼ਰਗੜ (ਪਾਕਿਸਤਾਨ) ਵਿਖੇ ਪਿਤਾ ਮਾਈਦਾਸ ਤੇ ਮਾਤਾ ਮਧਰੀ ਬਾਈ ਦੇ ਘਰ ਹੋਇਆ। ਬਚਪਨ ਦਾ ਨਾਉਂ ਮਨੀ ਰਾਮ (ਮਨੀਆ) ਸੀ। ਉਹ 1657 ਈ ਨੂੰ ਆਪਣੇ ਪਿਤਾ ਜੀ ਨਾਲ ਗੁਰੂ ਹਰਿਰਾਏ ਜੀ ਦੇ ਦਰਸ਼ਨ ਕਰਨ ਕੀਰਤਪੁਰ ਆਏ ਸਨ। ਉਨਾਂ ਦਾ ਵਿਆਹ 1659 ਈ. ਵਿਚ ਲੱਖੀਰਾਏ ਦੀ ਧੀ ਸੀਤੋ ਬਾਈ ਨਾਲ ਹੋਇਆ। ਉਹ ਗੁਰੂ ਹਰਿਕ੍ਰਿਸ਼ਨ ਜੀ ਕੋਲ ਦਿੱਲੀ ਚਲੇ ਗਏ। ਫਿਰ 1664 ਈ. ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸੰਗਤ ਵਿਚ ਬਾਬਾ ਬਕਾਲਾ ਪਹੁੰਚ ਗਏ। ਜਦੋਂ 1675 ਈ. ਵਿਚ ਗੁਰੂ ਤੇਗ ਬਹਾਦਰ ਜੀ ਦੀ ਦਿੱਲੀ ਰਵਾਨਗੀ ਸਮੇਂ ਉਨਾਂ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕੋਲ ਅਨੰਦਪੁਰ ਸਾਹਿਬ ਛੱਡ ਗਏ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਵੇਲੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਵੀ ਨਾਲ ਸਨ। ਉਬਲਦੀ ਦੇਗ ਵਿਚ ਸ਼ਹੀਦੀ ਪਾਉਣ ਵਾਲੇ ਭਾਈ ਦਿਆਲਾ ਜੀ, ਭਾਈ ਮਨੀ ਰਾਮ ਦੇ ਭਰਾ ਸਨ। ਭਾਈ ਮਨੀ ਰਾਮ ਜੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸੇਵਾ ਵਿਚ ਰਹੇ। ਸੰਨ 1688 'ਚ ਭੰਗਾਣੀ 1690 ਵਿਚ ਨਾਂਦੇੜ ਦੀਆਂ ਜੰਗਾਂ ਵਿਚ ਬੜੀ ਬਹਾਦਰੀ ਨਾਲ ਹਿੱਸਾ ਲਿਆ। ਉਨਾਂ ਨੇ ਇਕ ਸੂਰਬੀਰ ਯੋਧਾ ਹੋਣ ਦਾ ਸਬੂਤ ਦਿੱਤਾ। ਸੰਨ 1691 ਨੂੰ ਉਨਾਂ ਨੂੰ ਦੀਵਾਨ ਦੀ ਉਪਾਧੀ ਮਿਲੀ।

ਸੰਨ 1699 ਦੀ ਵਿਸਾਖੀ ਤੇ ਅੰਮ੍ਰਿਤ ਛਕ ਕੇ ਮਨੀ ਸਿੰਘ ਨਾਉਂ ਹੋ ਗਿਆ। ਸੰਨ 1704 ਈ. 6-7 ਪੋਹ ਦੀ ਵਿਚਕਾਰਲੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਅਨੰਦਪੁਰ ਦਾ ਕਿਲਾ ਛੱਡਿਆ ਤਾਂ ਭਾਈ ਸਾਹਿਬ ਗੁਰੂ ਕੇ ਮਹਿਲਾਂ ਨੂੰ ਦਿੱਲੀ ਪਹੁੰਚਾਉਣ ਵਿਚ ਸਫ਼ਲ ਹੋਏ। ਜਦੋਂ ਗੁਰੂ ਜੀ ਮੁਕਤਸਰ ਦੀ ਜੰਗ ਤੋਂ ਤਲਵੰਡੀ ਸਾਬੋ ਪਹੁੰਚੇ ਤਾਂ ਭਾਈ ਸਾਹਿਬ ਜੀ ਗੁਰੂ ਕੇ ਮਹਿਲਾਂ ਤੇ ਸੰਗਤ ਲਾਲ ਦਮਦਮਾ ਸਾਹਿਬ ਪੁੱਜੇ। ਇੱਥੇ ਹੀ ਗੁਰੂ ਸਾਹਿਬ ਜੀ ਨੇ ਭਾਈ ਸਾਹਿਬ ਪਾਸੋਂ 'ਗੁਰੂ ਗ੍ਰੰਥ ਸਾਹਿਬ ਜੀ ਦੀ ਦਮਦਮੀ ਬੀੜ' ਲਿਖਵਾਈ ਸੀ।

ਹਰਿਮੰਦਰ ਸਾਹਿਬ ਜੀ ਦੀ ਗੁਰ ਮਰਯਾਦਾ ਪ੍ਰਪੱਕ ਚਲਾਉਣ ਲਈ ਭਾਈ ਸਾਹਿਬ ਨੂੰ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਨਿਯੁਕਤ ਕੀਤਾ। ਸੰਨ 1738 ਨੂੰ ਭਾਈ ਸਾਹਿਬ ਨੇ ਚਾਹਿਆ ਕਿ ਸਾਰੇ ਸਿੱਖ ਇਕੱਠੇ ਹੋ ਕੇ ਅੰਮ੍ਰਿਤਸਰ ਵਿਖੇ ਬੰਦੀ ਛੋੜ ਮਨਾਉਣ। ਜ਼ਕਰੀਆ ਖਾਨ ਗਵਰਨਰ ਲਾਹੌਰ ਨੇ ਸੁੱਰਖਿਆ ਪ੍ਰਦਾਨ ਕਰਨ ਲਈ 5000 ਮੋਹਰਾਂ ਦਾ ਕਰ ਲਗਾ ਦਿੱਤਾ। ਨਾਲ ਹੀ ਜਕਰੀਆ ਖਾਂ ਅਤੇ ਦੀਵਾਨ ਲਖਪਤ ਰਾਏ ਨੇ ਵਿਉਂਤ ਬਣਾ ਲਈ ਕਿ ਅੰਮ੍ਰਿਤਸਰ ਇਕੱਠੇ ਹੋਣ ਵਾਲੇ ਸਿੰਘਾਂ ਨੂੰ ਘੇਰ ਕੇ ਮਾਰ ਮੁਕਾਇਆ ਜਾਵੇ। ਮੁਗਲ ਪ੍ਰਬੰਧਕਾਂ ਦੀ ਉਸ ਚਾਲ ਦਾ ਪਤਾ ਭਾਈ ਸਾਹਿਬ ਨੂੰ ਲੱਗ ਗਿਆ। ਕਤਲੋਗਾਰਤ ਦੇ ਬਚਾਅ ਲਈ ਉਨਾਂ ਨੇ ਸੰਗਤਾਂ ਨੂੰ ਪੁਰਬ ਤੇ ਨਾ ਪਹੁੰਚਣ ਦੇ ਸੁਨੇਹੇ ਭੇਜ ਦਿੱਤੇ। ਸੰਗਤਾਂ ਦੇ ਨਾ ਪੁੱਜਣ ਕਰਕੇ ਚੜਤ ਦੀ ਧਨ ਰਾਸ਼ੀ ਵਿਚੋਂ ਸਰਕਾਰੀ ਕਰ ਅਦਾ ਨਹੀਂ ਕੀਤਾ ਜਾ ਸਕਦਾ ਸੀ।

ਇਸ ਲਈ ਰਕਮ ਇਕੱਠੀ ਕਰਨ ਲਈ ਵਿਸਾਖੀ ਪੁਰਬ ਦੀ ਸਰਕਾਰੀ ਪ੍ਰਵਾਨਗੀ ਮਿਲੀ। ਗੁਪਤ ਰੂਪ ਵਿਚ ਸੂਬਾ ਲਾਹੌਰ ਨੇ ਇਹ ਪ੍ਰਵਾਨਗੀ ਫਿਰ ਸਿੱਖਾਂ ਦੇ ਇਕੱਠ ਨੂੰ ਖਤਮ ਕਰਨ ਲਈ ਹੀ ਦਿੱਤੀ ਸੀ। ਭਾਈ ਸਾਹਿਬ ਨੇ ਫਿਰ ਸਿੱਖਾਂ ਦੀ ਕਤਲੋਗਾਰਤ ਨੂੰ ਰੋਕਣ ਲਈ ਸੁਨੇਹੇ ਭੇਜ ਦਿੱਤੇ ਕਿ ਹਕੂਮਤ ਦੀ ਸਿੱਖਾਂ ਨੂੰ ਖਤਮ ਕਰਨ ਦੀ ਇਕ ਹੋਰ ਚਾਲ ਹੈ। ਇਸ ਦੇ ਬਚਾਅ ਵਿਚ ਸੰਗਤ ਨਾ ਪਹੁੰਚੇ। ਪਰ ਫਿਰ ਵੀ ਕੁਝ ਸ਼ਰਧਾਲੂ ਪਹੁੰਚ ਹੀ ਗਏ। ਸੂਬਾ ਲਾਹੌਰ ਨੇ ਲਖਪਤ ਰਾਏ ਨੂੰ ਫੌਜ ਦੇ ਕੇ ਹਰਿਮੰਦਰ ਸਾਹਿਬ ਤੇ ਹਮਲਾ ਕਰਵਾ ਦਿੱਤਾ। ਜਿਸ ਵਿਚ ਸਿੱਖਾਂ ਦਾ ਜਾਨੀ ਮਾਲੀ ਨੁਕਸਾਨ ਹੋਇਆ।

ਭਾਈ ਮਨੀ ਸਿੰਘ ਜੀ ਨੂੰ ਸਿੰਘਾਂ ਸਮੇਤ ਗ੍ਰਿਫ਼ਤਾਰ ਕਰਕੇ ਲਾਹੌਰ ਭੇਜ ਦਿੱਤਾ। ਉਥੇ ਸਰਕਾਰੀ ਕਰ ਨਾ ਅਦਾ ਕਰਨ ਦੇ ਇਲਜ਼ਾਮ ਵਿਚ ਮੌਤ ਦੇ ਘਾਟ ਉਤਾਰਨ ਦੀ ਧਮਕੀ ਦਿੱਤੀ ਗਈ। ਮੁਗਲਾਂ ਦੀ ਜਬਰਨ ਧਰਮ ਪਰਿਵਰਤਨ ਦੀ ਨੀਤੀ ਹੇਠ ਭਾਈ ਸਾਹਿਬ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ। ਕਈ ਤਰਾਂ ਦੇ ਲਾਲਚ ਦਿੱਤੇ ਗਏ। ਡਰਾਵੇ ਧਮਕੀਆਂ ਅਤੇ ਕਈ ਫਰੇਬੀ ਚਾਲਾਂ ਚੱਲੀਆਂ ਗਈਆਂ ਭਾਈ ਸਾਹਿਬ ਅਡੋਲ ਰਹੇ। ਅੰਤ ਵਿਚ ਜਕਰੀਆ ਖਾਂ ਨੇ ਭਾਈ ਮਨੀ ਸਿੰਘ ਜੀ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰਨ ਦਾ ਹੁਕਮ ਸੁਣਾ ਦਿੱਤਾ।

ਭਾਈ ਸਾਹਿਬ ਜੀ ਨੇ ਇਸ ਸਜ਼ਾ ਨੂੰ ਹੱਸ ਕੇ ਕਬੂਲ ਕੀਤਾ। ਉਨਾਂ ਨਾਲ ਸਿੰਘਾਂ ਵਿਚ ਭਾਈ ਦਿਵਾਨ ਸਿੰਘ ਜੀ ਨੂੰ ਆਰੇ ਨਾਲ ਚੀਰਿਆ। ਭਾਈ ਗੁਲਜ਼ਾਰ ਸਿੰਘ, ਭਾਈ ਸਾਹਿਬ ਸਿੰਘ ਜੀ ਦੇ ਭਰਾ ਨੂੰ ਪੁੱਠਾ ਲਟਕਾ ਕੇ ਖੱਲ ਲਾਹ ਕੇ ਸ਼ਹੀਦ ਕੀਤਾ। ਭਾਈ ਮਨੀ ਸਿੰਘ ਜੀ ਨੂੰ ਨਾਖਾਸ ਚੌਕ ਲਾਹੌਰ ਲੰਡੇ ਬਾਜ਼ਾਰ ਵਿਚ 90 ਸਾਲ ਦੀ ਉਮਰ ਵਿਚ 24 ਜੂਨ 1734 ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ।

ਭਾਈ ਮਨੀ ਸਿੰਘ ਜੀ ਦਾ ਸਸਕਾਰ ਭਾਈ ਸੁਬੇਗ ਸਿੰਘ ਤੇ ਲਾਹੌਰੀ ਸਿੱਖਾਂ ਨੇ ਮਸਤੀ ਦਰਵਾਜਿਓਂ ਬਾਹਰ ਸ਼ਾਹੀ ਕਿਲੇ ਕੋਲ ਕੀਤਾ, ਜਿੱਥੇ ਗੁਰਦੁਆਰਾ ਸ਼ਹੀਦ ਗੰਜ ਦੂਸਰਾ ਬਣਿਆ ਹੋਇਆ ਸੀ। ਭਾਈ ਮਨੀ ਜੀ ਦਾ ਸਮੁੱਚਾ ਜੀਵਨ ਸਿਦਕ, ਸੇਵਾ ਸੰਭਾਲ ਦਾ ਰਿਹਾ। ਜਿਸ ਵਿਚ ਭਗਤੀ ਤੇ ਸ਼ਕਤੀ ਦਾ ਸੁਮੇਲ ਸੀ। ਮੌਤ ਨੂੰ ਸਾਹਮਣੇ ਰੱਖ ਕੇ ਵੀ ਨਾ ਡਰਨ ਵਾਲੇ ਜੀਵਨ ਮਰਨ ਵਿਚ ਫਰਕ ਨਹੀਂ ਸਮਝਦੇ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਅਤੇ ਸਿੱਖ ਪੰਥ ਦੀਆਂ ਸਮੂਹ ਸ਼ਹੀਦੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਸ਼ਹੀਦੀਆਂ ਜੀਵਨ ਵਿਚ ਚਾਨਣ ਮੁਨਾਰੇ ਦੀ ਰੋਸ਼ਨੀ ਵਿਚ ਸੇਧ ਦਿੰਦੀਆਂ ਰਹਿਣਗੀਆਂ।

# ਤਿੱਬਤ ਦੇ ਕਈ ਇਲਾਕਿਆਂ ਤੇ ਲੱਦਾਖ ਉੱਪਰ ਰਾਜ ਸੀ ਸ਼ੇਰੇ ਪੰਜਾਬ ਦਾ

## ਵਿਦੇਸ਼ ਮੰਤਰੀ ਵਾਜਪਾਈ ਨੂੰ ਚੀਨੀ ਵਿਦੇਸ਼ ਮੰਤਰੀ ਨੇ ਦਿੱਤਾ ਸੀ ਜੁਆਬ, ਖਾਲਸਾ ਰਾਜ ਵਾਲੇ ਇਲਾਕੇ ਤੁਹਾਡੇ ਨਹੀਂ, ਇਹ ਇਲਾਕੇ ਮਹਾਰਾਜਾ ਰਣਜੀਤ ਸਿੰਘ ਨੇ ਜਿੱਤੇ ਸਨ। ਉਦੋਂ ਸਰਕਾਰ ਖ਼ਾਲਸਾ ਸੀ। ਜਦੋਂ ਕਦੀ ਸਰਕਾਰ ਖ਼ਾਲਸਾ ਗੱਲਬਾਤ ਕਰੇਗੀ, ਅਸੀਂ ਸੁਣਾਂਗੇ।'

- ਤਲਵਿੰਦਰ ਸਿੰਘ ਬੁੱਟਰ

ਹਾਲੀਆ ਚੱਲ ਰਹੇ ਭਾਰਤ-ਚੀਨ ਸਰਹੱਦ ਵਿਵਾਦ ਦੇ ਪ੍ਰਸੰਗ ਵਿਚ ਭਾਰਤ ਦੇ ਨਾਮਵਰ ਸੁਰੱਖਿਆ ਮਾਹਿਰ ਤੇ ਲੇਖਕ ਅਭੀਜੀਤ ਭੱਟਾਚਾਰੀਆ ਨੇ ਬੜੀ ਮਹੱਤਵਪੂਰਨ ਟਿੱਪਣੀ ਕੀਤੀ ਹੈ ਕਿ, 'ਮਹਾਰਾਜਾ ਰਣਜੀਤ ਸਿੰਘ (1799-1839) ਦੇ ਰਾਜ ਨੂੰ ਛੱਡ ਕੇ ਹਿੰਦੁਸਤਾਨ ਦੀਆਂ ਸਰਹੱਦਾਂ 'ਤੇ ਵਿਦੇਸ਼ੀ ਹਮਲਿਆਂ ਨੇ ਹਮੇਸ਼ਾ ਹੀ ਭਾਰਤੀ ਇਤਿਹਾਸ ਦੇ ਹੁਕਮਰਾਨਾਂ ਨੂੰ ਸਤਾਇਆ ਹੈ। ਮਹਾਰਾਜਾ ਰਣਜੀਤ ਸਿੰਘ ਦੀ ਜ਼ਿੰਦਗੀ ਅਤੇ ਸਮੇਂ ਦੌਰਾਨ, ਨਾ ਤਾਂ ਅੰਗਰੇਜ਼ਾਂ ਨੇ ਦੱਖਣ ਵਲੋਂ ਸਤਲੁਜ ਦਰਿਆ ਪਾਰ ਕਰਨ ਦੀ ਹਿੰਮਤ ਕੀਤੀ, ਨਾ ਅਹਿਮਦ ਸ਼ਾਹ ਅਬਦਾਲੀ ਦੇ ਵਾਰਸਾਂ ਅਤੇ ਨਾ ਹੀ ਅਫ਼ਗਾਨਿਸਤਾਨ ਦੇ ਸਰਦਾਰਾਂ ਨੇ ਸ਼ੇਰ (ਮਹਾਰਾਜਾ ਰਣਜੀਤ ਸਿੰਘ) ਦੀ ਰਾਜਧਾਨੀ ਲਾਹੌਰ ਅਤੇ ਇਸ ਤੋਂ ਪਰੇ ਲੱਦਾਖ ਤੱਕ ਝਾਕਣ ਦੀ ਹਿੰਮਤ ਕੀਤੀ।' ਦੱਰਾ-ਏ-ਖ਼ੈਬਰ, ਜਿਥੋਂ ਕਿ ਹਮੇਸ਼ਾ ਵਿਦੇਸ਼ੀ ਹਮਲਾਵਰ ਹਿੰਦੁਸਤਾਨ ਵਿਚ ਪ੍ਰਵੇਸ਼ ਕਰਦੇ ਸਨ, ਤੋਂ ਲੈ ਕੇ ਕਸ਼ਮੀਰ, ਲੱਦਾਖ ਤੇ ਚੀਨ ਤੱਕ 'ਸ਼ੇਰ-ਏ-ਪੰਜਾਬ' ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਵਿਸਥਾਰ ਨੇ ਕੁਦਰਤੀ ਰੂਪ ਵਿਚ ਹਿੰਦੁਸਤਾਨ ਨੂੰ ਚੁਫ਼ੇਰਿਓਂ ਵਿਦੇਸ਼ੀ ਹਮਲਾਵਰਾਂ ਤੇ ਧਾੜਵੀਆਂ ਤੋਂ ਸੁਰੱਖਿਆ ਕਵਚ ਮੁਹੱਈਆ ਕਰਵਾਇਆ ਹੋਇਆ ਸੀ। 'ਸ਼ੇਰ-ਏ-ਪੰਜਾਬ' ਦੇ ਵਿਸ਼ਾਲ ਰਾਜ ਸਮੇਂ ਸਲਤਨਤ ਦਾ ਘੇਰਾ 1 ਲੱਖ 45 ਹਜ਼ਾਰ ਵਰਗ ਮੁਰੱਬਾ ਸੀ, ਜਿਸ ਤੋਂ 3 ਕਰੋੜ 24 ਲੱਖ 75000 ਰੁਪਏ ਦੀ ਸਾਲਾਨਾ ਆਮਦਨੀ ਹੁੰਦੀ ਸੀ। ਮਹਾਰਾਜੇ ਦੇ ਵਿਸ਼ਾਲ ਰਾਜ-ਭਾਗ ਦੀ ਗਵਾਹੀ ਸ਼ਾਹ ਮੁਹੰਮਦ ਵੀ ਆਪਣੇ 'ਜੰਗਨਾਮਾ' ਦੇ ਪੰਜਵੇਂ ਬੰਦ ਵਿਚ ਇਉਂ ਭਰਦਾ ਹੈ :

**'ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,**
**ਨਾਲ ਜ਼ੋਰ ਦੇ ਮੁਲਖ ਹਿਲਾਇ ਗਿਆ**
**ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,**
**ਜੰਮੂ, ਕਾਂਗੜਾ ਕੋਟ, ਨਿਵਾਇ ਗਿਆ**
**ਤਿੱਬਤ ਦੇਸ਼ ਲੱਦਾਖ ਤੇ ਚੀਨ ਤੋੜੀ,**
**ਸਿੱਕਾ ਆਪਣੇ ਨਾਮ ਚਲਾਇ ਗਿਆ**
**ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,**
**ਹੱਛਾ ਰੱਜ ਕੇ ਰਾਜ ਕਮਾਇ ਗਿਆ'**

ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ ਅਤੇ ਪ੍ਰਾਪਤੀਆਂ ਨੂੰ ਮੁੱਖ ਰੱਖਦਿਆਂ ਇਨਾਂ ਨਾਲ ਸਬੰਧਿਤ ਕਾਲ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਬਿਹਤਰੀਨ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ। ਪਹਿਲਾ ਸਮਾਂ ਸੰਨ 1799 ਤੋਂ 1809 ਤੱਕ ਦਾ ਬਣਦਾ ਹੈ, ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਛੋਟੀ ਉਮਰੇ ਕੇਂਦਰੀ ਪੰਜਾਬ ਵਿਚ ਖ਼ਾਲਸਾ ਰਾਜ ਦੀ ਨੀਂਹ ਰੱਖੀ। ਸ਼ੁਰੂ-ਸ਼ੁਰੂ ਵਿਚ ਸਤਲੁਜ ਅਤੇ ਜਿਹਲਮ ਦਰਿਆਵਾਂ ਦਰਮਿਆਨ ਦੇ ਇਲਾਕੇ ਵਿਚੋਂ ਕਰ ਇਕੱਠਾ ਕਰਨਾ ਤੇ ਆਪਣੀ ਸਰਦਾਰੀ ਕਾਇਮ ਕਰਨੀ ਹੀ ਉਸ ਦੇ ਮੁੱਖ ਨਿਸ਼ਾਨੇ ਸਨ। 'ਸ਼ੇਰ-ਏ-ਪੰਜਾਬ' ਦੀਆਂ ਪ੍ਰਾਪਤੀਆਂ ਦਾ ਦੂਜਾ ਸਮਾਂ ਸੰਨ 1809 ਤੋਂ 1822 ਦਰਮਿਆਨ ਸੀ। ਇਸ ਸਮੇਂ ਦੌਰਾਨ ਉਸ ਨੇ ਪਹਿਲਾਂ ਤੋਂ ਵੀ ਜ਼ਿਆਦਾ ਮਜ਼ਬੂਤੀ ਨਾਲ ਆਪਣਾ ਰਾਜ ਅੱਗੇ ਵਧਾਇਆ ਤੇ ਲਾਹੌਰ ਤੱਕ ਖ਼ਾਲਸਈ ਨਿਸ਼ਾਨ ਝੁਲਾ ਕੇ ਸ਼ਕਤੀਸ਼ਾਲੀ ਹਾਕਮ ਬਣ ਗਿਆ। ਇਸ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਤੀਜੇ ਸਮੇਂ ਦੌਰਾਨ ਮਹਾਰਾਜਾ ਰਣਜੀਤ ਸਿੰਘ ਨੇ ਸੰਨ 1824 ਤੋਂ ਸ਼ੁਰੂ ਹੋ ਕੇ 1839 ਵਿਚ ਅਕਾਲ ਚਲਾਣੇ ਤੱਕ ਪਿਸ਼ਾਵਰ ਨੂੰ ਵੀ ਆਪਣੇ ਰਾਜ ਵਿਚ ਮਿਲਾ ਲਿਆ। ਇਸ ਸਮੇਂ ਦੌਰਾਨ 'ਸਰਕਾਰ-ਏ-ਖ਼ਾਲਸਾ' ਦੇ ਝੰਡੇ ਦੱਰਾ-ਏ-ਖ਼ੈਬਰ ਤੱਕ ਲਹਿਰਾਉਣ ਲੱਗੇ। ਇਸ ਤਰਾਂ ਮਹਾਰਾਜਾ ਰਣਜੀਤ ਸਿੰਘ ਨੇ 40 ਸਾਲਾਂ ਦਰਮਿਆਨ, ਇਕ ਮਿਸਲ ਦੇ ਸਰਦਾਰ ਤੋਂ ਆਪਣਾ ਸਫ਼ਰ ਸ਼ੁਰੂ ਕਰਦਿਆਂ ਬਾਦਸ਼ਾਹੀ ਤੱਕ ਦੀ ਮੰਜ਼ਿਲ ਤੈਅ ਕੀਤੀ। ਉਸ ਨੇ ਬਹਾਦਰੀ ਨਾਲ ਜਿੱਥੇ ਛੋਟੀਆਂ-ਛੋਟੀਆਂ ਅਤੇ ਕਮਜ਼ੋਰ ਸਿੱਖ ਮਿਸਲਾਂ ਨੂੰ ਇਕੱਠਿਆਂ ਕਰ ਕੇ ਉਨਾਂ ਨੂੰ ਇਕ ਵਿਸ਼ਾਲ ਖ਼ਾਲਸਾ ਰਾਜ ਦਾ ਰੂਪ ਦਿੱਤਾ, ਉੱਥੇ ਉਸ ਨੇ ਕਸ਼ਮੀਰ, ਮੁਲਤਾਨ, ਪਿਸ਼ਾਵਰ ਤੇ ਹੋਰ ਦੂਜੇ ਮਜ਼ਬੂਤ ਸੁਤੰਤਰ ਮੁਸਲਿਮ ਹਾਕਮਾਂ ਦੇ ਇਲਾਕੇ ਵੀ ਖ਼ਾਲਸਾ ਰਾਜ ਨਾਲ ਮਿਲਾਏ। ਹੁਣ ਉਸ ਦੀ ਹਕੂਮਤ ਉੱਤਰ ਵਲੋਂ ਹਿਮਾਲਿਆ ਪਰਬਤ ਤੋਂ ਸ਼ੁਰੂ ਹੋ ਕੇ ਦੱਖਣ ਵੱਲ ਸਿੰਧ ਦੇ ਰੇਗਿਸਤਾਨ ਤੱਕ ਫੈਲੀ ਹੋਈ ਸੀ ਤੇ ਪੱਛਮ ਵੱਲ ਸਿੰਧ ਦਰਿਆ ਤੱਕ ਜਾਂਦੀ ਸੀ। ਵਿਸ਼ੇਸ਼ ਗੱਲ ਇਹ ਹੈ ਕਿ ਸੰਨ 991 ਵਿਚ ਮਹਾਰਾਜਾ ਜੈ ਪਾਲ ਦੇ ਪੁੱਤਰ ਅਨੰਦਪਾਲ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਇਕਲੌਤਾ ਬਾਦਸ਼ਾਹ ਸੀ, ਜਿਸ ਨੇ ਪਿਛਲੇ 800 ਸਾਲਾਂ ਬਾਅਦ ਸਿੰਧ ਤੇ ਦੱਰਾ-ਏ-ਖ਼ੈਬਰ ਵਲੋਂ ਹਿੰਦੁਸਤਾਨ ਵੱਲ ਆਉਂਦੇ ਵਿਦੇਸ਼ੀ ਹਮਲਾਵਰਾਂ 'ਤੇ ਕਾਠੀ ਪਾਈ ਅਤੇ ਉਨਾਂ ਨੂੰ ਹਰਾ ਕੇ ਰਾਜ ਕੀਤਾ। ਸੰਨ 1834 ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਦਰਬਾਰ ਦੇ ਅਧੀਨ ਜੰਮੂ ਰਿਆਸਤ ਦੀ ਫ਼ੌਜ ਨੇ ਲੱਦਾਖ ਵਿਚ ਦਾਖ਼ਲ ਹੋਣ ਦਾ ਐਲਾਨ ਕੀਤਾ ਤਾਂ ਮੁਹਿੰਮ ਦੀ ਕਮਾਨ ਜਰਨੈਲ ਜ਼ੋਰਾਵਰ ਸਿੰਘ ਨੇ ਸੰਭਾਲੀ। ਉਹ ਤਿੱਬਤ 'ਤੇ ਹਮਲਾ ਕਰ ਕੇ ਉਸ ਨੂੰ ਵੀ ਸਿੱਖ ਰਾਜ ਵਿਚ ਮਿਲਾਉਣਾ ਚਾਹੁੰਦਾ ਸੀ ਪਰ ਮਹਾਰਾਜਾ ਰਣਜੀਤ ਸਿੰਘ



ਇਸ ਔਖੇ ਕੰਮ ਲਈ ਹੁੰਗਾਰਾ ਨਹੀਂ ਭਰ ਰਿਹਾ ਸੀ। ਉਸ ਨੇ ਪਹਿਲਾਂ ਲੱਦਾਖ 'ਤੇ ਹਮਲਾ ਕੀਤਾ ਤੇ ਬਾਅਦ ਵਿਚ ਮਾਨ ਸਰੋਵਰ ਝੀਲ ਦੇ ਇਲਾਕੇ ਨੂੰ ਸਹਿਜੇ ਹੀ ਫ਼ਤਹਿ ਕਰ ਕੇ ਕਾਰਗਿਲ ਦੇ ਉੱਤਰ-ਪੱਛਮ ਵੱਲ ਵੀ ਬਾਲਟਿਸਤਾਨ 'ਤੇ ਕਬਜ਼ਾ ਕਰ ਕੇ ਖ਼ਾਲਸਾ ਰਾਜ ਦੇ ਅਧੀਨ ਕਰ ਲਿਆ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਮਹਾਰਾਜਾ ਸ਼ੇਰ ਸਿੰਘ ਦੇ ਰਾਜ-ਕਾਲ ਦੌਰਾਨ ਸੰਨ 1841 ਵਿਚ ਜਰਨੈਲ ਜ਼ੋਰਾਵਰ ਸਿੰਘ ਨੇ ਵੱਡੇ ਫ਼ੌਜੀ ਦਲ ਨਾਲ ਪੁਰਾਂਗ (ਤਿੱਬਤ) ਵੱਲ ਚੜਾਈ ਕਰ ਦਿੱਤੀ ਕਈ ਥਾਵਾਂ 'ਤੇ ਜੰਮ ਕੇ ਲੜਾਈ ਹੋਈ। ਜਰਨੈਲ ਜ਼ੋਰਾਵਰ ਸਿੰਘ ਤਿੱਬਤ ਦੇ ਅੰਦਰ ਦੂਰ ਤੱਕ ਚਲਾ ਗਿਆ ਪਰ 12 ਦਸੰਬਰ ਸੰਨ 1841 ਨੂੰ ਮਾੜੇ ਮੌਸਮ ਵਿਚ ਘਿਰਨ ਦੇ ਬਾਵਜੂਦ ਦੁਸ਼ਮਣ ਫ਼ੌਜ ਨਾਲ ਸੂਰਮਗਤੀ ਨਾਲ ਲੜਦਾ ਹੋਇਆ ਜਰਨੈਲ ਜ਼ੋਰਾਵਰ ਸਿੰਘ ਸ਼ਹੀਦ ਹੋ ਗਿਆ ਜਰਨੈਲ ਜ਼ੋਰਾਵਰ ਸਿੰਘ ਦੀ ਸੂਰਮਗਤੀ ਦੀ ਗਾਥਾ ਇਕ ਵੱਖਰਾ ਅਧਿਆਇ ਹੈ।

ਤਿੱਬਤ ਦੇ ਜਿਸ ਇਲਾਕੇ ਬਾਰੇ ਹੁਣ ਚੀਨ ਅਤੇ ਭਾਰਤ ਵਿਚਾਲੇ ਰੇੜਕਾ ਚੱਲ ਰਿਹਾ ਹੈ, ਉਹ ਇਲਾਕਾ ਸੰਨ 1841 ਵਿਚ 'ਸ਼ੇਰ-ਏ-ਪੰਜਾਬ' ਦੇ ਰਾਜ ਦਾ ਹਿੱਸਾ ਸੀ, ਜਿਸ ਦੀ ਗਵਾਹੀ ਟਕਲਾਕੋਟ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਜਰਨੈਲ ਜ਼ੋਰਾਵਰ ਸਿੰਘ ਵਲੋਂ ਉਸਾਰਿਆ 'ਜ਼ੋਰਾਵਰ ਫੋਰਟ' ਭਰਦਾ ਹੈ ਚੀਨ ਨਾਲ 'ਸ਼ੇਰ-ਏ-ਪੰਜਾਬ' ਦੇ ਰਾਜ ਦਾ 'ਚੁਸ਼ੂਲ ਦਾ ਅਹਿਦਨਾਮਾ' ਇਕ ਇਤਿਹਾਸਕ ਗਵਾਹੀ ਹੈ ਜਿਸ ਵਿਚ ਚੀਨ ਦੇ ਬਾਦਸ਼ਾਹ ਨਾਲ 2 ਅੱਸੂ ਸੰਮਤ 1899 (1842) ਦੇ ਦਿਨ ਹੋਏ ਅਹਿਦਨਾਮੇ (ਜਿਸ 'ਤੇ ਲਾਸਾ ਦੇ ਕਾਲੋਂਸ ਸੁਕਾਨ ਤੇ ਬਖ਼ਸ਼ੀ ਸਪਜੂ, ਚੀਨ ਦੇ ਬਾਦਸ਼ਾਹ ਦੀਆਂ ਫ਼ੌਜਾਂ ਦੇ ਕਮਾਂਡਰ-ਇਨ-ਚੀਫ਼ ਅਤੇ ਖ਼ਾਲਸਾ ਰਾਜ ਤਰਫ਼ੋਂ ਕਸ਼ਮੀਰ ਦੇ ਰਾਜੇ ਦੇ ਪ੍ਰਤੀਨਿਧ ਹਰੀ ਚੰਦ ਅਤੇ ਵਜ਼ੀਰ ਰਤਨੂੰ ਦੇ ਦਸਤਖ਼ਤ ਹੋਏ ਸਨ) ਤਹਿਤ ਇਕ-ਦੂਜੇ ਦੇ ਇਲਾਕਿਆਂ ਵਿਚ ਦਖ਼ਲ ਨਾ ਦੇਣ ਦਾ ਫ਼ੈਸਲਾ ਹੋਇਆ ਸੀ। 'ਸ਼ੇਰ-ਏ-ਪੰਜਾਬ' ਦੇ ਰਾਜ ਦਾ ਸੂਰਜ ਡੁੱਬਣ ਤੋਂ ਬਾਅਦ ਅੰਗਰੇਜ਼ਾਂ ਨੇ ਸੰਨ 1846 ਵਿਚ ਸਿੱਖਾਂ ਨੂੰ ਹਰਾ ਕੇ ਲੱਦਾਖ 'ਤੇ ਕਬਜ਼ਾ ਕਰ ਲਿਆ ਸੀ।

ਸੰਨ 1977 ਵਿਚ ਮੋਰਾਰਜੀ ਦੇਸਾਈ ਦੀ ਅਗਵਾਈ ਵਾਲੀ ਜਨਤਾ ਪਾਰਟੀ ਦੀ ਕੇਂਦਰ ਵਿਚ ਸਰਕਾਰ ਬਣੀ ਤਾਂ ਵਿਦੇਸ਼ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਹੱਦਾਂ ਦਾ ਮਸਲਾ ਹੱਲ ਕਰਨ ਲਈ ਚੀਨ ਦਾ ਸਦਭਾਵਨਾ ਦੌਰਾ ਕੀਤਾ। ਉਨਾਂ ਦੇ ਨਾਲ ਪੱਤਰਕਾਰਾਂ ਦੇ ਵਫ਼ਦ ਵਿਚ ਚੀਨ ਗਏ ਦੇਸ਼ ਦੇ ਪ੍ਰਸਿੱਧ ਸਿਆਸੀ ਕਾਰਕੁੰਨ ਤੇ ਪੱਤਰਕਾਰ ਰਾਜਮੋਹਨ ਗਾਂਧੀ, ਜੋ ਮਹਾਤਮਾ ਗਾਂਧੀ ਦੇ ਪੋਤਰੇ ਹਨ, ਨੇ ਵਾਪਸ ਆ ਕੇ 'ਅੰਗਰੇਜ਼ੀ ਟ੍ਰਿਬਿਊਨ' ਵਿਚ ਇਸ ਦੌਰੇ ਬਾਰੇ ਲੇਖ ਲਿਖਿਆ। ਉਨਾਂ ਪੰਜਾਬ ਦੇ ਸੰਦਰਭ ਦੀ ਬੜੀ ਮਹੱਤਵਪੂਰਨ ਘਟਨਾ ਦਾ ਜ਼ਿਕਰ ਕੀਤਾ, ਜਿਸ ਦਾ ਪੰਜਾਬੀ ਵਿਚ ਤਰਜਮਾ ਪ੍ਰੋ. ਹਰਪਾਲ ਸਿੰਘ ਪੰਨੂੰ ਨੇ ਆਪਣੀ ਲਿਖਤ ਵਿਚ ਇਉਂ ਕੀਤਾ, ਕਿ ਜਦੋਂ ਨਕਸ਼ਾ ਵਿਛਾ ਕੇ ਹੱਦਾਂ ਬਾਬਤ ਵਿਚਾਰ-ਵਟਾਂਦਰਾ ਸ਼ੁਰੂ ਹੋਇਆ ਤਾਂ ਵਾਜਪਾਈ ਨੇ ਤਿੱਬਤ, ਲੇਹ ਅਤੇ ਲੱਦਾਖ ਦੇ ਇਲਾਕਿਆਂ ਉੱਪਰ ਉਂਗਲ ਫੇਰਦਿਆਂ ਕਿਹਾ, 'ਇਹ ਇਲਾਕੇ ਸਾਡੇ ਸਨ, ਇਨਾਂ ਉੱਪਰ ਤੁਹਾਡਾ ਕਬਜ਼ਾ ਨਜਾਇਜ਼ ਹੈ।' ਤਾਂ ਚੀਨੀ ਵਿਦੇਸ਼ ਮੰਤਰੀ ਨੇ ਕਿਹਾ, 'ਨਹੀਂ। ਇਹ ਇਲਾਕੇ ਮਹਾਰਾਜਾ ਰਣਜੀਤ ਸਿੰਘ ਨੇ ਜਿੱਤੇ ਸਨ। ਉਦੋਂ ਸਰਕਾਰ ਖ਼ਾਲਸਾ ਸੀ। ਜਦੋਂ ਕਦੀ ਸਰਕਾਰ ਖ਼ਾਲਸਾ ਗੱਲਬਾਤ ਕਰੇਗੀ, ਅਸੀਂ ਸੁਣਾਂਗੇ।'

ਇਸ ਤਰਾਂ ਸਪੱਸ਼ਟ ਹੁੰਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀਆਂ ਚੁਫ਼ੇਰੇ ਫ਼ੈਲੀਆਂ ਹੱਦਾਂ 40 ਵਰੇ ਦੇ ਲਗਪਗ, ਹਿੰਦੁਸਤਾਨ ਤੋਂ ਵੱਖਰਾ ਦੇਸ਼ ਪੰਜਾਬ ਹੁੰਦਿਆਂ ਵੀ ਚੁਫ਼ੇਰਿਓਂ ਮੁਕੰਮਲ ਤੌਰ 'ਤੇ ਹਿੰਦੁਸਤਾਨ ਦੀ ਵਿਦੇਸ਼ੀ ਹਮਲਾਵਰਾਂ ਤੋਂ ਮੁਕੰਮਲ ਹਿਫ਼ਾਜ਼ਤ ਕਰਦੀਆਂ ਰਹੀਆਂ ਹਨ।

# ਰਿਟਾਇਰਮੈਂਟ ਦਾ ਮਨੋਵਿਗਿਆਨ



- ਡਾ. ਹਰਪਾਲ ਸਿੰਘ ਪੰਨੂ

ਥੋੜੇ ਜਿਹੇ ਮੁਲਾਜ਼ਮ ਅਜਿਹੇ ਦੇਖੇ ਹਨ ਜਿਨਾਂ ਵਾਸਤੇ ਰਿਟਾਇਰਮੈਂਟ ਮੌਤ ਵਾਂਗ ਸਾਹਮਣੇ ਨਹੀਂ ਆਈ। ਵਧੀਕ ਗਿਣਤੀ ਅਜਿਹੇ ਮਹਾਂਪੁਰਖਾਂ ਦੀ ਹੈ ਜਿਹੜੇ ਇਸ ਸਮੇਂ ਮਾਨਸਿਕ ਤਵਾਜ਼ਨ ਗੁਆ ਬੈਠਦੇ ਹਨ। ਜਿੱਥੇ ਨੌਕਰੀ ਕੀਤੀ, ਉਸ ਦਫਤਰ ਵਿੱਚ ਜਾ ਬੈਠਦੇ ਹਨ ਪਰ ਕੋਈ ਆਖਾ ਨਹੀਂ ਮੰਨਦਾ, ਕਿਸੇ ਕੋਲ ਗੱਲ ਕਰਨ ਸੁਣਨ ਦੀ ਫੁਰਸਤ ਨਹੀਂ, ਦੁਖੀ ਹੋ ਕੇ ਘਰ ਆ ਜਾਂਦੇ ਹਨ ਤਾਂ ਘਰ ਵਾਲਿਆਂ ਲਈ ਮੁਸੀਬਤ ਬਣ ਜਾਂਦੇ ਹਨ। ਤੁਰਦੇ ਤੁਰਦੇ ਧੁੱਪ ਵਿੱਚ ਰੁਕ ਜਾਂਦੇ ਹਨ, ਫਿਰ ਪਿੱਛੇ ਵੱਲ ਮੁੜਦੇ ਹਨ, ਕੋਈ ਚੀਜ਼ ਭੁੱਲ ਆਏ ਹਨ, ਇਸ ਕਰਕੇ ਨਹੀਂ, ਸਗੋਂ ਕੁਝ ਵੀ ਯਾਦ ਨਹੀਂ ਰਿਹਾ, ਇਸ ਕਰਕੇ ਪਰਤਦੇ ਹਨ। ਜਿੱਧਰ ਜਾ ਰਹੇ ਸਨ, ਪਤਾ ਨਹੀਂ ਲੱਗਿਆ ਕਿਉਂ ਜਾ ਰਹੇ ਸਨ। ਇਨਾਂ ਦੀ ਹਾਲਤ ਐਨ ਉਸ ਤਰਾਂ ਦੀ ਹੁੰਦੀ ਹੈ ਜਿਵੇਂ ਅਚਾਨਕ ਮਾਂ ਆਪਣੇ ਬੱਚੇ ਤੋਂ ਦੁੱਧ ਛੁਡਾ ਲਵੇ। ਬੱਚਾ ਬੌਂਦਲ ਜਾਂਦਾ ਹੈ, ਉਸ ਨੂੰ ਪਤਾ ਨਹੀਂ ਲਗਦਾ, ਉਸ ਤੋਂ ਕੀ ਪਾਪ ਹੋ ਗਿਆ। ਉਹ ਕਦੀ ਚੁਗਾਠ ਨਾਲ ਲੱਗਾ ਗਲੀ ਵਲ ਦੇਖਦਾ ਰਹਿੰਦਾ ਹੈ, ਕਦੀ ਰੋ ਪੈਂਦਾ ਹੈ, ਕਦੀ ਬਿਨਾ ਕਾਰਨ ਹੱਸ ਪੈਂਦਾ ਹੈ। ਇਹ ਤਾਂ ਬੱਚੇ ਦੀ ਹਾਲਤ ਹੋਈ, ਬੁੱਢੇ ਦੀ ਹਾਲਤ ਵੀ ਰਿਟਾਇਰਮੈਂਟ ਵੇਲੇ ਅਜਿਹੀ ਕਿਉਂ ਹੋ ਜਾਂਦੀ ਹੈ ? ਇਹ ਸਵਾਲ ਕੱਲ ਨਾਗਸੈਨ ਨੂੰ ਪੁੱਛਿਆ। ਨਾਗਸੈਨ ਨੇ ਦੱਸਿਆ- ਬਹੁਤ ਸਾਰੇ ਅਜਿਹੇ ਸਰਕਾਰੀ ਡਾਕਟਰ ਦੇਖੋਗੇ ਜਿਹੜੇ ਆਪਣੇ ਕਿੱਤੇ ਵਿੱਚ ਨਿਪੁੰਨ ਹਨ। ਉਨਾਂ ਦੀ ਇੱਛਾ ਹੁੰਦੀ ਹੈ ਕਿ ਪ੍ਰਾਈਵੇਟ ਪ੍ਰੈਕਟਿਸ ਕਰਨ, ਪਰ ਅਜਿਹੀ ਆਗਿਆ ਨਹੀਂ। ਉਨਾਂ ਦੀ ਇੱਛਾ ਅਸਤੀਫਾ ਦੇ ਕੇ ਪ੍ਰੈਕਟਿਸ ਕਰਨ ਦੀ ਨਹੀਂ ਹੁੰਦੀ, ਚਾਹੁੰਦੇ ਹਨ ਕਿ ਰਿਟਾਇਰਮੈਂਟ ਤਕ ਦੇ ਪੈਨਸ਼ਨ ਆਦਿਕ ਲਾਭ ਲੈ ਕੇ ਫਿਰ ਆਪਣਾ ਕੰਮ ਕਰਨ। ਉਨਾਂ ਦੀ ਇੱਛਾ ਜਲਦੀ ਰਿਟਾਇਰ ਹੋਣ ਦੀ ਹੁੰਦੀ ਹੈ ਤੇ ਜਿੱਥੇ ਅਜਿਹੀ ਸੁਵਿਧਾ ਹੋਵੇ ਕਿ ਵਲੰਟਰੀ ਰਿਟਾਇਰਮੈਂਟ ਮਿਲ ਸਕੇ, ਉਹ ਰਿਟਾਇਰਮੈਂਟ ਲੈ ਲੈਂਦੇ ਹਨ। ਪਰ ਨਾਲਾਇਕ ਬੰਦਾ ਚਾਹੇਗਾ ਕਿ ਰਿਟਾਇਰਮੈਂਟ ਦੀ ਉਮਰ ਹੱਦ ਸੱਠ ਸਾਲ ਦੀ ਥਾਂ ਪੈਂਠ ਸਾਲ ਹੋ ਜਾਵੇ। ਸੱਤਰ ਸਾਲ ਹੋ ਜਾਵੇ ਫਿਰ ਤਾਂ ਕਹਿਣੇ ਹੀ ਕੀ। ਨਾਲਾਇਕ ਬੱਚਾ ਸਾਰੀ ਉਮਰ ਲਈ ਸਰਕਾਰੀ ਚੁੰਘਣੀ ਚਾਹੇਗਾ।

ਬਾਪੂ ਜੀ ਮੈਨੂੰ ਸਕੂਲ ਵਿੱਚ ਦਾਖਣ ਕਰਵਾਉਣ ਵਾਸਤੇ ਲੈ ਗਏ। ਮਾਸਟਰ ਜੀ ਨੇ ਨਾਮ ਪੁੱਛਿਆ, ਉਮਰ ਪੁੱਛੀ। ਬਾਪੂ ਜੀ ਨੇ ਕਿਹਾ-ਦੇਖ ਲੋ ਤੁਸੀਂ ਆਪੇ। ਸੱਤ ਕੁ ਸਾਲ ਦਾ ਹੋਣੈ ਇਹ। ਮਾਸਟਰ ਜੀ ਨੇ ਕਿਹਾ- ਸੱਤ ਸਾਲ ਦਾ ਕਿੱਥੇ ਐ ਇਹ ? ਮਸਾਂ ਪੰਜ ਸਾਲ ਦਾ ਹੋਣੈ। ਦਿਸਦਾ ਨੀ ? ਨਿਕਾ ਜਿਹਾ ਤਾਂ ਹੈ। ਬਾਪੂ ਜੀ ਨੇ ਕਿਹਾ- ਤਾਂ ਫੇਰ ਪੰਜ ਸਾਲ ਦਾ ਹੋਊਗਾ। ਜੀ ਸਾਨੂੰ ਅਨਪੜਾਂ ਨੂੰ ਕੀ ਪਤਾ। ਮਾਸਟਰ ਜੀ ਨੇ ਮੈਨੂੰ ਕਿਹਾ- ਮੈਂ ਤੇਰਾ ਬਹੁਤ ਵੱਡਾ ਫਾਇਦਾ ਕਰ ਦਿੱਤੈ ਮੁੰਡਿਆ। ਜਦੋਂ ਤੂੰ ਅਫਸਰ ਬਣਕੇ ਪੈਨਸ਼ਨ ਲਵੇਂਗਾ ਨਾ, ਉਦੋਂ ਮੈਨੂੰ ਯਾਦ ਕਰੇਂਗਾ ਕਿ ਬਾਪੂ ਨੇ ਨੁਕਸਾਨ ਕਰਵਾ ਦੇਣਾ ਸੀ, ਮਾਸਟਰ ਨੇ ਬਚਾ ਲਿਆ। ਘਰ ਆ ਕੇ ਖੂਬ ਹੱਸੇ। ਅੱਵਲ ਤਾਂ ਮੈਨੂੰ ਪੜਨਾ ਆਏਗਾ ਹੀ ਨਹੀਂ। ਚਿੱਠੀ ਲਿਖਣੀ-ਪੜਨੀ ਆ ਜਾਵੇ ਬੱਸ ਹੋਰ ਕੀ ਚਾਹੀਦਾ ਹੈ ? ਵਿੱਦਿਆ ਕਰਮਾਂ ਵਾਲਿਆਂ ਦੇ ਨਸੀਬਾਂ ਵਿੱਚ ਹੋਇਆ ਕਰਦੀ ਹੈ, ਸਾਡੇ ਗਰੀਬਾਂ ਦੇ ਕਰਮ ਕਿੱਥੇ ? ਚਲੋ ਫਰਜ਼ ਕਰ ਲਉ, ਪੜ ਲਿਖ ਵੀ ਗਏ, ਫੇਰ ਨੌਕਰੀ ਧਰੀ ਪਈ ਐ ? ਇਹਨਾਂ ਮਾਸਟਰਾਂ ਨੂੰ ਤੇ ਸਾਰੇ ਵਡੇਰਿਆਂ ਨੂੰ ਬੱਸ ਅਸੀਸਾਂ ਜਿਹੀਆਂ ਦੇਣ ਦੀ ਆਦਤ ਪਈ ਹੋਈ ਹੁੰਦੀ ਹੈ। ਕੁਝ ਨਾ ਕੁਝ ਕਹਿਣਾ ਤਾਂ ਹੁੰਦਾ ਈ ਐ, ਚਲੋ ਅਸੀਸ ਹੀ ਸਹੀ। ਮੇਰੇ ਇਹ ਮਾਸਟਰ ਜੀ ਅਜੇ ਚੰਗੀ ਸਿਹਤ ਵਿੱਚ ਹਨ। ਜਦੋਂ ਮਿਲਦੇ ਹਾਂ, ਇਹ ਗੱਲ ਯਾਦ ਕਰਕੇ ਦੋਵੇਂ ਖੂਬ ਹੱਸਦੇ ਹਾਂ।

ਚਲੋ ਆਪਣੇ ਕਿੱਤੇ, ਆਪਣੇ ਭਾਈਚਾਰੇ ਦੀ ਗੱਲ ਕਰੀਏ। ਸਾਡੇ ਵਿਭਾਗ ਵਿੱਚ ਬੰਗਾਲ ਤੋਂ ਆਈ ਪ੍ਰੋਫੈਸਰ ਭਾਸਵਤੀ ਭੱਟਾਚਾਰੀਆਂ ਬੜੀ ਹੱਸਮੁਖ ਮੈਡਮ ਸੀ। ਗੱਲਾਂ ਕਰਦਿਆਂ ਇੱਕ ਦਿਨ ਮੈਂ ਕਿਹਾ- ਕਈ ਅਧਿਆਪਕ ਅਜਿਹੇ ਦੇਖੇ ਹਨ, ਜੇ ਕਿਤੇ ਹੁਣ ਨੌਕਰੀ ਲੈਣੀ ਪੈ ਜਾਵੇ, ਉਨਾਂ ਨੂੰ ਕੋਈ ਕਲਰਕ ਵੀ ਨਾ ਰੱਖੇ। ਉਹ ਬੋਲੀ- ਇਸੀ ਲੀਏ ਤੋਂ ਪ੍ਰੋਫੈਸਰੀ ਕਰਨੀ ਪੜ ਰਹੀ ਹੈ, ਅਗਰ ਕਹੀਂ ਕਲਰਕ ਲੱਗ ਸਕਤੇ ਤੋਂ ਜ਼ਰੂਰ ਲੱਗ ਜਾਤੇ। ਕਿਉਂਕਿ ਔਰ ਕਹੀਂ ਨੌਕਰੀ ਮਿਲੇਗੀ ਨਹੀਂ, ਸੋ ਯਹੀ ਠੀਕ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੇ ਸਿਫਾਰਿਸ਼ ਕੀਤੀ ਹੈ ਕਿ ਅਧਿਆਪਕਾਂ ਦੀ ਉਮਰ ਹੱਦ ਸੱਠ ਤੋਂ ਪੈਂਠ ਸਾਲ ਕਰ ਦਿੱਤੀ ਜਾਵੇ। ਪੰਜਾਬੀ ਯੂਨੀਵਰਸਿਟੀ ਆਪਣੇ ਤੌਰ 'ਤੇ ਫੈਸਲਾ ਕਰ ਚੁੱਕੀ ਹੈ ਕਿ ਕਿ 30 ਜੂਨ ਅਤੇ 31 ਦਸੰਬਰ, ਸਾਲ ਵਿੱਚ ਕੇਵਲ ਦੋ ਵਾਰ ਅਧਿਆਪਕਾਂ ਦੀ ਰਿਟਾਇਰਮੈਂਟ ਹੋਇਆ ਕਰੇਗੀ ਤਾਂ ਕਿ ਕਲਾਸਾਂ ਦਾ ਨੁਕਸਾਨ ਨਾ ਹੋਵੇ। ਸੱਠ ਸਾਲ ਤੋਂ ਬਾਦ ਖੋਜ ਦਾ ਕੰਮ ਕਰਨ ਲਈ ਦੋ ਸਾਲ ਹੋਰ ਵੀ ਦਿੱਤੇ ਜਾਂਦੇ ਹਨ। ਇਸ ਨਾਲ ਸਬਰ ਨਹੀਂ ਆਉਂਦਾ। ਆਪਣੇ ਆਲੇ ਦੁਆਲੇ ਮੈਂ ਅਜਿਹੇ ਅਧਿਆਪਕ ਦੇਖ ਰਿਹਾ ਹਾਂ ਜਿਨਾਂ ਨੇ ਸਾਰੀ ਉਮਰ ਧਰਮ, ਗੁਰਬਾਣੀ ਉੱਪਰ ਕੰਮ ਕੀਤਾ, ਮਾਇਆ ਤੋਂ ਮੁਕਤ ਰਹਿਣ ਦੇ ਉਪਦੇਸ਼ ਦਿੱਤੇ, ਦੇਖਣ ਨੂੰ ਪੂਰੇ ਧੂਪੀਏ ਜਾਪੀਏ ਲਗਦੇ ਹਨ, ਉਮਰ 65 ਸਾਲ ਕਰਵਾਉਣ ਵਾਸਤੇ ਉਹ ਅਦਾਲਤਾਂ ਦੇ ਚੱਕਰ ਲਾ ਰਹੇ ਹਨ, ਸਰਕਾਰ ਖਿਲਾਫ ਵਕੀਲਾਂ ਕੋਲ ਮੁਕੱਦਮਾ ਦਾਇਰ ਕਰਨ ਲਈ ਸਾਹੋ ਸਾਹ ਹੋਏ ਪਏ ਹਨ। ਉਨਾਂ ਦੀ ਇਹ ਹਾਲਤ ਦੇਖਦਿਆਂ ਮੇਰੇ ਮਨ ਵਿੱਚ ਆਉਂਦਾ ਹੈ ਕਿ ਇਸ ਹਿਸਾਬ ਤਾਂ ਇਨਾਂ ਨੇ ਚੋਲਾ ਛੱਡਣੋ ਵੀ ਮੁਨਕਿਰ ਹੋ ਜਾਣਾ ਹੈ। ਜਦੋਂ ਜਮਦੂਤ ਆਇਆ ਇਹ ਹਾਈਕੋਰਟ ਦਾ ਸਟੇਅ ਆਰਡਰ ਉਸ ਦੇ ਹੱਥ ਫੜਾ ਦੇਣਗੇ।

ਮੋਹਨ ਸਿੰਘ ਸੰਧੂ ਅੰਗਰੇਜ਼ੀ ਦਾ ਪ੍ਰੋਫੈਸਰ ਹੁੰਦਾ ਸੀ। ਕਿਹਾ ਕਰਦਾ- ਰਿਟਾਇਰ ਹੋਇਆ ਪ੍ਰੋਫੈਸਰ ਮੈਨੂੰ ਸਬਜ਼ੀ ਮੰਡੀ ਦਾ ਸਾਨ ਲਗਦਾ ਹੁੰਦਾ ਹੈ। ਕਦੀ ਇਸ ਰੇਹੜੀ 'ਤੇ ਬੁਰਕ ਮਾਰ ਲਿਆ, ਫਿਰ ਅਗਲੀ 'ਤੇ ਚਲਾ ਗਿਆ। ਜੇ ਦੁਕਾਨਦਾਰ ਤੱਕੜੀ ਦੀ ਡੰਡੀ ਨੱਕ 'ਤੇ ਮਾਰ ਦੇਵੇ ਤਾਂ ਵੀ ਬੁਰਾ ਨਹੀਂ ਮਨਾਏਗਾ, ਰਤਾ ਕੰਨ ਹਿਲਾਏਗਾ, ਪੂਛ ਘੁਮਾਏਗਾ, ਅਗਲੀ ਰੇਹੜੀ ਕੋਲ ਜਾ ਖਲੋਏਗਾ।

ਲੰਘੇ ਜਾਂਦੇ ਦੋਸਤ ਨੇ ਇੱਕ ਪ੍ਰੋਫੈਸਰ ਨੂੰ ਪੁੱਛ ਲਿਆ- ਪਤਾ ਲੱਗਾ ਐ ਤੁਸੀਂ ਪੈਨਸ਼ਨ ਲੈ ਲਈ ? ਪ੍ਰੋਫੈਸਰ ਨੇ ਕਿਹਾ- ਪੈਨਸ਼ਨ ਤਾਂ ਸਾਰੀ ਉਮਰ ਲਈ ਹੈ। ਹੁਣ ਕੰਮ ਕਰਨ ਦਾ ਮਨ ਬਣਾ ਰਿਹਾਂ।

ਇਟਾਲੀਅਨ ਲੇਖਕ ਕੁਲੋਦੀ ਦਾ ਨਾਵਲ ਪਿਨਾਕੀਓ ਜਿਸ ਨੇ ਹੁਣ ਤਕ ਨਹੀਂ ਪੜਿਆ ਜ਼ਰੂਰ ਪੜੇ। ਲਿਖਿਆ ਤਾਂ ਉਸਨੇ ਬੱਚਿਆਂ ਲਈ ਸੀ ਪਰ ਵੱਡਿਆਂ ਦੇ ਵੀ ਕੰਮ ਦੀ ਚੀਜ਼ ਹੈ। ਸਕੂਲੀਏ ਮੁੰਡੇ ਪਿਨਾਕੀਓ ਨੂੰ ਗ੍ਰਿਫਤਾਰ ਕਰਨ ਵਾਸਤੇ ਹੌਲਦਾਰ ਨੇ ਪੁਲਿਸ ਦਾ ਕੁੱਤਾ ਉਸ ਮਗਰ ਦੌੜਾ ਦਿੱਤਾ। ਪਿਨਾਕੀਓ ਦੂਰ ਤਕ ਤੇਜ਼ ਦੌੜਦਾ ਰਿਹਾ, ਅੱਗੇ ਸਮੁੰਦਰ ਆ ਗਿਆ, ਉਸਨੇ ਸਮੁੰਦਰ ਵਿੱਚ ਛਾਲ ਲਾ ਦਿੱਤੀ। ਜੋਸ਼ ਵਿੱਚ ਆਏ ਕੁੱਤੇ ਨੇ ਵੀ ਮਗਰੇ ਛਾਲ ਮਾਰ ਦਿੱਤੀ। ਕੁੱਤਾ ਪਿਨਾਕੀਓ ਵਾਂਗ ਵਧੀਆ ਤੈਰਾਕ ਨਾ ਹੋਣ ਕਰਕੇ ਡੁੱਬਣ ਲੱਗਾ ਤਾਂ ਪਿਨਾਕੀਓ ਅੱਗੇ ਬਚਾਉਣ ਦੀਆਂ ਮਿੰਨਤਾਂ ਕਰਨ ਲੱਗਾ। ਪਿਨਾਕੀਓ ਨੇ ਹੱਸਦਿਆਂ ਕਿਹਾ- ਮੈਨੂੰ ਵੱਢਣ ਲੱਗਾ ਸੀ ਤੂੰ ਤਾਂ। ਤੈਨੂੰ ਪਤਾ ਹੀ ਨਹੀਂ ਕਿ ਮੈਂ ਬੇਕਸੂਰ ਆਂ। ਕੁੱਤੇ ਨੇ ਕਿਹਾ- ਪਹਿਲਾ ਬਾਹਰ ਤਾਂ ਕੱਢ ਮੈਨੂੰ। ਫੇਰ ਦੱਸਾਂਗਾ। ਪਿਨਾਕੀਓ ਨੇ ਤਰਸ ਖਾ ਕੇ ਕੁੱਤਾ ਬਾਹਰ ਕੱਢ ਲਿਆਂਦਾ। ਕੁੱਤੇ ਨੇ ਕਿਹਾ- ਤੂੰ ਮੇਰੇ ਘਰ ਆ ਕੇ ਦੇਖੀਂ। ਠਾਣੇ ਵਿੱਚੋਂ ਛੁੱਟੀ ਮਿਲਣ ਸਾਰ ਮੈਂ ਗਲੀ ਦੇ ਬੱਚਿਆਂ ਨਾਲ ਖੇਡਿਆਂ ਕਰਦਾਂ। ਕੋਈ ਮੇਰੇ ਕੰਨ ਪੁੱਟਦਾ ਹੈ, ਕੋਈ ਪੂਛ ਖਿੱਚਦਾ ਹੈ, ਕੋਈ ਮੇਰੀ ਪਿੱਠ ਤੇ ਸਵਾਰ ਹੋ ਜਾਂਦਾ ਹੈ। ਮੈਨੂੰ ਬੱਚੇ ਚੰਗੇ ਲਗਦੇ ਨੇ। ਪਿਨਾਕੀਓ ਨੇ ਪੁੱਛਿਆ- ਪਰ ਮੈਂ ਤੇਰਾ ਕੀ ਵਿਗਾੜਿਆ ਸੀ ਉਏ ? ਮੇਰੇ ਪਿੱਛੇ ਕਿਉਂ ਲੱਗਾ ਸੀ ਤੂੰ ? ਕੁੱਤੇ ਨੇ ਕਿਹਾ- ਮੇਰੀ ਰਿਟਾਇਰਮੈਂਟ ਵਿੱਚ ਬੱਸ ਦੋ ਮਹੀਨੇ ਰਹਿੰਦੇ ਨੇ। ਜੇ ਹੌਲਦਾਰ ਦਾ ਹੁਕਮ ਨਾ ਮੰਨਦਾ, ਫੇਰ ਉਹਨੇ ਮੇਰੀ ਪੈਨਸ਼ਨ ਬੰਦ ਕਰਵਾ ਦੇਣੀ ਸੀ। ਮੈਂ ਆਪਣੇ ਕਤੂਰਿਆਂ ਨੂੰ ਕੀ ਖਵਾਉਂਦਾ ਫੇਰ ? ਹੁਣ ਤੂੰ ਨੱਠ। ਹੌਲਦਾਰ ਵੀ ਭੱਜਿਆ ਆਉਂਦਾ ਹੋਣੈ। ਜੇ ਗੱਲਾਂ ਕਰਦਿਆਂ ਦੇਖ ਲਿਆ, ਆਪਾਂ ਦੋਵਾਂ ਨੂੰ ਕੁੱਟੇਗਾ।

ਰਜਨੀਸ਼ ਨੇ ਕਿਹਾ ਸੀ- ਸਾਰੀ ਦੁਨੀਆਂ ਮੈਨੂੰ ਬਿਮਾਰਾਂ ਦਾ ਹਸਪਤਾਲ ਲਗਦੀ ਹੈ। ਹਸਪਤਾਲ ਵੀ ਇਸ ਤਰਾਂ ਦਾ ਜਿੱਥੇ ਮਰੀਜ਼ ਬਹੁਤੇ ਨੇ ਤੇ ਮੰਜੇ ਥੋੜੇ। ਫਰਸ਼ 'ਤੇ ਪਏ ਮਰੀਜ਼ ਉਡੀਕੀ ਜਾਂਦੇ ਨੇ ਕਿ ਬੈੱਡ ਉੱਪਰਲਾ ਮਰੀਜ਼ ਮਰੇ ਤਾਂ ਮੰਜਾ ਮਿਲੇ। ਜਦੋਂ ਬੈੱਡ ਵਾਲਾ ਕੋਈ ਮਰੀਜ਼ ਮਰਦਾ ਹੈ ਤਾਂ ਹੇਠਾਂ ਲੇਟੇ ਮਰੀਜ਼ ਆਪਸ ਵਿੱਚ ਲੜ ਪੈਂਦੇ ਨੇ, ਹਰੇਕ ਖਾਲੀ ਮੰਜੇ ਉੱਪਰ ਆਪਣਾ ਹੱਕ ਜਮਾਉਂਦਾ ਹੈ। ਸਭ ਨੂੰ ਪਤਾ ਹੈ, ਮਰਨਾ ਹੈ, ਪਰ ਹਰੇਕ ਮੰਜੇ ਉੱਪਰ ਮਰਨ ਦਾ ਇਛੁਕ ਹੈ। ਬਿਮਾਰੀ ਨਾਲ ਮਰਨ ਦੀ ਥਾਂ ਮੰਜੇ ਵਾਸਤੇ ਲੜਾਈ ਕਰਨ ਕਰਕੇ ਬਹੁਤੇ ਮਰੀਜ਼ ਮਰਦੇ ਦੇਖੇ !

ਅਨੰਦਪੁਰ, ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਚਾਰ ਬੰਦੇ ਅਰਥੀ ਚੁੱਕੀ ਲਈ ਜਾਂਦੇ ਦੇਖੇ। ਪੁੱਛਿਆ- ਕਿਸਦੀ ਮ੍ਰਿਤੂ ਹੋ ਗਈ ? ਦੱਸਿਆ- ਜੀ ਗੇਂਦਾ ਰਾਮ ਦੀ। ਉੱਧਰ ਰਹਿੰਦਾ ਸੀ। ਮਹਾਰਾਜ ਨੇ ਪੁੱਛਿਆ- ਦੀਵਾਨ ਵਿੱਚ ਆਇਆ ਦੇਖਿਆ ਨਹੀਂ ਕਦੀ। ਦੱਸਿਆ- ਜੀ ਕਿਹਾ ਕਰਦਾ ਸੀ, ਗੁਰੂ ਜੀ ਦੇ ਲਾਗੇ ਗਏ ਤਾਂ ਮੁਗਲ ਮਾਰ ਦੇਣਗੇ। ਮਹਾਰਾਜ ਹੱਸ ਪਏ, ਫੁਰਮਾਇਆ- ਇੰਨਾ ਸਿਆਣਾ ਸੀ ਫਿਰ ਇਸਦੇ ਟਿਕਾਣੇ ਦਾ ਸਿਰਨਾਵਾਂ ਜਮਰਾਜ ਨੂੰ ਕੌਣ ਦੱਸ ਆਇਆ ?

# ਚਿੱਟਾ ਹਾਥੀ ਵੀ ਸੋਨੇ ਦੇ ਆਂਡੇ ਦੇ ਸਕਦਾ



- ਮਿੰਟੂਬਰਾੜ
+61 434 289 905

ਹਾਕਮ ਕਦੇ ਜਜਬਾਤੀ ਨਹੀਂ ਹੋਇਆ ਕਰਦੇ, ਪਰ ਜੇ ਕਦੇ ਲੋਕਾਂ ਦੇ ਹੱਕ 'ਚ ਜਜਬਾਤੀ ਹੋ ਕੇ ਹਾਕਮ ਕੋਈ ਹੁਕਮ ਸੁਣਾ ਦਿੰਦਾ ਹੈ ਤਾਂ ਉਹ ਸਦਾ ਲਈ ਜਨਤਾ ਦੇ ਦਿਲਾਂ 'ਚ ਥਾਂ ਬਣਾ ਲੈਂਦਾ ਹੈ।

ਗੱਲ ਬਠਿੰਡੇ ਦੇ ਥਰਮਲ ਦੀ ਫੇਰ ਛਿੜੀ ਹੈ। ਇਸ ਵਿਸੇ ਤੇ ਛੇ ਕੁ ਮਹੀਨੇ ਪਹਿਲਾਂ ਇਕ ਜਜਬਾਤੀ ਲੇਖ ਲਿਖਿਆ ਸੀ "ਮੈਂ ਤੇ ਮੇਰਾ ਹਾਣੀ ਬਠਿੰਡੇ ਵਾਲਾ ਥਰਮਲ।" ਪਰ ਕਹਿੰਦੇ ਹਨ ਕਿ ਕਾਨੂੰਨ ਮੂਹਰੇ ਜਜਬਾਤਾਂ ਦੀ ਕੋਈ ਅਹਿਮੀਅਤ ਨਹੀਂ ਹੁੰਦੀ। ਸਰਕਾਰਾਂ ਦਾ ਸਤਿਕਾਰ ਕਰਨਾ ਜਨਤਾ ਦਾ ਫਰਜ ਹੁੰਦਾ ਹੈ। ਪਰ ਸਰਕਾਰਾਂ ਦੀ ਮਰਜੀ ਹੁੰਦੀ ਹੈ ਕਿ ਉਹ ਜਨਤਾ ਦੇ ਜਜਬਾਤਾਂ ਦੀ ਕਦਰ ਕਰੇ ਨਾ ਕਰੇ।

ਬਠਿੰਡੇ ਦੇ ਥਰਮਲ ਨੂੰ ਬਚਾਉਣ ਲਈ ਬਹੁਤ ਸਾਰੇ ਹੱਥ ਉੱਠੇ ਹਨ। ਇਹਨਾਂ ਸਾਰਿਆਂ ਦੇ ਅੱਡੋ-ਅੱਡ ਮਕਸਦ ਹਨ। ਸਰਕਾਰ ਕਹਿੰਦੀ ਹੈ ਕਿ ਇਹ ਚਿੱਟਾ ਹਾਥੀ ਬਣ ਗਿਆ ਸੀ ਇਸ ਲਈ ਬੰਦ ਕਰ ਰਹੇ ਹਾਂ। ਜਿਨਾਂ ਦਾ ਰੋਜਗਾਰ ਪ੍ਰਭਾਵਿਤ ਹੋਇਆ ਉਨਾਂ ਬਾਰੇ ਸਰਕਾਰ ਦਾ ਕਹਿਣਾ ਹੈ ਕਿ ਇਹਨਾਂ ਸਭ ਦੀ ਬਾਂਹ ਫੜੀ ਜਾਵੇਗੀ।

ਬਹੁਤਾਤ ਮੇਰੇ ਜਿਹੇ ਜਜਬਾਤੀ ਲੋਕਾਂ ਦੀ ਹੈ ਜਿਨਾਂ ਨੂੰ ਭਾਵੇਂ ਬਠਿੰਡੇ ਦੇ ਥਰਮਲਦੀ ਹੋਂਦ ਵੇਲੇ ਵੀ ਬਿਜਲੀ ਲੰਗੇ ਡੰਗ ਮਿਲਦੀ ਹੁੰਦੀ ਸੀ, ਸਿਰ 'ਚ ਸਵਾਹ ਪੈਂਦੀ ਸੀ। ਪਰ ਫੇਰ ਵੀ ਅੱਜ ਉਹ ਇਸ ਥਰਮਲ ਦੇ ਢਾਉਣ ਦੇ ਹੁਕਮਾਂ ਤੋਂ ਦੁਖੀ ਹਨ।

ਬੀਤੇ ਦਿਨੀਂ ਖਜਾਨਾ ਮੰਤਰੀ ਵੱਲੋਂ ਇਕ ਖਾਸ ਪੱਤਰਕਾਰ ਮਿਲਣੀ 'ਚ ਇਸ ਥਰਮਲ ਦੇ ਤਕਨੀਕੀ ਕਮੀਆਂ ਗਿਣਾਉਂਦਿਆਂ ਇਸ ਨੂੰ ਚਿੱਟਾ ਹਾਥੀ ਗਰਦਾਨਿਆ ਗਿਆ। ਕਈ ਲੋਕ ਇਸ ਨਾਲ ਖਜਾਨਾ ਮੰਤਰੀ ਤੇ ਔਖੇ ਹੋਏ। ਪਰ ਮੇਰਾ ਮੰਨਣਾ ਹੈ ਕਿ ਭਾਵੇਂ ਥਰਮਲ ਨੂੰ ਖਤਮ ਕਰਨ ਦੀਆਂ ਅਖੀਰੀ ਰਸਮਾਂ ਖਜਾਨਾ ਮੰਤਰੀ ਦੇ ਹਿੱਸੇ ਆਈਆਂ, ਪਰ ਅਸਲ 'ਚ ਇਸ ਦੀਆਂ ਜੜਾਂ ਤਾਂ "ਨੀਲੇ-ਚਿੱਟਿਆਂ" ਨੇ ਰਲ ਕੇ ਕਈ ਵਰਿਆਂ ਤੋਂ ਵੱਢਣੀਆਂ ਸ਼ੁਰੂ ਕਰ ਦਿੱਤੀਆਂ ਸਨ।

ਭਾਵੇਂ ਇਹ ਗੱਲ ਬਹੁਤ ਪ੍ਰਚਲਿਤ ਹੈ ਕਿ "ਯੇ ਜੋ ਪਬਲਿਕ ਹੈ ਵੋ ਸਭਜਾਨਤੀ ਹੈ।" ਪਰ ਇਸ ਦੇ ਨਾਲ ਇਕ ਅਟੱਲ ਸਚਾਈ ਇਹ ਵੀ ਹੈ ਕਿ ਸਰਕਾਰਾਂ ਮੂਹਰੇ ਜਾਣਦੀ ਹੋਈ ਵੀ ਜਨਤਾ ਕੁੱਝ ਨਹੀਂ ਕਰ ਸਕਦੀ। ਸੋ ਧਰਨੇ ਰੈਲੀਆਂ ਨਾਲ ਥਰਮਲ ਨੂੰ ਨਹੀਂ ਬਚਾਇਆ ਜਾ ਸਕਿਆ।

ਅਸੀਂ ਬੇਨਤੀ ਕਰ ਸਕਦੇ ਹਾਂ, ਉਹ ਵੀ ਸਾਰੇ ਪ੍ਰੋਜੈਕਟ ਨੂੰ ਬਚਾਉਣ ਦੀ ਨਹੀਂ, ਸਿਰਫ ਇਸ ਦੀ ਨਿਸਾਨੀ ਵਜੋਂ ਬਠਿੰਡੇ ਦੀ ਵਿਰਾਸਤ ਬਣ ਚੁੱਕੇ ਚਾਰ ਕੂਲਿੰਗ ਟਾਵਰਾਂ ਨੂੰ ਸਾਂਭਣ ਦੀ, ਝੀਲਾਂ ਅਤੇ ਪਾਰਕਾਂ ਨੂੰ ਸੈਰਗਾਹ 'ਚ ਬਦਲਣ ਦੀ। ਜੋ ਕਿ ਸਰਕਾਰ ਲਈ ਕੋਈ ਵੱਡਾ ਕਾਰਜ ਨਹੀਂ ਹੈ ਤੇ ਜਿਸ ਨਾਲ ਸਰਕਾਰ ਵੱਲੋਂ ਐਲਾਨਿਆ ਇਹ ਚਿੱਟਾ ਹਾਥੀ ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ ਵੀ ਬਣ ਸਕਦਾ ਹੈ।

ਅੱਜ ਕੱਲ ਆਧੁਨਿਕਤਾ ਦੇ ਜਰੀਏ ਸਾਡੇ ਕੋਲ ਕੁਝ ਕੁ ਸਾਧਨ ਹਨ ਜਿਨਾਂ ਜਰੀਏ ਅਸੀਂ ਹਾਕਮਾਂ ਤੱਕ ਆਪਣੀ ਆਵਾਜ ਆਸਾਨੀ ਨਾਲ ਪਹੁੰਚਾ ਸਕਦੇ ਹਾਂ ਬਸਰਤੇ ਗੱਲ ਚੰਗੀ ਸਬਦਾਵਲੀ ਅਤੇ ਦਲੀਲ ਨਾਲ ਕੀਤੀ ਹੋਵੇ। ਕਿਉਂਕਿ ਅਸੀਂ ਅਕਸਰ ਦੇਖਦੇ ਹਾਂ ਕਿ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਦੇ ਸੋਸਲ ਮੀਡੀਆ ਉੱਤੇ ਕੁਝ ਕੁ ਲੋਕਾਂ ਵੱਲੋਂ ਬਹੁਤ ਹੀ ਭੱਦੀ ਸਬਦਾਵਲੀ ਵਿਚ ਕਮੈਂਟ ਕੀਤੇ ਜਾਂਦੇ ਹਨ।

ਅੱਜ ਕੱਲ ਚਲਦੇ ਬਹੁਤ ਸਾਰੇ ਵਾਟ੍ਸ-ਐਪ ਗਰੁੱਪਾਂ ਵਿਚੋਂ ਇਕ ਗਰੁੱਪ ਪੰਜਾਬ ਕਾਂਗਰਸ ਦੇ ਸਕੱਤਰ ਪੀ. ਕੇ. ਭਾਰਦਵਾਜ ਸਾਹਿਬ ਵੱਲੋਂ ਚਲਾਇਆ ਜਾ ਰਿਹਾ ਹੈ। ਜਿਸ ਵਿਚ ਮਾਨਯੋਗ ਮੁੱਖ ਮੰਤਰੀ ਸਮੇਤ ਤਕਰੀਬਨ ਪੰਜਾਬ ਦੀ ਸਾਰੀ ਵਜਾਰਤ ਅਤੇ ਅਫਸਰਸਾਹੀ ਸਾਮਿਲ ਹੈ। ਸੰਜੋਗ ਵੱਸ ਮੈਂ ਵੀ ਉਸ ਗਰੁੱਪ ਦਾ ਹਿੱਸਾ ਹਾਂ।

ਖਜਾਨਾ ਮੰਤਰੀ ਦੇ ਬਿਆਨ ਤੋਂ ਬਾਅਦ ਮੈਂ ਉਸ ਗਰੁੱਪ 'ਚ ਮਾਨਯੋਗ ਮੁੱਖ ਮੰਤਰੀ ਸਾਹਿਬ ਕੋਲ ਇਕ ਅਪੀਲ ਕੀਤੀ ਸੀ ਕਿ ਵਿਦੇਸਾਂ ਵਾਂਗ ਥਰਮਲ ਦੇ ਕੁੱਝ ਹਿੱਸੇ ਨੂੰ ਵਿਰਾਸਤੀ ਐਲਾਨ ਦਿੱਤਾ ਜਾਵੇ ਤੇ ਇਹਨਾਂ ਟਾਵਰਾਂ ਉੱਤੇ ਸੋਹਣੀਆਂ ਤਸਵੀਰਾਂ ਬਣਵਾ ਦਿੱਤੀਆਂ ਜਾਣ। ਭਾਵੇਂ ਇਹਨਾਂ ਨੂੰ ਨੇੜੇ ਤੋਂ ਦੇਖਣਦੀ ਟਿਕਟ ਲਾ ਦਿੱਤੀ ਜਾਵੇ। ਝੀਲਾਂ ਅਤੇ ਪਾਰਕਾਂ ਨੂੰ ਸੈਰਗਾਹ ਦੇ ਤੌਰ ਤੇ ਉਸਾਰਿਆ ਜਾਵੇ। ਬਹੁਤ ਦੁੱਖ ਹੋਵੇਗਾ ਜੇ ਕਾਰ ਸੇਵਾ ਵਾਲੇ ਬਾਬਿਆਂ ਵਾਂਗ ਇਸ ਧਰੋਹਰ ਤੇ ਵੀ ਹਥੌੜੇ ਚਲਾ ਦਿੱਤੇ ਗਏ ਤਾਂ। ਨਮੂਨੇ ਵਜੋਂ ਮੈਂ ਇਸ ਗਰੁੱਪ ਰਾਹੀਂ ਕੁਝ ਆਸਟ੍ਰੇਲੀਆ ਦੇ ਕਣਕ ਸਾਂਭਣ ਵਾਲੇ ਵੱਡੇ ਟਾਵਰਾਂ ਦੀਆਂ ਤਸਵੀਰਾਂ ਵੀ ਭੇਜੀਆਂ। ਜਿਨਾਂ ਨੂੰ ਗਰੁੱਪ 'ਚ ਭਰਵਾਂ ਹੁੰਗਾਰਾਮਿਲਿਆ।

ਕਲ ਜਦੋਂ ਮੁੱਖ-ਮੰਤਰੀ ਨੇ ਆਪਣੇ ਚਿੱਟ-ਚੈਟਸੈਸਨ ਵਿਚ ਇਹ ਕਿਹਾ ਕਿ ਅਸੀਂ ਇਹਨਾਂ ਟਾਵਰਾਂ ਨੂੰ ਵਿਰਾਸਤ ਦੇ ਤੌਰ ਤੇ ਸੰਭਲਣਦੀ ਕੋਸ਼ਿਸ਼ ਕਰਾਂਗੇ, ਤਾਂ ਮਨ ਨੂੰ ਬਹੁਤ ਸਕੂਨ ਮਿਲਿਆ। ਫੇਰ ਉਮੀਦ ਜਾਗੀ ਹੈ ਕਿ ਭਾਵੇਂ ਸਮੇਂ ਦੀਆਂ ਸਰਕਾਰਾਂ ਨੇ ਇਸ ਥਰਮਲ ਨੂੰ ਨਿੱਜਤਾ ਦੀ ਭੇਂਟ ਚਾੜ ਦਿੱਤਾ ਹੈ ਪਰ ਹੋ ਸਕਦਾ ਇਸ ਦੀਆਂ ਕੁਝ ਨਿਸਾਨੀਆਂ ਨੂੰ ਛੱਡ ਦਿੱਤਾ ਜਾਵੇ।

ਇਹ ਥਰਮਲ ਸਿਰਫ ਬਠਿੰਡੇ ਦੀ ਪਛਾਣ ਹੀ ਨਹੀਂ ਬਣਿਆ ਸਗੋਂ ਇਸ ਨੇ ਬਠਿੰਡੇ ਦੀ ਤਰੱਕੀ 'ਚ ਵੀ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਭਾਵੇਂ ਕੁਝ ਨੇਤਾ ਜਨ ਆਪਣੇ ਭਾਸਣਾਂ 'ਚ ਇਹ ਕਹਿੰਦੇ ਆਮ ਸੁਣੇ ਜਾਂਦੇ ਰਹੇ ਹਨ ਕਿ ਇਹ ਉਹ ਘੋੜੀ ਹੈ ਜੋ ਝੂਟੇ ਲੋਕਾਂ ਨੂੰ ਦਿੰਦੀ ਰਹੀ ਤੇ ਅਸੀਂ ਬਠਿੰਡੇ ਵਾਲੇ ਇਸ ਦੀ ਲਿੱਦ ਚੁੱਕਦੇ ਰਹੇ ਅਤੇ ਇਹ ਉਹ ਦੀਵਾ ਸੀ ਜਿਸ ਦੇ ਥੱਲੇ ਅਕਸਰ ਹਨੇਰਾ ਰਿਹਾ। ਪਰ ਨੇਤਾ ਜੀ ਅਸੀਂ ਜਜਬਾਤੀ ਬੰਦੇ ਹਾਂ ਸਾਡਾ ਪਿਆਰ ਨਫੇ ਨੁਕਸਾਨ ਦੇ ਹਿਸਾਬ ਦਾ ਮੁਹਤਾਜ ਨਹੀਂ ਹੈ।

ਮੁੱਖ ਮੰਤਰੀ ਜੇਕਰ ਆਪਣੇ ਵਾਅਦੇ ਤੋਂ ਨਾ ਮੁੱਕਰੇ ਤਾਂ ਸਮਝੋ ਥਰਮਲ ਦੀ ਕੁਝ ਵਿਰਾਸਤ ਤਾਂ ਅਸੀਂ ਬਚਾ ਹੀ ਲਈ। ਹੁਣ ਸਾਡਾ ਅਗਲਾ ਫਿਕਰ ਉਨਾਂ ਅਣਗਿਣਤ ਦਰਖਤਾਂ ਨੂੰ ਬਚਾਉਣਾ ਹੋਵੇਗਾ ਜੋ ਥਰਮਲ ਦੀ ਜਮੀਨ ਵਿਚ ਲੱਗੇ ਹੋਏ ਹਨ ਅਤੇ ਪਿਛਲੇ ਚਾਲੀ-ਪੰਜਾਹ ਸਾਲਾਂ ਤੋਂ ਬਠਿੰਡੇ ਦੇ ਫੇਫੜੇ ਬਣੇ ਹੋਏ ਹਨ।

# ਰੋਣਾ ਵੀ ਸਿਹਤ ਲਈ ਚੰਗਾ ਹੈ



- ਡਾ. ਹਰਸ਼ਿੰਦਰ ਕੌਰ, ਐਮ. ਡੀ.
ਫੋਨ ਨੰ: 0175-2216783

ਜ਼ਰਾ ਜਿੰਨੀ ਗੱਲ ਉੱਤੇ ਫਿਸ ਪੈਣਾ ਵੀ ਕਿਸੇ ਕਿਸੇ ਦਾ ਕਿਰਦਾਰ ਹੁੰਦਾ ਹੈ। ਕੋਈ ਵੱਡੇ ਤੋਂ ਵੱਡੇ ਸਦਮੇ ਨੂੰ ਵੀ ਹੰਝੂ ਕੱਢੇ ਬਗ਼ੈਰ ਜਰ ਜਾਂਦਾ ਹੈ।

ਇਸ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਕੋਈ ਇਕ ਜਣਾ ਦੂਜੇ ਤੋਂ ਮਾਨਸਿਕ ਪੱਖੋਂ ਵੱਧ ਜਾਂ ਘੱਟ ਤਾਕਤਵਾਰ ਹੈ। ਕਈ ਵਾਰ ਬਿਲਕੁਲ ਨਾ ਰੋਣ ਵਾਲੇ ਅਤੇ ਲੋਕਾਂ ਵਿਚ ਬੜੀ ਮਕਬੂਲ ਸ਼ਖ਼ਸੀਅਤ ਵਾਲੇ ਵੀ ਖ਼ੁਦਕੁਸ਼ੀ ਕਰ ਜਾਂਦੇ ਹਨ ਤੇ ਦੂਜੇ ਪਾਸੇ ਜ਼ਰਾ ਜਿੰਨੀ ਗੱਲ ਉੱਤੇ ਰੋਣ ਵਾਲੇ ਕਈ ਵਾਰ ਔਖਾ ਸਮਾਂ ਸੌਖਿਆਂ ਪਾਰ ਕਰ ਜਾਂਦੇ ਹਨ।

ਇਹ ਵੇਖਣ ਵਿਚ ਆਇਆ ਹੈ ਕਿ ਜ਼ਿਆਦਾਤਰ ਰੋਣਾ ਆਪਣੀ ਗੱਲ ਨਾਲੋਂ ਹੋਰਨਾਂ ਕਰਕੇ ਵੱਧ ਆਉਂਦਾ ਹੈ। ਆਪਣੀ ਔਖਿਆਈ ਨਾਲੋਂ ਦੂਜੇ ਦਾ ਸੁਖ ਜਰਨਾ ਜ਼ਿਆਦਾ ਔਖਾ ਹੁੰਦਾ ਹੈ। ਇਸੇ ਲਈ ਬਹੁਤੇ ਲੋਕ ਲੁਕ ਛਿਪ ਕੇ ਰੋਂਦੇ ਅਤੇ ਮਨ ਅੰਦਰਲੀ ਭੜਾਸ ਕੱਢ ਲੈਂਦੇ ਹਨ, ਪਰ ਕੁੱਝ ਸਾਰਿਆਂ ਦੇ ਸਾਹਮਣੇ ਹੀ ਦੂਜੇ ਲਈ ਮਾੜੀ ਸ਼ਬਦਾਵਲੀ ਬੋਲ ਕੇ ਸੀਨੇ ਵਿਚ ਠੰਡ ਪਾ ਲੈਂਦੇ ਹਨ। ਗੱਲ ਦਰਅਸਲ ਆਪਣੇ ਮਨ ਨੂੰ ਸਮਝਾਉਣ ਦੀ ਹੁੰਦੀ ਹੈ। ਹਰ ਕਿਸੇ ਦਾ ਆਪੋ ਆਪਣਾ ਸਮਾਂ ਹੁੰਦਾ ਹੈ। ਕਦੇ ਨਿਵਾਣ, ਕਦੇ ਚੜ੍ਹਾਈ!

ਕਿਸੇ ਨੇ 11 ਸਾਲਾਂ ਉੱਤੇ ਕਮਾਈ ਕਰਨੀ ਸ਼ੁਰੂ ਕਰ ਦਿੱਤੀ ਤਾਂ ਉਸ ਕੋਲ ਛੇਤੀ ਵਾਧੂ ਪੈਸਾ ਆ ਗਿਆ ਪਰ ਉਸ ਦੀ ਕੰਪਨੀ ਦਾ ਦੀਵਾਲਾ ਉਦੋਂ ਨਿਕਲ ਗਿਆ ਜਦੋਂ ਉਹ ਹਾਲੇ 45 ਸਾਲਾਂ ਦਾ ਸੀ। ਕਿਸੇ ਹੋਰ ਕੋਲ 45 ਸਾਲਾਂ ਉੱਤੇ ਵੱਡੀ ਕਾਰ ਆਈ ਤੇ ਉਸ ਦਾ ਜਵਾਨ ਪੁੱਤਰ ਉਸ ਕਾਰ ਨੂੰ ਚਲਾਉਂਦਾ ਐਕਸੀਡੈਂਟ ਵਿਚ ਮਾਰਿਆ ਗਿਆ।

ਕਹਿਣ ਦਾ ਭਾਵ ਇਹ ਹੈ ਕਿ ਅਮਰੀਕਾ ਤੇ ਭਾਰਤ ਵਿਚਲੇ ਵਕਤ ਦੇ ਫ਼ਰਕ ਸਦਕਾ ਕੋਈ ਦਿਨ ਵੇਲੇ ਕੰਮ ਕਰ ਰਿਹਾ ਹੈ ਤਾਂ ਦੂਜਾ ਉਸੇ ਵੇਲੇ ਵਕਤ ਦੀ ਉਲਟ ਫੇਰ ਕਰਕੇ ਸੌਂ ਰਿਹਾ ਹੁੰਦਾ ਹੈ। ਸੋ ਕਿਸੇ ਦੂਜੇ ਦੀ ਤਕਦੀਰ ਨਾਲ ਆਪਣੀ ਮੇਚੀ ਨਹੀਂ ਜਾ ਸਕਦੀ।

ਕੋਈ 100 ਸਾਲ ਤਕ ਜੀਅ ਲੈਂਦਾ ਹੈ ਤੇ ਕੋਈ 16 ਵਰਿਆਂ 'ਤੇ ਕੂਚ ਕਰ ਜਾਂਦਾ ਹੈ। ਕਿਸੇ ਦੀ ਕੋਈ ਪਛਾਣ, ਕਿਸੇ ਦਾ ਕੋਈ ਰੁਤਬਾ, ਕੋਈ ਸਾਰੀ ਉਮਰ ਹੱਥ ਅੱਡਦਾ ਰਹਿ ਜਾਂਦਾ ਹੈ ਤੇ ਕੋਈ ਅਣਪਛਾਤੀ ਲਾਸ਼ ਬਣ ਜਾਂਦਾ ਹੈ। ਸਪਸ਼ਟ ਹੋ ਗਿਆ ਕਿ ਕਿਸੇ ਹੋਰ ਸਦਕਾ ਰੋਣਾ ਬੇਵਕੂਫ਼ੀ ਹੈ। ਕਿਸੇ ਹੋਰ ਦੀ ਪ੍ਰਾਪਤੀ ਉੱਤੇ ਆਪਣਾ ਲਹੂ ਸਾੜ ਕੇ ਕੁੱਝ ਹਾਸਲ ਨਹੀਂ ਹੁੰਦਾ।

ਕੁਦਰਤ ਨੇ ਇਨਸਾਨ ਨੂੰ ਬਹੁਤ ਕਮਾਲ ਦੀ ਆਦਤ ਬਖ਼ਸ਼ੀ ਹੈ-'ਰੋਣਾ'! ਇਸ ਨਾਲ ਬੇਅੰਤ ਫਾਲਤੂ ਦੇ ਜਜ਼ਬਾਤ, ਜੋ ਦਿਮਾਗ਼ ਨੂੰ ਜਕੜ ਕੇ ਬੈਠੇ ਹੁੰਦੇ ਹਨ, ਹੰਝੂਆਂ ਰਾਹੀਂ ਵਹਿ ਕੇ ਦਿਮਾਗ਼ ਦੀ ਸਫ਼ਾਈ ਕਰ ਦਿੰਦੇ ਹਨ।

ਜੰਮਣ ਸਮੇਂ ਦਾ ਰੋਣਾ ਸਾਡੇ ਫੇਫੜੇ ਸਾਫ਼ ਕਰਦਾ ਹੈ। ਕੁੱਝ ਵੱਡੇ ਹੋ ਜਾਣ ਉੱਤੇ ਸਾਡੀਆਂ ਜ਼ਿੱਦਾਂ ਪੂਰੀਆਂ ਕਰਵਾ ਦਿੰਦਾ ਹੈ ਅਤੇ ਹੋਰ ਵੱਡੇ ਹੋ ਕੇ ਮਗਰਮੱਛ ਦੇ ਹੰਝੂ ਹੋਣ ਤੇ ਭਾਵੇਂ ਅਸਲ ਦੇ, ਕਿਸੇ ਨਾ ਕਿਸੇ ਕੰਮ ਤਾਂ ਆਉਂਦੇ ਹੀ ਹਨ।

ਕੁੱਝ ਮਨੋਗਿਵਿਆਨੀ ਤਾਂ ਇੱਥੋਂ ਤੱਕ ਕਹਿ ਚੁੱਕੇ ਹਨ ਕਿ ਜੇ ਉੱਕਾ ਹੀ ਨਹੀਂ ਰੋ ਰਹੇ ਤਾਂ ਢਹਿੰਦੀ ਕਲਾ ਵਿਚ ਜਾਣ ਜਾਂ ਲੋੜੋਂ ਵੱਧ ਗੁੱਸਾ ਕਰਦੇ ਰਹਿਣ ਦਾ ਖ਼ਤਰਾ ਹੋ ਸਕਦਾ ਹੈ।

ਰਾਓਲ ਵਾਲਨਬਰਗ ਇੰਸਟੀਚਿਊਟ ਆਫ ਐਥਿੱਕਸ ਦੇ ਡਾਇਰੈਕਟਰ ਡਾ. ਸਟੀਫਨ ਸਾਈਡਰੌਫ ਨੇ ਖੋਜ ਕਰ ਕੇ ਇਹ ਤੱਥ ਦੱਸੇ ਹਨ ਕਿ ਦਿਮਾਗ਼ ਨੂੰ ਕੱਸ ਕੇ ਬੰਨੇ ਜਜ਼ਬਾਤਾਂ ਦੇ ਸੰਗਲ ਨੁਕਸਾਨਦੇਹ ਸਾਬਤ ਹੋ ਸਕਦੇ ਹਨ। ਜੇ ਕਦੇ ਕਦਾਈਂ ਦਿਮਾਗ਼ ਦੀ ਸਫ਼ਾਈ ਨਾ ਹੁੰਦੀ ਰਹੇ ਤਾਂ ਉੱਲੀ ਲੱਗਣ ਵਾਂਗ ਹੀ ਅਜਿਹੇ ਬੰਦੇ ਦੀ ਸ਼ਖ਼ਸੀਅਤ ਅੜਬ ਤੇ ਘਿਨਾਉਣੀ ਹੋਣ ਲੱਗ ਪੈਂਦੀ ਹੈ।

ਜਪਾਨ ਵਿਚ ਤਾਂ ਹੁਣ 'ਰੋਣ ਦੇ ਕਲੱਬ' ਬਣ ਚੁੱਕੇ ਹਨ ਜਿਨਾਂ ਨੂੰ 'ਰੂਈ ਕਤਸੂ' ਕਹਿੰਦੇ ਹਨ। ਜਪਾਨ ਵਿਚ ਖ਼ੁਦਕੁਸ਼ੀਆਂ ਦਾ ਵਧਦਾ ਰੁਝਾਨ ਵੇਖਦਿਆਂ ਹੀ ਇਹ ਕਦਮ ਚੁੱਕਿਆ ਗਿਆ ਹੈ। ਇਸ ਵਿਚ ਕਲੱਬਾਂ ਵਿਚ ਰੋਣ ਦੇ ਕੁੱਝ ਸੀਨ ਜਾਂ ਭਾਵੁਕ ਘਟਨਾਵਾਂ ਵਿਖਾ ਕੇ ਵੀ ਰੁਆਇਆ ਜਾਂਦਾ ਹੈ। ਕਲੱਬ ਦੇ ਮੈਂਬਰਾਂ ਦੀ ਹਰ ਮਹੀਨੇ ਮਾਨਸਿਕ ਸਿਹਤ ਚੈੱਕ ਕੀਤੀ ਜਾਂਦੀ ਹੈ। ਅਨੇਕ ਤਰਾਂ ਦੇ ਟੈਸਟਾਂ ਬਾਅਦ ਇਹ ਤੱਥ ਸਾਹਮਣੇ ਆਏ ਕਿ ਇਨਾਂ ਲੋਕਾਂ ਵਿਚ ਢਹਿੰਦੀ ਕਲਾ ਹੌਲੀ-ਹੌਲੀ ਘੱਟ ਗਈ ਅਤੇ ਸਹਿਨਸ਼ੀਲਤਾ ਵੱਧ ਗਈ।

ਇੱਕ ਹੋਰ ਖੋਜ ਜੋ ਸਾਈਡਰੌਫ ਨੇ ਕੀਤੀ, ਉਸ ਵਿਚ ਸਪਸ਼ਟ ਹੋਇਆ ਕਿ ਰੋਣ ਵੇਲੇ ਨਿਕਲੇ ਹੰਝੂਆਂ ਵਿਚ ਤਣਾਓ ਦੇ ਹਾਰਮੋਨ ਵੀ ਬਾਹਰ ਨਿਕਲ ਰਹੇ ਹੁੰਦੇ ਹਨ। ਇਹ ਹਾਰਮੋਨ ਅੱਖ ਵਿਚ ਕੁੱਝ ਪੈ ਜਾਣ ਉੱਤੇ ਨਿਕਲੇ ਪਾਣੀ ਵਿਚ ਨਹੀਂ ਹੁੰਦੇ। ਭਾਵੁਕ ਹੋ ਕੇ ਨਿਕਲੇ ਹੰਝੂਆਂ ਵਿਚ ਮੈਂਗਨੀਜ਼ ਵੀ ਕਾਫ਼ੀ ਬਾਹਰ ਨਿਕਲ ਜਾਂਦਾ ਹੈ ਜੋ ਮੂਡ ਉੱਤੇ ਅਸਰ ਪਾਉਂਦਾ ਹੈ। ਰੋਣ ਨਾਲ ਦਿਮਾਗ਼ ਵਿਚਲਾ ਪੈਰਾਸਿੰਪਾਥੈਟਿਕ ਹਿੱਸਾ ਵੀ ਚੁਸਤ ਹੋ ਕੇ ਦਿਮਾਗ਼ ਤੇ ਸਰੀਰ ਵਿਚਲਾ ਸੰਤੁਲਨ ਠੀਕ ਕਰ ਦਿੰਦਾ ਹੈ, ਸਰੀਰ ਦੇ ਆਕੜੇ ਹੋਏ ਪੱਠੇ ਢਿੱਲੇ ਕਰਦਾ ਹੈ ਅਤੇ ਪਾਟਣ ਉੱਤੇ ਆਏ ਸਿਰ ਨੂੰ ਜਕੜਨ ਦੇ ਇਹਸਾਸ ਤੋਂ ਮੁਕਤ ਕਰ ਦਿੰਦਾ ਹੈ।

ਭਾਵੁਕ ਇਨਸਾਨ ਦੂਜਿਆਂ ਉੱਤੇ ਬਹੁਤਾ ਜ਼ੁਲਮ ਨਹੀਂ ਕਰਦਾ ਤੇ ਨਾ ਚੁਭਵੀਆਂ ਗੱਲਾਂ ਕਰਦਾ ਹੈ। ਰੋਣ ਦੇ ਕਲੱਬਾਂ ਵਿਚ ਅਜਿਹੇ ਲੋਕ ਵੀ ਸ਼ਾਮਲ ਹੋ ਚੁੱਕੇ ਹਨ ਜਿਨਾਂ ਨੂੰ ਕਦੇ ਕਿਸੇ ਨੇ ਰੋਂਦਿਆਂ ਨਹੀਂ ਵੇਖਿਆ ਤੇ ਉਹ ਲੋਕਾਂ ਵਿਚ ਆਪਣੇ ਜਜ਼ਬਾਤ ਹਮੇਸ਼ਾ ਦੱਬ ਕੇ ਰੱਖਦੇ ਹਨ। ਕਲੱਬਾਂ ਵਿਚ ਸਭ ਨਾਲ ਰਲ ਕੇ ਰੋਣ ਨਾਲ ਗਿਲੇ ਸ਼ਿਕਵੇ ਵੀ ਘੱਟ ਜਾਂਦੇ ਹਨ ਤੇ ਇਹ ਮਹਿਸੂਸ ਹੋਣ ਲੱਗ ਪੈਂਦਾ ਹੈ ਕਿ ਮੁਸ਼ਕਲਾਂ ਹਰ ਕਿਸੇ ਉੱਤੇ ਆਉਂਦੀਆਂ ਹਨ। ਸਿਰਫ਼ ਸਾਡੇ ਨਾਲ ਹੀ ਰਬ ਦਾ ਵੈਰ ਨਹੀਂ ਹੈ।

ਸਾਈਕੈਟਰੀ ਦੇ ਪ੍ਰੋਫੈੱਸਰ ਜੂਡਿੱਥ ਜੋ ਲਾਸ ਏਂਜਲਸ ਦੀ ਯੂਨੀਵਰਸਿਟੀ ਵਿਚ ਪੜਾਉਂਦੇ ਹਨ, ਨੇ ਦੱਸਿਆ ਹੈ ਕਿ ਨਕਾਰਾਤਮਕ ਵਿਚਾਰਾਂ ਤੋਂ ਛੁੱਟੀ ਪਾਉਣ ਲਈ ਰੋਣਾ ਬਹੁਤ ਜ਼ਰੂਰੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਸਾਰਾ ਦਿਨ ਰੋਂਦੇ ਹੀ ਰਹੋ।

ਆਪਣਾ ਮਜ਼ਾਕ ਬਣ ਜਾਣ ਤੋਂ ਬਚਣ ਲਈ ਬਿਹਤਰ ਹੈ ਇਕੱਲੇ ਬਹਿ ਕੇ ਭਾਵੇਂ ਕੁੱਝ ਚਿਰ ਹੀ ਸਹੀ, ਜ਼ਾਰ-ਜ਼ਾਰ ਰੋ ਲਿਆ ਜਾਵੇ। ਜੇ ਅਜਿਹਾ ਸੰਭਵ ਨਹੀਂ ਤਾਂ ਰੋਣ ਵਾਲੇ ਕਲੱਬਾਂ ਵਿਚ ਜ਼ਰੂਰ ਹਫ਼ਤੇ ਵਿਚ ਜਾਂ ਪੰਦਰੀਂ ਦਿਨੀਂ ਇੱਕ ਵਾਰ ਜਾ ਆਉਣਾ ਚਾਹੀਦਾ ਹੈ। ਜੇ ਬਹੁਤਾ ਦਿਲ ਖ਼ਰਾਬ ਹੋਵੇ ਤਾਂ ਹਫ਼ਤੇ ਵਿਚ ਦੋ ਵਾਰ ਵੀ ਜਾਇਆ ਜਾ ਸਕਦਾ ਹੈ। ਭਾਵੁਕ ਹੋ ਕੇ ਰੋਣ ਨਾਲ ਨਿਕਲੇ ਹੰਝੂਆਂ ਨਾਲ ਅੱਖਾਂ ਵਿਚ ਪਏ ਘੱਟੇ ਮਿੱਟੀ ਦੇ ਕਣ ਨਿਕਲ ਜਾਣ ਨਾਲ ਅੱਖਾਂ ਵੀ ਸਾਫ਼ ਹੋ ਜਾਂਦੀਆਂ ਹਨ ਅਤੇ ਅੱਖਾਂ ਤੋਂ ਨੱਕ ਤੱਕ ਜਾਂਦਾ ਰਾਹ ਵੀ ਸਾਫ਼ ਹੋ ਜਾਂਦਾ ਹੈ। ਰੋਂਦੇ ਸਾਰ ਸਹਿਜ ਨਹੀਂ ਹੋਇਆ ਜਾਂਦਾ। ਕੁੱਝ ਪਲ ਰੋਂਦੇ ਰਹਿਣ ਬਾਅਦ ਹੀ ਅਸਰ ਦਿਸਦਾ ਹੈ।

ਰੋਣ ਤੋਂ 10-15 ਮਿੰਟ ਬਾਅਦ ਸਰੀਰ ਅੰਦਰ ਓਕਸੀਟੋਸਿਨ ਅਤੇ ਐਂਡੋਜੀਨੱਸ ਓਪੀਆਇਡ ਨਿਕਲਦੇ ਹਨ ਜਿਨਾਂ ਨੂੰ ਐਂਡੋਰਫਿਨ ਕਿਹਾ ਜਾਂਦਾ ਹੈ। ਇਹ ਤਣਾਓ ਦੂਰ ਕਰ ਕੇ ਪੀੜ ਨੂੰ ਜਰਨ ਦੀ ਤਾਕਤ ਵੀ ਵਧਾ ਦਿੰਦੇ ਹਨ। ਸਰੀਰ ਸੁੰਨ ਜਿਹਾ ਹੋ ਜਾਂਦਾ ਹੈ ਤੇ ਮਨ ਸਹਿਜ ਹੋ ਜਾਂਦਾ ਹੈ।

ਸੁਬਕ ਸੁਬਕ ਕੇ ਰੋਣ ਵੇਲੇ ਠੰਡਾ ਸਾਹ ਅੰਦਰ ਖਿੱਚਿਆ ਜਾਂਦਾ ਹੈ ਤੇ ਦਿਮਾਗ਼ ਨੂੰ ਠੰਡਕ ਪਹੁੰਚਾ ਦਿੰਦਾ ਹੈ ਯਾਨੀ ਮੂਡ ਠੀਕ ਹੋਣ ਲੱਗ ਪੈਂਦਾ ਹੈ।

ਕੁੱਝ ਲੋਕ ਸਿਰਫ਼ ਧਿਆਨ ਖਿੱਚਣ ਲਈ ਰੋਣ ਲੱਗ ਪੈਂਦੇ ਹਨ। ਜੇ ਕਿਸੇ ਵੱਲੋਂ ਹੌਸਲਾ ਅਫਜ਼ਾਈ ਮਿਲ ਜਾਏ ਤਾਂ ਵੀ ਮਨ ਨੂੰ ਧਰਾਸ ਮਿਲ ਜਾਂਦੀ ਹੈ। ਅਫ਼ਸੋਸ ਮਹਿਸੂਸ ਹੁੰਦੇ ਸਾਰ ਰੋ ਲੈਣ ਨਾਲ ਛੇਤੀ ਸਹਿਜ ਹੋਇਆ ਜਾ ਸਕਦਾ ਹੈ। ਅਜਿਹਾ ਯੇਲ ਯੂਨੀਵਰਸਿਟੀ ਵਿਚ ਹੋਈ ਖੋਜ ਦੌਰਾਨ ਪਤਾ ਲੱਗਿਆ ਹੈ।

ਬੱਚਿਆਂ ਵਿਚ ਕੀਤੀ ਖੋਜ ਵਿਚ ਵੀ ਰੋਣ ਤੋਂ ਬਾਅਦ ਜਦੋਂ ਨਿੱਕੇ ਬੱਚੇ ਨੂੰ ਪਿਆਰ ਨਾਲ ਥਾਪੜ ਕੇ ਸੁਆਇਆ ਗਿਆ ਤਾਂ ਉਨਾਂ ਨੇ ਡੂੰਘੀ ਨੀਂਦਰ ਲਈ।

ਰੋਣ ਦੇ ਫ਼ਾਇਦੇ ਵੇਖਦੇ ਹੋਏ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਹਮੇਸ਼ਾ ਰੋਂਦੇ ਹੀ ਰਹਿਣਾ ਹੈ।

ਜੇ ਲੋੜੋਂ ਵੱਧ ਰੋਣਾ ਆਉਂਦਾ ਹੈ ਤਾਂ ਡਾਕਟਰੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ ਕਿਉਂਕਿ ਇਹ ਢਹਿੰਦੀ ਕਲਾ ਦਾ ਲੱਛਣ ਵੀ ਹੋ ਸਕਦਾ ਹੈ।

ਡਾਕਟਰ ਕੋਲ ਕਦੋਂ ਜਾਈਏ :-

- ਜੇ ਚਿੜਚਿੜਾਪਨ ਰੋਜ਼ ਮਹਿਸੂਸ ਹੋਣ ਲੱਗ ਪਵੇ
- ਸਾਰਾ ਦਿਨ ਉਦਾਸੀ ਘੇਰੀ ਰੱਖੇ
- ਭੁੱਖ ਮਰ ਜਾਵੇ ਜਾਂ ਭਾਰ ਵਧਣਾ ਸ਼ੁਰੂ ਹੋ ਜਾਵੇ
- ਕੰਮ ਕਰਨ ਨੂੰ ਦਿਲ ਨਾ ਕਰੇ
- ਨੀਂਦਰ ਵੱਧ ਜਾਂ ਬਹੁਤ ਘੱਟ ਜਾਵੇ
- ਸਰੀਰ ਵਿਚ ਪੀੜਾਂ ਹੁੰਦੀਆਂ ਰਹਿਣ
- ਮਰਨ ਨੂੰ ਦਿਲ ਕਰੇ।

**ਕਿੰਨਾ ਰੋਣਾ ਠੀਕ ਹੁੰਦਾ ਹੈ ?**

ਅਮਰੀਕਾ ਵਿਚ ਹੋਈ ਖੋਜ ਅਨੁਸਾਰ ਔਸਤਨ ਇੱਕ ਅਮਰੀਕਨ ਔਰਤ ਹਰ ਮਹੀਨੇ 3 ਤੋਂ 4 ਵਾਰ ਰੋਂਦੀ ਹੈ ਤੇ ਅਮਰੀਕਨ ਮਰਦ ਲਗਭਗ ਮਹੀਨੇ ਵਿਚ 2 ਵਾਰ। ਚੀਨੀ ਔਰਤ ਮਹੀਨੇ ਵਿਚ 1 ਜਾਂ 2 ਵਾਰ ਰੋ ਲੈਂਦੀ ਹੈ ਤੇ ਬੁਲਗੇਰੀਆ ਦੇ ਮਰਦ ਤਿੰਨ ਮਹੀਨਿਆਂ ਵਿਚ ਇਕ ਵਾਰ ਰੋਂਦੇ ਹਨ।

ਸਾਰ ਇਹ ਹੈ ਕਿ ਰੋਣਾ ਮਾੜੀ ਗੱਲ ਨਹੀਂ ਹੈ ਤੇ ਨਾ ਹੀ ਕਿਸੇ ਦੀ ਕਮਜ਼ੋਰੀ ਮੰਨਣਾ ਚਾਹੀਦਾ ਹੈ। ਜੇ ਮਨ ਬਹੁਤ ਦੁਖੀ ਹੋਵੇ ਤਾਂ ਰੋ ਲੈਣ ਨਾਲ ਛੇਤੀ ਸਹਿਜ ਹੋਇਆ ਜਾ ਸਕਦਾ ਹੈ। ਪਰ, ਕਿਸੇ ਵੀ ਹਾਲ ਵਿਚ ਰੋਜ਼ ਰੋਣਾ ਨਹੀਂ ਚਾਹੀਦਾ ਤੇ ਮਗਰਮੱਛ ਦੇ ਹੰਝੂਆਂ ਤੋਂ ਲੋਕਾਂ ਨੂੰ ਸਾਵਧਾਨ ਹੋਣਾ ਚਾਹੀਦਾ ਹੈ।

# ਅਸਲ ਜ਼ਿੰਦਗੀ



- ਵਿਜੈ ਗਰਗ

ਦੁਖੀ ਬੰਦਾ ਪਿੰਡ ਦੇ ਬਾਹਰ ਡੇਰੇ ਲਾਈ ਬਜ਼ੁਰਗ ਬਾਬਾ ਜੀ ਦੇ ਪੈਰੀਂ ਪੈ ਗਿਆ ਤੇ ਆਖਣਲੱਗਾ ..ਬਾਬਾ ਜੀ, ਮੁਸ਼ਕਲਾਂ ਨੇ ਜਿੰਦਗੀ ਹਰਾਮ ਕੀਤੀ ਪਈ ਹੈ ..ਕਾਰੋਬਾਰ ਵਿਚ ਘਾਟੇ ਪਈਜਾਂਦੇ ..ਸਿਹਤ ਖਰਾਬ ਰਹਿੰਦੀ ..ਘਰ ਵਿਚ ਕਲੇਸ਼ ਰਹਿੰਦਾ ਤੇ ਔਲਾਦ ਆਖੇ ਨਹੀਂ ਲੱਗਦੀ , ਸੁਖ ਚੈਨ ਗੁਆਚ ਗਿਆ ..ਸਾਰੀ ਸਾਰੀ ਰਾਤ ਚਿੰਤਾ ਦੀ ਬੁੱਕਲ ਵਿਚ ਪਏ ਨੂੰ ਨੀਂਦਰ ਨਹੀਂਆਉਂਦੀ ..ਸੱਚ ਪੁਛੋ ਤੇ ਕਈ ਵਾਰੀ ਤੇ ਦਿਲ ਕਰਦਾ ਸਿਆਪਾ ਮੁਕਾਵਾਂ ਜਿੰਦਗੀ ਦਾ ..ਕਿਥੁੜਿਆ ਇਹੋ ਜਿਹੇ ਜੀਊਣ ਨਾਲੋਂ ....ਹੁਣ ਹਾਰ ਕੇ ਤੁਹਾਡੀ ਸ਼ਰਨ ਵਿਚ ਆਇਆ ਹਾਂ ਕੋਈ ਹੱਲਕੱਢੋ ?

ਬਜ਼ੁਰਗ ਕਹਿੰਦੇ.. ਪੁੱਤ ਤੇਰੇ ਸਾਰੇ ਮਸਲਿਆਂ ਦਾ ਹੱਲ ਕੱਲ ਨੂੰ ਕੱਢਾਂਗੇ ਪਰ ਅੱਜ ਰਾਤ ਤੈਨੂੰ ਮੇਰਾ ਇੱਕ ਕੰਮ ਕਰਨਾ ਪਊ !

ਮੈਨੂੰ ਕਿਸੇ ਕੰਮ ਵਾਸਤੇ ਬਾਹਰ ਜਾਣਾ ਪੈਣਾ ਤੈਨੂੰ ਏਥੇ ਬੋਹੜ ਹੇਠਾਂ ਖਲੋਤੇ ਮੇਰੇ ਸੌ ਊਠਾਂ ਦੀ ਰਾਖੀ ਕਰਨੀ ਪਊ !

ਇੱਕ ਗੱਲ ਦਾ ਖਾਸ ਖਿਆਲ ਰੱਖੀਂ ਜਿੰਨੀ ਦੇਰ ਸਾਰੇ ਊਠ ਭੁੰਜੇ ਨਹੀਂ ਬਹਿ ਜਾਂਦੇ ..ਤੂੰ ਸੌਣਾ ਨਹੀਂ !

ਬੰਦਾ ਕਹਿੰਦਾ ਠੀਕ ਹੈ ਬਜ਼ੁਰਗੋ !

ਅਗਲੀ ਸੁਵੇਰ ਬਜ਼ੁਰਗ ਬਾਬਾ ਜੀ ਵਾਪਿਸ ਆਏ ਤਾਂ ਕੀ ਦੇਖਦੇ ਬੰਦਾ ਉਨੀਂਦਰੇ ਦਾ ਮਾਰਿਆ ਰੋਣਹਾਕਾ ਹੋਇਆ ਇੱਕ ਪਾਸੇ ਮੂਧਾ ਹੋਇਆ ਪਿਆ !

ਬਜ਼ੁਰਗ ਪੁੱਛਦੇ ਹਾਂ ਬਈ ਜੁਆਨਾਂ ..ਰਾਤੀਂ ਅੱਖ ਲੱਗੀ ਕੇ ਨਹੀਂ ..?

ਕਹਿੰਦਾਬਜ਼ੁਰਗੋਂ ਅੱਖ ਕਾਹਦੀ ਲੱਗਣੀ ਸੀ ..ਸਾਰੀ ਰਾਤ ਊਠਾਂ ਦਾ ਵੱਗ ਬਿਠਾ ਬਿਠਾ ਕਮਲਾ ਹੋਇਆਪਿਆਂ .. ਐਸੀ ਭੈੜੀ ਨਸਲ ..ਇੱਕ ਨੂੰ ਬਿਠਾਉਂਦਾ ਸੀ ਦੂਜਾ ਉੱਠ ਖਲੋਂਦਾ ..ਦੂਜੇ ਨੂੰਬਿਠਾਉਂਦਾ ਤੀਜਾ ਉੱਠ ਜਾਂਦਾ ..ਬੱਸ ਇਸੇ ਉਠਾਉਣ ਬਿਠਾਉਣ ਦੇ ਚੱਕਰ ਵਿਚ ਸਾਰੀ ਰਾਤ ਨਿੱਕਲ ਗਈ !

ਅੱਗੋਂ ਪੁੱਛਦਾ ..“ ਇੱਕ ਗੱਲ ਦਸਿਓ ਬਾਬਾਜੀ ..ਤੁਸੀਂ ਕਿੱਦਾਂ ਸੌਂ ਲੈਂਦੇ ਹੋ ਇਸ ਸਾਰੇ ਵਰਤਾਰੇ ਵਿਚ ..ਤੇ ਸਾਰਿਆਂ ਨੂੰ ਇੱਕੋਵਾਰੀ ਕਿੱਦਾਂ ਬਿਠਾਉਂਦੇ ਹੋ ...?

ਅੱਗੋਂਆਖਦੇ ...ਪੁੱਤ ਮੈਥੋਂ ਵੀ ਕਿਥੇ ਬਿਠਾਏ ਜਾਂਦੇ ਸਾਰੇ ਇੱਕੋ ਵਾਰੀ ...ਬੱਸ ਇੱਕ ਦੋ ਨੂੰਬਿਠਾ ਦੇਈ ਦਾ ਹੈ ..ਬਾਕੀਆਂ ਦੀ ਉੱਠਕ-ਬੈਠਕ ਤਾਂ ਸਾਰੀ ਰਾਤ ਚੱਲਦੀ ਹੀ ਰਹਿੰਦੀ ਹੈ ..ਪਰ ਮੈਂ ਗੂੜੀ ਨੀਂਦਰੇ ਸੌਂਦਾ ਹਾਂ !

“ਤੇ ਫੇਰ ਬਾਬਾ ਜੀ ਕੱਲ ਰਾਤੀਂ ਮੇਰੇ ਗੱਲ ਇਹ ਮੁਸੀਬਤ ਕਿਓਂ ਪਾ ਗਏ ਸੀ ..?

“ਪੁੱਤਤੈਨੂੰ ਇਹ ਸਮਝਾਉਣ ਲਈ ਕਿ ਅਸਲ ਜਿੰਦਗੀ ਵਿਚ ਵੀ ਊਠਾਂ ਦਾ ਬਾਣਾ ਪਾਈ ਮੁਸੀਬਤਾਂ ਸਾਡੇਆਸੇ ਪਾਸੇ ਵਿਚਰਦੀਆਂ ਹੀ ਰਹਿੰਦੀਆਂ ਹਨ ..ਕਦੀ ਕੋਈ ਹੱਲ ਹੋ ਥੱਲੇ ਬੈਠ ਜਾਂਦੀ ..ਕਦੀਦੂਜੀ ਖੜੀ ਹੋ ਜਾਂਦੀ ..ਅਸੀਂ ਲੋਕ ਇੱਕੋ ਵਾਰੀ ਸਾਰੇ ਊਠ ਬਿਠਾਉਣ ਦੇ ਚੱਕਰ ਵਿਚ ਆਪਣਾਨੀਂਦ ,ਚੈਨ, ਸੁਖ ਸ਼ਾਂਤੀ ,ਪਿਆਰ ਮੁਹੱਬਤ ..ਸਭ ਕੁਝ ਗੁਆ ਲੈਂਦੇ ਹਾਂ !

ਅਸਲਜਿੰਦਗੀ ਦੇ ਇਹਨਾਂ ਉਠਦੇ ਬਹਿੰਦੇ ਊਠਾਂ ਵਿਚ ਵਿੱਚਰਦਿਆਂ ਹੋਇਆਂ ਗੂੜੀ ਨੀਂਦਰੇ ਸੌਣਾਤੇ ਸਹਿਜ ਤਰੀਕੇ ਨਾਲ ਰਹਿਣਾ ਸਿੱਖ ਲਵੋਂ ...ਜਿੰਦਗੀ ਸਵਰਗ ਨਾਲੋਂ ਸੋਹਣੀ ਲੱਗਣ ਲੱਗ ਜਾਊਗੀ



# ਸੱਚ ਦੀ ਗਵਾਹੀ ਵਿੱਚ ਤੇਗ ਦੀ ਥਾਂ



**- ਮਲਕੀਤ ਸਿੰਘ ਭਵਾਨੀਗੜ੍ਹ**

ਸੱਚ ਅਤੇ ਝੂਠ ਦੀ ਟੱਕਰ ਹਮੇਸ਼ਾ ਹੀ ਰਹਿਣੀ ਹੈ, ਇਤਿਹਾਸ ਵਿੱਚ ਇਸਦੀਆਂ ਬੇਅੰਤ ਗਵਾਹੀਆਂ ਹਨ, ਵਰਤਮਾਨ ਵਿੱਚ ਇਹ ਵੱਖੋ ਵੱਖਰੇ ਰੂਪਾਂ ਵਿੱਚ ਮੌਜੂਦ ਹੈ ਅਤੇ ਭਵਿੱਖ ਵਿੱਚ ਵੀ ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਸ ਦੇ ਰੂਪ ਸਮੇਂ ਮੁਤਾਬਿਕ ਬਦਲਦੇ ਰਹਿੰਦੇ ਹਨ ਪਰ ਇਹ ਜਦੋਂ ਵੀ ਆਪਣੇ ਸਿਖਰ ਨੂੰ ਛੂਹੰਦੀ ਹੈ ਤਾਂ ਹਮੇਸ਼ਾ ਜਾਨ ਅਤੇ ਮਾਲ ਦੀ ਬਲੀ ਮੰਗਦੀ ਹੈ। ਸੱਚ ਦੀ ਗਵਾਹੀ ਭਰਦੇ ਵਕਤ ਝੂਠ ਦੇ ਪਲੜੇ ਚ ਬੈਠੇ ਦੀ ਸਮਝ ਹੋਣੀ ਜਰੂਰੀ ਹੈ ਪਰ ਨਾਲ ਆਪਣੇ ਆਪ ਦੀ ਸਮਝ ਹੋਣੀ ਇਸ ਤੋਂ ਵੀ ਜਿਆਦਾ ਜਰੂਰੀ ਹੈ। ਜੇਕਰ ਆਪਣੇ ਆਪ ਦੀ ਅਸਲੀਅਤ ਤੋਂ ਵਾਕਿਫ ਨਹੀਂ ਤਾਂ ਵੀ ਇਹ ਟੱਕਰ ਨੂੰ ਬਣ ਰਹੇ ਇਤਿਹਾਸ ਵਿੱਚ ਸੱਚ ਦੀ ਗਵਾਹੀ ਵਜੋਂ ਸਹੀ ਥਾਂ ਨਹੀਂ ਮਿਲ ਸਕਦੀ ਕਿਉਂਕਿ ਜਦੋਂ ਆਪਣੇ ਆਪ ਦੀ ਤਸਵੀਰ ਧੁੰਦਲੀ ਹੋਵੇਗੀ ਤਾਂ ਅਮਲ ਵੀ ਉਸ ਧੁੰਦ ਚੋਂ ਹੀ ਨਿਕਲਣਗੇ ਅਤੇ ਧੁੰਦ ਚੋਂ ਨਿਕਲੇ ਅਮਲ ਸੱਚ ਦੀ ਗਵਾਹੀ ਦੇ ਹਾਣ ਦੇ ਨਹੀਂ ਹੋ ਸਕਦੇ। ਸੱਚ ਦੀ ਗਵਾਹੀ ਪੂਰੀ ਸ਼ੁੱਧ ਹੀ ਹੋਵੇਗੀ, ਓਹਦੀ ਸ਼ੁੱਧਤਾ ਦਾ ਫਿਕਰ ਕਰਨਾ ਸੱਚ ਦੇ ਰਾਹ ਤੇ ਚੱਲਣ ਵਾਲਿਆਂ ਦਾ ਮੁਢਲਾ ਫਰਜ਼ ਹੈ। ਇਹ ਟੱਕਰ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਵਿੱਚ ਵੀ ਰਹੀ ਹੈ। ਸਰਬੱਤ ਦੇ ਭਲੇ ਦੇ ਪਾਂਧੀਆਂ ਨੇ ਇਸ ਟੱਕਰ ਨੂੰ ਸ਼ੁੱਧਤਾ ਦੇ ਸਿਖਰ ਤੇ ਜਾ ਕੇ ਹੀ ਸਰ ਕੀਤਾ ਹੈ, ਸਰ ਕਰਨਾ ਹੀ ਅਸਲ ਵਿਚ ਸ਼ੁੱਧਤਾ ਦਾ ਸਿਖਰ ਹੈ। ਜਦੋਂ ਤੁਸੀਂ ਸੱਚ ਦੇ ਪਾਂਧੀ ਹੋ ਤਾਂ ਸਰ ਕਰਨਾ ਦੁਨਿਆਵੀ ਨਾਪ ਤੋਲ ਵਾਲਾ ਜਿੱਤਣਾ ਨਹੀਂ ਹੁੰਦਾ, ਓਦੋਂ ਸਰ ਕਰਨਾ ਸੱਚ ਦੇ ਰਾਹ ਦੀ ਅਡੋਲਤਾ ਹੈ ਅਤੇ ਉਸ ਰਾਹ ਤੇ ਨਿਭ ਜਾਣਾ ਹੈ। ਜਿੱਥੇ ਸੱਚ ਹੈ ਉੱਥੇ ਨਫੇ ਨੁਕਸਾਨਾਂ ਅਤੇ ਜਿੱਤਾਂ ਹਾਰਾਂ ਦੀ ਬਹੀ ਨੂੰ ਕੋਈ ਥਾਂ ਹੀ ਨਹੀਂ ਹੈ, ਜਿੱਥੇ ਕੋਈ ਊਣਤਾ ਹੈ ਉੱਥੇ ਹਿਸਾਬ ਕਿਤਾਬ ਹਨ। ਸੱਚ ਦੇ ਪਾਂਧੀ ਦੀ ਪਹਿਚਾਣ ਹੀ ਉਸਦੀ ਸ਼ੁੱਧਤਾ ਹੈ ਅਤੇ ਇਹ ਸ਼ੁੱਧਤਾ ਨੂੰ ਬਦਲਦਾ ਸਮਾਂ ਆਪਣੀ ਲਪੇਟ ਚ ਨਹੀਂ ਲੈ ਸਕਦਾ ਜਾ ਕਹਿ ਲਈਏ ਕਿ ਆਪਣੀ ਪਰਿਭਾਸ਼ਾ ਬਦਲਣ ਵਾਲੀ ਰਫਲ ਨੂੰ ਬਦਲਦੇ ਸਮੇਂ ਦੇ ਮੋਢੇ ਤੇ ਰੱਖ ਕੇ ਨਹੀਂ ਚਲਾਇਆ ਜਾ ਸਕਦਾ। ਗੁਰੂ ਪਾਤਸ਼ਾਹ ਨੇ ਜਿਸ ਤਰੀਕੇ ਸਾਨੂੰ ਘੜਿਆ ਹੈ, ਓਹੀ ਸਾਡੀ ਸ਼ੁੱਧਤਾ ਹੈ। ਟੱਕਰ ਦਾ ਰੂਪ ਬਦਲ ਸਕਦਾ ਹੈ, ਉਸ ਹਿਸਾਬ ਨਾਲ ਸਾਡਾ ਟਾਕਰਾ ਕਰਨ ਦਾ ਢੰਗ ਵੀ ਬਦਲ ਸਕਦਾ ਹੈ ਪਰ ਸਾਡਾ ਕੋਈ ਵੀ ਢੰਗ ਕਦੀ ਮਰ ਨਹੀਂ ਸਕਦਾ। ਗੁਰੂ ਪਾਤਸ਼ਾਹ ਵੱਲੋਂ ਦੱਸਿਆ ਢੰਗ ਜੇਕਰ ਸਾਡੇ ਵਿੱਚੋਂ ਗੈਰ ਹਾਜ਼ਿਰ ਹੈ ਤਾਂ ਇਹਨੂੰ ਬਦਲਦੇ ਸਮੇਂ ਦੀ ਛਾਂ ਹੇਠ ਜਾ ਆਧੁਨਿਕ ਸਿੱਖਿਆ ਪ੍ਰਬੰਧ ਦੀਆਂ ਹੱਦਾਂ ਚ ਖਲੋ ਕੇ ਵੇਖਣਾ ਸਾਡੀ ਬੇਈਮਾਨੀ, ਮੂਰਖਤਾ ਜਾ ਸਾਡੀ ਅਣਜਾਣਤਾ ਹੀ ਹੋਵੇਗੀ। ਜਿੱਥੇ ਬਿਨਾਂ ਸ਼ੱਕ ਅਸੀਂ ਟਾਕਰਾ ਕਰਨ ਦੇ ਢੰਗ ਬਦਲੇ ਹਨ ਅਤੇ ਉੱਥੇ ਅਸੀਂ ਆਪਣੇ ਕਈ ਢੰਗ ਆਪਣੇ ਆਪ ਵਿੱਚੋ ਮਨਫੀ ਵੀ ਕਰ ਲਏ ਹਨ ਅਤੇ ਕਈਆਂ ਦੇ ਅਸੀਂ ਵਿਰੋਧ ਚ ਵੀ ਹੋ ਗਏ ਹਾਂ। ਪਰ ਇਹ ਬਦਲਦਾ ਸਮਾਂ ਹਜੇ ਵੀ ਸਾਨੂੰ ਸਾਰਿਆਂ ਨੂੰ ਆਪਣੀ ਲਪੇਟ ਵਿੱਚ ਨਹੀਂ ਲੈ ਸਕਿਆ, ਵਿਰਲੇ ਇਸ ਰਾਹ ਤੇ ਨਿਭ ਰਹੇ ਹਨ।

**ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ ।।**

**(ਆਸਾ ਮ:੫, ੩੮੩)**

ਸਮੇਂ ਸਮੇਂ ਤੇ ਗੁਰੂ ਦੇ ਥਾਪੜੇ ਨਾਲ ਗੁਰੂ ਪ੍ਰੇਮ ਵਿੱਚ ਭਿੱਜੀਆਂ ਰੂਹਾਂ ਇਤਿਹਾਸ ਨੂੰ ਮੁੜ ਉਸੇ ਸਿਖਰ ਤੇ ਖੜਾ ਕਰ ਜਾਂਦੀਆਂ ਹਨ। ਉਹ ਰੂਹਾਂ ਤਾਂ ਸੱਚ ਦੀ ਗਵਾਹੀ ਭਰ ਜਾਂਦੀਆਂ ਹਨ ਪਰ ਅਸੀਂ ਬਹੁਤ ਵਾਰ ਉਹਨਾਂ ਦੇ ਅਮਲਾਂ ਨੂੰ ਆਪਣੀ ਥਾਂ ਤੇ ਖਲੋ ਕੇ ਹੀ ਵੇਖਦੇ ਹਾਂ ਨਾ ਕਿ ਸਾਡੀ ਰਵਾਇਤ ਵਿਚੋਂ, ਸ਼ਾਇਦ ਇਸੇ ਕਰਕੇ ਸਾਨੂੰ ਅੱਜ ਆਪਣੇ ਵਿੱਚੋਂ ਮਨਫੀ ਢੰਗ ਤਰੀਕੇ ਸਾਡੇ ਆਪਣੇ ਲੱਗਣੋ ਹੱਟ ਗਏ ਹਨ। ਸਾਡਾ ਅਮਲ ਕਿਹੋ ਜਿਹਾ ਹੋਵੇ ਇਹਦੇ ਵਾਸਤੇ ਅਸੀਂ ਕੁਝ ਮਨੁੱਖਾਂ ਵੱਲੋਂ ਘੜੇ ਢਾਂਚੇ ਵਿੱਚ ਰਹਿ ਕੇ ਹੀ ਵਿਚਾਰਦੇ ਹਾਂ, ਜੋ ਤਰੀਕਾਕਾਰ ਸਾਨੂੰ ਗੁਰੂ ਪਾਤਸ਼ਾਹ ਨੇ ਦੱਸਿਆ ਕਈ ਵਾਰ ਅਸੀਂ ਓਹਦੇ ਹਾਮੀ ਵੀ ਹੁੰਦੇ ਹੋਏ ਓਹਨੂੰ ਦੁਨਿਆਵੀ ਢਾਂਚੇ ਦੇ ਜੋੜ ਘਟਾਉ ਨਾਲ ਰੱਦ ਕਰ ਦਿੰਦੇ ਹਾਂ ਜਾ ਛੱਡ ਦਿੰਦੇ ਹਾਂ। ਬਹੁਤ ਕੁਝ ਸਾਡੀ ਰਵਾਇਤ ਦਾ ਹੈ ਜੋ ਅਸੀਂ ਪਿੱਛੇ ਛੱਡ ਕੇ ਸੱਚ ਦੇ ਹਾਮੀ ਬਣ ਕੇ ਝੂਠ ਨਾਲ ਟੱਕਰ ਲੈਣ ਦੇ ਦਾਅਵੇ ਵਿਚ ਹਾਂ, ਉਹਨਾਂ ਵਿੱਚੋਂ ਹੀ ਇਕ, ਚੜ੍ਹ ਕੇ ਆਏ ਲਈ ਅਤੇ ਜ਼ੁਲਮ ਖਿਲਾਫ ਲੜਦੇ ਵਕਤ ਤੇਗ ਵਾਹੁਣੀ, ਸਾਡੇ ਵਿੱਚੋਂ ਮਨਫੀ ਹੋ ਰਿਹਾ ਹੈ, ਸਿਰਫ ਮਨਫੀ ਹੀ ਨਹੀਂ, ਅਸੀਂ ਇਹਦੇ ਵਿਰੋਧ ਚ ਵੀ ਜਾ ਰਹੇ ਹਾਂ। ਅਸੀਂ ਦੋ ਵੇਲੇ ਅਰਦਾਸ ਚ ਪੜ੍ਹਦੇ ਹਾਂ "ਜਿੰਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ ਤਿਨ੍ਹਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ, ਵਾਹਿਗੁਰੂ।" ਸਾਡਾ ਤੇਗ ਵਾਹੁਣਾ ਕਿਸੇ ਨਾਪ ਤੋਲ ਦੀ ਭੇਟ ਨਹੀਂ ਚੜਣਾ ਚਾਹੀਦਾ, ਸੱਚ ਦੀ ਗਵਾਹੀ ਵਿੱਚ ਤੇਗ ਹਮੇਸ਼ਾ ਰਹੇਗੀ, ਮਨਫੀ ਨਹੀਂ ਹੋਵੇਗੀ।

**ਚੁ ਕਾਰ ਅਜ ਹਮਹ ਹੀਲਤੇ ਦਰ ਗੁਜਸਤ।**
**ਹਲਾਲ ਅਸਤੁ ਬੁਰਦਨ ਬ ਸਮਸ਼ੀਰ ਦਸਤ।**

**(ਜਫਰਨਾਮਹ, ਪਾ:੧੦)**

ਗੁਰੂ ਪਾਤਸ਼ਾਹ ਨੇ ਸਾਨੂੰ ਅਕਾਲ ਪੁਰਖ ਦੀ ਫੌਜ ਦਾ ਦਰਜਾ ਦਿੱਤਾ ਹੈ, ਇਹ ਫੌਜ ਨਾ ਗੁਰੂ ਪਾਤਸ਼ਾਹ ਵੇਲੇ ਕਿਸੇ ਦੁਨਿਆਵੀ ਰਾਜੇ ਦੇ ਅਧੀਨ ਵਿਚਰੀ ਸੀ ਅਤੇ ਨਾ ਹੀ ਅੱਗੇ ਸਿੱਖ ਇਤਿਹਾਸ ਵਿੱਚ ਵਿਚਰੀ ਜਦੋਂ ਵੀ ਇਹਨੇ ਗੁਰੂ ਪਾਤਸ਼ਾਹ ਨੂੰ ਮਹਿਸੂਸ ਕੀਤਾ। ਜਦੋਂ ਵੀ ਦੁਨਿਆਵੀ ਤਾਕਤਾਂ ਦੇ ਹੰਕਾਰ ਵਿੱਚ ਕੋਈ ਚੜਕੇ ਆਇਆ ਤਾਂ ਸਰਬੱਤ ਦੇ ਭਲੇ ਦੇ ਇਹਨਾਂ ਪਾਂਧੀਆਂ ਨੇ ਚੜ੍ਹਦੀਕਲਾ ਨਾਲ ਟਾਕਰਾ ਕੀਤਾ, ਚਾਹੇ ਜੰਗ ਦੀ ਤਿਆਰੀ ਹੁੰਦੀ ਸੀ ਤੇ ਚਾਹੇ ਅਚਨਚੇਤ ਕੋਈ ਆ ਪੈਂਦਾ ਸੀ। ਜੇ ਛੇਵੇਂ ਪਾਤਸ਼ਾਹ ਬੀਬੀ ਵੀਰੋ ਦੇ ਵਿਆਹ ਦੇ ਆਹਰ ਵਿੱਚ ਸਨ ਤਾਂ ਵੀ ਸਿੱਖਾਂ ਨੇ ਗੁਰੂ ਪਾਤਸ਼ਾਹ ਦੀ ਕਮਾਨ ਹੇਠ ਪਹਿਲੀ ਜੰਗ ਪੂਰੀ ਬਹਾਦਰੀ ਨਾਲ ਲੜੀ। ਪਰ ਨਵੰਬਰ ੧੯੮੪ ਚ ਜੇ ਕੋਈ ਅਚਨਚੇਤ ਸਾਡੇ ਤੇ ਚੜ੍ਹ ਕੇ ਆਇਆ ਤਾਂ ਉੱਥੇ ਅਸੀਂ ਆਪਣੀ ਰਵਾਇਤ ਦੀ ਬਾਂਹ ਨਹੀਂ ਫੜ ਸਕੇ, ਕੁਝ ਵਿਰਲਿਆਂ ਨੂੰ ਛੱਡ ਕੇ। ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਲਿਖਦੇ ਹਨ "ਬਿਨ ਜੁਧੈ ਕਬ ਪਯਤ ਪਾਤਸ਼ਾਹੀ। ਆਦਿ ਜੁਧੈ ਬਿਧ ਗੁਰੂ ਉਠਾਈ।" ਮਹਿਰਾਜ ਦੀ ਜੰਗ ਵੇਲੇ ਰਾਇ ਜੋਧ ਵੱਲੋਂ ਟਲ ਜਾਣ ਦੀ ਸਲਾਹ ਦੇ ਜਵਾਬ ਵਿੱਚ ਛੇਵੇਂ ਪਾਤਸ਼ਾਹ ਕਹਿੰਦੇ ਹਨ "ਲੋਕ ਪ੍ਰਲੋਕ ਦੇ ਸਾਰੇ ਸੁੱਖ ਸੂਰਬੀਰਾਂ ਦੀਆਂ ਭੁਜਾਂ ਨਾਲ ਲਮਕਦੇ ਹਨ।" ਜਦੋਂ ਦਸਵੇਂ ਪਾਤਸ਼ਾਹ ਨੇ ਮਾਛੀਵਾੜੇ ਟਿੰਡ ਦਾ ਸਰ੍ਹਾਨਾ ਲਾਇਆ ਤਾਂ ਵੀ ਹੱਥ ਕਿਰਪਾਨ ਦੀ ਮੁੱਠ ਉੱਤੇ ਹੀ ਸੀ। ਸਾਹਿਬਜ਼ਾਦਾ ਜੁਝਾਰ ਸਿੰਘ ਆਪਣੇ ਆਪ ਨੂੰ ਜੰਗ ਲਈ ਖੁਦ ਪੇਸ਼ ਕਰਦੇ ਹਨ, ਉਹਨਾਂ ਨੂੰ ਕਹਿਣ ਦੱਸਣ ਦੀ ਲੋੜ ਨਹੀਂ ਸੀ ਪਈ। ਜਦੋਂ ਕੁਝ ਸੱਜਣ ਬਾਬਾ ਬੰਦਾ ਸਿੰਘ ਬਹਾਦਰ ਕੋਲ ਆਪਣੇ ਜ਼ਿਮੀਦਾਰਾਂ ਦੇ ਜ਼ੁਲਮ ਦੀ ਫਰਿਆਦ ਕਰਦੇ ਹਨ ਤਾਂ ਬਾਬਾ ਜੀ ਉਹਨਾਂ ਨੂੰ ਹੀ ਗੋਲੀ ਨਾਲ ਉਡਾ ਦੇਣ ਲਈ ਕਹਿ ਦਿੰਦੇ ਹਨ। ਆਪਣੀ ਫਰਿਆਦ ਦਾ ਇਹ ਉੱਤਰ ਸੁਣ ਕੇ ਉਹ ਇਸਦਾ ਕਾਰਨ ਪੁੱਛਦੇ ਹਨ ਤਾਂ ਬਾਬਾ ਜੀ ਆਖਦੇ ਹਨ, "ਤੁਹਾਡੇ ਨਾਲ ਇਹ ਹੀ ਹੋਣੀ ਚਾਹੀਦੀ ਹੈ, ਤੁਸੀਂ ਇਸੇ ਦੇ ਹੀ ਲਾਇਕ ਹੋ। ਤੁਸੀਂ ਹਜਾਰਾਂ ਦੀ ਗਿਣਤੀ ਵਿੱਚ ਹੁੰਦੇ ਹੋਏ ਮੁੱਠੀ ਭਰ ਜਿਮੀਦਾਰਾਂ ਦੇ ਅੱਗੇ ਦੱਬੇ ਰਹਿੰਦੇ ਹੋ ਅਤੇ ਉਹਨਾਂ ਦਾ ਜਬਰ ਕਾਇਰਾਂ ਵਾਂਗੂ ਜਰੀ ਜਾਂਦੇ ਹੋ। ਸ਼੍ਰੀ ਦਸ਼ਮੇਸ਼ ਜੀ ਦੇ ਖਾਲਸੇ ਵਿੱਚ ਇਹ ਤਾਕਤ ਕਿਉਂ ਨਾ ਹੋਵੇ ਕਿ ਆਪਣੇ ਵਿਰੁੱਧ ਹੋ ਰਹੀਆਂ ਬੇ-ਇਨਸਾਫੀਆਂ ਨੂੰ ਉਹ ਆਪ ਦੂਰ ਕਰ ਸਕੇ?" ਬਾਬਾ ਬੋਤਾ ਸਿੰਘ ਅਤੇ ਗਰਜਾ ਸਿੰਘ ਮੈਦਾਨੇ ਜੰਗ ਨੂੰ ਜਾਣ ਵੇਲੇ ਕੋਈ ਹਿਸਾਬ ਕਿਤਾਬ ਨਹੀਂ ਕਰਦੇ। ਬਾਬਾ ਬੰਦਾ ਸਿੰਘ ਜੀ ਨਾਲ ਸਰਹਿੰਦ ਨੂੰ ਜਾਣ ਵਕਤ ਸਿੰਘ ਆਪਣੇ ਭਾਂਡੇ, ਡੰਗਰ ਅਤੇ ਜਮੀਨਾਂ ਵੇਚ ਕੇ ਹਥਿਆਰ, ਘੋੜੇ ਖਰੀਦ ਜੰਗ ਲਈ ਆਪਣੇ ਆਪ ਨੂੰ ਪੇਸ਼ ਕਰਦੇ ਹਨ। ਸੁੱਖਾ ਸਿੰਘ, ਮਹਿਤਾਬ ਸਿੰਘ ਸਭ ਗਿਣਤੀਆਂ ਮਿਣਤੀਆਂ ਪਿੱਛੇ ਛੱਡ ਕੇ ਦਰਬਾਰ ਸਾਹਿਬ ਦੀ ਪਵਿੱਤਰਤਾ ਲਈ ਤੇਗ ਵਾਹੁੰਦੇ ਹਨ, ਬਾਬਾ ਗੁਰਬਖਸ਼ ਸਿੰਘ ਜੀ ਯੋਧਿਆਂ ਵਾਂਙ ਜੂਝ ਕੇ ਸ਼ਹੀਦੀ ਪਾਉਂਦੇ ਹਨ। ਬਾਬਾ ਦੀਪ ਸਿੰਘ ਸੱਚ ਦੀ ਗਵਾਹੀ ਲਈ ਆਪਣੇ ਅਮਲ ਨੂੰ ਕਿਸੇ ਮਨੁੱਖੀ ਢਾਂਚੇ ਹੇਠ ਖਲੋ ਕੇ ਨਹੀਂ ਮਿੱਥਦੇ, ਜੋ ਸਿੱਖ ਲਈ ਪਾਤਸ਼ਾਹ ਦਾ ਹੁਕਮ ਹੈ ਬਸ ਉਹ ਕਮਾਉਂਦੇ ਹਨ। ਸੰਤ ਜਰਨੈਲ ਸਿੰਘ ਦੀ ਅਗਵਾਈ ਵਿੱਚ ਜੂਨ ੧੯੮੪ ਵਿਚ ਗੁਰੂ ਦੇ ਸਿੱਖ ਆਪਣੀ ਰਵਾਇਤ ਅਨੁਸਾਰ ਜੰਗ ਲੜਦੇ ਹਨ, ਜੂਨ ੧੯੮੪ ਤੋਂ ਬਾਅਦ ਤਕਰੀਬਨ ਇਕ ਦਹਾਕਾ ਗੁਰੂ ਦੇ ਸਿੱਖ ਜ਼ੁਲਮ ਦੇ ਖਿਲਾਫ ਜੰਗ ਦੇ ਮੈਦਾਨ ਵਿੱਚ ਤੇਗਾਂ ਵਾਹੁੰਦੇ ਹਨ, ਸੱਚ ਦੀ ਗਵਾਹੀ ਭਰਦੇ ਹਨ ਅਤੇ ਉਸ ਰਾਹ ਤੇ ਨਿਭ ਜਾਂਦੇ ਹਨ।

ਗੁਰੂ ਦਾ ਸਿੱਖ ਕਿਸੇ ਭੋਂਇ ਦੇ ਲਾਲਚ ਚ ਤੇਗ ਨਹੀਂ ਵਾਹੁੰਦਾ, ਨਾ ਸ਼ਰੀਰ ਦੇ ਮੋਹ ਅਤੇ ਨਾ ਹੀ ਕਿਸੇ ਗਿਣਤੀ ਦੇ ਭੈਅ ਹੇਠ ਵਿਚਰ ਕੇ ਵਾਹੁੰਦਾ ਹੈ, ਉਹ ਤਾਂ ਸੱਚ ਦੇ ਰਾਹ ਤੇ ਸਭ ਦੋ-ਚਿੱਤੀਆਂ ਨੂੰ ਠੋਕਰ ਮਾਰ ਕੇ ਆਪਣੀ ਤੇਗ ਦੀ ਧਾਰ ਨਾਲ ਆਪਣਾ ਪੈਂਡਾ ਤੈਅ ਕਰ ਰਿਹਾ ਹੁੰਦਾ ਹੈ। ਜਦੋਂ ਅਬਦਾਲੀ ਲਹਿਣਾ ਸਿੰਘ ਕੋਲ ਕੁਝ ਮੇਵੇ ਅਤੇ ਲਾਹੌਰ ਦੀ ਸੂਬੇਦਾਰੀ ਦੀ ਚਿੱਠੀ ਭੇਜਦਾ ਹੈ ਤਾਂ ਲਹਿਣਾ ਸਿੰਘ ਅਬਦਾਲੀ ਨੂੰ ਛੋਲਿਆਂ ਦੇ ਦਾਣੇ ਭੇਜਦਾ ਹੈ ਤੇ ਆਖਦਾ ਹੈ ਕਿ ਮੇਵੇ ਖੁਰਾਕ ਹੈ ਬਾਦਸ਼ਾਹ ਦੀ, ਮੈਂ ਸਿਪਾਹੀ ਹਾਂ, ਇਹਨਾਂ ਛੋਲਿਆਂ ਨਾਲ ਗੁਜਾਰਾ ਕਰ ਲਵਾਂਗਾ ਅਤੇ ਮੈਂ ਜਿਸ ਪੰਥ ਦਾ ਸਿਪਾਹੀ ਹਾਂ ਉਹ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਹੋਰ ਕਿਸੇ ਦਾ ਬਖਸ਼ਿਆ ਹੋਇਆ ਪੂਰੇ ਸੰਸਾਰ ਦਾ ਰਾਜ ਵੀ ਨਹੀਂ ਲਵੇਗਾ। ਹਰੀ ਸਿੰਘ ਨਲੂਆ ਬਿਮਾਰੀ ਦੀ ਹਾਲਤ ਵਿੱਚ ਜੰਗ ਦੇ ਮੈਦਾਨ ਵਿੱਚ ਪਹੁੰਚਦਾ ਹੈ ਅਤੇ ਸੱਚ ਦੀ ਗਵਾਹੀ ਭਰ ਜਾਂਦਾ ਹੈ। ਵੱਡੇ ਘੱਲੂਘਾਰੇ ਵੇਲੇ ਗੁਰੂ ਦਾ ਸਿੰਘ ਆਪਣੇ ਅਕਾਲ ਪੁਰਖ ਤੇ ਭਰੋਸਾ ਰੱਖ ਕੇ ਅਡੋਲਤਾ ਨਾਲ ਕਹਿੰਦਾ ਹੈ "ਖੋਟ ਝੜ ਗਿਆ ਅਤੇ ਤੱਤ ਖਾਲਸਾ ਰਹਿ ਗਿਆ।" ਅਕਾਲੀ ਫੂਲਾ ਸਿੰਘ ਬਿਨਾ ਕਿਸੇ ਹਿਸਾਬ ਕਿਤਾਬ ਚ ਪਏ ਆਪਣੀ ਕੀਤੀ ਅਰਦਾਸ ਨਿਭਾਉਂਦੇ ਹਨ।

ਗੁਰੂ ਗ੍ਰੰਥ ਸਾਹਿਬ ਨੂੰ ਸੀਸ ਝੁਕਾਉਣ ਵੇਲੇ ਸਿੱਖ ਸ਼ਸ਼ਤਰਾਂ ਨੂੰ ਵੀ ਨਾਲ ਹੀ ਸੀਸ ਝੁਕਾਉਂਦਾ ਹੈ। ਗੁਰੂ ਪਾਤਸ਼ਾਹ ਨੇ ਸਿੱਖ ਨੂੰ ਕੇਸਾਂ ਅਤੇ ਸਸ਼ਤਰਾਂ ਨਾਲ ਹੀ ਦਰਸ਼ਨ ਦੇਣ ਦੀ ਹਾਮੀ ਭਰੀ ਹੈ, ਸਸ਼ਤਰ ਅਭਿਆਸ ਸਿੱਖ ਲਈ ਜਰੂਰੀ ਕੀਤਾ ਹੈ। ਦਸਵੇਂ ਪਾਤਸ਼ਾਹ ਵੱਲੋਂ ਪਲੰਘ ਦੇ ਪਾਵੇ ਚ ਮਾਰਿਆ ਤੀਰ ਜਦੋਂ ਵਜ਼ੀਰ ਖਾਨ ਨੂੰ ਕਰਾਮਾਤ ਲੱਗਾ ਤਾਂ ਪਾਤਸ਼ਾਹ ਨੇ ਇਕ ਤੀਰ ਦਰਖਤ ਦੇ ਟਾਹਣ ਚ ਮਾਰਿਆ, ਨਾਲ ਚਿੱਠੀ ਸੀ ਜਿਸ ਵਿਚ ਲਿਖਿਆ ਸੀ, ਕਰਾਮਾਤ ਨਹੀਂ ਅਭਿਆਸ। ਜੰਗ ਦੇ ਮੈਦਾਨ ਵਿੱਚ ਜਦੋਂ ਪੈਂਦੇ ਖਾਂ ਛੇਵੇਂ ਪਾਤਸ਼ਾਹ ਤੇ ਵਾਰ ਕਰਦਾ ਕਰਦਾ ਹੰਭ ਗਿਆ ਤਾਂ ਪਾਤਸ਼ਾਹ ਨੇ ਸਿੱਖਿਆ ਦਿੰਦਿਆਂ ਕਿਹਾ ਇਉਂ ਨਹੀਂ ਇਉਂ ਵਾਰ ਕਰੀਦਾ ਹੈ। ਸੱਚ ਦੇ ਰਾਹ ਤੇ ਤੇਗ ਫੜ੍ਹ ਚੱਲ ਰਿਹਾ ਕਦੇ ਵੀ ਕਿਸੇ ਤੇ ਵਾਧਾ ਨਹੀਂ ਕਰਦਾ, ਇਸ ਗੱਲ ਦੀਆਂ ਇਤਿਹਾਸ ਵਿੱਚ ਬੇਅੰਤ ਗਵਾਹੀਆਂ ਹਨ। ਗੁਰੂ ਪਾਤਸ਼ਾਹ ਦੀਆਂ ਜੰਗਾਂ ਵੇਲੇ ਦੋਵਾਂ ਪਾਸਿਓਂ ਲੜਨ ਵਾਲਿਆਂ ਦਾ ਸੰਸਕਾਰ ਅਤੇ ਇਲਾਜ ਬਿਨਾਂ ਕਿਸੇ ਭੇਦਭਾਵ ਦੇ ਕਰਵਾਇਆ ਜਾਂਦਾ ਸੀ। ਬਾਬਾ ਬੰਦਾ ਸਿੰਘ ਵੇਲੇ ਕਿਸੇ ਵੀ ਪੀਰ ਫਕੀਰ ਦੀ ਕੋਈ ਜਗ੍ਹਾ ਨੂੰ ਨੁਕਸਾਨ ਨਹੀਂ ਪਹੁੰਚਾਇਆ ਗਿਆ। ਜੇ ਮੁਲਤਾਨ ਦੀ ਲੜਾਈ ਵਿੱਚ ਮੁਜ਼ੱਫਰ ਖਾਂ ਦੇ ਦੋ ਪੁੱਤ ਜਿਓਂਦੇ ਗ੍ਰਿਫਤਾਰ ਕੀਤੇ ਗਏ ਤਾਂ ਉਹਨਾਂ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਜਗੀਰ ਦਿੱਤੀ, ਉਹਨਾਂ ਤੇ ਕੋਈ ਵਾਧਾ ਨਹੀਂ ਕੀਤਾ। ਸਿੱਖ ਚੜ੍ਹ ਕੇ ਆਏ ਲਈ ਤੇਗ ਵਾਹੁੰਦਾ ਹੈ, ਜ਼ੁਲਮ ਨੂੰ ਨੱਥ ਪਾਉਣ ਲਈ ਤੇਗ ਵਾਹੁੰਦਾ ਹੈ, ਸਿੱਖ ਕਦੀ ਕਿਸੇ ਨਿਹੱਥੇ ਤੇ ਸਸ਼ਤਰ ਦਾ ਵਾਰ ਨਹੀਂ ਕਰਦਾ। ਜੰਗ ਦੇ ਦੌਰਾਨ ਵੀ ਜੇ ਅਬਦੁੱਲਾ ਖਾਂ ਸਸਤਰਹੀਨ ਹੋ ਜਾਂਦਾ ਹੈ ਤਾਂ ਛੇਵੇਂ ਪਾਤਸਾਹ ਕਿਰਪਾਨ ਦਾ ਵਾਰ ਨਹੀਂ ਕਰਦੇ, ਸਗੋਂ ਬਿਨਾਂ ਸਸਤਰ ਤੋਂ ਹੀ ਉਹਨੂੰ ਧੁਰ ਪਹੁੰਚਾਉਂਦੇ ਹਨ। ਰਣਜੀਤ ਸਿੰਘ ਦੀ ਸਾਰੀ ਫੌਜ ਨੂੰ ਪੱਕੀ ਹਦਾਇਤ ਹੁੰਦੀ ਸੀ ਕਿ ਕਦੀ ਕਿਸੇ ਬੇ-ਹਥਿਆਰੇ ਤੇ ਹੱਥ ਨਹੀਂ ਚੁੱਕਣਾ। ਸਿੱਖ ਨੇ ਹਮੇਸ਼ਾ ਹੀ ਸੱਚ ਦੇ ਰਾਹ ਤੇ ਚੱਲਣਾ ਹੈ ਅਤੇ ਇਸ ਰਾਹ ਤੇ ਚਲਦਿਆਂ ਉਹਦੀ ਝੂਠ ਨਾਲ ਟੱਕਰ ਲਾਜਮੀ ਹੈ। ਸਿੱਖ ਦਾ ਫਰਜ ਹੈ ਆਪਣੇ ਗੁਰੂ ਦੇ ਦੱਸੇ ਢੰਗ ਤਰੀਕਿਆਂ ਅਨੁਸਾਰ ਚੱਲਣ ਦਾ, ਓਹਦਾ ਪੈਮਾਨਾ ਕੋਈ ਦੁਨਿਆਵੀ ਰਾਜ ਪ੍ਰਬੰਧ ਨਹੀਂ ਹੋ ਸਕਦਾ। ਜੇ ਸਾਡੇ ਲਈ ਪੈਮਾਨਾ ਕੋਈ ਦੁਨਿਆਵੀ ਰਾਜ ਪ੍ਰਬੰਧ ਹੈ ਤਾਂ ਇਹ ਨੁਕਸ਼ ਸਾਡਾ ਆਪਣਾ ਹੈ। ਇਹ ਗੁਰੂ ਪਾਤਸ਼ਾਹ ਨੂੰ ਮਹਿਸੂਸ ਕਰਕੇ ਇਸ ਦੁਨਿਆਵੀ ਰਾਜ ਪ੍ਰਬੰਧ ਤੋਂ ਦੂਰ ਖਲੋ ਕੇ ਹੀ ਸਮਝਿਆ ਜਾ ਸਕੇਗਾ। ਪਾਤਸ਼ਾਹ ਮੌਤ ਨੂੰ ਜਿੰਦਗੀ ਦਾ ਆਖਰੀ ਸਿੱਟਾ ਆਖਦੇ ਹਨ ਤੇ ਯੁੱਧ ਦੀ ਮੌਤ ਨੂੰ ਉੱਤਮ ਮੌਤ ਕਹਿੰਦੇ ਹਨ। ਦੂਨੀ ਚੰਦ ਗੁਰੂ ਤੇ ਭਰੋਸਾ ਕਰਦਾ ਤਾਂ ਹਾਥੀ ਤੇ ਫਤਹਿ ਪਾ ਲੈਂਦਾ ਪਰ ਉਹ ਮੌਤ ਤੋਂ ਭੱਜਿਆ, ਭੱਜਦੇ ਨੇ ਲੱਤ ਤੜਾਈ, ਪਿੰਡ ਮਿਹਣੇ ਸਹੇ, ਅੰਤ ਸੱਪ ਲੜਨ ਨਾਲ ਮਰ ਗਿਆ। ਦਸਵੇਂ ਪਾਤਸ਼ਾਹ ਨੇ ਜਦੋਂ 'ਫੱਤੇ' ਨੰਬਰਦਾਰ ਨੂੰ ਘੋੜੀ ਲਿਆਉਣ ਲਈ ਕਿਹਾ ਤਾਂ ਉਹਨੇ ਸਰਕਾਰ ਅਤੇ ਮੌਤ ਦੇ ਡਰ ਤੋਂ ਘੋੜੀ ਦੇਣ ਤੋਂ ਮਨਾ ਕਰ ਦਿੱਤਾ। ਘਰ ਜਾ ਕੇ ਦੇਖਿਆ ਘੋੜੀ ਸੱਪ ਲੜਨ ਨਾਲ ਮਰੀ ਪਈ ਹੈ। ਅਗਲੇ ਦਿਨ 'ਫੱਤਾ' ਆਪ ਵੀ ਸੱਪ ਲੜਨ ਨਾਲ ਮਰ ਜਾਂਦਾ ਹੈ। ਮੌਤ ਨੇ ਤਾਂ ਅਖੀਰ ਆਉਣਾ ਹੀ ਹੈ, ਅਸੀਂ ਮੂੰਹ ਕਿੱਧਰ ਕਰਨਾ ਹੈ ਇਹ ਫੈਸਲਾ ਸਾਡੇ ਹੱਥ ਹੈ।

# ਸਿੱਖ ਕੋਆਰਡੀਨੇਸ਼ਨ ਕਮੇਟੀ ਨਿਊਯਾਰਕ ਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਰਦੋਸ਼ ਸਿੱਖਾਂ ਨੂੰ ਝੂਠੇ ਮੁਕੱਦਮਿਆਂ ਵਿਚ ਫਸਾਉਣ ਦੀ ਸਖਤ ਨਿੰਦਿਆ ਕੀਤੀ

**- ਬਲਵਿੰਦਰਪਾਲ ਸਿੰਘ ਖਾਲਸਾ**

ਸਿੱਖ ਕੋਆਰਡੀਨੇਸ਼ਨ ਕਮੇਟੀ ਨਿਊਯਾਰਕ ਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਇਕ ਸਾਂਝੇ ਬਿਆਨ ਵਿਚ ਭਾਰਤ ਵਿਚ ਮੋਦੀ ਸਰਕਾਰ ਤੇ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਦੀ ਇਸ ਗੱਲੋਂ ਸਖਤ ਨਿੰਦਿਆ ਕੀਤੀ ਹੈ ਕਿ ਉਹ ਨਿਰਦੋਸ਼ ਸਿਖਾਂ ਨੂੰ ਝੂਠੇ ਪਰ ਬਹੁਤ ਸਖਤ ਮੁਕਦੱਮਿਆਂ ਵਿਚ ਉਲਝਾ ਰਹੇ ਹੈ। ਭਾਰਤ ਸਰਕਾਰ ਦਹਾਕਿਆਂ ਤੋਂ ਬਹੁਤ ਸਖਤ ਕਾਨੂੰਨ ਬਣਾ ਕੇ ਸਿੱਖਾਂ ਤੇ ਹੋਰ ਘੱਟ ਗਿਣਤੀਆਂ ਨੂੰ ਉਨਾਂ ਕਾਨੂੰਨਾਂ ਦੀ ਆੜ ਵਿਚ ਉਲਝਾ ਕੇ ਸਾਲਾਂ ਬੱਧੀ ਜੇਲਾਂ ਵਿਚ ਰੱਖਦੀ ਰਹੀ ਹੈ। ਇਨਾਂ ਖਤਰਨਾਕ ਧਾਰਾਵਾਂ ਵਾਲੇ ਕਾਨੂੰਨਾਂ ਵਿਚ ਯੂਆਪਾ, ਟਾਡਾ,ਪੋਟਾ, ਐਨਪੀਆਰ ਤੇ ਸੀਏਏ ਆਦਿ ਹਨ, ਪਿੱਛੇ ਜਿਹੇ ਯੂਆਪਾ (UAPA) ਕਾਨੂੰਨ ਵਿਚ ਸੋਧ ਕਰਕੇ ਪਹਿਲੇ ਕਾਨੂੰਨ ਨੂੰ ਕਾਫੀ ਸਖਤ ਕਰ ਦਿਤਾ ਗਿਆ ਹੈ, ਜਿਸ ਵਿਚ ਲੰਮੇ ਸਮੇਂ ਵਾਸਤੇ ਜਮਾਨਤ ਹੀ ਨਹੀਂ ਹੁੰਦੀ ਤੇ ਬਹੁਤ ਸਾਲਾਂ ਤੱਕ ਬੰਦਾ ਜੇਲ ਵਿਚ ਸੜਦਾ ਰਹਿੰਦਾ ਹੈ। ਫੜੇ ਗਏ ਨੌਂ ਸਿੱਖਾਂ ਉਤੇ ਇਹੀ ਸਖਤ ਕਾਨੂੰਨ ਵਰਤਿਆ ਗਿਆ ਹੈ। ਫੜੇ ਗਏ ਨੌਂ ਸਿੱਖ ਤੇ ਉਨਾਂ ਦੀਆਂ ਜਥੇਬੰਦੀਆਂ ਪਰਦੇਸ਼ਾਂ ਵਿਚ ਅ?ਜਾਦ ਸਿੱਖ ਰਾਜ ਖਾਲਿਸਤਾਨ ਵਾਸਤੇ, ਉਨਾਂ ਦੇਸ਼ਾਂ ਵਿਚ ਕਾਨੂੰਨ ਅਨੁਸਾਰ ਤੇ ਲੋਕਤੰਤਰੀ ਢੰਗਾਂ ਨਾਲ ਪਰਚਾਰ ਕਰ ਰਹੇ ਹਨ। ਜਿਸਦੀ ਭਾਰਤ ਨੂੰ ਕੋਈ ਤਕਲੀਫ ਨਹੀਂ ਹੋਣੀ ਚਾਹੀਦੀ।

ਪਰ ਭਾਰਤ ਸਰਕਾਰ, ਪੰਜਾਬ ਸਰਕਾਰ ਤੇ ਪੰਜਾਬ ਪੁਲੀਸ ਨਿਰਦੋਸ਼ ਸਿੱਖਾਂ ਨੂੰ ਡਰਾ ਧਮਕਾ ਕੇ ਬਾਕੀ ਸਿੱਖ ਕੌਮ ਅੰਦਰ ਡਰ ਵਾਲਾ ਮਾਹੌਲ ਬਣਾ ਰਹੀ ਹੈ ਤਾਂ ਕਿ ਸਿੱਖ ਖਾਲਿਸਤਾਨ ਦੀ ਮੰਗ ਨਾ ਕਰਨ ਤੇ ਭਾਰਤ ਸਰਕਾਰ ਦੇ ਗੁਲਾਮ ਬਣੇ ਰਹਿਣ।

ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਹਿੰਮਤ ਸਿੰਘ ਹੁਰਾਂ ਕਿਹਾ ਕਿ ਭਾਰਤ ਸਰਕਾਰ ਦੇ ਦੋਹਰੇ ਮਾਪਦੰਡਾਂ ਦੀ ਵੀ ਭਾਰੀ ਨਿੰਦਿਆ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਮੋਦੀ ਦੀ ਆਰ ਐਸ ਐਸ ਤੇ ਭਾਜਪਾ ਪਾਰਟੀ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਣ ਦਾ ਪੂਰਾ ਇਰਾਦਾ ਰੱਖਦੇ ਹਨ ਤੇ ਇਸ ਬਾਰੇ ਪਰੈਸ ਵਿਚ ਲਗਾਤਾਰ ਪਰਚਾਰ ਵੀ ਕਰਦੇ ਹਨ ਤੇ ਇਸ ਤਰਾਂ ਕਰਨ ਨਾਲ ਪੁਲੀਸ ਕਿਸੇ ਉਤੇ ਮੁਕੱਦਮਾ ਦਰਜ ਨਹੀਂ ਕਰਦੀ। ਪਰ ਜੇ ਸਿੱਖ ਆਪਣੇ ਦੇਸ਼ ਖਾਲਿਸਤਾਨ ਦੀ ਗੱਲ ਕਰਦੇ ਹਨ ਤਾਂ ਜੇਲਾਂ ਵਿਚ ਸੁੱਟ ਦਿੱਤ ਜਾਦੇ ਹਨ। ਸਿੱਖ, ਸੰਯੁਕਤ ਰਾਸ਼ਟਰ ਸੰਘ ਦੇ ਨਿਯਮਾਂ ਅਨੁਸਾਰ ਰੈਫਰੈਂਡਮ ਕਰਵਾ ਕੇ ਖਾਲਿਸਤਾਨ ਬਣਾਉਣ ਵਾਸਤੇ ਲੋਕਾਂ ਦੀ ਰਾਏ ਜਾਨਣਾ ਚਾਹੁੰਦੇ ਹਨ ਪਰ ਭਾਰਤ ਸਰਕਾਰ ਇਹੋ ਜਿਹੀ ਮੰਗ ਨੂੰ ਅੱਤਵਾਦ ਨਾਲ ਜੋੜ ਦੇਂਦੀ ਹੈ। ਜੋ ਕਿ ਸਰਾਸਰ ਬੇਇਨਸਾਫੀ ਹੈ। ਹਿੰਮਤ ਸਿੰਘ ਹੁਰਾਂ ਯਾਦ ਕਰਵਾਇਆ ਕਿ ਕੋਆਰਡੀਨੇਸ਼ਨ ਕਮੇਟੀ ਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਂਝੇ ਤੌਰ ਉਤੇ ਦੋ ਸਾਲ ਪਹਿਲਾਂ ਭਾਰਤੀ ਰਾਜਦੂਤਾਂ ਤੇ ਭਾਰਤ ਸਰਕਾਰ ਦੇ ਅਫਸਰਾਂ ਨੂੰ ਅਮਰੀਕਾ ਦੇ ਕਿਸੇ ਵੀ ਗੁਰਦੁਆਰਾ ਸਾਹਿਬ ਵਿਚ ਸੰਗਤਾਂ ਨੂੰ ਸੰਬੋਧਨ ਕਰਨ ਤੇ ਪਾਬੰਦੀ ਲਾ ਦਿੱਤੀ ਸੀ, ਇਹ ਦੋਵੇਂ ਸੰਸਥਾਵਾਂ ਅਮਰੀਕਾ ਦੇ ਦੋ ਸੌ ਪੰਜਾਹ ਗੁਰਦੁਆਰਾ ਸਾਹਿਬ ਦੀ ਪ੍ਰਤੀਨਿਧਤਾ ਕਰਦੀਆਂ ਹਨ। ਏਜੀਪੀਸੀ ਦੇ ਕੋਆਰਡੀਨੇਟਰ ਡਾ: ਪ੍ਰਿਤਪਾਲ ਸਿੰਘ ਹੁਰਾਂ ਕਿਹਾ ਕਿ ਭਾਰਤ ਸਰਕਾਰ ਅੱਤਰਾਸ਼ਟਰਵਾਦ ਤੇ ਸਟੇਟ ਉਗਰਰਾਸ਼ਟਰਵਾਦ ਦੀ ਸਮਰਥਕ ਹੈ ਤੇ ਫਾਸ਼ਿਸਟ ਵੀਚਾਰਧਾਰਾ ਦੀ ਸਰਰਥਕ ਹੋਣ ਕਰਕੇ ਘੱਟ ਗਿਣਤੀਆਂ ਨੂੰ ਦਬਾਉਣ ਤੇ ਉਨਾਂ ਕੋਲੋਂ ਨਾਗਰਿਕਤਾ ਖੋਹ ਕੇ ਉਨਾਂ ਨੂੰ ਲਗਾਤਾਰ ਜੇਲਾਂ ਵਿਚ ਰੱਖਣ ਦੀਆਂ ਸਟੇਟ-ਦਹਿਸ਼ਗਰਦੀ ਯੋਜਨਾਵਾਂ ਉਤੇ ਤੇਜੀ ਨਾਲ ਕੰਮ ਕਰ ਰਹੀ ਹੈ। ਜਰਮਨੀ ਵਿਚ ਹਿਟਲਰ ਨੇ ਵੀ ਯਹੂਦੀਆਂ ਜਾਲ ਅਜਿਹਾ ਹੀ ਕੀਤਾ ਸੀ ਤੇ ਸੱਠ ਲੱਖ ਯਹੂਦੀ ਕਤਲ ਕਰ ਦਿੱਤੇ ਸਨ। ਕਰੋਨਾ ਵਾਇਰਸ ਕਰਕੇ ਪੂਰੇ ਸੰਸਾਰ ਵਿਚ ਸਿੱਖ ਕੌਮ ਵੱਲੋਂ ਕੀਤੀ ਲੰਗਰਾਂ ਤੇ ਹੋਰ ਜਰੂਰੀ ਸੇਵਾਵਾਂ ਦੀ ਸੇਵਾ ਕਰਨ ਕਰਕੇ ਵਾਹਵਾ ਸਤਿਕਾਰ ਤੇ ਪਿਆਰ ਹਾਸਲ ਕੀਤਾ ਹੈ, ਤੇ ਅਜਿਹੇ ਖੁਸ਼ਗਵਾਰ ਮੌਕੇ ਜੇ ਸਿੱਖ ਆਪਣੇ ਵੱਖਰੇ ਦੇਸ਼ ਦੀ ਮੰਗ ਕਰਦੇ ਹਨ ਤਾਂ ਪੂਰੇ ਸੰਸਾਰ ਵਿਚ ਬਹੁਤ ਸਾਰਾ ਸਮਰਥਨ ਹਾਸਲ ਕਰ ਸਕਦੇ ਹਨ ਪਰ ਭਾਰਤ ਸਰਕਾਰ ਐਸਾ ਹਰਗਿਜ ਨਹੀਂ ਚਾਹੁੰਦੀ ਤੇ ਇਸੇ ਕਰਕੇ ਸਿਖ ਕੌਮ ਨੂੰ ਬਦਨਾਮ ਕਰਨ ਦਾ ਮੌਕਾ ਹੱਥੋਂ ਨਹੀਂ ਜਾਣ ਦੇਦੀ। ਵੀਰ ਹਿੰਮਤ ਸਿੰਘ ਤੇ ਡਾਕਟਰ ਪ੍ਰਿਤਪਾਲ ਸਿੰਘ ਨੇ ਪਾਕਿਸਤਾਨ ਪੰਜਾਬ ਵਿਚ ਬੱਸ ਤੇ ਟਰੇਨ ਦੀ ਟੱਕਰ ਵਿਚ ਸਿੱਖ ਯਾਤਰੀਆਂ ਦੇ ਮਾਰੇ ਜਾਣ ਉਤੇ ਦੁੱਖ ਦਾ ਇਜਹਾਰ ਕਰਦਿਆ ਪ੍ਰਵਾਰਾਂ ਨਾਲ ਹਮਦਰਦੀ ਜਾਹਰ ਕੀਤੀ ਹੈ।

# ਚੰਬਲ-ਬਹੁਪੱਖੀ ਇਤਿਹਾਸਕ ਸ਼ਬਦ



- ਇੰਸ.ਗੁਰਪ੍ਰੀਤ ਸਿੰਘ ਚੰਬਲ

(ਸੰਪਰਕ ਨੰ.98881-40052)

ਚੰਬਲ ਸ਼ਬਦ ਦੀ ਗੱਲ ਕਰੀਏ ਤਾਂ ਚੰਬਲ ਅਥਵਾ ਗਜਚੰਮ ਇਹ ਇੱਕ ਚਮੜੀ ਦਾ ਰੋਗ ਹੈ ਇਹ ਸਰੀਰ ਦੇ ਕਿਸੇ ਵੀ ਅੰਗ ਤੇ ਹੋ ਸਕਦਾ ਹੈ। ਇਸ ਰੋਗ ਵਿੱਚ ਚਮੜੀ ਉੱਪਰ ਖਾਰਸ਼ ਹੁੰਦੀ ਹੈ ਅਤੇ ਚਿੱਟਾ ਦੁਧੀਆ ਰੰਗ ਦਾ ਪਾਣੀ ਚਮੜੀ ਵਿੱਚੋਂ ਵਹਿੰਦਾ ਹੈ। ਪਰ ਇੱਥੇ ਇਹ ਵੀ ਵਰਨਣਯੋਗ ਹੈ ਕਿ ਚੰਬਲ ਸ਼ਬਦ ਦਾ ਇੱਕ ਰੂੜੀਵਾਦੀ ਅਰਥ 'ਪਾਣੀ ਦਾ ਵਹਿਣ' ਵੀ ਹੈ। ਬ੍ਰਿਟਿਸ਼ ਐਸੋਸੀਏਸ਼ਨ ਆਫ ਡਰਮਾਟੋਲਜਿਸਟਸ ਵੱਲੋਂ ਚੰਬਲ ਬਿਮਾਰੀ ਦੀ ਸੰਖੇਪ ਜਾਣਕਾਰੀ ਸਬੰਧੀ ਇੱਕ ਕਿਤਾਬਚਾ 'ਮਾਰਚ-2005' ਵਿੱਚ ਛਾਪਿਆ ਗਿਆ ਸੀ ਜਿਸ ਵਿੱਚ ਇਸ ਦੇ ਬਾਬਤ ਬਹੁਤ ਖੋਜ ਭਰਪੂਰ ਵੇਰਵਾ ਦਰਜ ਹੈ। ਚੰਬਲ ਭਾਵ ਐਗਜ਼ਿਮਾ ਉਹ ਸ਼ਬਦ ਹੈ ਜੋ ਯੂਨਾਨੀ ਸ਼ਬਦ 'ਉਬਾਲਣਾ' ਤੋਂ ਬਣਿਆ ਹੈ ਅਤੇ ਇਹ ਲਾਲ, ਖੁਸ਼ਕ ਅਤੇ ਖਾਰਸ਼ਦਾਰ ਚਮੜੀ ਦਾ ਵਰਣਨ ਕਰਨ ਲਈ ਵਰਤਿਆ ਜਾਂਦਾ ਹੈ ਜਿਸ ਚਮੜੀ ਵਿੱਚੋਂ ਕਈ ਵਾਰੀ ਪਾਣੀ ਰਿਸ ਸਕਦਾ ਹੈ, ਛਾਲੇ ਹੋ ਸਕਦੇ ਹਨ ਅਤੇ ਚਮੜੀ ਤੇ ਛਿਲਕੇ ਵਾਲੀ ਮੋਟੀ ਜਿਹੀ ਪਾਪੜੀ ਜੰਮ ਸਕਦੀ ਹੈ। ਸ਼ਬਦ ਚੰਬਲ (ਐਗਜ਼ਿਮਾ) ਅਤੇ ਚੰਮ ਰੋਗ 'ਡਰਮਾਟੀਟਿਸ' ਦਾ ਮਤਲਬ ਇੱਕ ਹੀ ਹੈ ਅਤੇ ਇਸ ਤਰਾਂ ਐਟੋਪਿਕ-ਐਗਜ਼ਿਮਾ ਭਾਵ ਕਿ ਐਲਰਜੀ ਵਾਲੀ ਚੰਬਲ ਦਾ ਮਤਲਬ ਉਹੀ ਹੈ ਜੋ ਐਟੋਪਿਕ ਡਰਮਾਟੀਟਿਸ ਭਾਵ ਐਲਰਜੀ ਵਾਲੇ ਚੰਮ ਰੋਗ ਦਾ ਹੈ। ਐਲਰਜੀ ਵਾਲੀ ਚੰਬਲ 'ਐਟੋਪਿਕ ਐਗਜ਼ਿਮਾ' ਇਕ ਜਟਿਲ ਰੋਗ ਹੈ ਜੋ ਛੂਤ ਵਾਲੀ ਬਿਮਾਰੀ ਵਿੱਚ ਨਹੀਂ ਆਉਂਦਾ। ਇਸ ਦੇ ਵਿਕਾਸ ਲਈ ਬਹੁਤ ਸਾਰੇ ਕਾਰਕ ਮਹੱਤਵਪੂਰਨ ਜਾਪਦੇ ਹਨ ਜਿਵੇਂ ਚਮੜੀ ਦੇ ਬੈਰੀਅਰ ਵਿੱਚ ਨੁਕਸ ਅਤੇ ਸਾਧਾਰਨ ਜਲਣ ਵਾਲੀਆਂ ਅਤੇ ਐਲਰਜੀ ਸਬੰਧੀ ਪ੍ਰਤੀਕਿਰਿਆਵਾਂ ਵਿੱਚ ਅਸਧਾਰਨਤਾਵਾਂ ਦਾ ਹੋਣਾ। ਐਲਰਜੀ ਵਾਲੀਆਂ ਬਿਮਾਰੀਆਂ ਪ੍ਰਤੀ ਰੁਝਾਨ ਅਕਸਰ ਪੀੜੀ-ਦਰ-ਪੀੜੀ ਚੱਲਦਾ ਹੈ। ਇਸ ਨੂੰ ਕੋਹੜ ਜਾਂ ਖਾਰਸ਼ ਦੇ ਰੋਗ ਵਜੋਂ ਵੀ ਜਾਣਿਆ ਜਾਂਦਾ ਹੈ।

ਵਿਗਿਆਨਕ ਨਜ਼ਰੀਏ ਪੱਖੋਂ ਇਸਦਾ ਪੱਕਾ ਇਲਾਜ ਤਾਂ ਨਹੀਂ ਕੀਤਾ ਜਾ ਸਕਦਾ ਪਰ ਇਸਨੂੰ ਕੰਟਰੋਲ ਕਰਨ ਦੇ ਬਹੁਤ ਸਾਰੇ ਤਰੀਕੇ ਹਨ। ਐਲਰਜੀ ਵਾਲੀ ਚੰਬਲ ਵਾਲੇ ਜ਼ਿਆਦਾਤਰ ਬੱਚਿਆਂ ਵਿੱਚ ਵੱਡੇ ਹੋਣ ਤੇ ਰੋਗ ਦੇ ਲੱਛਣਾਂ ਵਿੱਚ ਸੁਧਾਰ ਹੋ ਜਾਂਦਾ ਹੈ। ਉਹਨਾਂ ਦੇ ਅੱਲੜ ਉਮਰ ਵਿੱਚ ਪਹੁੰਚਣ ਤੱਕ 60% ਚੰਬਲ ਸਾਫ਼ ਹੋ ਜਾਂਦੀ ਹੈ। ਪਰ ਕਈਆਂ ਦੀ ਚਮੜੀ ਖੁਸ਼ਕ ਰਹਿਣੀ ਜਾਰੀ ਰਹਿੰਦੀ ਹੈ ਅਤੇ ਉਹਨਾਂ ਨੂੰ ਜਲੂਣਕਾਰੀ ਪਦਾਰਥਾਂ ਤੋਂ ਬਚਣ ਦੀ ਲੋੜ ਪੈ ਸਕਦੀ ਹੈ ਜਿਵੇਂ ਕਿ ਸਾਬਣ ਜਾਂ ਸਾਬਣ ਦੀ ਝੱਗ ਵਿੱਚ ਬੈਠ ਕੇ ਨਹਾਉਣ ਤੋਂ ਪ੍ਰਹੇਜ਼ ਦੀ ਲੋੜ ਹੈ। ਚੀਨੀ ਜੜੀ-ਬੂਟੀਆਂ ਅਤੇ ਸੰਘਟਕਾਂ ਦੁਆਰਾ ਵੀ ਇਸ ਦਾ ਇਲਾਜ ਕੀਤਾ ਜਾਂਦਾ ਹੈ। ਚੰਬਲ ਦੇ ਜ਼ਿਆਦਾਤਰ ਇਲਾਜ ਟੋਪੀਕਲ ਹੁੰਦੇ ਹਨ-ਟੋਪੀਕਲ ਦਾ ਮਤਲਬ ਹੈ ਚਮੜੀ ਦੀ ਸਤਹਿ ਤੇ ਲਗਾਉਣਾ ਪਰ ਜ਼ਿਆਦਾ ਗੰਭੀਰ ਚੰਬਲ ਲਈ ਕੁਝ ਲੋਕਾਂ ਨੂੰ ਮੌਖਿਕ ਦਵਾਈ ਭਾਵ ਕਿ ਮੂੰਹ ਦੁਆਰਾ ਲੈਣ ਦੀ ਵੀ ਲੋੜ ਹੁੰਦੀ ਹੈ। ਚੰਬਲ ਦੇ ਸਾਰੇ ਮਰੀਜ਼ਾਂ ਲਈ 'ਸੰਪੂਰਣ ਮਾਲਸ਼ੀ ਚਿਕਿਤਸਾ' ਇਸ ਦੇ ਇਲਾਜ ਦਾ ਮੁੱਖ ਆਸਰਾ ਹੈ ਕਿਉਂਕਿ ਇਹ ਉਹਨਾਂ ਦੇ ਇਲਾਜ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੈ। ਦੇਸੀ ਤਰੀਕੇ ਅਨੁਸਾਰ ਇਸ ਦਾ ਸਾਧਾਰਨ ਜਿਹਾ ਇਲਾਜ ਇਹ ਹੈ ਕਿ ਸਰੀਰ ਦੇ ਜਿਸ ਹਿੱਸੇ ਉੱਪਰ ਇਸ ਰੋਗ ਦੇ ਲੱਛਣ ਹੋਣ ਉਸ ਹਿੱਸੇ ਨੂੰ ਚੰਗੀ ਤਰਾਂ ਸਾਫ ਰੱਖੋ, ਖਾਰਸ਼ ਹੋਣ ਤੇ ਸਰੋਂ ਦੇ ਤੇਲ ਦੀ ਮਾਲਿਸ਼ ਕਰੋ ਅਤੇ ਉਸ ਉੱਪਰ ਰਾਖ ਜਾਂ ਸੁੱਚੀ ਮਿੱਟੀ ਲਗਾਉ ਕੁਝ ਦਿਨ ਇਸ ਤਰਾਂ ਉਪਚਾਰ ਕਰਨ ਨਾਲ ਚਮੜੀ ਦਾ ਇਹ ਰੋਗ ਦਰੁਸਤ ਹੋ ਜਾਂਦਾ ਹੈ।

ਭਾਰਤ ਵਰਗੇ ਮਹਾਨ ਦੇਸ਼ ਵਿੱਚ ਚੰਬਲ ਨਾਮ ਦੀ ਇੱਕ 'ਚੰਬਲ-ਘਾਟੀ' ਵੀ ਹੈ ਇਹ ਘਾਟੀ ਮੱਧ-ਪ੍ਰਦੇਸ਼ ਦੇ ਖਿੱਤੇ ਵਿੱਚ ਹੈ ਅਤੇ ਇਸ ਦਾ ਸ਼ਾਨਾਮੱਤਾ ਗੌਰਵਮਈ ਇਤਿਹਾਸ ਹੈ। ਚੰਬਲ-ਘਾਟੀ ਦੀ ਪਛਾਣ ਸਿਰਫ ਡਾਕੂਆਂ ਤੇ ਬਾਗੀਆਂ ਨਾਲ ਹੀ ਨਹੀਂ ਬਲਕਿ ਚੰਬਲ-ਘਾਟੀ ਦੀ ਧਰਤੀ ਤੇ ਕ੍ਰਾਂਤੀਕਾਰੀ ਸੂਰਬੀਰ ਰਾਮ ਪ੍ਰਸਾਦ ਬਿਸਮਿਲ ਅਤੇ ਅਰਜੁਨ ਸਿੰਘ ਭਦੌਰੀਆ ਵਰਗੇ ਯੋਧੇ ਵੀ ਪੈਦੇ ਹੋਏ ਹਨ ਜਿਹਨਾਂ ਨੇ ਦੇਸ਼ ਦੀ ਆਨ-ਬਾਨ-ਸ਼ਾਨ ਦੇ ਲਈ ਆਪਣੀ ਜਾਨ ਤੱਕ ਦੀ ਬਾਜ਼ੀ ਲਾ ਦਿੱਤੀ। ਅੱਜ ਵੀ ਚੰਬਲ-ਘਾਟੀ ਦੀ ਧਰਤੀ ਪੂਰੀ ਤਰਾਂ ਨਾਲ ਬੰਜ਼ਰ ਬਣੀ ਹੋਈ ਹੈ ਅਤੇ ਸਾਡੇ ਦੇਸ਼ ਦੀ ਬਹਾਦਰ ਸੈਨਾ ਇਸ ਇਲਾਕੇ ਵਿੱਚ ਆਪਣੀ ਸੇਵਾ ਨਿਭਾਅ ਰਹੀ ਹੈ। ਇਸ ਧਰਤੀ ਤੇ ਪੈਦੇ ਹੋਏ ਅਨੇਕਾਂ ਹੀ ਬਹਾਦਰ ਫੌਜੀ ਦੇਸ਼ ਦੀ ਸੁਰੱਖਿਆ ਅਤੇ ਇਸ ਘਾਟੀ ਦੀ ਸੁਰੱਖਿਆ ਦੀ ਖਾਤਰ ਸ਼ਹੀਦ ਹੋਏ ਹਨ। ਚੰਬਲ-ਘਾਟੀ ਦੇ ਮੁਰੈਨਾ ਵਿੱਚ ਸਥਿਤ 'ਅਭਿਯੁਦਯ-ਆਸ਼ਰਮ' ਨਾਂ ਦਾ ਸਕੂਲ 1992 ਤੋਂ

The proposed river links




Source: Uma Shankari 2004, 'Interlinking Rivers: Contradictions & Confrontations' report on the electronic debate at riverlink@yahoogroups.com, p72

ਲੈ ਕੇ ਹੁਣ ਵੀ ਚੰਬਲ-ਘਾਟੀ ਵਿੱਚ ਵੇਸਵਾਪੁਣੇ ਨੂੰ ਰੋਕਣ ਤੇ ਬੱਚੀਆਂ ਨੂੰ ਸਿੱਖਿਆ ਪ੍ਰਦਾਨ ਕਰ ਕੇ ਰੁਜ਼ਗਾਰ ਦੇਣ ਵਾਲੇ ਹੁਨਰ ਸਿਖਾਉਣ ਦਾ ਕੰਮ ਕਰ ਰਿਹਾ ਹੈ। ਇਸ ਤੋਂ ਇਲਾਵਾ ਚੰਬਲ-ਘਾਟੀ ਦੀਆਂ ਸਫੈਦ ਰੰਗੀਆਂ ਵਿਲੱਖਣ ਨਸਲ ਦੀਆਂ ਪ੍ਰਵਾਸੀ ਚਿੜੀਆਂ ਵੀ ਕੁਦਰਤ ਦਾ ਇੱਕ ਵਡਮੁੱਲਾ ਅੰਗ ਹਨ। ਨਾਮਵਰ ਕਵੀਆਂ ਅਤੇ ਲੇਖਕਾਂ ਨੇ ਆਪਣੀਆਂ ਰਚਨਾਵਾਂ ਵਿੱਚ ਇਨਾਂ ਮਨਮੋਹਕ ਚਿੜੀਆਂ ਦਾ ਜ਼ਿਕਰ ਕੀਤਾ ਹੈ।

ਚੰਬਲ-ਘਾਟੀ ਵਿੱਚ ਬਹੁਤ ਸਾਰੇ ਨਾਮਵਰ ਡਾਕੂ ਜਿਵੇਂ ਡਾਕੂ ਮਾਨ ਸਿੰਘ, ਨਿਰਭੈ ਸਿੰਘ ਗੁੱਜਰ, ਪਾਨ ਸਿੰਘ ਤੋਮਰ, ਜਗਜੀਵਨ ਪਰਿਹਾਰ, ਅਤੇ ਫੂਲਨ ਦੇਵੀ ਵੀ ਹੋਏ ਹਨ। 10 ਅਗਸਤ 1963 ਨੂੰ ਉੱਤਰ-ਪ੍ਰਦੇਸ਼ ਦੇ ਇੱਕ ਨੀਵੀਂ ਜਾਤ ਦੇ ਪੇਂਡੂ ਪਰਿਵਾਰ ਵਿੱਚ ਜਨਮੀ ਬੈਂਡਿਟ-ਕੁਈਨ (ਡਾਕੂ-ਰਾਣੀ) ਵਜੋਂ ਮਸ਼ਹੂਰ 'ਫੂਲਨ ਦੇਵੀ' ਇੱਕ ਡਾਕੂ ਔਰਤ ਸੀ ਜੋ ਬਾਅਦ ਵਿੱਚ ਸਿਆਸਤਦਾਨ ਬਣ ਗਈ ਸੀ। ਪਰ ਫੂਲਨ ਦੇਵੀ ਇੱਕ ਨਾ-ਕਾਮਯਾਬ ਵਿਆਹ ਤੋਂ ਬਾਅਦ ਅਪਰਾਧ ਦੀ ਦੁਨੀਆ ਵਿੱਚ ਆ ਗਈ ਸੀ। ਜਦੋਂ ਫੂਲਨ ਦੇਵੀ 18 ਸਾਲਾਂ ਦੀ ਸੀ ਤਾਂ ਦੂਜੀ ਟੋਲੀ ਦੇ ਡਾਕੂਆਂ ਨੇ ਇਸ ਦੀ ਟੋਲੀ ਉੱਤੇ ਹਮਲਾ ਕੀਤਾ ਅਤੇ ਇਸ ਦੇ ਨਾਲ ਸਮੂਹਕ ਬਲਾਤਕਾਰ ਕੀਤਾ। ਇਸ ਘਟਨਾ ਤੋਂ ਬਾਅਦ ਉਹ ਆਪਣੀ ਟੋਲੀ ਦੀ ਲੀਡਰ ਬਣ ਗਈ ਅਤੇ ਉਸਨੇ ਬਦਲਾ ਲੈਣ ਦਾ ਸੋਚਿਆ। 1981 ਵਿੱਚ ਫੂਲਨ ਦੇਵੀ ਅਤੇ ਇਸ ਦੀ ਟੋਲੀ ਉਸੇ ਪਿੰਡ ਗਏ ਜਿੱਥੇ ਉਸ ਦਾ ਬਲਾਤਕਾਰ ਹੋਇਆ ਸੀ ਉਸ ਨੇ ਆਪਣੇ ਦੋ ਬਲਾਤਕਾਰੀਆਂ ਮੁਜ਼ਰਿਮਾਂ ਸਮੇਤ ਪਿੰਡ ਦੇ ਰਹਿਣ ਵਾਲੇ ਠਾਕੁਰ ਜਾਤ ਦੇ 22 ਬੰਦਿਆਂ ਨੂੰ ਇਕੱਠਾ ਕਰ ਕੇ ਮਾਰਿਆ। ਬੈਂਡਿਟ-ਕੁਈਨ ਵਜੋਂ ਜਾਣੀ ਜਾਂਦੀ ਫੂਲਨ ਦੇਵੀ 1999 ਵਿੱਚ ਸਮਾਜਵਾਦੀ ਪਾਰਟੀ ਦੀ ਟਿਕਟ ਤੇ ਮਿਰਜਾਪੁਰ ਤੋਂ ਲੋਕਸਭਾ ਦੀ ਸੰਸਦ ਵੀ ਚੁਣੀ ਗਈ ਸੀ। ਦੇਸ਼ ਦੀ ਸਭ ਤੋਂ ਵੱਡੀ ਫਰਟੀਲਾਈਜ਼ਰ ਕੰਪਨੀ ਵੀ 'ਚੰਬਲ ਫਰਟੀਲਾਈਜ਼ਰ' ਦੇ ਨਾਮ ਨਾਲ ਮਸ਼ਹੂਰ ਹੈ। ਇਸ ਤੋਂ ਇਲਾਵਾ ਹਿੰਦੀ ਫਿਲਮੀ ਜਗਤ ਵਿੱਚ ਚੰਬਲ-ਘਾਟੀ ਦੇ ਹਾਲਾਤਾਂ ਨੂੰ ਬਿਆਨਦੀਆਂ ਬਹੁਤ ਫਿਲਮਾਂ ਬਣੀਆਂ ਹਨ। ਡਾਕੂਆਂ ਦੀਆਂ ਲੁੱਟਾਂ-ਮਾਰਾਂ ਅਤੇ ਉਨਾਂ ਦੇ ਤ੍ਰਾਸਦਿਕ ਜੀਵਨ ਦੇ ਹਾਲਾਤ ਬਿਆਨਦੀ ਚੰਬਲ-ਘਾਟੀ ਭਾਰਤੀ ਇਤਿਹਾਸ ਵਿੱਚ ਕਾਫੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ। ਕੇਂਦਰੀ ਭਾਰਤ ਵਿੱਚ ਯਮੁਨਾ ਦਾ ਇੱਕ ਸਹਾਇਕ ਚੰਬਲ ਦਰਿਆ ਹੈ ਜੋ ਗੰਗਾ ਬੇਟ ਪ੍ਰਬੰਧ ਦਾ ਹਿੱਸਾ ਹੈ। ਇਸਦੇ ਸਹਾਇਕ ਦਰਿਆ ਸ਼ਿਪਰਾ, ਸਿੰਧ, ਕਲਿਸਿੰਧ ਅਤੇ ਕੁਨਨੋਂ ਦਰਿਆ ਹਨ। ਇਹ ਦਰਿਆ ਭਾਰਤ ਵਿਚ ਉੱਤਰ ਅਤੇ ਉੱਤਰ-ਕੇਂਦਰੀ ਭਾਗ ਵਿਚ ਰਾਜਸਥਾਨ ਅਤੇ ਮੱਧ-ਪ੍ਰਦੇਸ਼ ਦੇ ਧਾਰ, ਉੱਜੈਨ, ਰਤਲਾਮ, ਮੰਦਸੌਰ ਅਤੇ ਭੀੜ ਮੁਰੈਨਾ ਆਦਿ ਜ਼ਿਲਿਆਂ ਤੋਂ ਹੋ ਕੇ ਵਹਿੰਦਾ ਹੈ। ਇਹ ਦਰਿਆ ਦੱਖਣੀ ਮੋੜ ਤੋਂ ਉੱਤਰ-ਪ੍ਰਦੇਸ਼ ਵਿਚ ਯਮੁਨਾ ਵਿਚ ਸ਼ਾਮਿਲ ਹੋਣ ਤੋਂ ਪਹਿਲਾਂ ਰਾਜਸਥਾਨ ਅਤੇ ਮੱਧ-ਪ੍ਰਦੇਸ਼ ਵਿੱਚ ਦੀ ਲੰਘਦਾ ਹੈ। ਚੰਬਲ ਦਰਿਆ ਜਿਸ ਨੂੰ ਚਰਮਨਵਤੀ ਜਾਂ ਚਰਮਵਾਤੀ ਨਾਮ ਨਾਲ ਪੁਰਾਣੇ ਸਮੇਂ ਵਿੱਚ ਜਾਣਿਆ ਜਾਂਦਾ ਰਿਹਾ ਹੈ ਜੋ ਇੰਦੌਰ ਰਾਜ ਵਿੱਚੋਂ ਨਿਕਲ ਕੇ ਜਾਨਾਪਾਵ ਪਰਬਤ ਤੋਂ ਹੁੰਦਾ ਹੋਇਆ ਕੇਂਦਰੀ ਭਾਰਤ ਵਿੱਚ 650 ਮੀਲ ਲੰਮਾ ਬਾਰਾਮਾਂਹੀ ਵਹਿੰਦਾ ਦਰਿਆ ਹੈ। ਇਸ ਦਰਿਆ ਉੱਤੇ ਚਾਰ ਬਿਜਲੀ ਕੇਂਦਰ ਚੱਲ ਰਹੇ ਹਨ-ਗਾਂਧੀ ਸਾਗਰ, ਰਾਣਾ ਸਾਗਰ, ਜਵਾਹਰ ਸਾਗਰ ਅਤੇ ਕੋਟਾ-ਵੇਰਾਜ। ਚੰਬਲ ਦਰਿਆ ਕਾਵੇਰੀ, ਯਮੁਨਾ, ਸਿੰਧੂ, ਪਹੁਜ ਭਰੇਹ ਦੇ ਕੋਲ ਪੰਚਨਦਾ ਵਿਚ ਉੱਤਰ-ਪ੍ਰਦੇਸ਼ ਵਿਚ ਭਿੰਡ ਅਤੇ ਇਟਾਵਾ ਜ਼ਿਲੇ ਦੀ ਹੱਦ ਵਿੱਚ ਸ਼ਾਮਿਲ ਪੰਜ ਨਦੀਆਂ ਦੇ ਸੰਗਮ ਤੇ ਖ਼ਤਮ ਹੁੰਦਾ ਹੈ। ਇਹ ਦਰਿਆ ਇਟਾਵੇ ਤੋਂ 25 ਮੀਲ ਦੂਰ ਜਾ ਕੇ ਦੱਖਣ-ਪੱਛਮ ਵਿੱਚ ਯਮੁਨਾ ਨਦੀ ਵਿੱਚ ਜਾ ਮਿਲਦਾ ਹੈ। ਸਮੇਂ ਅਤੇ ਭੂਗੋਲਿਕ ਉਥਲ-ਪੁਥਲ ਕਾਰਨ ਇਸ ਦੀ ਲੰਬਾਈ ਅਤੇ ਭੂਗੋਲਿਕ ਬਣਤਰ ਵਿੱਚ ਕਾਫੀ ਬਦਲਾਵ ਹੋਇਆ ਹੈ।

ਅਜੋਕੇ ਦੌਰ ਦੀ ਜੇ ਗੱਲ ਕਰੀਏ ਤਾਂ ਚੰਬਲ ਇੱਕ ਜੱਟ (ਸਿੱਖ) ਬਰਾਦਰੀ ਦਾ ਸਤਿਕਾਰਯੋਗ ਗੋਤ ਹੈ। ਇਸ ਗੋਤ ਦੇ ਨਾਮ ਦੇ ਦੋ ਪਿੰਡ ਚੜਦੇ ਪੰਜਾਬ ਦੇ ਜ਼ਿਲੇ ਤਰਨਤਾਰਨ ਵਿੱਚ ਚੰਬਲ ਕਲਾਂ ਅਤੇ ਚੰਬਲ ਖੁਰਦ ਨਾਮ ਨਾਲ ਮਸ਼ਹੂਰ ਹੋਏ ਹਨ ਅਤੇ ਘੁੱਗ ਵੱਸਦੇ ਇਨਾਂ ਪਿੰਡਾਂ ਦੀ ਬਹੁਤੀ ਵਸੋਂ ਚੰਬਲ ਗੋਤ ਦੀ ਹੀ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਬਹੁਤੀਆਂ ਥਾਵਾਂ ਤੇ ਇਸ ਗੋਤ ਦੇ ਲੋਕ ਮਿਲਦੇ ਹਨ। ਤਰਨਤਾਰਨ ਤੋਂ 8 ਮੀਲ ਦੂਰ ਸ਼ੇਰੋਂ ਪਿੰਡ ਤੋਂ 2 ਮੀਲ ਦੂਰ ਚੰਬਲ ਪਿੰਡ ਵੱਸਿਆ ਹੋਇਆ ਹੈ। ਚੰਬਲ ਗੋਤ ਦੇ ਲੋਕ ਕੁਝ ਪੁਰਾਣੇ ਪੰਜਾਬ ਵਿੱਚ ਵੀ ਹਨ ਜਿਨਾਂ ਨੇ ਇਸਲਾਮ ਧਰਮ ਅਪਣਾ ਲਿਆ ਹੈ ਪ੍ਰੰਤੂ ਫਿਰ ਵੀ ਉਹ ਜੱਟ ਮੁਸਲਮਾਨ ਅਖਵਾਉਣ ਦੇ ਨਾਲ-ਨਾਲ ਆਪਣੇ ਨਾਮ ਪਿੱਛੇ ਖਾਨ ਦੇ ਨਾਲ ਚੰਬਲ ਵੀ ਲਗਾਉਂਦੇ ਹਨ। ਪਾਕਿਸਤਾਨ ਦੇ ਲਹਿੰਦੇ ਪੰਜਾਬ ਵਿੱਚ ਜ਼ਿਲਾ ਸ਼ੇਖ਼ੂਪੁਰ ਵਿੱਚ ਵੀ ਚੰਬਲ ਪਿੰਡ ਮੌਜੂਦ ਹੈ ਜਿੱਥੋਂ ਦੀ ਬਹੁਤੀ ਆਬਾਦੀ




ਖਾਨਦਾਨੀ ਚੰਬਲ ਜੱਟਾਂ ਦੀ ਹੀ ਦੱਸੀ ਜਾਂਦੀ ਹੈ। ਮੱਧ-ਪ੍ਰਦੇਸ਼ ਵਿੱਚ ਚੰਬਲ ਦੇ ਬੀਹੜਾਂ ਵਿੱਚ ਰਹਿੰਦੇ ਲੋਕ ਵੀ ਚੰਬਲ ਰਾਜਪੂਤ ਖਾਨਦਾਨ ਦੇ ਪਿਛੋਕੜ ਨਾਲ ਜਾਣੇ ਜਾਂਦੇ ਹਨ। ਸ਼ਾਇਦ ਇੱਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਇਹਨਾਂ ਦਾ ਸਦੀਆਂ ਤੋਂ ਇਸ ਇਲਾਕੇ ਵਿੱਚ ਵਾਸ ਹੋਣ ਕਰਕੇ ਇਹ ਆਪਣੇ ਨਾਮ ਨਾਲ ਚੰਬਲ ਸ਼ਬਦ ਦਾ ਪ੍ਰਯੋਗ ਕਰਨ ਲੱਗ ਪਏ ਹੋਣਗੇ।

ਚੰਬਲ ਦੇ ਇਲਾਜ ਲਈ ਵੱਖ-ਵੱਖ ਤਰਾਂ ਦੇ ਮੱਤ ਪ੍ਰਚਲਿਤ ਹਨ ਇਨਾਂ ਵਿੱਚੋਂ ਕੁਝ ਡਾਕਟਰੀ ਵਿਗਿਆਨ ਨਾਲ, ਕੁਝ ਸਮਾਜਿਕ ਰੂੜੀਵਾਦੀ ਵਿਸ਼ਵਾਸਾਂ ਨਾਲ ਪਰ ਸਭ ਤੋਂ ਮਹੱਤਵਪੂਰਨ ਅਤੇ ਪ੍ਰਚੱਲਿਤ ਧਾਰਮਿਕ ਮੱਤ ਇਹ ਹੈ ਕਿ ਪੰਜਾਬ ਦੇ ਤਰਨਤਾਰਨ ਜ਼ਿਲੇ ਵਿੱਚ ਪਿੰਡ ਚੰਬਲ ਵਿੱਚ ਇੱਕ ਗੁਰਦੁਆਰਾ ਸੁਸ਼ੋਭਿਤ ਹੈ। ਇਸ ਗੁਰਦੁਆਰੇ ਦੀ ਸਥਾਪਤੀ ਦਾ ਪਿਛੋਕੜ ਇੱਕ ਇਤਿਹਾਸਕ ਮੱਤ ਨਾਲ ਜੁੜਦਾ ਹੈ ਕਿ ਦਰਬਾਰ ਸਾਹਿਬ ਤਰਨਤਾਰਨ ਵਿਖੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਪਿੰਡ ਚੰਬਲ ਦਾ ਇੱਕ ਸੇਵਕ ਸਿੱਧ ਸਰਸਾਈ ਹੁੰਦਾ ਸੀ ਜੋ ਕਿ ਗੁਰੂ ਸਾਹਿਬ ਦਾ ਅਨਿੰਨ ਭਗਤ ਸੀ ਅਤੇ ਹਰ-ਰੋਜ਼ ਗੁਰੂ ਸਾਹਿਬ ਦੇ ਦਰਬਾਰ ਵਿੱਚ ਹਾਜ਼ਰੀ ਭਰਦਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਰਨਤਾਰਨ ਵਿਖੇ ਸਰੋਵਰ ਦੀ ਸੇਵਾ ਆਰੰਭ ਕਰਵਾਈ ਸੇਵਾ ਵਿੱਚ ਬਾਬਾ ਸਿੱਧ ਸਰਸਾਈ ਜੀ ਹਰ-ਰੋਜ਼ ਕਹੀ ਅਤੇ ਟੋਕਰੀ ਲੈ ਕੇ ਜਾਂਦੇ ਅਤੇ ਸਾਰਾ ਦਿਨ ਸਰੋਵਰ ਦੀ ਸੇਵਾ ਕਰਨੀ ਤੇ ਲੰਗਰ ਪਾਣੀ ਘਰ ਆ ਕੇ ਛਕਦੇ। ਇੱਕ ਦਿਨ ਗੁਰੂ ਸਾਹਿਬਾਂ ਦਾ ਦਰਬਾਰ ਸਜਿਆ ਹੋਇਆ ਸੀ ਤਾਂ ਸੰਗਤ ਵਿੱਚੋਂ ਉੱਠ ਕੇ ਇੱਕ ਕੋਹੜ ਦੇ ਰੋਗ ਨਾਲ ਲਬਰੇਜ਼ ਮਨੁੱਖ ਗੁਰੂ ਸਾਹਿਬ ਅੱਗੇ ਆਣ ਖਲੋਤਾ ਅਤੇ ਫਰਿਆਦ ਕੀਤੀ ਕਿ ਗੁਰੂ ਸਾਹਿਬ ਜੀ ਮੈਨੂੰ ਇਸ ਰੋਗ ਤੋਂ ਨਿਜਾਤ ਦਿਵਾਓ ਤਾਂ ਗੁਰੂ ਸਾਹਿਬ ਨੇ ਸੰਗਤ ਨੂੰ ਹੁਕਮ ਕੀਤਾ ਕਿ ਕੋਈ ਅਜਿਹਾ ਸਿੱਖ ਸਾਹਮਣੇ ਆਵੇ ਜਿਹੜਾ ਨਿਤਨੇਮ ਨਾਲ ਗੁਰੂ ਘਰ ਦੀ ਸੇਵਾ ਕਰਦਾ ਹੋਵੇ ਤੇ ਲੰਗਰ-ਪ੍ਰਸ਼ਾਦਾ ਗੁਰੂ ਘਰ ਤੋਂ ਨਾ ਛਕਦਾ ਹੋਵੇ ਉਹ ਸਿੱਖ ਆਪਣਾ ਪੱਲਾ ਇਸ ਸਿੱਖ ਨੂੰ ਸੱਤ ਵਾਰ ਛੂਹਾਵੇ।

ਗੁਰੂ ਜੀ ਦੇ ਇਸ ਹੁਕਮ ਨਾਲ ਪਹਿਲੀ ਵਾਰ ਕੋਈ ਸਿੱਖ ਖੜਾ ਨਾ ਹੋਇਆ। ਇਸੇ ਤਰਾਂ ਦੂਜੀ ਵਾਰ ਗੁਰੂ ਸਾਹਿਬ ਨੇ ਆਪਣਾ ਬਚਨ ਫੁਰਮਾਇਆ ਪ੍ਰੰਤੂ ਫਿਰ ਵੀ ਕੋਈ ਸੇਵਕ ਹਾਜ਼ਰ ਨਾ ਹੋਇਆ ਤਾਂ ਤੀਜੀ ਵਾਰ ਸਰਵ-ਵਿਆਪਕ 'ਘਟ-ਘਟ ਕੇ ਅੰਤਰ ਕੀ ਜਾਨਤ' ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਮੁੱਖ ਤੋਂ ਫੁਰਮਾਇਆ ਕਿ ਸਿੱਧ ਜੀ ਉੱਠੋ ਅਤੇ ਆਪਣਾ ਪੱਲਾ ਛੂਹਾ ਕੇ ਇਸ ਸਿੱਖ ਦਾ ਰੋਗ ਦਰੁਸਤ ਕਰੋ ਤਾਂ ਬਾਬਾ ਸਿੱਧ ਸਰਸਾਈ ਜੀ ਨੇ ਗੁਰੂ ਸਾਹਿਬ ਦੇ ਬਚਨਾਂ ਨੂੰ ਸਤਿ ਕਰਕੇ ਮੰਨਿਆ ਅਤੇ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਬਾਬਾ ਸਿੱਧ ਸਰਸਾਈ ਜੀ ਨੇ ਕੋਹੜੀ ਨੂੰ ਪੱਲਾ ਛੁਹਾਇਆ ਤਾਂ ਕੋਹੜੀ ਬਿਲਕੁਲ ਤੰਦਰੁਸਤ ਹੋ ਗਿਆ ਤੇ ਉਨਾਂ ਨੇ ਗੁਰੂ ਸਾਹਿਬ ਨੂੰ ਨਮਸਕਾਰ ਕੀਤੀ। ਗੁਰੂ ਸਾਹਿਬ ਨੇ ਸਿੱਧ ਸਰਸਾਈ ਜੀ ਨੂੰ ਕਿਹਾ ਕਿ ਭਾਈ ਆਪ ਜੀ ਦੇ ਦਰ ਤੋਂ ਕੋਹੜ ਦੇ ਰੋਗ ਵਾਲੇ ਰੋਗੀ ਠੀਕ ਹੋਇਆ ਕਰਨਗੇ ਪਰ ਜੇ ਤੁਸੀ ਪਹਿਲੀ ਵਾਰ ਉੱਠ ਜਾਂਦੇ ਤਾਂ ਆਪ ਜੀ ਤੋਂ ਰੋਗੀ ਪਹਿਲੀ




ਵਾਰ ਠੀਕ ਹੋ ਜਾਇਆ ਕਰਦੇ ਪ੍ਰੰਤੂ ਤੁਸੀ ਤੀਜੀ ਵਾਰ ਉੱਠੇ ਹੋ ਤਾਂ ਆਪ ਜੀ ਦੇ ਦਰ ਤੋਂ ਤੀਜੀ ਵਾਰੀ ਵਿੱਚ ਕੋਹੜ ਦੇ ਰੋਗੀ ਠੀਕ ਹੋਇਆ ਕਰਨਗੇ। ਬਾਬਾ ਸਿੱਧ ਸਰਸਾਈ ਜੀ ਨੂੰ ਗੁਰੂ ਸਾਹਿਬ ਨੇ ਇਹ ਵਰ ਦਿੱਤਾ ਜਿਸ ਦੇ ਸਦਕੇ ਬਾਬਾ ਜੀ ਸਦਾ ਲਈ ਅਮਰ ਹੋ ਗਏ ਅਤੇ ਉਨਾਂ ਦੇ ਦਰ ਤੋਂ ਪਿੰਡ ਚੰਬਲ ਵਿਖੇ ਅੱਜ ਵੀ ਕੋਹੜ ਦੇ ਰੋਗੀ ਠੀਕ ਹੁੰਦੇ ਹਨ। ਬਾਬਾ ਸਿੱਧ ਸਰਸਾਈ ਜੀ ਨੇ ਗੁਰੂ ਸਾਹਿਬਾਂ ਨੂੰ ਅਰਜ਼ ਕੀਤੀ ਕਿ ਗੁਰੂ ਸਾਹਿਬ ਜੀ ਮੈਂ ਇੱਕ ਗਰੀਬ ਤੇ ਨਿਮਾਣਾ ਜਿਹਾ ਸਿੱਖ ਹਾਂ ਮੈਂ ਆਪਣੇ ਕੋਲ ਆਉਣ ਵਾਲੀ ਸੰਗਤ ਨੂੰ ਲੰਗਰ ਪਰਸ਼ਾਦਾ ਛਕਾਉਣ ਜੋਗਾ ਨਹੀਂ ਤਾਂ ਗੁਰੂ ਸਾਹਿਬਾਂ ਫੁਰਮਾਇਆ ਕਿ ਤੇਰੇ ਦਰ ਤੇ ਆਉਣ ਵਾਲੇ ਸਿੱਖ ਬਿਨਾਂ ਲੰਗਰ-ਪਾਣੀ ਛਕੇ ਜਾਇਆ ਕਰਨਗੇ ਇਸੇ ਧਾਰਨਾ ਤੇ ਚਲਦਿਆਂ ਬਾਬਾ ਸਿੱਧ ਸਰਸਾਈ ਜੀ ਦੇ ਦਰ ਤੇ ਜਾਣ ਵਾਲੀ ਸੰਗਤ ਉੱਥੋਂ ਲੰਗਰ ਪ੍ਰਸ਼ਾਦਾ ਨਹੀਂ ਛਕਦੀ।

ਬਾਬਾ ਸਿੱਧ ਸਰਸਾਈ ਜੀ ਦਾ ਗੁਰਦੁਆਰਾ ਪਿੰਡ ਚੰਬਲ ਵਿੱਚ ਸਥਿਤ ਹੈ। ਇਹ ਅਸਥਾਨ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਤੋਂ ਤਕਰੀਬਨ 10 ਮੀਲ ਦੀ ਦੂਰੀ ਤੇ ਸਥਿਤ ਹੈ। ਹਰ ਸਾਲ 10 ਹਾੜ (24 ਜੂਨ) ਨੂੰ ਬਾਬਾ ਜੀ ਦੀ ਯਾਦ ਵਿੱਚ ਇਸ ਅਸਥਾਨ ਤੇ ਜੋੜ-ਮੇਲਾ ਲੱਗਦਾ ਹੈ। ਕੋਹੜ ਦੇ ਰੋਗੀਆਂ ਨੂੰ ਇਸ ਅਸਥਾਨ ਤੋਂ ਸੇਵਾਦਾਰ ਦੁਆਰਾ ਸੱਤ ਵਾਰੀ ਪੱਲਾ ਛੁਹਾਇਆ ਜਾਂਦਾ ਹੈ ਅਤੇ ਰੋਗ ਵਾਲੀ ਜਗਾ ਤੇ ਲਾਉਣ ਲਈ ਇਸ ਅਸਥਾਨ ਦੀ ਮਿੱਟੀ ਦਿੱਤੀ ਜਾਂਦੀ ਹੈ ਜਿਸ ਨੂੰ ਕਿ ਰਾਖ ਵੀ ਕਿਹਾ ਜਾਂਦਾ ਹੈ। ਇਸ ਰਾਖ ਦਾ 40-45 ਦਿਨ ਸੇਵਨ ਕਰਨ ਨਾਲ ਰੋਗ ਦੂਰ ਹੋ ਜਾਂਦਾ ਹੈ ਅਤੇ ਠੀਕ ਹੋਣ ਉਪਰੰਤ ਪ੍ਰਾਣੀ ਬਾਬਾ ਜੀ ਦੇ ਅਸਥਾਨ ਤੇ 2 ਕਿਲੋ ਗੁੜ ਦਾ ਮੱਥਾ ਸ਼ੁਕਰਾਨੇ ਵਜੋਂ ਟੇਕਦਾ ਹੈ। ਕਿਹਾ ਜਾਂਦਾ ਹੈ ਕਿ ਇਸ ਅਸਥਾਨ ਤੇ ਸ਼ਰਧਾ ਰੱਖ ਕੇ ਇਲਾਜ ਕਰਵਾਉਣ ਨਾਲ ਚੰਬਲ ਦੀ ਬਿਮਾਰੀ ਜੜ ਤੋਂ ਖਤਮ ਹੋ ਜਾਂਦੀ ਹੈ। ਇਸ ਅਸਥਾਨ ਦੀ ਲੋਕਾਈ ਵਿੱਚ ਬਹੁਤ ਮਹਾਨਤਾ ਹੈ। ਇਸ ਤੋਂ ਇਲਾਵਾ ਇਸ ਦਾ ਇਲਾਜ ਕਿਧਰੇ ਵੀ ਵੱਸਦੇ ਚੰਬਲ ਗੋਤ ਦੇ ਲੋਕ ਚੁੱਲੇ ਦੀ ਰਾਖ ਦੇ ਕੇ ਕਰਦੇ ਹਨ। ਇਹ ਰਾਖ ਮਰੀਜ਼ ਨੇ ਪੰਜ ਐਤਵਾਰਾਂ ਤੱਕ ਸਰੀਰ ਦੇ ਜਿਸ ਹਿੱਸੇ ਵਿੱਚ ਚੰਬਲ ਹੋਵੇ ਉਸ ਉੱਪਰ ਲਾਉਣੀ ਹੁੰਦੀ ਹੈ। ਇਹ ਆਮ ਪ੍ਰਚੱਲਿਤ ਹੈ ਕਿ ਰਾਖ ਦੀ ਵਰਤੋਂ ਕਰਨ ਸਮੇਂ ਕਿਸੇ ਪ੍ਰਕਾਰ ਦੀ ਦਵਾਈ ਦੀ ਵਰਤੋਂ ਨਹੀਂ ਕਰਨੀ ਜੇਕਰ ਤੁਹਾਡੇ ਰੋਗ ਵਾਲੀ ਥਾਂ ਤੇ ਕਿਸੇ ਪ੍ਰਕਾਰ ਦੀ ਕੋਈ ਤਕਲੀਫ ਹੁੰਦੀ ਹੈ ਤਾਂ ਉਸ ਉੱਪਰ ਤੁਸੀ ਸਰੋਂ ਦਾ ਤੇਲ ਲਗਾ ਸਕਦੇ ਹੋ ਅਤੇ ਨਾਲ ਹੀ ਰੋਗੀ ਨੂੰ ਦਵਾਈ ਲਿਆਉਣ ਵਾਲੇ ਪਿੰਡ ਜਿੱਥੇ ਚੰਬਲ ਗੋਤ ਦੇ ਵਸਨੀਕ ਹੋਣ ਦੀ ਜੂਹ ਅੰਦਰੋਂ ਕੁਝ ਵੀ ਖਾਣ-ਪੀਣ ਦੀ ਮਨਾਹੀ ਦੱਸੀ ਜਾਂਦੀ ਹੈ।

ਤੁਸੀ ਵੇਖ ਸਕਦੇ ਹੋ ਕਿ ਚੰਬਲ ਇੱਕ ਬਹੁਪੱਖੀ ਇਤਿਹਾਸਕ ਸ਼ਬਦ ਵੱਖੋ-ਵੱਖਰੇ ਦਸਤੂਰਾਂ ਵਜੋਂ ਸਦਾ ਪ੍ਰਚੱਲਿਤ ਰਿਹਾ ਹੈ। ਇਤਿਹਾਸ ਤੌਰ ਤੇ ਚੰਬਲ ਦਾ ਵਹਿਣ ਸਾਡੇ ਦੇਸ਼ ਵਿੱਚ ਜੰਗਲ-ਬੇਲਿਆਂ, ਦਰਿਆਵਾਂ, ਸਮਾਜਿਕ-ਕੁਰੀਤੀਆਂ, ਰਾਜਨੀਤਿਕ-ਸਮੀਕਰਣਾਂ ਅਤੇ ਡੂੰਘੀਆਂ ਸੋਚਾਂ ਦੇ ਸਮਾਨ ਘਾਟੀਆਂ ਦੇ ਪ੍ਰਤੀਕਾਤਮਕ ਰੂਪ ਵਿੱਚ ਲਗਾਤਾਰ ਵਹਿੰਦਾ ਆ ਰਿਹਾ ਹੈ। ਚੰਬਲ-ਘਾਟੀ ਨੇ ਹਰ ਤਰਾਂ ਦਾ ਸੰਤਾਪ ਆਪਣੇ ਪਿੰਡੇ ਤੇ ਹੰਢਾਇਆ ਹੈ ਅਤੇ ਅਸੀਂ ਲੋਕ ਅੱਜ ਤੱਕ ਚੰਬਲ ਦੇ ਰੋਗ ਨੂੰ ਆਪਣੇ ਪਿੰਡੇ ਤੇ ਹੰਢਾ ਰਹੇ ਹਾਂ। ਜਿਸ ਤਰਾਂ ਚੰਬਲ ਦਾ ਰੋਗ ਸਰੀਰ ਵਿੱਚੋਂ ਆਪਣੀਆਂ ਜੜਾਂ ਨਹੀਂ ਛੱਡਦਾ ਉਸੇ ਤਰਾਂ ਚੰਬਲ-ਘਾਟੀ, ਚੰਬਲ ਦਰਿਆ ਅਤੇ ਚੰਬਲ ਵੰਸ਼ਜ ਲੋਕ ਦੇਸ਼ ਭਾਰਤ ਵਿੱਚ ਆਪਣੀਆਂ ਡੂੰਘੀਆਂ ਇਤਿਹਾਸਕ ਜੜਾਂ ਕਾਰਨ ਹਮੇਸ਼ਾ ਨਵੀਆਂ ਪੈੜਾਂ ਪਾਉਂਦੇ ਰਹਿਣਗੇ।

ਲੇਖਕ ਖੁਦ ਚੰਬਲ ਬਰਾਦਰੀ ਨਾਲ ਸਬੰਧਤ ਹੈ ਅਤੇ ਲੇਖਕ ਦਾ ਸਮੂਹ ਪਰਿਵਾਰ ਚੰਬਲ ਸ਼ਬਦ ਦੀ ਸੁਯੋਗ ਵਰਤੋਂ ਨਾਲ ਇਤਿਹਾਸ ਵਿੱਚ ਇੱਕ ਨਵੀਂ ਉਡਾਰੀ ਭਰਨ ਦਾ ਸ਼ੁਰੂ ਤੋਂ ਹੀ ਹਾਮੀ ਰਿਹਾ ਹੈ।

# ਬਿਪਰ ਨੇ ਰਾਜ ਸਾਂਭਦਿਆਂ ਹੀ ਸਿੱਖਾਂ ਨੂੰ ਜਲੀਲ ਕਰਨਾ ਸ਼ੁਰੂ ਕਰ ਦਿੱਤਾ

**- ਕੰਵਲਜੀਤ ਸਿੰਘ**

ਸਿੱਖਾਂ ਨੇ ਹਮੇਸਾਂ ਆਪਣੇ ਸੁਭਾਅ ਅਨੁਸਾਰ ਸਰਬੱਤ ਦੇ ਭਲੇ ਅਨੁਸਾਰ ਹੀ ਵਿਚਰਨਾ ਹੁੰਦਾ ਹੈ। ਪਰ ਬਿਪਰ ਨੂੰ ਹਜਾਰਾਂ ਸਾਲਾਂ ਦੀ ਗੁਲਾਮੀ ਤੋਂ ਬਾਅਦ ਜਦ ਰਾਜ ਦੀ ਆਸ ਹੋਈ ਤਾਂ ਇਹਨਾਂ ਛਲ ਕਪਟ ਦਾ ਸਹਾਰਾ ਲੈਂਦੇ ਹੋਏ ਸਿੱਖਾਂ ਤੇ ਘੱਟ ਗਿਣਤੀਆਂ ਨਾਲ ਝੂਠੇ ਵਾਅਦੇ ਕੀਤੇ।

ਸਿੱਖਾਂ ਨੂੰ ਅਜਾਦੀ ਦਾ ਪਹਿਲਾ ਤੋਹਫਾ ਇਹ ਦਿੱਤਾ ਗਿਆ: ਸਿਰਦਾਰ ਕਪੂਰ ਸਿੰਘ ਆਪਣੀ ਕਿਤਾਬ ਸਾਚੀ ਸਾਖੀ ਵਿੱਚ ਲਿਖਦੇ ਹਨ ਕਿ ਸੰਨ 1947 ਵਿੱਚ, ਜਦੋਂ ਦੇਸ ਦਾ ਬਟਵਾਰਾ ਹੋਇਆ ਤਾਂ ਮੈਂ ਜਿਲਾ ਕਾਂਗੜੇ ਵਿੱਚ, ਧਰਮਸਾਲਾ ਡਿਪਟੀ ਕਮਿਸਨਰ ਲੱਗਾ ਹੋਇਆ ਸੀ। ਇਨਾਂ ਦਿਨਾਂ ਵਿੱਚ ਹੀ ਡਿਪਟੀ ਪ੍ਰਾਇਮ ਮਨਿਸਟਰ ਅਤੇ ਗ੍ਰਿਹ ਮੰਤਰੀ ਸਰਦਾਰ ਪਟੇਲ ਅਤੇ ਪ੍ਰਾਈਮ ਮਨਿਸਟਰ ਨਹਿਰੂ ਦੀ ਆਗਿਆ ਅਤੇ ਇੱਛਾ ਅਨੁਸਾਰ, ਪੰਜਾਬ ਦੇ ਗਵਰਨਰ ਸ੍ ਚੰਦੀ ਲਾਲ ਤ੍ਰਿਵੇਦੀ ਨੇ ਪੂਰਬੀ ਅਥਵਾ ਭਾਰਤੀ ਪੰਜਾਬ ਦੇ ਸਭ ਡਿਪਟੀ ਕਮਿਸਨਰਾਂ ਨੂੰ, ਸਵਰਨ ਸਿੰਘ ਪੰਜਾਬ ਦੇ ਗ੍ਰਿਹ ਮੰਤਰੀ ਦੀ ਸਿੱਧੀ ਸੰਮਤੀ ਨਾਲ ਹੀ, ਬੜੇ ਕੋਝੇ ਢੰਗ ਨਾਲ,ਇਹ ਹਦਾਇਤਾਂ ਜਾਰੀ ਕੀਤੀਆਂ ਕਿ "ਪਾਕਿਸਤਾਨ ਵਿੱਚੋਂ ਉੱਜੜ ਕੇ ਆਏ ਸਿੱਖਾਂ ਨੂੰ ਖਾਸ ਕਰਕੇ ਅਤੇ ਸਭ ਪੰਜਾਬ ਦੇ ਸਿੱਖਾਂ ਨੂੰ ਹੀ ,ਇਉਂ ਮੰਨ ਕੇ, ਕਿ ਇਹ ਜਰਾਇਮ-ਪੇਸਾ ਕੌਮ ਹੈ, ਜਿਤਨੀ ਹੋ ਸਕੇ, ਸਖਤੀ ਇਹਨਾ ਤੇ ਕੀਤੀ ਜਾਵੇ। ਮਾਰਨਾ, ਕੁੱਟਣਾ, ਗੋਲੀਆਂ ਨਾਲ ਮਾਰ ਸੁੱਟਣਾ ਆਦਿ ਅਤੇ ਇਹ ਕੰਮ ਸਰਕਾਰੀ ਪੱਧਰ ਤੇ ਉੱਤੇ, ਬਿਨਾ ਕਨੂੰਨ , ਨਿਆਂ ਵਿਚਾਰੇ ਦੇ ਕੀਤਾ ਜਾਵੇ ਕਿ ਸਿੱਖਾਂ ਨੂੰ ਹੋਸ ਆ ਜਾਏ ਕਿ ਰਾਜਾ ਕੌਣ ਹੈ ਤੇ ਪਰਜਾ ਕੌਣ ਹੈ।"

ਹੋਸ ਟਿਕਾਨੇ ਲਿਆਉਣ ਦਾ ਕੰਮ ਬਾਦਸਤੂਰ ਜਾਰੀ ਹੈ। ਹਰ ਪਾਸੇ ਤੋਂ,ਬਿਪਰ ਸਾਰੇ ਹੀਲੇ ਵਰਤ ਰਿਹਾ ਹੈ ਕਿ ਬਾਬੇ ਦੀ ਬਾਣੀ ਨੂੰ ਤੇ ਬਾਣੀ ਨੂੰ ਮੰਨਣ ਵਾਲਿਆਂ ਨੂੰ ਕਿਵੇਂ ਜਲੀਲ ਤੇ ਖਤਮ ਕਰਨਾ ਹੈ। ਉਹ ਸਾਨੂੰ ਨਿੱਤ ਜਲੀਲ ਕਰਕੇ ਖਤਮ ਕਰ ਰਿਹਾ ਹੈ ਤੇ ਅਸੀਂ ਨਿੱਜੀ ਗਰਜਾਂ ਵਿੱਚ ਫਸ ਕੇ ਬਾਬੇ ਦੀ ਬਾਣੀ ਤੇ ਪੰਥ ਨੂੰ ਖਤਮ ਹੁੰਦਾ ਦੇਖ ਰਹੇ ਹਾਂ।

ਅੱਗੇ ਸਿਰਦਾਰ ਕਪੂਰ ਸਿੰਘ ਲਿਖਦੇ ਹਨ, "ਉਸ ਵੇਲੇ ਸਾਰੇ ਭਾਰਤੀ ਪੰਜਾਬ ਵਿੱਚ ਦੋ ਹੀ ਸਿੱਖ ਡਿਪਟੀ ਕਮਿਸਨਰ ਸਨ, ਇਕ ਕਾਂਗੜੇ ਵਿੱਚ ਅਤੇ ਦੂਜਾ ਗੁੜਗਾਉਂ ਵਿੱਚ। ਇੰਨਾਂ ਜਿਲਿਆਂ ਵਿੱਚ ਨਾਂ ਪੁਰਾਣੇ ਸਿੱਖ ਵਾਸੀ ਕੋਈ ਬਹੁਤੇ ਸਨ ਅਤੇ ਨਾਂ ਹੀ ਨਵੇਂ ਆਏ ਸਰਨਾਰਥੀ। ਹੋਰ ਤਾਂ ਕਿਸੇ ਡਿਪਟੀ ਕਮਿਸਨਰ ਨੇ ਕੀ ਹੀਲ ਹੁੱਜਤ ਕਰਨੀ ਸੀ, ਮੈ ਬੜਾ ਤਕੜਾ ਰੋਸ ਪੱਤਰ ਤ੍ਰਿਵੇਦੀ ਨੂੰ ਲਿਖਿਆ ਕਿ ਜਿਹੜੇ ਲੋਕ ਅੱਜ ਸਿੱਖਾਂ ਨੂੰ ਤੇ ਸਮੁੱਚੀ ਕੌਮ ਨੂੰ 'ਜਰਾਇਮਪੇਸਾ' ਤੇ 'ਬੇਗਾਨਿਆਂ ਦੀਆਂ ਭੈਣਾਂ ਨੂੰ ਹੱਥ ਪਾਉਣ ਵਾਲੇ 'ਲੁਟੇਰੇ' ਕਹਿੰਦੇ ਹਨ, ਉਨਾਂ ਦੀ, ਅਥਵਾ ਉਨਾਂ ਦੀ ਆਪਣੀ ਕੌਮ ਦੇ ਚਰਿੱਤਰ ਦੀ ਚੀਰ ਫਾੜ ਕੀਤੀ ਜਾਵੇ ਤਾਂ ਕੀ ਨਤੀਜਾ ਨਿਕਲੇ ? ਮੈਂ ਇਹ ਸਰਾਸਰ ਹਿੰਦੂ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਵਿੱਚ ਸਿਰਦਾਰ ਕਪੂਰ ਸਿੰਘ ਨੂੰ (ਜੋ ਅੰਗਰੇਜਾਂ ਦੇ ਸਮੇਂ ਤੋਂ ਡਿਪਟੀ ਕਮਿਸਨਰ ਸਨ) ਜਿਵੇਂ ਜਲੀਲ ਕਰਕੇ ਨੌਕਰੀ ਵਿੱਚੋਂ ਕੱਢਿਆ ਤੇ ਜਿਵੇਂ ਅਦਾਲਤਾਂ ਨੇ ਵੀ ਉਹਨਾਂ ਨੂੰ ਜਲੀਲ ਕੀਤਾ। ਇਸ ਦਾ ਇੱਕ ਹੀ ਕਾਰਨ ਸੀ ਕਿ ਉਹ ਸਿੱਖ ਸਨ। ਉਹਨਾਂ ਆਪਣੀ ਕਿਤਾਬ ਸਾਚੀ ਸਾਖੀ ਵਿਚ ਸਾਰੀ ਹੱਡਬੀਤੀ ਲਿਖੀ ਹੈ। ਇਹ ਸੀ ਅਜਾਦੀ ਦਾ ਪਹਿਲਾ ਤੋਹਫਾ ਸਿੱਖਾਂ ਨੂੰ। ਭਾਰਤ ਦੀ ਅਜਾਦੀ ਤੋਂ ਬਾਅਦ ਚ ਬਿਪਰ ਨੇ ਸਿੱਖਾਂ ਨੂੰ ਜਲੀਲ ਕਰਨ ਦਾ ਕੋਈ ਮੌਕਾ ਨਹੀਂ ਛੱਡਿਆ।

ਜਰਾ ਸੋਚੋ, ਕਿਸੇ ਬੰਦੇ ਜਾਂ ਧਿਰ ਨੇ ਅੱਜ ਤੁਹਾਡੇ, ਮੇਰੇ ਜਾਂ ਕੌਮ ਨਾਲ ਕੋਈ ਵਾਅਦਾ ਕੀਤਾ ਕਿ ਸਿੱਖਾਂ ਦਾ ਉੱਤਰੀ ਭਾਰਤ ਚ ਆਪਣਾ ਖਿੱਤਾ ਹੋਵੇਗਾ, ਜਿੱਥੇ ਸਿੱਖ ਅਜਾਦੀ ਦਾ ਨਿੱਘ ਮਾਣ ਸਕਣਗੇ। ਪਰ ਜਦੋਂ ਉਸੇ ਬੰਦੇ ਜਾਂ ਧਿਰ ਨੂੰ ਰਾਜ ਮਿਲ ਜਾਵੇ ਤੇ ਉਹ ਸਿੱਖਾਂ ਨੂੰ ਅਜਾਦ ਕਰਨ ਦੇ ਸਮਰੱਥ ਹੋਵੇ ਜਾਂ ਸਿੱਖਾਂ ਨੂੰ ਉਹਨਾਂ ਖਿੱਤਾ ਦੇਣ ਦੇ ਸਮਰੱਥ ਹੋਵੇ। ਪਰ ਇਸ ਤਰਾਂ ਨਾਂ ਹੋਵੇ ਤੇ ਸਭ ਵਾਅਦਿਆਂ ਤੋਂ ਮੁਕਰ ਕੇ, ਉਲਟਾ ਗੁਲਾਮਾ ਵਰਗਾ ਵਿਹਾਰ ਸੁਰੂ ਹੋ ਜਾਵੇ ਤਾਂ ਅਸੀਂ ਕਿਵੇਂ ਮਹਿਸੂਸ ਕਰਾਂਗੇ ? ਜਦ ਕਿ ਬੋਲੀ ਦੇ ਅਧਾਰ ਤੇ ਪੂਰੇ ਦੇਸ ਵਿੱਚ ਸੂਬੇ ਬਣ ਰਹੇ ਹੋਣ। ਪਰ ਉਸ ਅਧਾਰ ਨਾਲ ਵੀ ਪੰਜਾਬ ਨਾਲ ਵਿਤਕਰਾ ਹੋਵੇ, ਪੰਜਾਬ ਜਾਂ ਪੰਜਾਬੀ ਨਾਲ ਵਿਤਕਰਾ ਇਸ ਕਰਕੇ ਹੋ ਰਿਹਾ ਹੋਵੇ ਕਿ ਇਹ ਸਿੱਖਾਂ ਦਾ ਖਿੱਤਾ ਜਾਂ ਬੋਲੀ ਹੈ। ਭਾਵੇਂ ਕਿ ਪੰਜਾਬੀ ਹਿੰਦੂ ਤੇ ਮੁਸਲਮਾਨ ਵੀ ਹਨ ਪਰ ਬਿਪਰ ਨੇ ਪੰਜਾਬ ਤੇ ਪੰਜਾਬੀ ਨੂੰ ਸਿੱਖਾਂ ਦੀ ਮੰਨ ਲਿਆ ਹੈ। ਇਹੀ ਦੇਸ ਵਿੱਚ ਪੰਜਾਬ ਤੇ ਪੰਜਾਬੀ ਨਾਲ ਵਿਤਕਰੇ ਦਾ ਕਾਰਨ ਹੈ। ਜਦੋਂ ਤੋਂ ਬਿਪਰ ਨੂੰ ਹਜਾਰਾਂ ਸਾਲਾ ਦੀ ਗੁਲਾਮੀ ਤੋਂ ਬਾਅਦ ਰਾਜ ਮਿਲਿਆ ਹੈ, ਉਦੋਂ ਤੋਂ ਹੀ ਇਹ ਧੁਰ ਕੀ ਬਾਣੀ ਨੂੰ ਖਤਮ ਕਰਨ ਦਾ ਹਰ ਹੀਲਾ ਵਰਤ ਰਿਹਾ ਹੈ। ਕਦੇ ਕਿਸੇ ਰੂਪ ਵਿੱਚ ਤੇ ਕਦੇ ਕਿਸੇ ਰੂਪ ਵਿੱਚ। ਮੇਰੇ ਲਈ ਤਾਂ ਬਿਪਰ ਨੂੰ ਵਿਰੋਧੀ ਦੀ ਕਤਾਰ ਚ ਨਾਂ ਰੱਖਣ ਦਾ ਕੋਈ ਕਾਰਨ ਨਹੀਂ ਰਹਿ ਜਾਂਦਾ। ਜੇ ਅਸੀਂ ਗੁਰਮਤਿ ਦੇ ਧਾਰਨੀ ਗੁਰਸਿੱਖ ਹਾਂ ਤੇ ਆਪਣੇ ਆਪ ਨੂੰ ਖਾਲਸਾ ਪੰਥ ਦਾ ਹਿੱਸਾ ਮੰਨਦੇ ਹਾਂ ਤਾਂ ਇਹ ਇੱਕ ਉਦਾਹਰਣ ਬੜੀ ਹੈ ਸਾਡੇ ਲਈ, ਹੋਰ ਵੀ ਬਹੁਤ ਵਧੀਕੀਆਂ ਹਨ, ਜੋ ਲਗਾਤਾਰ ਜਾਰੀ ਹਨ।

ਜਦੋਂ ਮਸਲਾ ਹੋਂਦ ਦਾ ਹੋਵੇ, ਇੱਕ ਧਿਰ ਜੋ ਕਈ ਧਰਮਾਂ, ਬੋਲੀਆਂ, ਸਭਿਆਚਾਰਾਂ ਆਦਿ ਨੂੰ ਨਿਘਲ ਗਈ ਹੋਵੇ ਤੇ ਹੋਰ ਧਰਮਾਂ, ਬੋਲੀਆਂ, ਸਭਿਆਚਾਰਾਂ ਆਦਿ ਨੂੰ ਨਿਘਲਨ ਲਈ ਯਤਨਸੀਲ ਹੋਵੇ। ਉਹਨਾਂ ਦੇ ਨਿਸਾਨੇ ਤੇ ਸਿੱਖ ਸਿਖਰ ਤੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਸਾਡੀ ਝੂਠੀ ਸਲਤਨਤ, ਜਿਸਦੀਆ ਬੁਨਿਆਦਾ ਝੂਠ, ਕਪਟ, ਵਰਨਵੰਡ, ਕਰਮਕਾਂਡਆਦਿ ਤੇ ਖੜਿਆਂ ਹਨ। ਗੁਰਮਤਿ ਹੀ ਇਸਨੂੰ ਢਹਿ ਢੇਰੀ ਕਰਨ ਦੇ ਸਮਰੱਥ ਹੈ। ਬਾਕੀ ਧਰਮਾਂ, ਬੋਲੀਆਂ, ਸਭਿਆਚਾਰਾਂ ਤੋਂ ਬਿਪਰ ਨੂੰ ਸਿਰਫ ਰਾਜ ਦਾ ਹੀ ਖਤਰਾ ਲੱਗਦਾ, ਪਰ ਗੁਰਮਤਿ ਤੋਂ ਇਹਨਾਂ ਨੂੰ ਰਾਜ ਤੇ ਸਿਧਾਂਤ ਦੋਵਾਂ ਨੂੰ ਖਤਰਾ ਲੱਗਦਾ। ਕਿਉਂਕਿ ਜਿਸ ਸਿਧਾਂਤ ਨੂੰ ਇਹ ਲਾਗੂ ਕਰਨਾ ਚਾਹੁੰਦੇ ਜਾਂ ਕਰ ਰਹੇ ਹਨ। ਉਹ ਮਨੁੱਖਤਾ ਨੂੰ ਹਿੱਸਿਆ ਚ ਵੰਡਦਾ ਹੈ। ਕਿਸੇ ਨੂੰ ਉੱਤਮ ਤੇ ਕਿਸੇ ਨੂੰ ਨਖਿੱਧ ਮੰਨਦਾ ਹੈ। ਹੋਰ ਵੀ ਬਹੁਤ ਕਰਮਕਾਂਡ ਹਨ। ਜਿਸ ਨੂੰ ਗੁਰਬਾਣੀ ਵਿੱਚ ਬਹੁਤ ਖੋਲਿਆ ਹੈ।

ਇਸੇ ਕਰਕੇ ਹੀ ਬਿਪਰ ਨੇ ਰਾਜ ਸਾਂਭਦਿਆਂ ਹੀ ਸਿੱਖੀ ਦੀਆਂ ਜੜਾਂ ਵੱਢਣੀਆਂ ਸੁਰੂ ਕਰ ਦਿੱਤੀਆਂ, ਭਾਵੇਂ ਕਿ ਇਹ ਸੁਰੂ ਉਸ ਦਿਨ ਤੋਂ ਹੀ ਹੋ ਗਿਆ ਸੀ ਜਿਸ ਦਿਨ ਗੁਰੂ ਨਾਨਕ ਦੇਵ ਜੀ ਨੇ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ । ਪਰ 1947 ਤੋਂ ਪਹਿਲਾਂ ਇਸ ਕੋਲ ਰਾਜ ਸਕਤੀ ਨਹੀਂ ਸੀ। ਸਿੱਖ ਕਦੇ ਇਸਦੇ ਗੁਲਾਮ ਨਹੀਂ ਸਨ। ਪਰ ਕੁਦਰਤ ਦਾ ਜੋ ਭਾਣਾ ਵਾਪਰਨਾ ਸੀ ਕਿ ਸਿੱਖ ਇਤਿਹਾਸ ਵਿੱਚ ਪਹਿਲੀ ਵਾਰ ਬਿਪਰ ਦੇ ਗੁਲਾਮ ਹੋਏ। ਇਸਨੇ ਸਿੱਖਾਂ ਨਾਲ ਸੁਰੂ ਤੋਂ ਹੀ ਗੁਲਾਮਾਂ ਵਾਲਾ ਵਰਤਾਰਾ ਸੁਰੂ ਕਰ ਦਿੱਤਾ। ਜਿਵੇਂ ਕਿ ਉੱਪਰ ਚਿੱਠੀ ਦਾ ਜਿਕਰ ਕੀਤਾ ਹੈ। ਜਿਸ ਵਿਚ ਸਿੱਖਾਂ ਨੂੰ ਜਰਾਇਮ ਪੇਸਾ ਕਿਹਾ ਗਿਆ ਸੀ ਉਸੇ ਚਿੱਠੀ ਵਿੱਚ ਇਕ ਹੋਰ ਲਾਇਨ ਹੈ ਜਿਸ ਤੋਂ ਬਿਪਰ ਦੀ ਮਾਨਸਿਕਤਾ ਸਮਝੀ ਜਾ ਸਕਦੀ ਹੈ ਕਿ ਇਹ ਸੁਰੂ ਤੋਂ ਹੀ ਸਿੱਖਾਂ ਨੂੰ ਗੁਲਾਮ ਤੇ ਆਪਣੇ ਆਪ ਨੂੰ ਰਾਜਾ ਸਮਝਣ ਲੱਗ ਪਿਆ ਸੀ। ਲਾਇਨ ਹੈ ਕਿ, "ਸਿੱਖਾਂ ਨੂੰ ਹੋਸ਼ ਆ ਜਾਏ ਕਿ ਰਾਜਾ ਕੌਣ ਹੈ ਤੇ ਪਰਜਾ ਕੌਣ ਹੈ।" ਰਾਜ ਮਿਲਣ ਤੋਂ ਬਾਅਦ ਇਹਨਾਂ ਨੂੰ ਉਹ ਸਭ ਕਰਨ ਦੀ ਸਮਰੱਥਾ ਮਿਲ ਗਈ ਜੋ ਇਹ ਪਹਿਲਾਂ ਨਹੀਂ ਸਨ ਕਰ ਸਕਦੇ। ਸੋ ਬਿਪਰ ਨੇ ਸਿੱਖਾਂ ਨੂੰ ਜਲੀਲ ਕਰਨ ਦਾ ਕੋਈ ਮੌਕਾ ਨਹੀਂ ਛੱਡਿਆ।

"ਸਿੱਖਾਂ ਨੂੰ ਬਿਪਰ ਦਾ ਗੁਲਾਮ ਬਣਾਉਣ ਵਿੱਚ ਵੀ ਕੁਦਰਤ ਦਾ ਜਰੂਰ ਕੋਈ ਭੇਦ ਹੋਵੇਗਾ ਜੋ ਸਮੇਂ ਨਾਲ ਸਾਹਮਣੇ ਜਰੂਰ ਆਵੇਗਾ।"

# ਜਿਊਣ ਲਈ ਜੂਝਦਿਆਂ: ਔਰਤਾਂ ਵਾਤਾਵਰਨ ਤੇ ਵਿਕਾਸ

**- ਹਰਬੀਰ ਕੌਰ**

ਇਹ ਲਿਖਤ ਵੰਦਨਾ ਸ਼ਿਵਾ ਦੇ ਉਸਦੀ ਕਿਤਾਬ ਸਟੇਇੰਗ ਅਲਾਈਵ ਵਿਚ ਦਿੱਤੇ ਵਿਚਾਰਾਂ ਉਤੇ ਅਧਾਰਤ ਹੈ। ਕੁਦਰਤੀ ਵਾਤਾਵਰਣ ਦੇ ਵਿਸ਼ੇ ਤੇ ਲਿਖੀ ਇਹ ਇੱਕ ਬਹੁਤ ਵਧੀਆ ਕਿਤਾਬ ਹੈ। ਵਿਸ਼ੇ ਦੇ ਨਵੇਂ ਖੋਜੀ ਇਸ ਵਿੱਚ ਇਸ ਮੁੱਦੇ ਤੇ ਅਤੇ ਨਾਲ ਹੀ ਪਾਣੀ ਮਿੱਟੀ ਤੇ ਹਰੇ ਇਨਕਲਾਬ ਬਾਰੇ ਵੀ ਬਹੁਤ ਕੁਝ ਕੱਢ ਸਕਦੇ ਹਨ। ਖੇਤੀਬਾੜੀ ਬਾਰੇ ਬਹੁਤ ਸਾਰੇ ਅਜਿਹੇ ਹੈਰਾਨਕੁਨ ਤੱਥ ਵੀ ਇਸ ਕਿਤਾਬ ਵਿੱਚ ਹਨ ਜੋ ਪੜਨ ਵਾਲੇ ਨੂੰ ਅੱਤ ਦੀ ਹੈਰਾਨੀ ਤੱਕ ਲੈ ਜਾਂਦੇ ਹਨ। ਇਸ ਕਿਤਾਬ ਵਿੱਚ ਬੀਬੀ ਵੰਦਨਾ ਸ਼ਿਵਾ ਕੁਦਰਤ/ਔਰਤ ਦੇ ਵਿਕਾਸ/ਵਿਗਿਆਨ ਨਾਲ ਰਿਸ਼ਤੇ ਦੀਆਂ ਗੰਢਾਂ ਖੋਲਣ ਦਾ ਹੰਭਲਾ ਮਾਰਦੇ ਹਨ। ਵਿਕਾਸ ਨੂੰ ਉਹ ਪੱਛਮੀ ਪਵਿੱਤਰਤਾ ਦੇ ਨਵੇਂ ਖਿਡਾਉਣੇ ਜਾਂ ਸੰਦ (ਪ੍ਰੋਜੈਕਟ) ਵਜੋਂ ਵੇਖਦੇ ਹਨ। ਵਿਗਿਆਨ ਦੇ ਵਿਕਾਸ ਵੱਲੋਂ ਇਜਾਦ ਕੀਤੀ ਤਰੱਕੀ ਦੀ ਇਸ ਭੁੱਖ ਨੇ ਬਿਨਾ ਇਸ ਗੱਲ ਦੇ ਅੰਦਾਜ਼ੇ ਦੇ ਕਿ ਕਿੰਨਾ ਕੁ ਤੇ ਕਿੰਨੀ ਤੇਜੀ ਨਾਲ ਇਹ ਜੀਵ ਵਿਭਿੰਨਤਾ ਅਲੋਪ ਹੋ ਰਹੀ ਹੈ, ਜੀਵਨ ਤਬਾਹ ਕਰਕੇ ਰੱਖ ਦਿੱਤਾ ਹੈ। ਧਰਤੀ ਤੇਜੀ ਨਾਲ ਆਪਣੇ ਅੰਤ ਵੱਲ ਵਧ ਰਹੀ ਹੈ। ਇਹਦੇ ਜੰਗਲ, ਮਿੱਟੀ, ਪਾਣੀ, ਹਵਾ ਸਭ ਤੇਜ਼ੀ ਨਾਲ ਖਤਮ ਹੋ ਰਹੇ ਹਨ। ਉਹ ਇਸ ਗੱਲ ਤੇ ਵਿਸਥਾਰ ਨਾਲ ਚਾਨਣਾ ਪਾਉਂਦੇ ਹਨ ਕਿ ਬਸਤੀਵਾਦ ਕਿਵੇਂ ਪੂੰਜੀਵਾਦ ਦੇ ਵਾਧੇ ਲਈ ਇੱਕ ਲਗਾਤਾਰ ਵਾਪਰ ਰਹੀ ਕਿਰਿਆ ਹੈ ਤੇ ਪੂੰਜੀਵਾਦ ਦੇ ਵਾਧੇ ਲਈ ਕੁਦਰਤੀ ਸਾਧਨਾਂ ਨੂੰ ਕਿਵੇਂ ਅਣਵਿਕਸਤ ਜਾਂ ਅਣਖੋਜੇ ਸੋਮਿਆਂ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਹ ਨਜਰੀਏ ਤੋਂ ਵੇਖਿਆਂ ਇਹ ਇੱਕ ਸਾਫ਼ ਪਾਣੀ ਦਾ ਸਥਿਰ ਕੁਦਰਤੀ ਦਰਿਆ ਵੀ ਅਜਿਹਾ ਇੱਕ ਸੋਮਾ ਹੈ ਜਿਸ ਦਾ ਕਿ ਪੂਰਾ ਲਾਹਾ ਨਹੀਂ ਲਿਆ ਜਾ ਰਿਹਾ ਤੇ ਇਹ ਇੰਜ ਹੀ ਰਹੇਗਾ ਜਦ ਤੱਕ ਕਿ ਇਸ ਤੇ ਬੰਨ ਮਾਰ ਕੇ ਇਸ ਦੀ ਵਰਤੋਂ ਸਹੀ ਤਰੀਕੇ ਨਹੀਂ ਕੀਤੀ ਜਾਂਦੀ ਤੇ ਇਸੇ ਰਾਹ ਜਦ ਤੀਕ ਜੰਗਲ ਦੀ ਕੁਦਰਤੀ ਵੰਨ ਸੁਵੰਨਤਾ ਉਜਾੜ ਕੇ ਇੱਕੋ ਮੇਲ ਦੀ ਫ਼ਸਲ ਨਹੀਂ ਬੀਜ ਦਿੱਤੀ ਜਾਂਦੀ। ਸਾਫ ਸ਼ਬਦਾਂ ਵਿੱਚ ਕੋਈ ਵੀ ਚੀਜ਼ ਤਦ ਤਕ ਅਣਉਪਯੋਗੀ ਹੀ ਗਿਣੀ ਜਾਂਦੀ ਹੈ ਜਦ ਤਕ ਉਹ ਮੁਨਾਫ਼ਾ ਜਾਂ ਪੂੰਜੀ ਕਮਾ ਕੇ ਦੇਣ ਦਾ ਵਸੀਲਾ ਨਹੀਂ ਬਣਦੀ। ਤੀਜੀ ਦੁਨੀਆਂ ਵਿੱਚ ਔਰਤਾਂ ਦੇ ਕੰਮ ਨੂੰ ਵੀ ਇਸੇ ਐਨਕ ਨਾਲ ਵੇਖਿਆ ਜਾਂਦਾ ਹੈ।

ਬੀਬੀ ਸ਼ਿਵਾ ਗਰੀਬੀ ਤੇ ਦੁੱਖ ਵਿਚਲੀ ਲੀਕ ਨੂੰ ਨਿਰਭਰਤਾ ਤੇ ਕਮੀ ਨਾਲ ਮੇਲ ਕੇ ਸਮਝਾਉਂਦੇ ਹਨ। ਸਮਾਜਕ ਨਿਰਭਰਤਾ ਜ਼ਰੂਰੀ ਨਹੀਂ ਕਿ ਪਦਾਰਥ ਗਰੀਬੀ ਵਜੋਂ ਵੇਖੀ ਜਾਵੇ ਪਰ ਵਿਕਾਸ ਦੀ ਇਹ ਵਿਚਾਰਧਾਰਾ ਸਮਾਜਿਕ ਨਿਰਭਰ ਲੋਕਾਂ ਨੂੰ ਵੀ ਇਸੇ ਰੱਸੇ ਨਾਲ ਨੂੜ ਦਿੰਦੀ ਹੈ। ਇਸਦਾ ਕਾਰਨ ਹੈ ਉਨਾਂ ਦਾ ਕਿਸੇ ਮੰਡੀ ਦੀ ਆਰਥਕਿਤਾ ਦਾ ਖਾਜਾ ਨਾ ਹੋਣਾ। ਸੀਮਿੰਟ ਦੇ ਪੱਕੇ ਘਰ ਛੱਡ ਕੇ ਮੌਕੇ ਦੇ ਕੁਦਰਤੀ ਸੋਮੇ ਬਾਂਸ ਮਿੱਟੀ ਆਦਿ ਵਰਤ ਕੇ ਆਤਮ ਨਿਰਭਰਤਾ ਨਾਲ ਆਪਣੇ ਹੱਥੀਂ ਆਪ ਬਣਾਏ ਘਰ ਵਿੱਚ ਰਹਿਣ ਕਰਕੇ ਹੀ ਉਨਾਂ ਨੂੰ ਗਰੀਬ ਵਾਲੇ ਖਾਨੇ ਵਿੱਚ ਰੱਖ ਦਿੱਤਾ ਜਾਂਦਾ ਹੈ। ਘਰੇਲੂ ਬਣੀਆਂ ਚੀਜਾਂ ਦੀ ਵਰਤੋਂ ਕਦੇ ਵੀ ਮਾੜੀ ਪਦਾਰਥਕ ਜੀਵਨ ਜਾਂਚ ਨਹੀਂ ਮੰਨੀ ਜਾ ਸਕਦੀ। ਸਗੋਂ ਘਰੇਲੂ ਬਣੇ ਪਦਾਰਥ ਮੰਡੀ ਰਾਹੀਂ ਮਿਲਦੀਆਂ ਚੀਜਾਂ ਤੋਂ ਕਿਤੇ ਵੱਧ ਗੁਣਾਤਮਕ ਤੇ ਉੱਚੇ ਦਰਜੇ ਦੇ ਹੁੰਦੇ ਹਨ ਫਿਰ ਚਾਹੇ ਉਹ ਘਰ ਹੋਣ ਚਾਹੇ ਖਾਣ ਪੀਣ ਦੇ ਪਦਾਰਥ। ਇਹ ਵਿਕਾਸ ਦੇ ਉੱਦਮ ਸਗੋਂ ਉਨਾਂ ਦੀ ਆਤਮ ਨਿਰਭਰਤਾ ਰਹਿਣ ਸਹਿਣ ਨੂੰ ਉਜਾੜ ਕੇ ਉਨਾਂ ਨੂੰ ਅਸਲ ਪਦਾਰਥਕ ਗਰੀਬੀ ਵੱਲ ਧੱਕ ਦਿੰਦੇ ਹਨ। ਨਕਦ ਵੇਚ ਲਈ ਬੀਜੀਆਂ ਜਾਂਦੀਆਂ ਫ਼ਸਲਾਂ ਤੇ ਪੈਦਾਵਾਰ ਦੀ ਵਿਕਰੀ ਕਰਨ ਦੇ ਵਪਾਰ ਉਸ ਵੱਸੋਂ ਤੋਂ ਜ਼ਮੀਨ ਤੇ ਸਾਫ਼ ਪਾਣੀ ਖੋਹ ਲੈਂਦੇ ਹਨ ਜੋ ਕਿ ਪੂਰੀ ਤਰਾਂ ਉਨਾਂ ਉੱਤੇ ਨਿਰਭਰ ਹੁੰਦੀ ਹੈ। ਸਿੱਧਾ ਕਿਹਾ ਜਾਵੇ ਤਾਂ ਇਹ ਬਣਾ ਕੇ ਪੇਸ਼ ਕੀਤੀ ਜਾਂਦੀ ਗ਼ਰੀਬੀ ਕਦਾਚਿਤ ਵੀ ਪਦਾਰਥਕ ਗਰੀਬੀ ਨਹੀਂ ਹੈ ਸਗੋਂ ਇਹ ਉਹ ਥਾਂ ਤੇ ਵਸਦੇ ਕਰੋੜਾਂ ਲੋਕਾਂ ਦੀ ਹੋਂਦ ਨੂੰ ਵੱਡਾ ਖਤਰਾ ਹੈ।




ਅੱਜ ਦਾ ਵਿਗਿਆਨ ਕੁਝ ਇੱਕ ਬੰਦਿਆਂ ਦੇ ਦਿਮਾਗ ਦੀ ਉਪਜ ਹੈ ਤੇ ਪੱਛਮ ਦੀ ਕਾਢ ਹੈ ਜੋ ਕਿ ਵਿਗਿਆਨਕ ਇਨਕਲਾਬ ਦੇ ਸਿੱਟੇ ਵਜੋਂ ਹੋਂਦ ਵਿੱਚ ਆਇਆ ਹੈ। ਸਿੱਟਾ ਇਹ ਨਿਕਲਿਆ ਕਿ ਕੁਦਰਤ ਤੋਂ ਮਾਂ ਹੋਣ ਦਾ ਦਰਜਾ ਖੋਹ ਲਿਆ ਗਿਆ। ਕੁਦਰਤ ਨੂੰ ਇਸਤਰੀ ਲਿੰਗ ਬਣਾ ਕੇ ਉਹ ਖਾਨੇ ਵਿੱਚ ਰੱਖ ਦਿੱਤਾ ਗਿਆ ਹੈ ਜਿੱਥੇ ਕੋਈ ਵੀ ਪੁਲਿੰਗ ਦਿਮਾਗ ਇਸ ਤੇ ਚੜਾਈ ਕਰਕੇ ਆ ਸਕੇ ਤੇ ਇਸ ਉੱਤੇ ਕਬਜਾ ਜਮਾ ਸਕੇ। ਇਸੇ ਨੂੰ ਵਿਕਾਸ ਮਾਰਗ ਦਾ ਨਾਂ ਦਿੱਤਾ ਜਾਂਦਾ ਹੈ ਤੇ ਇਹ ਖਿੱਤੇ ਦੀ ਹਕੂਮਤ ਦੀ ਰਜ਼ਾ ਤੋਂ ਬਿਨਾ ਕਰਨਾ ਸੰਭਵ ਹੀ ਨਹੀਂ ਹੈ। ਅੱਗੇ ਉਨਾਂ ਨੇ ਉਦਾਹਰਣਾ ਦਿੱਤੀਆਂ ਹਨ ਕਿ ਕਿਵੇਂ ਇਨਾਂ ਵਿਕਾਸ ਦੇ ਉੱਦਮਾਂ ਨੇ ਕੁਝ ਖਿੱਤਿਆਂ ਨੂੰ ਬਰਬਾਦ ਕਰਕੇ ਉਜਾੜ ਕੇ ਰੱਖ ਦਿੱਤਾ ਹੈ। ਪੱਛਮੀ ਮਾਹਰਾਂ ਦੇ ਅਫਰੀਕਾ ਦੇ ਵਿਕਾਸ ਉੱਦਮ ਹੀ ਅਫਰੀਕਾ ਦੀ ਬਰਬਾਦੀ ਦਾ ਕਾਰਨ ਬਣੇ ਹਨ। ਉੱਥੋਂ ਦੇ ਮੂਲ ਨਿਵਾਸੀ ਆਪਣੇ ਸਦੀਆਂ ਲੰਮੇ ਜੀਵਨ ਜਾਚ ਵਿੱਚੋਂ ਸਿਰਜੇ ਆਪਣੇ ਨਿਵੇਕਲੇ ਵਾਤਾਵਰਨ ਗਿਆਨ ਪ੍ਰਬੰਧ ਨੂੰ ਬਚਾਈ ਬੈਠੇ ਸਨ। ਉਨਾਂ ਦੀ ਇਹ ਵਾਤਾਵਰਨ ਜੀਵਨ ਜਾਂਚ ਸਮਝ ਸਦੀਆਂ ਤੱਕ ਜਿਉਂਦੀ ਰਹੀ ਤੇ ਵਧੀ ਫੁੱਲੀ ਪਰ ਪੱਛਮੀ ਮਾਹਰ ਆਪਣੀ ਸਮਝ ਤੇ ਅਕਲ ਵਰਤ ਕੇ ਕੁਝ ਦਹਾਕਿਆਂ ਦੇ ਸਮੇਂ ਵਿੱਚ ਹੀ ਇਹ ਸੋਮਾ ਖਤਮ ਕਰ ਗਏ।

ਕੁਝ ਖੇਤਰਾਂ ਵਿੱਚ ਇਹ ਕੁਦਰਤੀ ਵਾਤਾਵਰਨ ਆਪਣੇ ਪਹਿਲੇ ਖਿਆਲ ਵੱਲ ਮੁੜਿਆ ਜਾਪਦਾ ਹੈ। ਜਿਵੇਂ ਬੱਚੇ ਨੂੰ ਮਾਂ ਦਾ ਦੁੱਧ ਪਿਆਉਣ ਦੀ ਮਹੱਤਤਾ ਨੂੰ ਬੱਚਿਆਂ ਦੇ ਡੱਬਾ ਬੰਦ ਦੁੱਧ ਦੀ ਕਾਢ ਨੇ ਨਿਗੁਣਾ ਕਰਕੇ ਰੱਖ ਦਿੱਤਾ ਸੀ। ਪਰ ਹੁਣ ਫਿਰ ਇਸ ਵੱਲ ਮੁੜ ਕੇ ਉਸ ਦੀ ਲੋੜ ਤੇ ਮਹੱਤਤਾ ਦਾ ਗੁਣਗਾਨ ਕੀਤਾ ਜਾਣ ਲੱਗਿਆ ਹੈ। ਦੂਜੀ ਉਦਾਹਰਣ ਹੈ ਜੈਵਿਕ ਖੇਤੀ ਦੀ ਜੋ ਮੁੜ ਪੈਰ ਜਮਾਉਣ ਲੱਗੀ ਹੈ। ਹੋਂਦ ਦੀ ਲੋੜ ਦੇ ਪੱਖ ਤੋਂ ਕੀਤੀ ਜਾਂਦੀ ਪੈਦਾਵਾਰ ਦਾ ਧਨ ਕਮਾਉਣ ਲਈ ਕੀਤੀ ਜਾਂਦੀ ਪੈਦਾਵਾਰ ਨਾਲੋਂ ਜ਼ਮੀਨ ਅਸਮਾਨ ਦਾ ਫ਼ਰਕ ਹੈ। ਆਦਮੀ ਕੁਦਰਤੀ ਸਾਧਨਾਂ ਅਤੇ ਔਰਤ ਦੇ ਕੰਮ ਨੂੰ ਕੱਚੇ ਮਾਲ ਵਜੋਂ ਵਰਤ ਕੇ ਉਤਪਾਦਨ ਕਰਦਾ ਹੈ।। ਇਸ ਸਾਰੇ ਕਾਸੇ ਵਿੱਚ ਔਰਤਾਂ ਤੇ ਕੁਦਰਤ ਨੂੰ ਅਣਉਪਯੋਗੀ ਸਮਝ ਕੇ ਵਰਤਿਆ ਜਾਂਦਾ ਹੈ। ਕੁਦਰਤ ਦੀ ਇਸ ਬੇਕਿਰਕ ਵਰਤੋਂ ਕੁਦਰਤੀ ਉਜਾੜ ਵੱਲ ਤੇ ਔਰਤ ਦੇ ਕੰਮ ਦੀ ਇਹ ਬੇਕਦਰੀ ਨੇ ਉਹਨਾਂ ਨੂੰ ਵੀ ਲਿੰਗ ਆਧਾਰਤ ਨਾ ਬਰਾਬਰੀ ਤੇ ਲਿੰਗਵਾਦ ਵੱਲ ਧੱਕ ਦਿੱਤਾ ਹੈ। ਇਸ ਸਾਰੇ ਦਾ ਹੱਲ ਵੀ ਉਹ ਹਿੱਸੇ ਵਿੱਚ ਪਿਆ ਹੈ ਜੋ ਇਸ ਸਾਰੇ ਕਾਸੇ ਤੋਂ ਪੀੜਤ ਹੈ ਤੇ ਮਾਦਾ ਰੱਖਦਾ ਹੈ ਇਸ ਨਵੇਂ ਵਿਦਵਤਾ ਪੂਰਨ ਕੁਦਰਤੀ ਵਾਤਾਵਰਨ ਨੂੰ ਸਾਂਭ ਕੇ ਰੱਖਣ ਦੀ ਮਿਸਾਲ ਬਣਨ ਦਾ।

ਤਪੋਵਨ ਵਿੱਚ ਰਵਿੰਦਰ ਨਾਥ ਟੈਗੋਰ ਲਿਖਦੇ ਹਨ ਕਿ ਭਾਰਤ ਦੇ ਸਭ ਤੋਂ ਉਪਜਾਊ ਵਿਚਾਰ ਉੱਥੋਂ ਨਿਕਲਦੇ ਹਨ ਜਿੱਥੇ ਮਨੁੱਖ ਕੁਦਰਤ ਨਾਲ ਰੁੱਖਾਂ ਨਾਲ ਦਰਿਆਵਾਂ ਨਾਲ ਇਕਮਿਕ ਤੇ ਭੀੜਾਂ ਤੋਂ ਕਿਤੇ ਦੂਰ ਹੈ। ਮੱਧ ਭਾਰਤ ਅਤੇ ਕਬੀਲਿਆਂ ਲਈ ਜੰਗਲ ਉਨਾਂ ਦੀ ਹੋਂਦ ਦਾ ਮੁੱਖ ਸੋਮਾ ਹਨ। ਉਹ ਜੰਗਲਾਂ ਵਿੱਚੋਂ ਫੁੱਲ ਤੇ ਬੂਟੀਆਂ ਚੁਗਦੇ ਹਨ ਜਿਨਾਂ ਨੂੰ ਕਿ ਕੱਚਾ ਸੁਕਾ ਕੇ ਜਾਂ ਪਕਾ ਕੇ ਆਟੇ ਵਿੱਚ ਪੀਸ ਕੇ ਤੇ ਰਲਾ ਕੇ ਖਾਧਾ ਜਾਂਦਾ ਹੈ। ਬੀਜ ਪੀੜ ਕੇ ਕੱਢੇ ਗਏ ਚਿੱਟੇ ਗਾੜੇ ਤੇਲ ਨਾਲ ਉਹ ਆਪਣਾ ਭੋਜਨ ਪਕਾਉਂਦੇ ਹਨ ਤੇ ਨਾਲ ਹੀ ਇਹ ਸਾਬਣ ਅਤੇ ਗਲਸਿਰੀਨ ਬਣਾਉਣ ਦੇ ਕੰਮ ਆਉਂਦਾ ਹੈ। ਜਦੋਂ ਅੰਗਰੇਜ਼ਾਂ ਨੇ ਭਾਰਤ ਨੂੰ ਆਪਣੀ ਬਸਤੀ ਬਣਾਇਆ ਤਾਂ ਸਭ ਤੋਂ ਪਹਲਾਂ ਉਨਾਂ ਨੇ ਜੰਗਲਾਂ ਨੂੰ ਆਪਣੀ ਬਸਤੀ ਹੇਠ ਲਿਆਂਦਾ। ਉਨਾਂ ਨੇ ਜੰਗਲਾਂ ਦਾ ਵਿਗਿਆਨਕ ਪ੍ਰਬੰਧਨ ਸ਼ੁਰੂ ਕੀਤਾ। ਅਸਲ ਵਿੱਚ ਇਹ ਉਨਾਂ ਜੰਗਲਾਂ ਦਾ ਉਜਾੜਾ ਸੀ ਤੇ ਉੱਥੇ ਵਸਦੇ ਲੋਕਾਂ ਦੇ ਹੱਕਾਂ ਉੱਤੇ ਡਾਕਾ। ਇਹੀ ਪ੍ਰਥਾ ਅੰਗਰੇਜ਼ਾਂ ਤੋਂ ਬਾਅਦ ਵੀ ਬੇਕਰਿਕ ਚੱਲਦੀ ਆ ਰਹੀ ਹੈ। ਅੱਗੇ ਸ਼ਿਵਾ ਲਿਖਦੇ ਹੋਏ ਚਿਪਕੋ ਅੰਦੋਲਨ ਦੀ ਮਸਾਲ ਦਿੰਦੇ ਹਨ ਕਿ ਕਿਵੇਂ ਉਨਾਂ ਜੰਗਲ ਬਚਾਉਣ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ। ਇਸ ਅੰਦੋਲਨ ਵਿੱਚ ਔਰਤਾਂ ਦਾ ਉਚੇਚਾ ਯੋਗਦਾਨ ਸੀ। ਜੰਗਲਾਂ ਤੇ ਇੱਕ ਹੋਰ ਮਾਰ ਪਈ ਉਹ ਸੀ ਸਮਾਜਿਕ ਜੰਗਲੀਕਰਨ ਦੇ ਉੱਦਮ ਦੀ। ਇਹ ਉੱਦਮ ਮਸਾਲ ਹੈ ਇੱਕੋ ਇੱਕ ਕਿਸਮ ਦੀ ਖੇਤੀ ਦਾ ਤੇ ਇੱਕੋ ਕਿਸਮ ਦੀ ਪੈਦਾਵਾਰ ਦਾ। ਇਹ ਉੱਦਮ ਜੰਗਲੀਕਰਨ ਤੇ ਖੇਤੀਬਾੜੀ ਦਾ ਨਖੇੜਾ ਕਰਦਾ ਹੈ ਪਰ ਵੇਖਦਾ ਉਸ ਨੂੰ ਪੂੰਜੀਵਾਦ ਦੀ ਐਨਕ ਵਿੱਚੋਂ ਹੀ ਹੈ। ਕਰਨਾਟਕ ਦੇ ਕੋਲਾਰ ਜਿਲੇ ਵਿੱਚ ਉਚੇਚੇ ਤੌਰ ਤੇ ਇਸ ਦੀ ਵਿਉਂਤਬੰਦੀ ਕੀਤੀ ਗਈ ਤੇ ਮਾਹਰਾਂ ਨੇ ਕਿਹਾ ਕਿ ਕਬੀਲਾਈ ਗਿਆਨ ਗੈਰ ਵਿਗਿਆਨਕ ਹੈ ਤੇ ਕੁਹਾੜਾ ਚਲਾ ਦਿੱਤਾ ਗਿਆ ਉੱਥੋਂ ਦੇ ਰੁੱਖਾਂ ਉੱਤੇ ਕਿਉਂ ਜੋ ਉਹ ਮੰਡੀ ਦੇ ਮੇਲ ਤੇ ਨਹੀਂ ਸੀ ਤੇ ਸਾਰੇ ਕਿਤੇ ਬੀਜ ਦਿੱਤਾ ਗਿਆ ਸਫੈਦਾ ਕਿਉਂਕਿ ਉਹ ਮੰਡੀ ਨੂੰ ਮਾਫਕ ਸੀ।

ਕਰਨਾਟਕ ਆਪਣੀ ਵਾਹੀਯੋਗ ਜ਼ਮੀਨ ਦੇ ਤੇਰਾਂ ਫੀਸਦੀ ਪਹਿਲਾਂ ਹੀ ਸਫ਼ੈਦੇ ਦੀ ਮਾਰ ਹੇਠ ਲਿਆ ਚੁੱਕਿਆ ਹੈ। ਕੋਈ ਸ਼ੱਕ ਨਹੀਂ ਕਿ ਇਸ ਨੇ ਪੂੰਜੀ ਤੇ ਖਪਤਯੋਗ ਉਤਪਾਦ ਭਰਪੂਰ ਰੂਪ ਵਿੱਚ ਦਿੱਤੇ ਪਰ ਕੁਦਰਤੀ ਵਾਤਾਵਰਨ ਦਾ ਵਿਨਾਸ਼ ਹੱਦ ਦਰਜੇ ਤੋਂ ਵੱਧ ਕਰ ਦਿੱਤਾ।

ਇਹ ਉੱਥੋਂ ਦੀ ਕੁਦਰਤੀ ਬਣਤਰ ਨੂੰ ਮੇਚ ਨਹੀ ਸੀ ਆਉਂਦਾ। ਪਰ ੧੯੮੩ ਵਿੱਚ ਔਰਤਾਂ ਤੇ ਛੋਟੀ ਕਿਸਾਨੀ ਨੇ ਜਥੇਬੰਦਕ ਰੂਪ ਵਿੱਚ ਸਫ਼ੈਦੇ ਦੇ ਛੋਟੇ ਬੂਟਿਆਂ ਨੂੰ ਪੁੱਟ ਸੁੱਟਿਆ ਤੇ ਇਮਲੀ ਤੇ ਅੰਬ ਬੀਜ ਦਿੱਤੇ। ਇਸ ਵਿਦਰੋਹ ਨੇ ਜੰਗਲ ਵਿਗਿਆਨ ਦੀ ਪ੍ਰਧਾਨਗੀ ਨੂੰ ਖੁੱਲੀ ਵੰਗਾਰ ਦਿੱਤੀ ਜੋ ਭਾਂਤ ਭਾਂਤ ਦੀ ਬਨਸਪਤੀ ਉਜਾੜ ਕੇ ਇੱਕ ਕਿਸਮ (ਸਫੈਦੇ) ਦੇ ਹੱਕ ਵਿੱਚ ਸੀ ਤੇ ਸਾਰੀਆਂ ਦੇਸੀ ਮੰਗਾਂ ਨਕਾਰ ਕੇ ਇੱਕ ਮੰਡੀ ਦੀ ਲੋੜ ਪੂਰਨ ਦੀ ਹਾਮੀ ਸੀ ਤੇ ਇਲਾਕਾਈ ਗਿਆਨ ਨੂੰ ਨਕਾਰ ਕੇ ਇੱਕ ਗਿਆਨ (ਵਿਸ਼ਵ ਬੈਂਕ ਜਾਂ ਜੰਗਲਾਤ ਅਫਸਰਾਂ) ਦੀ ਪ੍ਰਧਾਨਗੀ ਉੱਤੇ ਕਾਇਲ ਸੀ।

ਬਾਕੀ ਸਫ਼ਾ 31 'ਤੇ

ਭਾਗ 3

# ਅਗਾਂਹ ਵੱਲ ਨੂੰ ਤੁਰਦਿਆਂ

## ਵੱਲੋਂ : ਸੰਵਾਦ

**ਅ) ਦਿੱਲੀ ਤਖਤ ਅਤੇ ਅਧੀਨ ਧਿਰਾਂ ਦੇ ਸੰਬੰਧ:**
ਦਿੱਲੀ ਤਖਤ ਦੀ ਤਾਸੀਰ:
ਦਿੱਲੀ ਤਖਤ ਦੀ ਮਿਸ਼ਰਤ ਤਾਸੀਰ ਰਹੀ ਹੈ। ਇਸ ਦੀਆਂ ਚਾਰ ਮੁੱਖ ਪਰਤਾਂ ਹਨ:
- ਸਾਮਰਾਜੀ ਵਿਰਾਸਤ
- ਨੇਸ਼ਨ ਸਟੇਟ ਦੀ ਕਵਾਇਦ
- ਬਿਪਰ ਸੰਸਕਾਰ (ਮੰਨੂ ਮਤਿ )
- ਪੂੰਜੀਵਾਦ

**ਤਫਸੀਲ:**
1. ੪੭੯ ਨਾਨਕਸ਼ਾਹੀ (੧੯੪੭ ਈ) ਵਿੱਚ ਫਿਰੰਗੀ ਸਾਮਰਾਜ ਦਾ ਤਾਂ ਅੰਤ ਹੋ ਗਿਆ ਪਰ ਪ੍ਰਸ਼ਾਸਨ ਦਾ ਸਾਮਰਾਜੀ ਢਾਂਚਾ ਅੱਜ ਤੱਕ ਵੀ ਉਨਾਂ ਲੀਹਾਂ ਉਤੇ ਹੀ ਚੱਲ ਰਿਹਾ ਹੈ। ਜਿਸ ਵਿੱਚ ਕੁਦਰਤੀ ਸਰੋਤਾਂ ਦੀ ਲੁੱਟ ਅਤੇ ਮਨੁੱਖਾਂ ਨਾਲ ਗੁਲਾਮਾਂ ਵਾਲੇ ਵਰਤਾਉ ਦੀ ਬਿਰਤੀ ਸੁਤੇ ਸਿੱਧ ਹੀ ਮੌਜੂਦ ਹੈ।
ਰਾਜ ਪ੍ਰਬੰਧ ਦੀ ਅਸਲ ਤਾਕਤ ਹਿੰਦੂ ਉਚ ਵਰਗ ਕੋਲ ਹੀ ਰਹੀ ਹੈ। ਵੱਖਰੇ ਨਸਲੀ, ਸਮਾਜੀ, ਰਾਜਸੀ, ਸੱਭਿਆਚਾਰਕ ਤੇ ਭਾਸ਼ਾਈ ਸਮੂਹਾਂ ਤੇ ਕੌਮਾਂ ਅਤੇ ਧਰਮਾਂ ਦੀਆਂ ਆਸਾਂ ਉਮੰਗਾਂ ਨੂੰ ਸਰਕਾਰੀ ਜਬਰ ਨਾਲ ਕੁਚਲਿਆ ਜਾਂਦਾ ਹੈ। ਅੱਜ ਵੀ ਪ੍ਰਸ਼ਾਸਨ ਕਿਸੇ ਮਸਲੇ ਵਿੱਚ ਸ਼ਹਿਰੀਆਂ ਦੀ ਸਹਿਮਤੀ ਦਲੀਲ ਜਾਂ ਅਪੀਲ ਦੀ ਬਜਾਏ ਨਿਰੀ ਤਾਕਤ ਨਾਲ ਹੀ ਹਾਸਲ ਕਰਨ ਦੀ ਨੀਤੀ ਉਤੇ ਚੱਲਦਾ ਹੈ।
੨. ੪੭੯ ਨਾਨਕਸ਼ਾਹੀ (੧੯੪੭ ਈ) ਤੋਂ ਬਾਅਦ ਫਿਰੰਗੀ ਸਾਮਰਾਜ ਵੱਲੋਂ ਇੱਕੋ ਜਗਾ ਨੂੜੀਆਂ ਹੋਈਆਂ ਅਨੇਕਾਂ ਨਸਲਾਂ, ਸੈਂਕੜੇ ਸਭਿਆਚਾਰਾਂ, ਕੌਮਾਂ ਅਤੇ ਇਤਿਹਾਸਕ ਰਾਜਾਂ ਨੂੰ ਇੱਕੋ ਰਾਜਨੀਤਕ ਢਾਂਚੇ ਅਧੀਨ ਰੱਖਣ ਲਈ ਦਿੱਲੀ ਤਖਤ ਵੱਲੋਂ ਯੂਰਪ ਦੀ ਤਰਜ ਉਤੇ ਇੱਕੋ ਸਭਿਆਚਾਰ ਉਤੇ ਅਧਾਰਤ ਇੱਕ ਨੇਸ਼ਨ-ਸਟੇਟ ਬਣਾਉਣ ਦਾ ਕਾਰਜ ਵੀ ਸਾਮਰਾਜੀ ਕਿਰਦਾਰ ਦੇ ਨਾਲ ਰਲਾ ਲਿਆ ਗਿਆ। ਇਸ ਕਾਰਜ ਤਹਿਤ ਸਾਰੀਆਂ ਅੱਡਰੀਆਂ ਪਹਿਚਾਣਾਂ ਨੂੰ ਖਤਮ ਕਰ ਕੇ ਇੱਕੋ ਨੇਸ਼ਨ ਬਣਾਉਣ ਲਈ ਸ਼ੁਰੂ ਕੀਤੀ ਕਵਾਇਦ ਵਿੱਚ ਰਾਜ ਦੀਆਂ ਸਮੁੱਚੀਆਂ ਸੰਸਥਾਵਾਂ ਦੇ ਨਾਲ-ਨਾਲ ਵਿੱਦਿਆ ਪ੍ਰਬੰਧ, ਸਿਨੇਮਾ, ਟੀਵੀ ਅਤੇ ਹੋਰ ਸੰਚਾਰ ਸਾਧਨਾਂ ਆਦਿ ਦੀ ਵਰਤੋਂ ਕੀਤੀ ਜਾ ਰਹੀ ਹੈ।
੩. ਬਿਪਰ ਸੰਸਕਾਰਾਂ ਕਾਰਨ ਹਿੰਦੂ ਸਮਾਜ ਵਿੱਚ ਵਰਣ ਵੰਡ ਅਤੇ ਜਾਤ-ਪਾਤ ਵਰਗੇ ਊਚ-ਨੀਚ ਅਤੇ ਵਿਤਕਰੇ ਵਾਲੇ ਪ੍ਰਬੰਧ ਨੂੰ ਮਾਨਤਾ ਪ੍ਰਾਪਤ ਹੈ। ਪਛੜੇ ਵਰਗ ਸਮਾਜੀ, ਰਾਜਸੀ ਤੇ ਆਰਥਕ ਬਰਾਬਰੀ ਅਤੇ ਆਤਮ-ਸਨਮਾਨ ਲਈ ਜੂਝ ਰਹੇ ਹਨ। ਦਿੱਲੀ ਤਖਤ ਉਤੇ ਪਕੜ ਬਣ ਜਾਣ ਕਾਰਨ ਅਖੌਤੀ ਉਚ ਵਰਣ-ਜਾਤ ਦੀ ਆਪਣੇ ਆਪ ਨੂੰ ਸਰਵ-ਸ੍ਰੇਸਟ ਸਮਝਣ ਦੀ ਮਾਨਸਿਕਤਾ ਦਾ ਵਿਖਾਵਾ ਜੋਰ 'ਤੇ ਹੈ। ਇਸੇ ਬਿਰਤੀ ਵਿੱਚੋਂ ਮਹਾਂਸ਼ਕਤੀ ਬਣਨ ਦੀ ਇਹਦੀ ਤੀਬਰ ਇੱਛਾ ਉਭਰ ਰਹੀ ਹੈ। ਇਹ ਇੱਛਾ ਬਿਪਰ-ਸੰਸਕਾਰ ਵਿੱਚੋਂ ਹੀ ਉਪਜੀ ਹੈ। ਇਸ ਬਾਬਤ ਇਹ ਆਪਣੇ ਬਾਰੇ ਵਿਸ਼ਵ-ਗੁਰੂ ਹੋਣ ਦੇ ਮਿੱਥ ਸਿਰਜਦੀ ਤੇ ਪ੍ਰਚਾਰਦੀ ਆਈ ਹੈ। ਗੁਆਂਢੀ ਮੁਲਕਾਂ ਨਾਲ ਇਹਦੀ ਤਲਖੀ ਇਸੇ ਬਿਰਤੀ ਦਾ ਨਤੀਜਾ ਹੈ। ਇੰਡੀਆ ਦੇ ਅੰਦਰ ਦੂਜੀਆਂ ਕੌਮਾਂ ਨੂੰ ਲੈ ਕੇ ਵੀ ਦਿੱਲੀ ਤਖਤ ਦਾ ਇਹੀ ਵਤੀਰਾ ਹੈ। ਦਿੱਲੀ ਤਖਤ ਇੰਡੀਆ ਅੰਦਰ ਦੂਜੀਆਂ ਕੌਮਾਂ ਨੂੰ ਹਿੱਸੇਦਾਰ ਵਜੋਂ ਨਹੀਂ ਸਗੋਂ ਅਜਿਹੇ ਦੁਸ਼ਮਣ ਵਜੋਂ ਦੇਖਦਾ ਹੈ ਜਿਸ ਉੱਤੇ ਜਿੱਤ ਹਾਸਲ ਕਰਨੀ ਹੈ। ਸਰਵ-ਸਾਂਝੀਵਾਲਤਾ ਦੇ ਮੁਦਈ ਹਾਸ਼ੀਏ 'ਤੇ ਹਨ।
4. ਦਿੱਲੀ ਤਖ਼ਤ ਦੀ ਇੱਕ ਹੋਰ ਪਰਤ ਹੈ 'ਪੂੰਜੀਵਾਦੀ ਆਰਥਕ ਪ੍ਰਬੰਧ' ਜਿਸ ਵਿੱਚ ਪਿਛਲੇ ਦੋ ਦਹਾਕਿਆਂ ਤੋਂ ਸਾਰੀ ਆਰਥਕ ਨੀਤੀ ਨੂੰ ਕੁੱਝ ਕੁ ਵੱਡੇ ਸਰਮਾਏਦਾਰਾਂ ਅਤੇ ਕਾਰਪੋਰੇਟ ਕੰਪਨੀਆਂ ਦੇ ਮੁਨਾਫ਼ੇ ਲਈ ਹੀ ਘੜਿਆ ਗਿਆ ਹੈ। ਇਹਦੇ ਚਲਦਿਆਂ ਬਿਪਰਵਾਦੀ ਸਰਕਾਰਾਂ ਅਤੇ ਦੇਸੀ-ਵਿਦੇਸ਼ੀ ਸਰਮਾਏਦਾਰ ਮਿਲੀਭੁਗਤ ਨਾਲ ਖਿੱਤੇ ਦੇ ਵਸੀਲਿਆਂ ਨੂੰ ਅਤੇ ਲੋਕਾਂ ਨੂੰ ਅੰਨੇਵਾਹ ਲੁੱਟ ਰਹੇ ਹਨ।
ਮੌਜੂਦਾ 'ਕਾਰਪੋਰੇਟ ਪੂੰਜੀਵਾਦ' ਤੋਂ ਪਹਿਲਾਂ ਦਿੱਲੀ ਤਖਤ ਸ਼ੁਰੂ ਦੇ ਚਾਰ ਦਹਾਕਿਆਂ ਤੱਕ ਸਮਾਜਵਾਦੀ ਆਰਥਕ ਪ੍ਰਬੰਧ ਦੇ ਨਾਂ ਉਤੇ "ਸਰਕਾਰੀ ਪੂੰਜੀਵਾਦ" ਦਾ ਮੁੱਦਈ ਰਿਹਾ ਹੈ। ਬਹੁ-ਕੌਮੀ ਉਪਮਹਾਂਦੀਪ ਵਿੱਚ ਨੇਸ਼ਨ-ਸਟੇਟ ਵਾਲੀ ਇਕਸਾਰਤਾ ਲਾਗੂ ਕਰਨ ਲਈ ਉਸ ਸਮੇਂ ਦਿੱਲੀ ਤਖਤ ਦੀ ਇਹ ਵੱਡੀ ਲੋੜ ਸੀ ਕਿ ਸਾਰਾ ਆਰਥਕ ਪ੍ਰਬੰਧ ਕੇਂਦਰੀ ਸਰਕਾਰ ਦੇ ਵੱਸ ਰਹੇ। ਇੰਡੀਆ ਦੇ ਵੱਖ-ਵੱਖ ਖਿੱਤਿਆਂ ਨੂੰ ਆਰਥਕ ਤੌਰ 'ਤੇ ਕੇਂਦਰ ਦੇ ਮੁਥਾਜ ਰੱਖਣਾ ਇਸੇ ਆਰਥਕ ਨੀਤੀ ਦਾ ਨਤੀਜਾ ਸੀ। ਪਿਛਲੇ ਦੋ ਦਹਾਕਿਆਂ ਤੋਂ ਦੁਬਾਰਾ ਸਾਮਰਾਜੀ ਕਿਰਦਾਰ ਜੋਰ ਫੜਦਾ ਜਾ ਰਿਹਾ ਹੈ।
ਗੁਰਮਤਿ ਦੀ ਰੌਸ਼ਨੀ ਵਿੱਚ ਇੱਕ ਨਵੇਂ ਆਰਥਕ ਪ੍ਰਬੰਧ ਬਾਰੇ ਵਿਚਾਰ ਸ਼ੁਰੂ ਹੋਣੀ ਚਾਹੀਦੀ ਹੈ।

**ੲ) ਨਿਤਾਣੀਆਂ ਧਿਰਾਂ ਦੀ ਮੁਕਤੀ ਦਾ ਸਵਾਲ:**
ਇਸ ਖਿੱਤੇ ਦੀਆਂ ਸੰਘਰਸ਼ਸ਼ੀਲ ਧਿਰਾਂ ਅਨੁਸਾਰ ਹੱਲ ਦੀਆਂ ਪ੍ਰਚਲਤ ਮਾਨਤਾਵਾਂ:
ਵੱਖ-ਵੱਖ ਢਾਂਚਿਆਂ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਰਾਜਸੀ ਪ੍ਰਬੰਧ ਵਿੱਚ ਸੋਧ ਬਹੁਤ ਜਰੂਰੀ ਹੈ। ਰਾਜਸੀ ਪ੍ਰਬੰਧ ਵਿੱਚ ਸੋਧ ਲਈ
ਇਸ ਖਿੱਤੇ ਦੀਆਂ ਸੰਘਰਸ਼ਸ਼ੀਲ ਧਿਰਾਂ ਅਨੁਸਾਰ ਹੱਲ ਦੀਆਂ ਪ੍ਰਚਲਤ ਛੇ ਮਾਨਤਾਵਾਂ ਵਿਚਾਰੀਆਂ ਜਾ ਸਕਦੀਆਂ ਹਨ:
ਪਹਿਲੀ, ਇੰਡੀਆ ਦਾ ਸੰਵਿਧਾਨ ਠੀਕ ਹੈ ਪਰ ਇਮਾਨਦਾਰ ਬੰਦਿਆਂ ਦੀ ਘਾਟ ਹੈ। ਇਮਾਨਦਾਰ ਬੰਦਿਆਂ ਨੂੰ ਤਖਤ 'ਤੇ ਬਿਠਾਇਆ ਜਾਵੇ ਤਾਂ ਇਹ ਪ੍ਰਬੰਧ ਠੀਕ ਚੱਲ ਸਕਦਾ ਹੈ।
ਦੂਜੀ, ਸੰਵਿਧਾਨ ਅਤੇ ਢਾਂਚੇ ਨੂੰ ਇਸ ਕਦਰ ਸੋਧਿਆ ਜਾਵੇ ਕਿ ਇਹ ਅਸਲ ਵਿੱਚ ਨਿਆਂਕਾਰੀ ਅਤੇ ਬਰਾਬਰਤਾ ਦੇ ਗੁਣਾਂ ਵਾਲਾ ਬਣ ਜਾਵੇ ।
ਤੀਜੀ, ਇੰਡੀਆ ਵਿੱਚ ਅਸਲ ਫੈਡਰਲ ਢਾਂਚਾ ਬਹਾਲ ਕੀਤਾ ਜਾਵੇ । ਇਸ ਵਿੱਚ ਹੀ ਮੁਕਤੀ ਹੈ।
ਚੌਥੀ, ਦਿੱਲੀ ਤਖਤ ਨਾਲੋਂ ਵੱਖ ਹੋ ਕੇ ਵੱਖਰਾ ਦੇਸ਼ ਬਣਾਇਆ ਜਾਵੇ । ਨਾਗਾਲੈਂਡ, ਕਸ਼ਮੀਰ, ਤਾਮਿਲਨਾਡੂ ਤੇ ਖਾਲਿਸਤਾਨ (ਅੰਤਿ ਕਾ ੪), ਆਦਿ ।
ਪੰਜਵੀਂ, ਦੱਖਣੀ ਏਸ਼ੀਆ ਦੀਆਂ ਸਾਰੀਆਂ ਅਧੀਨ ਧਿਰਾਂ ਵੱਖੋ ਵੱਖਰੇ ਦੇਸ਼ ਬਣਾ ਕੇ ਇੱਕ ਸਾਂਝੀ ਕਨਫੈਡਰੇਸ਼ ਨ ਬਣਾ ਲੈਣ ਜਿਸ ਦਾ ਇੱਕ ਥਾਂ ਤੇ ਕੁੱਝ ਕੁ ਸਾਂਝਾਂ ਵਾਲਾ ਢਾਂਚਾ ਹੋਵੇ । ਇਹ ਯੂਰਪੀ ਯੂਨੀਅਨ ਦੀ ਤਰਜ਼ 'ਤੇ ਹੋ ਸਕਦਾ ਹੈ।
ਛੇਵੀਂ, ਦਿੱਲੀ ਤਖਤ ਦਾ ਪ੍ਰਬੰਧ ਗੁਰੂ ਖਾਲਸਾ ਪੰਥ ਦੀ ਛਤਰ ਛਾਇਆ ਹੇਠ ਚੱਲੇ।
**ਹੱਲ ਦੀਆਂ ਵਿਹਾਰਕ ਸੰਭਾਵਨਾਵਾਂ:**
ਬਿਪਰ ਸੰਸਕਾਰੀ ਦਿੱਲੀ ਤਖਤ ਵੱਲੋਂ ਫਿਰੰਗੀ ਸਾਮਰਾਜ ਵਾਲਾ ਢਾਂਚਾ ਹੀ ਇੰਨ-ਬਿੰਨ ਅਪਣਾ ਲਿਆ ਗਿਆ ਹੈ ਜੋ ਕਿ ਸ਼ੋਸ਼ਣ ਅਤੇ ਜ਼ੁਲਮ ਦੀ ਬੁਨਿ ਆਦ ਉਤੇ ਖੜਾ ਹੈ। ਇਸ ਲਈ ਮੌਜੂਦਾ ਪ੍ਰਬੰਧ ਦੇ ਚੱਲਦਿਆਂ ਦਿੱਲੀ ਤਖਤ ਤੋਂ ਨਿਆਂ, ਬਰਾਬਰੀ ਤੇ ਖੁਦਮੁਖਤਿਆਰੀ ਦੀ ਆਸ ਬੇ-ਮਾਅਨਾ ਹੈ। ਦਿੱਲੀ ਹਕੂਮਤ ਨੂੰ 'ਬਿਪਰ ਸਾਮਰਾਜ' ਸਮਝਿਆ ਜਾਣਾ ਚਾਹੀਦਾ ਹੈ। ਬਿਪਰ ਇਸ ਸਾਮਰਾਜ ਦੀ ਤਿਆਰੀ ਕਈ ਸਦੀਆਂ ਤੋਂ ਕਰ ਰਿਹਾ ਹੈ। ਗੁਰਮਤਿ ਦੇ ਨਜ਼ਰੀਏ ਤੋਂ ਵਿਚਾਰਕ ਤੌਰ 'ਤੇ ਅਤੇ ਵਰਤਮਾਨ ਰਾਜਸੀ ਨੀਤੀ ਦੇ ਤੌਰ 'ਤੇ ਵੀ ਇਹੋ ਪੈਂਤੜਾ ਬਣਦਾ ਹੈ ਕਿ ਜੋ ਵੀ ਇਸ ਖਿੱਤੇ ਵਿੱਚ ਸਮਾਜਕ ਤੇ ਧਾਰਮਕ ਤੌਰ 'ਤੇ ਮੰਨਮਤਿ ਅਤੇ ਰਾਜਸੀ ਤੌਰ 'ਤੇ ਦਿੱਲੀ ਤਖਤ ਦੇ ਗਲਬੇ ਦੇ ਖਿਲਾਫ ਹੈ ਉਹਨਾਂ ਸਭ ਧਿਰਾਂ ਨਾਲ ਗਠਜੋੜ ਬਣਾਇਆ ਜਾਵੇ । ਉਪਮਹਾਂਦੀਪ ਵਿੱਚ ਹਰੇਕ ਸਮੂਹ ਦੀ ਬਣਤਰ ਜਿਵੇਂ ਵੱਖੋ ਵੱਖਰੀ ਹੈ ਇਸ ਕਰਕੇ ਪਹਿਲਾ ਤੋਂ ਹੀ ਮਿਥ ਕੇ ਇੱਕ ਸਾਂਝਾ



ਨਿਸ਼ਾਨਾ ਜਾਂ ਪ੍ਰਬੰਧ ਸਾਰਿਆਂ ਵਾਸਤੇ ਤੈਅ ਨਹੀਂ ਕੀਤਾ ਜਾ ਸਕਦਾ? ਸਾਂਝੇ ਅਮਲ ਦਾ ਕੇਂਦਰੀ ਨੁਕਤਾ ਹੁਣ ਵਾਲੇ ਦਿੱਲੀ ਤਖਤ ਦਾ ਮੌਜੂਦਾ ਪ੍ਰਬੰਧ ਬਦਲਣ ਲਈ ਬਣ ਸਕਦਾ ਹੈ, ਉਸ ਤੋਂ ਬਾਅਦ ਹਰ ਇਕ ਸਮੂਹ ਆਪੋ ਆਪਣੇ ਨਜਰੀਏ ਮੁਤਾਬਿ ਕ ਭਵਿੱਖ ਦਾ ਫੈਸਲਾ ਕਰ ਸਕਦਾ ਹੈ ਕਿ ਉਸਨੇ ਕਿਸ ਤਰੀਕੇ ਦੇ ਰਾਜਸੀ ਪ੍ਰੰਬਧ ਵਿੱਚ ਸ਼ਾਮਲ ਹੋਣਾ ਹੈ।

**ਸ) ਸਰਬਤ ਦੇ ਭਲੇ ਵਾਲਾ ਢਾਂਚਾ ਸਿ ਰਜਣ ਵਿੱਚ ਖਾਲਸਾ ਪੰਥ ਦੀ ਭੂਮਿਕਾ:**
ਰਾਜਸੀ ਖੇਤਰ ਵਿੱਚ ਸਾਮਰਾਜ ਤੇ ਨੇਸ਼ਨ-ਸਟੇਟ ਅਤੇ ਸਮਾਜਿਕ-ਧਾਰਮਿਕ ਖੇਤਰ ਵਿੱਚ ਮੰਨੂ ਮਤਿ ਇਹ ਸਭ ਬਿਪਰ ਦੀ ਰੀਤ (ਇੰਦਰਿ ਆਵੀ ਗਿਆਨ-ਹਉਮੈ) ਹੈ। ਇਹ ਸਭ ਜਰਵਾਣੇ ਦੇ ਰੂਪ ਵਿੱਚ ਇਸ ਖਿੱਤੇ ਦੀ ਨਿ ਤਾਣੀ ਲੋਕਾਈ ਦਾ ਦਮਨ ਕਰ ਰਹੇ ਹਨ। ਖਾਲਸਾ ਪੰਥ ਦਾ ਬਿਰਦ ਜਰਵਾਣੇ ਦੀ ਭੱਖਿਆ ਤੇ ਗਰੀਬ (ਨਿਤਾਣੇ) ਦੀ ਰੱਖਿਆ ਦਾ ਹੈ। ਇਸ ਲਈ ਖਾਲਸਾ ਪੰਥ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਨਿ ਤਾਣੀ ਲੋਕਾਈ ਦੀ ਧਿਰ ਬਣੇ ਅਤੇ ਸਰਬਤ ਦੇ ਭਲੇ ਲਈ ਸੰਘਰਸ਼ ਵਿੱਚ ਮੋਹਰੀ ਭੂਮਿਕਾ ਨਿਭਾਵੇ । ਇਸ ਖਿੱਤੇ ਵਿੱਚ ਖਾਲਸਾ ਪੰਥ ਦੀ ਭੂਮਿ ਕਾ ਦੀ ਨੀਤੀਗਤ ਸੰਭਾਵਨਾ ਵੇ ਖਣੀ ਜ਼ਰੂਰੀ ਹੈ। ਵੱਖੋ ਵੱਖਰੀ ਧਾਰਮਿਕ, ਸਭਿ ਆਚਾਰਕ ਭਿੰਨਤਾ ਬਾਰੇ ਸਮਝ ਵੀ ਬਹੁਤ ਜ਼ਰੂਰੀ ਹੈ।

**ਪੰਜਾਬ ਵਿੱਚ ਖਾਲਸਾ ਪੰਥ ਦੀ ਭੂਮਿਕਾ**
ੳ) ਪੰਜਾਬ ਦੀ ਰਾਜਨੀਤਕ ਸਮੱਸਿਆ:
ਪੰਜਾਬ ਦੀ ਰਾਜਸੀ ਸਮੱਸਿਆ ਚਾਰ ਪਰਤੀ ਹੈ;
੧. **ਸਾਮਰਾਜੀ ਹਮਲਾ:** ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ, ਖੇਤੀ-ਬਾੜੀ, ਉਦਯੋਗੀਕਰਨ ਅਤੇ ਵਪਾਰ ਨਾਲ ਸੰਬੰਧਤ ਮਸਲਿਆਂ ਦੀ ਜੜ ਦਿੱਲੀ ਤਖਤ ਦੇ ਸਾਮਰਾਜੀ ਰਵਈਏ ਵਿੱਚ ਪਈ ਹੈ।
੨. **ਨੇਸ਼ਨ ਸਟੇਟ ਬਣਾਉਣ ਦੀ ਕਵਾਇਦ:** ਨੇਸ਼ਨ ਸਟੇਟ ਦੀ ਉਸਾਰੀ ਪੰਜਾਬ ਨਾਲ ਧੱਕੇ ਦਾ ਸਬੱਬ ਬਣ ਰਹੀ ਹੈ।
੩. ਪੰਜੂੀਵਾਦ ਦੇ ਉਦਾਰੀਕਰਨ, ਨਿਜੀਕਰਨ,ਸੰਸਾਰੀਕਰਨ ਵਰਤਾਰਿਆਂ ਨੇ ਸਾਮਰਾਜੀ ਹਮਲੇ ਦੀ ਧਾਰ ਨੂੰ ਹੋਰ ਤਿੱਖਾ ਕੀਤਾ ਹੈ। ਪੰਜਾਬ ਦੇ ਕਿਸਾਨ, ਕਾਰੀਗਰ ਤੇ ਕਿਰਤੀ ਦੀ ਲੁੱਟ ਕੰਪਨੀਆਂ ਹੱਥੋਂ ਹੋਰ ਵੱਧ ਗਈ ਹੈ। ਪੰਜੂੀਵਾਦੀ ਧਿਰਾਂ ਵਿਸ਼ੇ-ਵਿਕਾਰਾਂ ਨੂੰ ਹੋਰ ਪ੍ਰਚੰਡ ਕਰਨ
ਵਾਲੇ ਸਭਿ ਆਚਾਰ ਨੂੰ ਸਥਾਪਤ ਕਰਨ ਲਈ ਯਤਨਸ਼ੀਲ ਹਨ।
੪. ਗੁਰਮਤਿ ਅਤੇ ਬਿਪਰ ਸੰਸਕਾਰ ਦੀ ਆਪਸੀ ਵਖਰਤਾ (ਵਿਰੋਧ): ਸਮੱਸਿਆ ਦੀ ਚੌਥੀ ਪਰਤ ਗੁਰਮਤਿ ਅਤੇ ਬਿਪਰ ਸੰਸਕਾਰ ਦਾ ਆਪਸੀ ਵਿਰੋਧ ਹੈ। ਗੁਰਮਤਿ ਬਰਾਬਰੀ ਅਤੇ ਸਾਂਝੀਵਾਲਤਾ ਵਾਲੇ ਸਰਬਤ ਦੇ ਭਲੇ ਵਾਲੇ ਸਮਾਜ-ਰਾਜ ਦੀ ਹਾਮੀ ਹੈ ਜਦਕਿ ਬਿਪਰ ਸੰਸਕਾਰ ਊਚ-ਨੀਚ ਵਾਲੇ ਸਮਾਜ ਅਤੇ ਵਿਤਕਰੇ ਵਾਲੇ ਰਾਜ ਨੂੰ ਮਾਨਤਾ ਦਿੰਦਾ ਹੈ। ਗੁਰੂ ਖਾਲਸਾ ਪੰਥ ਵਿੱਚ ਬਿਪਰ ਸਾਮਰਾਜ ਦੇ ਅਧੀਨ ਨਿਤਾਣਿਆਂ ਦੀ ਧਿਰ ਬਣਨ ਦੀ ਸਮਰੱਥਾ ਕਾਰਨ ਮੰਨ ਮਤੀਆਂ ਨੂੰ ਗੁਰੂ ਖਾਲਸਾ ਪੰਥ ਤੋਂ ਭੈਅ ਆ ਰਿਹਾ ਹੈ।
ਇਸ ਕਰ ਕੇ ਸਿੱਖ ਸੰਸਥਾਵਾਂ ਤੇ ਜਥਿਆਂ ਨਾਲ ਦਿੱਲੀ ਤਖਤ ਦਾ ਰਵਈਆ ਜਰਵਾਣਿਆਂ ਵਾਲਾ ਰਿਹਾ ਹੈ।
ਸਿੱਟਾ ਇਹ ਨਿਕਲਿਆ ਕਿ ਦਿੱਲੀ ਤਖਤ ਦੇ ਸਿੱਖਾਂ ਅਤੇ ਬਾਕੀ ਅਧੀਨ ਧਿਰਾਂ ਨਾਲ ਵਿਤਕਰੇ ਅਤੇ ਜ਼ੁਲਮ ਦੇ ਉਪਰੋਕਤ ਵਿੱਚੋਂ
ਪਹਿਲੇ ਤਿੰਨ ਕਾਰਨ ਤਾਂ ਸਾਂਝੇ ਹਨ ਪਰ ਚੌਥਾ ਨੁਕਤਾ ਗੁਰਮਤਿ ਅਤੇ ਬਿਪਰ ਸੰਸਕਾਰ ਦੇ ਵਿਰੋਧ ਵਾਲਾ ਸਿੱਖਾਂ ਅਤੇ ਪੰਜਾਬ ਪ੍ਰਸੰਗ ਵਿੱਚ ਖਾਸ ਤੇ ਵੱਖਰਾ ਕਾਰਨ ਹੈ। ਇਹਨਾਂ ਕਾਰਨਾਂ ਵਿੱਚੋਂ ਹੀ ਸਾਰੀਆਂ ਰਾਜਨੀਤਕ ਸਮੱਸਿਆਵਾਂ ਦਾ ਨਿਕਾਸ ਹੋਇਆ ਹੈ ।
**ਰਾਜਨੀਤਕ ਹੱਲ ਲਈ ਰਾਹ:**
ਗੁਰਮਤਿ ਦੇ ਨਜਰੀਏ ਤੋਂ, ਵਿਚਾਰਕ ਤੌਰ 'ਤੇ ਅਤੇ ਪੰਜਾਬ ਦੇ ਰਾਜਸੀ ਹੱਲ ਲਈ ਨੀਤੀ ਦੇ ਤੌਰ 'ਤੇ ਵੀ ਇਹੋ ਪੈਂਤੜਾ ਬਣਦਾ ਹੈ ਕਿ ਜੋ ਵੀ ਇਸ ਖਿੱਤੇ ਵਿੱਚ ਸਮਾਜਿਕ ਤੇ ਧਾਰਮਿਕ ਤੌਰ ਉੱਤੇ ਮੰਨੂ-ਮਤਿ ਅਤੇ ਰਾਜਸੀ ਤੌਰ ਤੇ ਦਿੱਲੀ ਤਖਤ ਦੇ ਖਿਲਾਫ ਹੈ ਉਹਨਾਂ ਸਭ ਧਿਰਾਂ ਨਾਲ ਗਠਜੋੜ ਬਣਾਉਣ ਦੀ ਲੋੜ ਹੈ। ੨੧ਵੀਂ ਸਦੀ ਵਿੱਚ ਰਾਜਸੀ ਬਦਲਾਅ ਦੀ ਚਾਲ ਵੀ ਤੇਜ਼ ਹੈ ਤੇ ਕੋਈ ਕਿ ਆਸ ਵੀ ਨਹੀਂ ਕੀਤਾ ਜਾ ਸਕਦਾ ਕਿ ਕੀ ਹੋਣਾ ਹੈ। ਦਿੱਲੀ ਤਖਤ ਦਾ ਮੌਜੂਦਾ ਪ੍ਰਬੰਧ ਖਾਰਜ ਹੋਣ ਦੀ ਸੂਰਤ ਵਿੱਚ ਇਹ ਦੇਖਿਆ ਜਾਣਾ ਚਾਹੀਦਾ ਹੈ ਕਿ ਕਿ ਹੜਾ ਰਾਜਸੀ ਪ੍ਰਬੰਧ (ਭਾਵ ਅਜਾਦ ਮੁਲਕ, ਕਨਫੈਡਰੇਸ਼ਨ ਜਾਂ ਦਿੱਲੀ ਤਖਤ ਦੀ ਬਾਦਸ਼ਾਹੀ) ਅਪਣਾਉਣਾ ਹੈ ਇਹ ਫੈਸਲਾ ਲੈਣ ਵੇਲੇ ਸਭ ਤੋਂ ਅਹਿਮ ਨੁਕਤਾ ਇਹ ਹੋਵੇਗਾ ਕਿ ਉਸ ਵਿੱਚ ਗੁਰੂ ਖਾਲਸਾ ਪੰਥ ਦੀ ਹੋਂਦ ਹਸਤੀ ਕੀ ਹੋਵੇਗੀ? ਰਾਜ ਪ੍ਰਬੰਧ ਅਤੇ ਗੁਰੂ ਖਾਲਸਾ ਪੰਥ ਦੇ ਆਪਸੀ ਸਬੰਧ ਕੀ ਹੋਣਗੇ ? ਇਹ ਵਿਚਾਰ ਬਹੁਤ ਜ਼ਰੂਰੀ ਹੈ।
**ਅ) ਪੰਜਾਬ ਦੇ ਕੁਦਰਤੀ ਅਤੇ ਆਰਥਕ ਸਰੋਤਾਂ ਦੇ ਸ਼ੋਸ਼ਣ ਦਾ ਮਸਲਾ:**
ਕੁਦਰਤੀ ਅਤੇ ਆਰਥਕ ਸਰੋਤਾਂ ਦਾ ਹੋ ਰਿਹਾ ਸ਼ੋਸ਼ਣ ਦਿੱਲੀ ਤਖਤ ਦੇ ਪੰਜਾਬ ਪ੍ਰਤੀ ਉਪਰੋਕਤ ਬਹੁ-ਪਰਤੀ ਰਵਈਏ ਕਾਰਨ ਹੈ। ਇਸ ਦਾ ਪੱਕਾ ਹੱਲ ਤਾਂ ਮੌਜੂਦਾ ਬਿਪਰ ਸਾਮਰਾਜ ਤੋਂ ਅਜਾਦੀ ਵਿੱਚ ਹੈ। ਪਰ ਇਹ ਲੜਾਈ ਲੰਬੀ ਹੋ ਸਕਦੀ ਹੈ। ਇਸ ਲਈ ਇਹਨਾਂ ਮਸਲਿਆਂ ਨੂੰ ਸੰਬੋਧਤ ਹੋਣ ਲਈ ਮੌਜੂਦਾ ਰਾਜਸੀ ਢਾਂਚਿ ਆਂ ਰਾਹੀਂ ਹਰ ਸੰਭਵ ਯਤਨ ਦੇ ਨਾਲ ਨਾਲ ਜੋ ਵੀ ਅੰਸ਼ਕ ਹੱਲ ਸਮਾਜੀ ਅਤੇ ਪੰਥਕ ਪੱਧਰ ਉਤੇ ਕੀਤੇ ਜਾ ਸਕਦੇ ਹਨ ਉਹ ਫੌਰੀ ਪੱਧਰ ਉਤੇ ਕਰਨੇ ਚਾਹੀਦੇ ਹਨ।
ੲ) ਸਰਬਸਾਂਝੀਵਾਲਤਾ ਵਾਲਾ ਸਮਾਜਕ ਭਾਈਚਾਰਾ ਸਿਰਜਣ ਲਈ ਯਤਨ:
ਸਮਾਜਕ ਵਰਤਾਰਿਆਂ ਨੂੰ ਰਾਜਸੀ ਪ੍ਰਬੰਧ ਬਹੁਤ ਗਹਿਰੀ ਹੱਦ ਤੱਕ ਪ੍ਰਭਾਵਤ ਕਰਦਾ ਹੈ। ਇਸ ਲਈ ਸਮਾਜਕ ਭਾਈਚਾਰਾ ਸਿਰਜਣ ਲਈ ਰਾਜਸੀ ਤਾਕਤ ਤੋਂ ਬਿਨਾਂ ਪਰਨ ਤੌਰ 'ਤੇ ਸਫਲਤਾ ਤਾਂ ਨਹੀਂ ਪਾਈ ਜਾ ਸਕਦੀ ਪਰ ਗੁਰੂ ਸਾਹਿਬ ਰਾਹੀਂ ਬਖਸ਼ੀਆਂ ਸਿੱਖ ਸੰਸਥਾਵਾਂ ਨੂੰ ਗੁਰਮਤਿ ਅਨੁਸਾਰ ਸਚਾਰੂ ਰੂਪ ਵਿੱਚ ਚਲਾ ਕੇ ਬਹੁਤ ਹੱਦ ਤੱਕ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ।
ਇਸ ਲਈ ਬੁਨਿਆਦੀ ਸੰਸਥਾਵਾਂ; ਗੁਰ ਸੰਗਤ, ਗੁਰਦੁਆਰਾ ਅਤੇ ਇਲਾਕਾਈ ਪੰਥਕ ਜਥਾ ਗੁਰਮਤਿ ਜੁਗਤ ਰਾਹੀਂ ਸਾਜਣ ਅਤੇ ਚਲਾਉਣ ਨਾਲ ਸ਼ੁਰੂਆਤ ਕੀਤੀ ਜਾ ਸਕਦੀ ਹੈ।
**ਅਖੀਰ ਵਿੱਚ:** ਖਾਲਸਾ ਜੀ ਕੇ ਬੋਲਬਾਲੇ ਦੇ ਪਰਥਾਏ ਸਾਂਝੀ ਰਾਏ ਉਸਾਰੀ ਲਈ ਵਿਚਾਰ-ਵਟਾਂਦਰੇ ਦੀ ਸ਼ੁਰੂਆਤ ਵਜੋਂ ਇਸ ਖਰੜੇ ਵਿੱਚ ਸਿੱਖਾਂ ਦੀ ਵਰਤਮਾਨ ਹਾਲਤ ਅਤੇ ਮਰਜ ਨੂੰ ਪਛਾਨਣ ਦਾ ਜਤਨ ਕੀਤਾ ਗਿਆ ਹੈ। ਖਾਲਸਾ ਪੰਥ ਤਵਾਰੀਖ ਵਿੱਚ ਅਨੇਕਾਂ ਚੁਣੌਤੀਆਂ ਦੇ ਸਨਮੁਖ ਹੁੰਦਾ ਆਇਆ ਹੈ ਅਤੇ ਉਨਾਂ ਨੂੰ ਸਰ ਕਰਦਾ ਰਿ ਹਾ ਹੈ। ਇਸ ਖਰੜੇ ਵਿੱਚ ਵਰਤਮਾਨ ਮਰਜ ਦਾ ਇਲਾਜ 'ਗੁਰੂ ਖਾਲਸਾ ਪੰਥ' ਦੀ ਅਸਲ ਹਸਤੀ ਦਾ ਚੇਤੰਨ ਰੂਪ 'ਚ ਅਹਿਸਾਸ ਅਤੇ ਸਮਰੱਥਾ ਨੂੰ ਸਮਝਣ ਅਤੇ ਪੰਥਕ ਰਵਾਇਤ 'ਤੇ ਤੁਰਨ ਦੇ ਰਪੂ ਵਿੱਚ ਪਛਾਣਿਆ ਗਿਆ ਹੈ। ਤਕਨੀਕ, ਵਪਾਰ, ਸਭਿਆਚਾਰ ਅਤੇ ਰਾਜਨੀਤੀ ਕਰ ਕੇ ਆਪਸ ਵਿੱਚ ਜੁੜੇ ਸੰਸਾਰ ਅੰਦਰ ਸਿੱਖ,ਇੱਕੋ ਵੇਲੇ ਪੰਜਾਬ, ਇੰਡੀਆ, ਏਸ਼ੀਆ ਅਤੇ ਸਮੁੱਚੀ ਦੁਨੀਆ ਦੇ ਚਾਰ ਵੱਖੋ-ਵੱਖਰੇ ਪਰ ਆਪਸੀ ਸਬੰਧਤ ਧਰਾਤਲਾਂ 'ਤੇ ਵਿਚਰ ਰਿਹਾ ਹੈ।
ਇਸੇ ਲਈ ਮਸਲੇ ਦੇ ਹੱਲ ਵਾਸਤੇ ਭੂਗੋਲ, ਰਾਜਨੀਤੀ ਅਤੇ ਸੰਸਥਾਈ ਪਾਸਾਰਾਂ ਨੂੰ ਸੰਸਾਰ ਪ੍ਰਸੰਗ ਵਿੱਚ ਸਮਝਿਆ ਗਿਆ ਹੈ ਪਰ ਰਾਜਨੀਤੀ ਨੂੰ ਸਰਬਤ ਦੇ ਭਲੇ ਵੱਲ ਦਿਸ਼ਾ ਦੇਣ ਲਈ ਅਮਲ ਪੰਜਾਬ ਤੋਂ ਸ਼ੁਰੂ ਕਰ ਕੇ ਵੱਡੇ ਭੂਗੋਲ ਵੱਲ ਤੋਰਿਆ ਹੈ। ਸਿੱਖਾਂ ਦੀ ਵਰਤਮਾਨ ਸੰਸਾਰ ਵਿੱਚ ਭੂਮਿਕਾ ਦੀ ਸ਼ਨਾਖਤ ਹੋ ਰਹੀ ਹੈ। ਉਸ ਭਮੂ ਕਾ ਦੀ ਦਿ ਸ਼ਾ 'ਗੁਰੂ ਖਾਲਸਾ ਪੰਥ' ਅਨੁਸਾਰੀ ਕਰਨਾ ਅਤੇ ਸੇਵਾ ਨੂੰ ਗੁਰੂ ਸੇਵਾ ਰੂਪ ਵਿੱਚ ਬਹੁਗੁਣਾ ਕਰਨਾ ਹੁਣ ਕੇਵ ਲ ਖਾਲਸਾ ਪੰਥ ਦੀ ਹੀ ਨਹੀਂ ਸਗੋਂ ਦੁਨੀਆ ਦੀ ਵੀ ਲੋੜ ਹੈ। ਇਹ ਸਰਬਤ ਦੇ ਭਲੇ ਦਾ ਮਾਰਗ ਹੈ ਜਿਸ ਲਈ ਇਹ ਖਰੜਾ ਹੋਂਦ ਵਿੱਚ ਆਇਆ ਹੈ।

**ਅੰਤਿਕਾ ੧**
ਸੈਕੂਲਰ ਪੱਛਮੀ ਫਲਸਫਾ ਮੂਲ ਰੂਪ ਵਿਚ ਯੂਨਾਨੀ ਫਲਸਫੇ ਉਪਰ ਆਧਾਰਿਤ ਹੈ ਜੋ ਇੰਦ੍ਰਿਆਵੀ ਪ੍ਰਤੱਖਣ ਅਤੇ ਇਨਸਾਨੀ ਬੌਧਿਕ ਸਮਰੱਥਾ ਨਾਲ ਇਹਲੌਕਿ ਕ ਜਗਤ ਸਬੰਧੀ ਵਿਆਖਿਆ-ਵਿਸ਼ਲੇਸ਼ਣ ਕਰਨ ਵਾਲਾ ਇਕ ਅਨੁਸ਼ਾਸਨ ਹੈ। 2000 ਸਾਲ ਦੇ ਅਰਸੇ ਦੌਰਾਨ ਪੱਛਮੀ ਫਲਸਫੇ ਨੇ ਯੂਨਾਨ ਤੋਂ ਯੂਰਪ ਤਕ ਸਫ਼ਰ ਕਰਦਿਆਂ ਅਨਿਕ ਭਾਂਤੀ ਵਿਸਤਾਰ ਗ੍ਰਹਿਣ ਕਰ ਲਏ ਹਨ। ਵਰਤਮਾਨ ਵਿਚ ਮਸੀਹੀ ਪ੍ਰੋਟੈਸਟੈਂਟ ਖਿਆਲ ਨਾਲ ਬਗਲਗੀਰ ਸੈਕੂਲਰ ਪੱਛਮੀ ਫਲਸਫੇ ਦੀ ਪ੍ਰਧਾਨ ਸੁਰ ਇਹ ਲੌਕਿਕਤਾ ਹੈ। ਰੈਨੇਸਾਂ (Renaissance) ਵੇਲੇ ਯੂਰਪ ਵਿੱਚ ਸੰਸਾਰ ਦੀ ਵਿਆਖਿਆ ਸਬੰਧੀ ਦੋ ਸਿਧਾਂਤ ਪ੍ਰਚੱਲਤ ਹੋਏ :
1. ਦੈਵੀ, 2. ਲੌਕਿਕ।
ਹੌਲੀ ਹੌਲੀ ਦੈਵੀ ਸਿਧਾਂਤ ਦਾ ਤਿਆਗ ਕਰ ਦਿੱਤਾ ਗਿਆ ਅਤੇ ਸੰਸਾਰ ਦੀ ਵਿਆਖਿਆ ਕੇਵਲ ਲੌਕਿਕ ਪੱਖ ਤੋਂ ਹੋਣ ਲੱਗੀ ਇਸੇ ਨੂੰ ਹੀ ਅੱਗੇ ਚੱਲ ਕੇ ਸੈਕਲੂਰਿਜ਼ਮ ਦਾ ਨਾਂ ਦਿੱਤਾ ਗਿਆ। ਸੈਕਲੂਰਿਜ਼ਮ ਦੀ ਸਭ ਤੋਂ ਵੱਡੀ ਘਾਟ ਇਹ ਹੈ ਕਿ ਇਸ ਵਿੱਚ ਦੈਵੀ ਪੱਖ ਦਾ ਨਿਸ਼ੇਧ ਹੈ। ਇਸ ਵਿੱਚ ਰੂਹਾਨੀ ਅਨੁਭਵ ਅਤੇ ਰੂਹਾਨੀ ਨੁਕਤਾ-ਨਿਗਾਹ ਗੈਰ-ਹਾਜ਼ਰ ਹੈ।

ਬਾਕੀ ਸਫ਼ਾ 31 'ਤੇ

# ਖਾਲਿਸਤਾਨ ਦੀ ਜੰਗੇ ਅਜਾਦੀ ਦਾ ਯੋਧਾ ਸ਼ਹੀਦ ਭਾਈ ਗੁਰਦੇਵ ਸਿੰਘ ਰੁੜਕਾ ਕਲਾਂ ਖਾਲਿਸਤਾਨ ਕਮਾਂਡੋ ਫੋਰਸ

## (ਸ਼ਹੀਦੀ 7 ਜੁਲਾਈ 1988)

- ਲਵਸ਼ਿੰਦਰ ਸਿੰਘ ਡੱਲੇਵਾਲ ਯੂ,ਕੇ
07825813301

"ਸੇਵਾ ਜਿੰਦੜੀਏ ਕੌਮ ਦੀ ਬੜੀ ਔਖੀ ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ
ਜਿਹਨਾਂ ਏਸ ਸੇਵਾ ਵਿੱਚ ਪੈਰ ਪਾਇਆ ਉਹਨਾਂ ਲੱਖਾਂ ਮੁਸੀਬਤਾਂ ਝੱਲੀਆਂ ਨੇ"

ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਰੰਭੇ ਹੋਏ ਸੰਘਰਸ਼ ਵਿੱਚ ਆਪਾ ਕੁਰਬਾਨ ਕਰਨ ਵਾਲਿਆਂ ਦੀ ਕਤਾਰ ਬਹੁਤ ਲੰਬੀ ਹੈ। ਹਜਾਰਾਂ ਹੀ ਮਾਵਾਂ ਨੇ ਆਪਣੇ ਪੁੱਤਰ, ਭੈਣਾਂ ਨੇ ਆਪਣੇ ਵੀਰ ਅਤੇ ਸੁਹਾਗ ਇਸ ਸੰਘਰਸ਼ ਦੌਰਾਨ ਵਾਰ ਦਿੱਤੇ ਉੱਥੇ ਹਜਾਰਾਂ ਹੀ ਸਤਿਕਾਰਯੋਗ ਬਜੁਰਗਾਂ ਦੀਆਂ ਡੰਗੋਰੀਆਂ ਰੂਪੀ ਉਹਨਾਂ ਦੇ ਸਪੁੱਤਰ ਇਸ ਧਰਮ ਦੀ ਜੰਗ ਦੌਰਾਨ ਲੜਦੇ ਹੋਏ ਸ਼ਹੀਦ ਹੋ ਗਏ। ਜਿਹਨਾਂ ਨੇ ਗੌਰਵਮਈ ਸਿੱਖ ਇਤਿਹਾਸ ਨੂੰ ਦੁਹਰਾ ਦਿੱਤਾ ਕਿ ਅਣਖ ਨਾਲ ਜਿਉਣਾ ਅਤੇ ਧਰਮ ਵਾਸਤੇ ਮਰਨਾ ਹਰ ਸ਼ਰਧਾਵਾਨ ਸਿੱਖ ਦਾ ਫਰਜ਼ ਹੈ। ਇਹੀ ਕਾਰਨ ਹੈ ਕਿ ਅੱਜ ਕਈ ਪ੍ਰਚਾਰਕ ਤਰਾਂ ਤਰਾਂ ਦੇ ਭਰਮ ਭੁਲੇਖੇ ਪੈਦਾ ਕਰਕੇ ਸਿੱਖ ਇਤਿਹਾਸ ਨੂੰ ਪੁੱਠਾ ਗੇੜਾ ਦੇ ਕੇ ਸਿੱਖ ਦੁਸਮਣਾਂ ਦੀਆਂ ਕੁਚਾਲਾਂ ਨੂੰ ਅਮਲ ਵਿੱਚ ਲਿਆ ਰਹੇ ਹਨ। ਇਹ ਲੋਕ ਗੁਰਬਾਣੀ, ਗੁਰਇਤਿਹਾਸ ਅਤੇ ਸਿੱਖ ਇਤਿਹਾਸ ਪ੍ਰਤੀ ਆਏ ਦਿਨ ਸ਼ੰਕੇ ਖੜੇ ਕਰ ਰਹੇ ਹਨ। ਕਿਉਂ ਕਿ ਸ਼ਰਧਾ ਹੀ ਧਰਮ ਦੀ ਬੁਨਿਆਦ ਹੁੰਦੀ ਹੈ ਅਤੇ ਸ਼ਰਧਾ ਹੀ ਸਿਦਕ ਨੂੰ ਜਨਮ ਦਿੰਦੀ ਹੈ। ਇਸ ਸ਼ਰਧਾ ਨੂੰ ਖਤਮ ਕਰਕੇ ਸਿੱਖ ਮਾਨਸਿਕਤਾ ਵਿੱਚ ਨਾਸਤਕਪੁਣਾ ਭਰ ਰਹੇ ਹਨ। ਆਉ ! ਖਾਲਿਸਤਾਨ ਦੀ ਜੰਗੇ ਅਜਾਦੀ ਦੇ ਕਾਫਲੇ ਵਿੱਚ ਸ਼ਾਮਲ ਸ਼ਹੀਦ ਭਾਈ ਗੁਰਦੇਵ ਸਿੰਘ ਉਰਫ ਦੇਵ ਪਿੰਡ ਰੁੜਕਾ ਕਲਾਂ ਜਿਲਾ ਜਲੰਧਰ ਅਤੇ ਉਹਨਾਂ ਦੇ ਨਾਲ ਹੀ ਝੂਠੇ ਪੁਲਿਸ ਮੁਕਾਬਲੇ ਵਿੱਚ ਸ਼ਹੀਦ ਕੀਤੇ ਗਏ ਭਾਈ ਜਸਵਿੰਦਰ ਸਿੰਘ ਪਿੰਡ ਢੰਡਵਾੜ ਦੀ ਕੁਰਬਾਨੀ ਨੂੰ ਕੇਸਰੀ ਪ੍ਰਣਾਮ ਕਰੀਏ। ਰੂਪੋਸ਼ ਜਿੰਦਗੀ ਦੌਰਾਨ ਪੁਲਿਸ ਭਾਈ ਗੁਰਦੇਵ ਸਿੰਘ ਨੂੰ ਭਾਲ ਰਹੀ ਸੀ ਤਾਂ ਕਿ ਉਸ ਨੂੰ ਗ੍ਰਿਫਤਾਰ ਕਰਕੇ ਖਾਲਿਸਤਾਨ ਕਮਾਂਡੋ ਫੋਰਸ ਦੇ ਜੁਝਾਰੂ ਭਾਈ ਗੁਰਨੇਕ ਸਿੰਘ ਨੇਕਾ ਪਿੰਡ ਮਹਿਸਮਪੁਰ ਅਤੇ ਭਾਈ ਗੁਰਦੀਪ ਸਿੰਘ ਦੀਪਾ ਹੇਰਾਂ ਦੇ ਗਰੁੱਪ ਨੂੰ ਖਤਮ ਕੀਤਾ ਜਾ ਸਕੇ। ਇੱਕ ਦਿਨ ਭਾਈ ਗੁਰਦੇਵ ਸਿੰਘ ਨੂੰ ਬਹੁਤ ਤੇਜ਼ ਬੁਖਾਰ ਸੀ ਅਤੇ ਉਹ ਬਹਿਰਾਮ ਦੇ ਬੱਸ ਅੱਡੇ ਤੇ ਬੈਠਾ ਬੱਸ ਦੀ ਉਡੀਕ ਕਰ ਰਿਹਾ ਸੀ। ਐਨ ਉਸੇ ਵਕਤ ਹੀ ਕਾਮਰੇਡ ਸਰਵਣ ਚੀਮਾ ਲੰਘਿਆ ਜਿਸਦੇ ਗੰਨਮੈਨਾਂ ਵਿੱਚ ਰੁੜਕਾ ਕਲਾਂ ਦਾ ਵਸਨੀਕ ਕਾਮਰੇਡ ਲੱਸੀ ਵੀ ਸੀ, ਜੋ ਕਿ ਰੁੜਕਾ ਕਲਾਂ ਦੇ ਸਰਪੰਚ ਦੁਸ਼ਟ ਕੁਲਵੰਤ ਕਾਂਤੀ ਦਾ ਖਾਸ ਯਾਰ ਸੀ, ਇਸ ਲੱਸੀ ਨਾਮਕ ਕਾਮਰੇਡ ਨੇ ਭਾਈ ਗੁਰਦੇਵ ਸਿੰਘ ਨੂੰ ਪਛਾਣ ਲਿਆ ਅਤੇ ਸਾਰ ਕਾਮਰੇਡਾਂ ਨੇ ਸਰਵਣ ਚੀਮੇ ਦੀ ਇਸ਼ਾਰੇ ਤੇ ਘੇਰਾ ਪਾ ਕੇ ਭਾਈ ਗੁਰਦੇਵ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਉਸ ਨੂੰ ਬੁਖਾਰ ਇੰਨਾ ਤੇਜ਼ ਸੀ ਕਿ ਉਹ ਸੰਭਲ ਨਾ ਸਕਿਆ। ਇਹਨਾਂ ਨੇ ਉਸ ਨੂੰ ਗ੍ਰਿਫਤਾਰ ਕਰਕੇ ਦੁਸ਼ਟ ਪਲਿਸ ਇੰਸਪੈਕਟਰ ਜਸਕੀਰਤ ਕੱਸੋਚਾਹਲ ਦੇ ਹਵਾਲੇ ਕਰ ਦਿੱਤਾ, ਜਿਕਰਯੋਗ ਹੈ ਕਪੂਰਥਲਾ ਜਲੇ ਦੇ ਪਿੰਡ ਕੱਸੋਚਾਹਲ ਦਾ ਰਹਿਣ ਵਾਲਾ ਜਸਕੀਰਤ ਨਕੋਦਰ ਗੋਲੀ ਕਾਂਡ ਦਾ ਜਿੰਮੇਵਾਰ ਸੀ। ਰੋਸ ਮਾਰਚ ਦੌਰਾਨ ਚਾਰ ਸਿੰਘ ਸ਼ਹੀਦ ਅਤੇ ਅਨੇਕਾਂ ਜਖਮੀ ਹੋ ਗਏ ਸਨ ਅਤੇ ਇਸ ਜਸਕੀਰਤ ਭਾਈ ਹਰਮਿੰਦਰ ਸਿੰਘ ਕਨਵੀਨਰ ਸਿੱਖ ਸਟੂਡੈਂਟਸ ਫੈਡਰੇਸ਼ਨ ਜਿਲਾ ਜਲੰਧਰ ਨੂੰ ਉਸ ਦੇ ਮੂੰਹ ਵਿੱਚ ਆਪਣੇ 455 ਬੋਰ ਦੇ ਸਰਵਿਸ ਰਿਵਾਲਵਰ ਨਾਲ ਗੋਲੀ



ਮਾਰ ਕੇ ਸ਼ਹੀਦ ਕੀਤਾ ਸੀ। ਗ੍ਰਿਫਤਾਰੀ ਤੋਂ ਬਾਅਦ ਦੋ ਹਫਤੇ ਭਾਈ ਗੁਰਦੇਵ ਸਿੰਘ ਤੇ ਪੁਲਿਸ ਨੇ ਅੱਤ ਵਹਿਸ਼ੀ ਕਿਸਮ ਦਾ ਤਸ਼ੱਦਦ ਕੀਤਾ। ਭਾਈ ਗੁਰਦੇਵ ਸਿੰਘ ਬਾਰੇ ਤਸ਼ੱਦਦ ਦੌਰਾਨ ਮੌਜੂਦ ਪੁਲਿਸ ਕਰਮਚਾਰੀਆਂ ਨੇ ਦੱਸਿਆ ਸੀ ਕਿ ਭਾਈ ਗੁਰਦੇਵ ਸਿੰਘ ਗੁਰਬਾਣੀ ਹੀ ਪੜਦਾ ਰਿਹਾ ਅਤੇ ਕਦੇ ਵਾਹਿਗੁਰੂ ਦਾ ਸਿਮਰਨ ਕਰਨ ਲੱਗ ਪੈਂਦਾ ਸੀ। ਜਲੰਧਰ ਦੇ ਤੱਤਕਾਲੀ ਐੱਸ.ਪੀ .ਡੀ ਸਵਰਨੇ ਘੋਟਣੇ ਦਾ ਕੋਈ ਵੀ ਤਸ਼ੱਦਦ ਭਾਈ ਗੁਰਦੇਵ ਸਿੰਘ ਨੂੰ ਡੁਲਾ ਨਾ ਸਕਿਆ। ਅਖੀਰ ਸੱਤ ਜੁਲਾਈ 1988 ਵਾਲੇ ਦਿਨ ਨਵਾਂ ਸ਼ਹਿਰ ਦੇ ਪਿੰਡ ਤਲਵੰਡੀ ਫੱਤੂਕੀ ਲਗੇ ਭਾਈ ਗੁਰਦੇਵ ਸਿੰਘ ਅਤੇ ਭਾਈ ਜਸਵਿੰਦਰ ਸਿੰਘ ਢੰਡਵਾੜ ਨੂੰ ਝੂਠੇ ਪੁਲਿਸ ਮੁਕਾਬਲੇ ਦੀ ਕਹਾਣੀ ਘੜਦਿਆਂ ਸ਼ਹੀਦ ਕਰ ਦਿੱਤਾ ਗਿਆ। ਭਾਈ ਜਸਵਿੰਦਰ ਸਿੰਘ ਦੋ ਭੈਣਾਂ ਦਾ ਇਕਲੌਤਾ ਭਰਾ ਸੀ। ਭਾਈ ਗੁਰਦੇਵ ਸਿੰਘ ਦਾ ਜਨਮ ਪਿੰਡ ਰੁੜਕਾ ਕਲਾਂ ਵਿੱਚ ਸ੍ਰ,ਗੁਰਮੀਤ ਸਿੰਘ ਦੇ ਘਰੇ ਮਾਤਾ ਮਨਜੀਤ ਕੌਰ ਦੀ ਕੁੱਖੋਂ ਹੋਇਆ ਸੀ। ਭਾਈ ਦੇਵ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਖਾਲਿਸਤਾਨ ਕਮਾਂਡੋ ਫੋਰਸ ਵਿੱਚ ਰਹਿੰਦਿਆਂ ਬਹੁਤ ਹੀ ਨਾਮਵਰ ਐਕਸ਼ਨ ਵਿੱਚ ਸ਼ਮੂਲੀਅਤ ਕੀਤੀ ਉੱਥੇ ਰੂਪੋਸ਼ ਸਿੰਘ ਵਾਸਤੇ ਠਾਹਰਾਂ ਮੁਹੱਈਆ ਕਰਵਾਉਂਦਿਆਂ ਹਰ ਤਰਾਂ ਦੀ ਸੇਵਾ ਵਿੱਚ ਯੋਗਦਾਨ ਪਾਇਆ। ਜਿਸ ਦਿਨ ਸ਼ਹੀਦ ਭਾਈ ਗੁਰਦੇਵ ਸਿੰਘ ਨਮਿੱਤ ਭੋਗ ਸੀ ਉਸੇ ਦਿਨ ਹੀ ਮੁਖਬਰ ਸਰਵਣ ਚੀਮੇ ਦੇ ਗੰਨਮੈਨ ਲੱਸੀ ਦੇ ਘਰ ਨੂੰ ਘੇਰਾ ਪਾ ਕੇ ਖਾਲਿਸਤਾਨ ਕਮਾਂਡੋ ਫੋਰਸ ਦੇ ਸਿੰਘਾਂ ਨੇ ਉਸਦੇ ਪਿਉ ਅਤੇ ਚਾਚੇ ਨੂੰ ਧੁਰ ਦੀਆਂ ਟਿਕਟਾਂ ਦੇ ਦਿੱਤੀਆਂ ਜਦਕਿ ਲੱਸੀ ਭੱਜਣ ਵਿੱਚ ਕਾਮਯਾਬ ਹੋ ਗਿਆ ਸੀ। ਬਾਅਦ ਵਿੱਚ ਸਰਵਣ ਚੀਮੇ ਨੂੰ ਚੂਹੇ ਕੀ ਪਿੰਡ ਲਾਗੇ ਬਾਡੀਗਾਰਡਾਂ ਸਮੇਤ ਸੋਧ ਦਿੱਤਾ ਗਿਆ। ਕਾਮਰੇਡ ਕਾਂਤੀ ਭਾਈ ਗੁਰਦੇਵ ਸਿੰਘ ਨੂੰ ਸ਼ਹੀਦ ਕਰਵਾਉਣ ਦਾ ਜਿੰਮੇਵਾਰ ਹੈ ਉੱਥੇ ਇਸ ਨੇ ਆਪਣੇ ਪਿੰਡ ਰੁੜਕਾ ਕਲਾਂ ਸਮੇਤ ਫਿਲੌਰ ਇਲਾਕੇ ਦੇ 19 ਦੇ ਕਰੀਬ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰਵਾਇਆ ਸੀ। ਗੌਰਵਮਈ ਸਿੱਖ ਇਤਿਹਾਸ ਦੇ ਸੁਨਿਹਰੀ ਪੰਨਿਆਂ ਤੇ ਚਮਕਦੇ ਇਹ ਸਿਤਾਰੇ ਸਿੱਖ ਕੌਮ ਦੀ ਨੌਜਵਾਨ ਪੀੜੀ ਲਈ ਚਾਨਣ ਮੁਨਾਰਾ ਹਨ। ਜਿਹਨਾਂ ਨੇ ਸਿੱਖ ਕੌਮ ਦੇ ਗਲੋਂ ਗੁਲਾਮੀਂ ਦਾ ਜੂਲਾ ਲਾਹ ਕੇ ਅਜਾਦ ਫਿਜ਼ਾ ਵਿੱਚ ਸਾਹ ਲੈਣ ਦੇ ਯੋਗ ਬਣਾਉਣ ਵਾਸਤੇ ਹੱਕ, ਸੱਚ, ਇਨਸਾਫ ਅਤੇ ਧਰਮ ਤੇ ਅਧਾਰਿਤ ਚੱਲ ਰਹੇ ਖਾਲਿਸਤਾਨ ਦੇ ਸੰਘਰਸ਼ ਦੌਰਾਨ ਆਪਾ ਨਿਸ਼ਾਵਰ ਕਰ ਦਿੱਤਾ।

# ਭਾਰਤ ਤੇ ਪਾਕਿ ਵੱਲੋਂ ਓਲੰਪਿਕ ਹਾਕੀ ਖੇਡਣ ਵਾਲਾ ਸਟ੍ਰਾਈਕਰ ਅਲੀ ਸ਼ਾਹ ਦਾਰਾ

- ਸੁਖਵਿੰਦਰ ਜੀਤ ਸਿੰਘ

ਦੇਸ਼ ਦੀ ਵੰਡ ਤੋਂ ਪਹਿਲਾਂ ਤੇ ਬਾਅਦ ਵਿਚ ਕੁਝ ਖਿਡਾਰੀਆਂ ਦਾ ਨਾਂ ਵਿਸ਼ਵ ਹਾਕੀ ਦੇ ਨਕਸ਼ੇ 'ਤੇ ਉਕਰਿਆ ਹੋਇਆ ਹੈ, ਜਿਨਾਂ ਨੂੰ ਭਾਰਤ ਤੇ ਪਾਕਿਸਤਾਨ ਦੀਆਂ ਦੋਵੇਂ ਕੌਮੀ ਟੀਮਾਂ ਨਾਲ ਓਲੰਪਿਕ ਹਾਕੀ ਦੇ ਮੈਦਾਨ ਵਿਚ ਖੇਡਣ ਦਾ ਹੱਕ ਹਾਸਲ ਹੋਇਆ ਹੈ। ਇਨਾਂ ਖਿਡਾਰੀਆਂ ਵਿਚ ਸ਼ੁਮਾਰ ਅਟੈਕਿੰਗ ਫਾਰਵਰਡ ਅਲੀ ਸ਼ਾਹ ਦਾਰਾ ਹਾਕੀ ਦੀ ਦੁਨੀਆਂ ਦਾ ਪਲੇਠਾ ਹਾਕੀ ਓਲੰਪੀਅਨ ਹੈ, ਜਿਸ ਨੂੰ ਓਲੰਪਿਕ ਖੇਡਾਂ ਵਿਚ ਪਹਿਲਾਂ ਅਣਵੰਡੇ ਭਾਰਤ ਦੀ ਕੌਮੀ ਹਾਕੀ ਟੀਮ ਨਾਲ ਅਤੇ ਦੇਸ਼ ਦੀ ਵੰਡ ਤੋਂ ਬਾਅਦ ਪਾਕਿਸਤਾਨੀ ਕੌਮੀ ਹਾਕੀ ਟੀਮ ਦੀ ਨੁਮਾਇੰਦਗੀ ਵਿਚ ਓਲੰਪਿਕ ਹਾਕੀ ਖੇਡਣ ਦਾ ਮੌਕਾ ਨਸੀਬ ਹੋਇਆ ਹੈ। ਅਲੀ ਸ਼ਾਹ ਬਰਲਿਨ-1936 ਓਲੰਪਿਕ ਹਾਕੀ ਵਿਚ ਅਣਵੰਡੇ ਭਾਰਤ ਦੀ ਕੌਮੀ ਹਾਕੀ ਟੀਮ ਨਾਲ ਮੈਦਾਨ ਵਿਚ ਖੇਡਣ ਲਈ ਨਿੱਤਰਿਆ। 1940 ਅਤੇ 1944 ਦੀਆਂ ਓਲੰਪਿਕ ਖੇਡਾਂ ਦੂਜੇ ਵਿਸ਼ਵ ਯੁੱਧ ਦੀ ਭੇਟ ਚੜ ਗਈਆਂ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਭਾਰਤ ਦੀ ਵੰਡ ਹੋਈ, ਜਿਸ ਵਿਚੋਂ ਨਵਾਂ ਦੇਸ਼ ਪਾਕਿਸਤਾਨ ਹੋਂਦ ਵਿਚ ਆਇਆ। ਆਜ਼ਾਦੀ ਤੋਂ ਬਾਅਦ ਲੰਡਨ-1948 ਦੀਆਂ ਓਲੰਪਿਕ ਖੇਡਾਂ ਵਿਚ ਦੋਵੇਂ ਦੇਸ਼ਾਂ ਭਾਰਤ ਤੇ ਪਾਕਿਸਤਾਨ ਵੱਲੋਂ ਅਲੱਗ-ਅਲੱਗ ਦੋ ਹਾਕੀ ਟੀਮਾਂ ਓਲੰਪਿਕ ਹਾਕੀ ਦੇ ਮੈਦਾਨ ਵਿਚ ਉਤਾਰੀਆਂ ਗਈਆਂ। ਪਹਿਲਾ ਕੌਮਾਂਤਰੀ ਹਾਕੀ ਮੁਕਾਬਲਾ ਖੇਡਣ ਵਾਲੀ ਪਾਕਿਸਤਾਨੀ ਹਾਕੀ ਟੀਮ ਦਾ ਕਪਤਾਨ ਅਲੀ ਸ਼ਾਹ ਦਾਰਾ ਸੀ।

ਲੰਡਨ-1948 ਓਲੰਪਿਕ ਵਿਚ ਪਾਕਿਸਤਾਨੀ ਹਾਕੀ ਟੀਮ ਦੇ ਕਪਤਾਨ ਏਆਈਐੱਸ ਦਾਰਾ ਦਾ ਪੂਰਾ ਨਾਂ ਅਲੀ ਇਫ਼ਤਕਾਰ ਸ਼ਾਹ ਦਾਰਾ ਸੀ। ਉਸ ਦਾ ਜਨਮ ਪਾਕਿਸਤਾਨ ਦੇ ਜ਼ਿਲਾ ਫ਼ੈਸਲਾਬਾਦ ਵਿਚ 01 ਅਪ੍ਰੈਲ, 1915 ਵਿਚ ਹੋਇਆ। ਦੁਨੀਆਂ ਦੀ ਹਾਕੀ ਦੇ ਮੈਜੀਸ਼ੀਅਨ ਮੇਜਰ ਧਿਆਨ ਚੰਦ ਸਿੰਘ ਤੇ ਕਰਨਲ ਅਲੀ ਸ਼ਾਹ ਦਾਰਾ ਨੈਸ਼ਨਲ ਹਾਕੀ ਵਿਚ ਪੰਜਾਬ ਰੈਜੀਮੈਂਟ ਦੀ ਟੀਮ ਦੀ ਪ੍ਰਤੀਨਿੱਧਤਾ ਕਰਦੇ ਰਹੇ। ਅਲੀ ਨੂੰ ਭਾਰਤੀ ਫ਼ੌਜ ਵਿਚ ਕਰਨਲ ਦਾ ਅਹੁਦਾ ਹਾਸਲ ਹੋਇਆ। ਦੂਜੀ ਸੰਸਾਰ ਜੰਗ ਸਮੇਂ ਅਲੀ ਦੀ ਰੈਜੀਮੈਂਟ ਨੂੰ ਮਲੇਸ਼ੀਆ ਵਿਚ ਤਾਇਨਾਤ ਕੀਤਾ ਗਿਆ। ਵਿਰੋਧੀਆਂ ਵੱਲੋਂ ਫੜੇ ਜਾਣ 'ਤੇ ਅਲੀ ਨੂੰ ਕੁੱਝ ਸਮੇਂ ਜੰਗੀ ਕੈਦੀ ਬਣਨ ਦੇ ਮਾੜੇ ਦਿਨ ਵੀ ਵੇਖਣੇ ਪਏ। ਮੈਲਬੌਰਨ-1956 ਤੇ ਰੋਮ-1964 ਓਲੰਪਿਕ ਹਾਕੀ ਤੇ ਬੈਂਕਾਕ-1966 ਏਸ਼ੀਅਨ ਹਾਕੀ ਖੇਡਣ ਵਾਲੀ ਪਾਕਿਸਤਾਨ ਹਾਕੀ ਟੀਮ ਦੇ ਕੋਚਿੰਗ ਕੈਂਪ ਦੀ ਕਮਾਨ ਅਲੀ ਦੇ ਹੱਥਾਂ ਵਿਚ ਰਹੀ। ਮਾਂਟੀਰੀਅਲ-1976 ਦੀਆਂ ਓਲੰਪਿਕ ਖੇਡਾਂ ਸਮੇਂ ਪਾਕਿ ਹਾਕੀ ਕੌਮੀ ਟੀਮ ਦੇ ਕੋਚਿੰਗ ਕੈਂਪ ਦਾ ਮੈਨੇਜਰ ਅਲੀ ਸ਼ਾਹ ਸੀ। ਅਲੀ ਦਾਰਾ ਦੀ ਮੈਨੇਜਰੀ ਵਿਚ ਪਾਕਿ ਹਾਕੀ ਟੀਮ ਨੇ ਮਾਂਟੀਰੀਅਲ ਓਲੰਪਿਕ ਵਿਚ ਗ੍ਰੇਟ ਬ੍ਰਿਟੇਨ ਤੋਂ ਸੈਮੀਫਾਈਨਲ ਹਾਰਨ ਤੋਂ ਬਾਅਦ ਤਾਂਬੇ ਦਾ ਮੈਡਲ ਹਾਸਲ ਕੀਤਾ ਸੀ।

ਬਰਲਿਨ-1936 ਓਲੰਪਿਕ ਹਾਕੀ ਮੁਕਾਬਲਾ ਖੇਡਣ ਸਮੇਂ ਅਲੀ ਸ਼ਾਹ ਦਾਰਾ ਦੀ ਉਮਰ 21 ਸਾਲ ਅਤੇ ਲੰਡਨ-1948 ਦੀਆਂ ਓਲੰਪਿਕ ਗੇਮਜ਼ ਸਮੇਂ ਟੀਮ ਕੈਪਟਨ ਅਲੀ ਸ਼ਾਹ ਦਾਰਾ 33 ਸਾਲਾਂ ਨੂੰ ਢੁੱਕ ਚੁੱਕਾ ਸੀ। ਪਾਕਿਸਤਾਨ ਦੇ ਰਾਸ਼ਟਰਪਤੀ ਵੱਲੋਂ 'ਪ੍ਰਾਈਡ ਆਫ ਪ੍ਰਫਾਰਮੈਂਸ ਐਵਾਰਡ' ਨਾਲ ਨਿਵਾਜੇ ਗਏ ਅਲੀ ਦਾ 65 ਸਾਲ ਦੀ ਉਮਰ ਵਿਚ ਜਨਵਰੀ-16, 1981 ਵਿਚ ਦੇਹਾਂਤ ਹੋ ਗਿਆ। ਅਲੀ ਨੇ ਬਰਲਿਨ-1936 ਦਾ ਓਲੰਪਿਕ ਹਾਕੀ ਮੁਕਾਬਲਾ ਮੇਜਰ ਧਿਆਨ ਚੰਦ ਦੀ ਕਪਤਾਨੀ ਵਿਚ ਖੇਡਿਆ। ਬਰਲਿਨ ਓਲੰਪਿਕ ਖੇਡਣ ਗਈ ਭਾਰਤੀ ਟੀਮ ਵਿਚ ਦਾਰਾ ਸ਼ਾਮਲ ਨਹੀਂ ਸੀ ਪਰ ਓਲੰਪਿਕ ਮੁਕਾਬਲਾ ਸ਼ੁਰੂ ਹੋਣ ਤੋਂ ਪਹਿਲਾਂ ਮਹਿਮਾਨ ਭਾਰਤੀ ਖਿਡਾਰੀ ਮੇਜ਼ਬਾਨ ਜਰਮਨੀ ਦੀ ਟੀਮ ਤੋਂ ਪ੍ਰੈਕਟਿਸ ਮੈਚ ਹਾਰਨ ਕਾਰਨ ਭਾਰਤੀ ਟੀਮ ਦੇ ਕੋਚਿੰਗ ਕੈਂਪ ਵਿਚ ਬੇਚੈਨੀ ਜ਼ਰੂਰ ਸੀ। ਓਲੰਪਿਕ ਮੁਕਾਬਲਾ ਸ਼ੁਰੂ ਹੋਣ ਤੋਂ ਬਾਅਦ ਭਾਰਤੀ ਖਿਡਾਰੀਆਂ ਨੇ ਹੰਗਰੀ ਨੂੰ 4-0, ਅਮਰੀਕਾ ਨੂੰ 7-0, ਜਾਪਾਨ ਨੂੰ 9-0 ਗੋਲਾਂ ਨਾਲ ਹਰਾਉਣ ਸਦਕਾ ਸੈਮੀਫਾਈਨਲ ਖੇਡਣ ਦੇ ਦਰ 'ਤੇ ਦਸਤਕ ਦਿੱਤੀ। ਪਰ ਫਰਾਂਸੀਸੀ ਟੀਮ ਨਾਲ ਸੈਮੀਫਾਈਨਲ ਖੇਡਣ ਤੋਂ ਪਹਿਲਾਂ ਸੰਭਾਵੀ ਖਤਰੇ ਨੂੰ ਭਾਂਪਦਿਆਂ ਭਾਰਤੀ ਟੀਮ ਦੇ ਕਪਤਾਨ ਧਿਆਨ ਚੰਦ ਅਤੇ ਕੋਚਿੰਗ ਕੈਂਪ ਦੇ ਮੈਨੇਜਰ ਪੰਕਜ ਗੁਪਤਾ ਨੇ ਭਾਰਤੀ ਹਾਕੀ ਫੈਡਰੇਸ਼ਨ ਦੇ ਅਧਿਕਾਰੀਆਂ ਅਤੇ ਟੀਮ ਦੀ ਸਿਲੈਕਸ਼ਨ ਕਮੇਟੀ ਨੂੰ ਹਮਲਾਵਰ ਖਿਡਾਰੀ ਅਲੀ ਸ਼ਾਹ ਨੂੰ ਤੁਰੰਤ ਬਰਲਿਨ ਭੇਜਣ ਦੀ ਤਾਕੀਦ ਕੀਤੀ। ਟੀਮ ਕਪਤਾਨ ਅਤੇ ਮੈਨੇਜਰ ਪੰਕਜ ਦੀ ਬੇਨਤੀ ਪ੍ਰਵਾਨ ਹੁੰਦਿਆਂ ਹੀ ਅਲੀ ਸ਼ਾਹ ਦਾਰਾ ਸੈਮੀਫਾਈਨਲ ਖੇਡਣ ਲਈ ਬਰਲਿਨ ਟੀਮ ਵਿਚ ਸ਼ਾਮਲ ਹੋ ਗਿਆ। ਕਪਤਾਨ ਧਿਆਨ ਚੰਦ ਦੀ ਸਲਾਹ ਮੰਨਦੇ ਹੋਏ ਕੋਚਿੰਗ ਕੈਂਪ ਵੱਲੋਂ ਅਲੀ ਨੂੰ ਫਰਾਂਸ ਵਿਰੁੱਧ ਸੈਮੀਫਾਈਨਲ ਖਿਡਾਉਣ ਦਾ ਫ਼ੈਸਲਾ ਲਿਆ ਗਿਆ। ਫਾਰਵਰਡ ਖਿਡਾਰੀ ਅਲੀ ਨੇ ਟੀਮ ਕਪਤਾਨ ਧਿਆਨ ਚੰਦ ਤੇ ਕੋਚਿੰਗ ਕੈਂਪ ਦੇ ਫ਼ੈਸਲੇ 'ਤੇ ਖਰਾ ਉਤਰਦਿਆਂ ਸੈਮੀਫਾਈਨਲ ਵਿਚ ਫਰਾਂਸ ਵਿਰੁੱਧ ਸ਼ਾਨਦਾਰ ਖੇਡ ਦਾ ਮੁਜ਼ਾਹਰਾ ਕਰਦਿਆਂ ਦੋ ਗੋਲ ਦਾਗਣ ਦਾ ਕ੍ਰਿਸ਼ਮਾ ਕੀਤਾ। ਸੈਮੀਫਾਈਨਲ ਵਿਚ ਫਰਾਂਸ ਨੂੰ ਹਰਾਉਣ ਸਦਕਾ ਭਾਰਤੀ ਟੀਮ ਨੇ ਖ਼ਿਤਾਬੀ ਮੈਚ ਖੇਡਣ ਦਾ ਟਿਕਟ ਕਟਾਇਆ। ਭਾਰਤੀ ਹਾਕੀ ਟੀਮ ਨੇ ਮੇਜ਼ਬਾਨ




ਜਰਮਨੀ ਦੇ ਖਿਡਾਰੀਆਂ ਨੂੰ 8-1 ਗੋਲ ਅੰਤਰ ਨਾਲ ਹਰਾ ਕੇ ਗੋਲਡ ਮੈਡਲ ਜਿੱਤਿਆ। ਉੱਪ-ਜੇਤੂ ਰਹੀ ਮੇਜ਼ਬਾਨ

ਖੇਡ ਖਿਡਾਰੀ

ਟੀਮ ਵਿਰੁੱਧ ਕੈਪਟਨ ਧਿਆਨ ਚੰਦ ਸਿੰਘ ਨੇ ਤਿੰਨ ਗੋਲ ਮਾਰਨ ਸਦਕਾ ਹੈਟ੍ਰਿਕ ਜੜੀ ਜਦਕਿ ਸਟ੍ਰਾਈਕਰ ਅਲੀ ਸ਼ਾਹ ਦਾਰਾ ਨੇ ਦੋ ਗੋਲ ਸਕੋਰ ਕੀਤੇ। ਬਰਲਿਨ ਓਲੰਪਿਕ ਦਾ ਇਹ ਖਿਤਾਬੀ ਮੈਚ ਜਰਮਨੀ ਦੇ ਜ਼ਾਲਮ ਡਿਕਟੇਟਰ ਰਿਡੋਲਫ ਹਿਟਲਰ ਅਤੇ ਚਾਲੀ ਹਜ਼ਾਰ ਦਰਸ਼ਕਾਂ ਦੀ ਮੌਜੂਦਗੀ ਵਿਚ ਖੇਡਿਆ ਗਿਆ ਸੀ। ਬਰਲਿਨ ਓਲੰਪਿਕ ਟੂਰਨਾਮੈਂਟ ਵਿਚ ਮੇਜਰ ਧਿਆਨ ਚੰਦ ਸਿੰਘ ਅਤੇ ਉਸ ਦੇ ਭਰਾ ਰੂਪ ਸਿੰਘ ਨੇ ਬਰਾਬਰ 11-11 ਗੋਲ ਕੀਤੇ ਜਦਕਿ ਦੋ ਖਿਡਾਰੀਆਂ ਕਾਰਲੀਲ ਕੈਰੋਲ ਟੈਪਸੈਲ ਅਤੇ ਅਲੀ ਸ਼ਾਹ ਦਾਰਾ ਨੂੰ ਬਰਾਬਰ 4-4 ਗੋਲ ਕਰਨ ਦਾ ਹੱਕ ਹਾਸਲ ਹੋਇਆ।

### 1948 ਓਲੰਪਿਕ ਵਿਚ ਕੀਤੀ ਪਾਕਿ ਦੀ ਕਪਤਾਨੀ

12 ਸਾਲ ਪਹਿਲਾਂ ਭਾਰਤ ਵੱਲੋਂ ਬਰਲਿਨ ਓਲੰਪਿਕ ਹਾਕੀ ਖੇਡਣ ਵਾਲੇ 33 ਸਾਲਾ ਅਲੀ ਸ਼ਾਹ ਦਾਰਾ ਨੇ ਲੰਡਨ-1948 ਦੀਆਂ ਓਲੰਪਿਕ ਖੇਡਾਂ ਵਿਚ ਪਹਿਲੀ ਵਾਰ ਓਲੰਪਿਕ ਹਾਕੀ ਖੇਡ ਰਹੇ ਨਵੇਂ ਦੇਸ਼ ਪਾਕਿਸਤਾਨੀ ਕੌਮੀ ਟੀਮ ਦੀ ਕਪਤਾਨੀ ਕੀਤੀ। ਅਲੀ ਸ਼ਾਹ ਦਾਰਾ ਦੀ ਕਮਾਨ ਵਿਚ ਸੈਮੀਫਾਈਨਲ ਹਾਰਨ ਵਾਲੀ ਪਾਕਿ ਹਾਕੀ ਟੀਮ ਹਾਲੈਂਡ ਤੋਂ ਪੁਜ਼ੀਸ਼ਨਲ ਮੈਚ ਹਾਰਨ ਸਦਕਾ ਚੌਥਾ ਰੈਂਕ ਹੀ ਹਾਸਲ ਕਰ ਸਕੀ। ਫਾਰਵਰਡ ਕਤਾਰ ਵਿਚ ਖੇਡਣ ਵਾਲੇ ਅਲੀ ਸ਼ਾਹ ਦਾਰਾ ਨੇ ਲੰਡਨ ਓਲੰਪਿਕ ਮੁਕਾਬਲੇ ਵਿਚ ਖੇਡੇ ਸੱਤ ਮੈਚਾਂ ਵਿਚ ਨੌਂ ਗੋਲ ਸਕੋਰ ਕੀਤੇ।

### ਮੇਜਰ ਧਿਆਨ ਚੰਦ ਨਾਲ ਸੀ ਚੰਗੀ ਦੋਸਤੀ

ਮੇਜਰ ਧਿਆਨ ਚੰਦ ਸਿੰਘ ਅਤੇ ਅਲੀ ਸ਼ਾਹ ਦਾਰਾ ਜਿੱਥੇ ਲਾਸਾਨੀ ਹਾਕੀ ਖਿਡਾਰੀ ਸਨ ਉੱਥੇ ਇੱਕਠੇ ਹਾਕੀ ਖੇਡਣ ਸਦਕਾ ਦੋਵੇਂ ਚੰਗੇ ਮਿੱਤਰ ਵੀ ਸਨ। ਦੇਸ਼ ਦੀ ਵੰਡ ਤੋਂ ਬਾਅਦ ਵੀ ਦੋਹਾਂ ਦੀ ਮਿੱਤਰਤਾ ਬਰਕਰਾਰ ਰਹੀ। ਦੋਵਾਂ ਓਲੰਪੀਅਨਾਂ ਦੀ ਇਹ ਦੋਸਤੀ ਮੈਕਸੀਕੋ-1968 ਓਲੰਪਿਕ ਵਿਚ ਉਦੋਂ ਰੰਗ ਲਿਆਈ ਜਦੋਂ ਆਸਟ੍ਰੇਲੀਆ ਤੋਂ ਸੈਮੀਫਾਈਨਲ ਹਾਰਨ ਤੋਂ ਬਾਅਦ ਜਰਮਨੀ ਨਾਲ ਪੁਜ਼ੀਸ਼ਨਲ ਮੈਚ ਲਈ ਭਾਰਤੀ ਟੀਮ ਦੇ ਚੀਫ ਕੋਚ ਮੇਜਰ ਧਿਆਨ ਚੰਦ ਨੇ ਪਾਕਿਸਤਾਨੀ ਮੁੱਖ ਕੋਚ ਅਲੀ ਸ਼ਾਹ ਨਾਲ ਸਲਾਹ ਕਰ ਕੇ ਆਪਣੀ ਪਲੇਇੰਗ ਇਲੈਵਨ ਵਿਚ ਤਬਦੀਲੀ ਕੀਤੀ।

ਕੋਚਿੰਗ ਕੈਂਪ ਨੂੰ ਅਲੀ ਸ਼ਾਹ ਦਾਰਾ ਦੀ ਸਲਾਹ ਮੰਨਣ ਦਾ ਫ਼ਾਇਦਾ ਇਹ ਹੋਇਆ ਕਿ ਭਾਰਤੀ ਟੀਮ ਨੇ ਜਰਮਨੀ ਨੂੰ ਹਰਾ ਕੇ ਤਾਂਬੇ ਦਾ ਮੈਡਲ ਜਿੱਤਣ ਵਿਚ ਕਾਮਯਾਬੀ ਹਾਸਲ ਕੀਤੀ।

### ਵੱਖ-ਵੱਖ ਅਹੁਦਿਆਂ 'ਤੇ ਵੀ ਰਹੇ ਕਾਮਯਾਬ

ਅਲੀ ਸ਼ਾਹ ਦਾਰਾ ਦੀ ਕੋਚਿੰਗ ਵਿਚ ਪਾਕਿ ਹਾਕੀ ਟੀਮ ਨੇ ਮੈਲਬਰਨ-1956 ਓਲੰਪਿਕ ਵਿਚ ਸਿਲਵਰ ਅਤੇ ਰੋਮ-1960 ਓਲੰਪਿਕ ਵਿਚ ਗੋਲਡ ਮੈਡਲ ਹਾਸਲ ਕੀਤਾ। ਆਪਣੇ ਮੋਢਿਆਂ 'ਤੇ ਤਜਰਬੇਕਾਰ ਕੋਚ ਅਤੇ ਲਾਸਾਨੀ ਹਾਕੀ ਖਿਡਾਰੀ ਦਾ ਸਟਾਰ ਲਗਵਾਉਣ ਵਾਲੇ ਅਲੀ ਸ਼ਾਹ ਦਾਰਾ ਨੂੰ ਕੌਮਾਂਤਰੀ ਹਾਕੀ ਫੈਡਰੇਸ਼ਨ ਦਾ ਉਪ-ਪ੍ਰਧਾਨ ਅਤੇ ਏਸ਼ੀਅਨ ਹਾਕੀ ਫੈਡਰੇਸ਼ਨ ਦੀ ਪ੍ਰਧਾਨਗੀ ਕਰਨ ਦਾ ਮਾਣ ਹਾਸਲ ਹੋਇਆ। ਐੱਫਆਈਐੱਚ ਵਿਚ ਅਹੁਦੇਦਾਰ ਰਹਿੰਦਿਆਂ ਅਲੀ ਸ਼ਾਹ ਦਾਰਾ ਨੇ ਵਿਸ਼ਵ ਹਾਕੀ ਕੱਪ ਅਤੇ ਸੰਸਾਰ ਹਾਕੀ ਚੈਂਪੀਅਨਜ਼ ਟਰਾਫੀ ਦੇ ਮੁਕਾਬਲੇ ਸ਼ੁਰੂ ਕਰਵਾਉਣ ਵਿਚ ਵੱਡਾ ਯੋਗਦਾਨ ਪਾਇਆ। ਦਾਰਾ ਅਲੀ ਸ਼ਾਹ ਦੀਆਂ ਅਣਥੱਕ ਕੋਸ਼ਿਸ਼ਾਂ ਨੂੰ ਬੂਰ ਪੈਣ ਸਦਕਾ ਹੀ ਪਲੇਠਾ ਵਿਸ਼ਵ ਹਾਕੀ ਕੱਪ ਬਾਰਸੀਲੋਨਾ-1971 ਅਤੇ ਪਹਿਲੇ 1978 ਚੈਂਪੀਅਨਜ਼ ਹਾਕੀ ਟਰਾਫੀ ਟੂਰਨਾਮੈਂਟ ਦੀ ਮੇਜ਼ਬਾਨੀ ਕਰਨ ਦਾ ਮਾਣ ਲਾਹੌਰ ਸ਼ਹਿਰ ਨੂੰ ਨਸੀਬ ਹੋਇਆ।

# ਪੰਜਾਬ ਦੇ ਪੁਨਰ-ਨਿਰਮਾਣ ਦਾ ਏਜੰਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਭਾਗ 4**

*✪ ਆਰਟੀਫੀਸ਼ਲ ਇੰਟੈਲੀਜੈਂਸ ਅਤੇ ਰੋਬੋ ਤਕਨਾਲੋਜੀ ਦੀ ਖੋਜ ਉਪਰ ਨਿਵੇਸ਼ ਵਧੇਗਾ*

*✪ ਭੁਖਮਰੀ ਅਤੇ ਗਰੀਬੀ, ਵਸੀਲਿਆ ਦੀ ਘਾਟ ਵਿਚੋਂ ਨਹੀਂ, ਗੰਦੀ ਸਿਆਸਤ ਵਿਚੋਂ ਪੈਦਾ ਹੁੰਦੀ ਏ*

**- ਅਮਰਜੀਤ ਸਿੰਘ ਗਰੇਵਾਲ**

ਜਿਉਂ ਜਿਉਂ ਟਰਾਂਜ਼ੈਕਸ਼ਨਲ ਕੌਸਟਾਂ ਘਟਦੀਆਂ ਜਾਣਗੀਆਂ, ਤਿਉਂ ਤਿਉਂ ਲੋਕਾਂ ਅੰਦਰ ਮਸ਼ੀਨਾਂ ਨੂੰ ਖਰੀਦ ਕੇ ਘਰ ਰੱਖਣ ਦੀ ਥਾਂ, ਉਨਾਂ ਮਸ਼ੀਨਾਂ ਦੀਆਂ ਸੇਵਾਵਾਂ ਨੂੰ ਕਿਰਾਏ ਤੇ ਲੈਣ ਦਾ ਰੁਝਾਨ ਵਧ ਜਾਵੇਗਾ। ਉਦਾਹਰਣ ਦੇ ਤੌਰ ਤੇ ਤੁਸੀ ਪੰਦਰਾਂ ਵੀਹ ਲੱਖ ਦੀ ਕਾਰ ਖਰੀਦ ਕੇ ਘਰੇ ਖੜੀ ਕਰ ਲੈਂਦੇ ਹੋ। ਕੇਵਲ ਦਫਤਰ ਜਾਣ ਲਈ ਇਸਤੇਮਾਲ ਕਰਦੇ ਹੋ। ਕਦੇ ਕਦੇ ਬੱਚਿਆਂ ਨਾਲ ਘੁੰਮ ਫਿਰ ਵੀ ਆਉਂਦੇ ਹੋ। ਪਰ ਬਹੁਤਾ ਸਮਾਂ ਗੈਰਜ ਵਿਚ ਹੀ ਰਹਿੰਦੀ ਹੈ। ਜੇਕਰ ਘੱਟ ਕਿਰਾਏ ਤੇ ਟੈਕਸੀ ਦੀ ਤੁਰੰਤ ਸੇਵਾ ਉਪਲਬਧ ਹੋਣ ਲੱਗ ਪਵੇ ਤਾਂ ਤੁਸੀਂ ਕਾਰ ਨਾਮ ਦਾ ਚਿੱਟਾ ਹਾਥੀ ਕਿਉਂ ਪਾਲੋਗੇ। ਸ਼ੁਰੂ ਸ਼ੁਰੂ ਵਿਚ ਨਿੱਜੀ ਕਾਰ ਰੱਖਣਾ ਚੰਗਾ ਵੀ ਲੱਗ ਸਕਦਾ ਹੈ, ਪਰ ਸਮਾਂ ਪਾ ਕੇ ਤਾਂ ਮੂਰਖਤਾ ਦੀ ਨਿਸ਼ਾਨੀ ਹੀ ਬਣੇਗਾ। ਆਪਣੇ ਘਰ ਨੂੰ ਮਸ਼ੀਨਾਂ ਅਤੇ ਵਸਤੂਆਂ ਦਾ ਸਟੋਰ ਹਾਊਸ ਬਨਾਉਣ ਦੀ ਥਾਂ ਸੇਵਾਵਾਂ ਨੂੰ ਕਿਰਾਏ ਤੇ ਲੈਣ ਦਾ ਰੁਝਾਨ ਨਿਸ਼ਚੇ ਹੀ ਵਧਣ ਵਾਲਾ ਹੈ। ਮਲਕੀਅਤ ਦੀ ਭਾਵਨਾ ਦੇ ਕੋਈ ਅਰਥ ਨਹੀਂ ਰਹਿ ਜਾਣੇ। ਗਿਣੀਆਂ ਚੁਣੀਆਂ ਸੇਵਾਵਾਂ ਦੀ ਗੱਲ ਨਹੀਂ; ਸਨਅਤੀ ਨਿਰਮਾਣ ਦਾ ਢਾਂਚਾ ਹੀ ਬਦਲ ਰਿਹਾ ਹੈ। ਇਸੇ ਨੂੰ ਚੌਥੀ ਉਦਯੋਗਿਕ ਕ੍ਰਾਂਤੀ ਦਾ ਨਾਮ ਦਿੱਤਾ ਗਿਆ ਹੈ। ਤੁਹਾਨੂੰ ਕੋਈ ਚੀਜ਼ ਖਰੀਣ ਲਈ ਕਿਤੇ ਜਾਣ ਦੀ ਲੋੜ ਨਹੀਂ ਹੋਵੇਗੀ। ਕੋਰੀਅਰ ਰਾਹੀਂ ਵੀ ਨਹੀਂ ਆਵੇਗੀ। ਜੇਕਰ ਤੁਸੀ ਕਮੀਜ਼ ਖਰੀਦਣੀ ਚਾਹੁੰਦੇ ਹੋ, ਤਾਂ ਘਰ ਬੈਠੇ ਹੀ, ਕਮੀਜ਼ਾਂ ਦੀ ਵਰਚੂਅਲ ਗੈਲਰੀ ਵਿਚੋਂ, ਆਪਣੇ ਨਾਪ ਤੇ ਪਸੰਦ ਦੀ ਕਮੀਜ਼ ਚੁਣ ਸਕਦੇ ਹੋ। ਤੁਹਾਡੇ ਆਰਡਰ ਕਰਦਿਆਂ ਹੀ ਉਹ ਡਿਜ਼ਾਈਨ ਈ-ਮੇਲ ਰਾਹੀਂ ਤੁਹਾਡੇ ਕੋਲ ਪਹੁੰਚ ਜਾਵੇਗਾ, ਜਿਸਨੂੰ ਤੁਸੀਂ ਘਰ ਬੈਠਿਆਂ ਹੀ 3-ਡੀ ਪਰਿੰਟਰ ਉਪਰ ਤਿਆਰ ਕਰ ਸਕਦੇ ਹੋ। ਤੁਹਾਨੂੰ 3-ਡੀ ਪਰਿੰਟਰ ਵੀ ਖਰੀਦਣ ਦੀ ਵੀ ਲੋੜ ਨਹੀਂ। ਤੁਹਾਡੇ ਮੁਹੱਲੇ ਦੀ ਲਾਇਬਰੇਰੀ ਵਿਚੋਂ ਮਿਲ ਜਾਵੇਗਾ। ਲਾਇਬਰੇਰੀ ਦੀ ਧਾਰਨਾ ਵੀ ਬਦਲੇਗੀ। ਇਕ ਗੱਲ ਦਾ ਧਿਆਨ ਰਹਿਣਾ ਚਾਹੀਦਾ ਹੈ ਕਿ ਇੰਟੈਲੀਜੈਂਟ ਮਸ਼ੀਨ ਕੰਪਿਊਟਰ ਨਹੀਂ, ਨੈਟਵਰਕ ਹੈ। 'ਇੰਟਰਨੈਟ ਆਫ ਐਵਰੀਥਿੰਗ' ਨੇ ਮਨੁਖਾਂ, ਮਸ਼ੀਨਾਂ, ਵਸਤੂਆਂ, ਸੇਵਾਵਾਂ ਅਤੇ ਸਾਧਨਾ ਨੂੰ ਸੰਚਾਰ ਅਤੇ ਸਬੰਧਾਂ ਦੇ ਨੈਟਵਰਕ ਵਿਚ ਬੰਨ ਕੇ ਕਾਰਜਕੁਸ਼ਲਤਾ ਦੀਆਂ ਅਨੰਤ ਸੰਭਾਵਨਾਵਾਂ ਜਗਾ ਦਿਤੀਆਂ ਹਨ। ਇੰਟਰਨੈਟ ਆਫ ਐਵਰੀਥਿੰਗ ਦੇ ਨਾਲ ਨਾਲ 'ਕਲਾਊਡ' ਨੂੰ ਸਮਝਣਾ ਵੀ ਜ਼ਰੂਰੀ ਹੈ। ਕਲਾਊਡ ਕੋਈ ਜਗਾ ਜਾਂ ਅਸਮਾਨ ਵਿਚ ਖੜੀ ਕੀਤੀ ਗਈ ਇਮਾਰਤ ਨਹੀਂ ਹੁੰਦੀ। ਕਲਾਊਡ ਦਾ ਸਬੰਧ ਉਨਾਂ ਸਾਫਟਵੇਅਰਾਂ ਤੇ ਡਿਜੀਟਲ ਸੇਵਾਵਾਂ ਨਾਲ ਹੈ, ਜੋ ਤੁਹਾਨੂੰ ਇੰਟਰਨੈਟ ਉਪਰ ਉਪਲਭਦ ਰਹਿੰਦੀਆਂ ਹਨ। ਤੁਸੀ ਉਨਾਂ ਦੀ ਕਦੇ ਵੀ, ਕਿਤੇ ਵੀ ਅਤੇ ਕਿਸੇ ਵੀ ਡਿਵਾਈਸ ਉਪਰ ਵਰਤੋਂ ਕਰ ਸਕਦੇ ਹੋ। ਤੁਸੀਂ ਆਪਣਾ ਨਿਜੀ ਸਮਾਨ ਜਿਵੇਂ ਕਿ ਤਸਵੀਰਾਂ, ਫਿਲਮਾਂ, ਕਿਤਾਬਾਂ, ਡਾਕੂਮੈਂਟ, ਆਦਿ ਨੂੰ ਵੀ ਕਲਾਊਡ ਉਪਰ ਰੱਖ ਕੇ ਕੰਮ ਕਰ ਸਕਦੇ ਹੋ। ਮਨਪਰਚਾਵਾ, ਸਿਹਤ ਸੰਭਾਲ, ਸਿਖਿਆ, ਖਰੀਦੋ ਫਰੋਖਤ, ਈ-ਗਵਰਨੈਂਸ, ਈ-ਕਾਮਰਸ ਆਦਿ ਸੇਵਾਵਾ, ਸਭ ਕਲਾਊਡ ਰਾਹੀਂ ਹੀ ਉਪਲਭਦ ਹੋ ਰਹੀਆਂ ਹਨ। ਕੀ ਨੈਟਵਰਕ ਆਰਥਿਕਤਾ ਨਾਲ ਨਵੀਂ ਉਤਪਾਦਨ ਪ੍ਰਣਾਲੀ ਦਾ ਆਰੰਭ ਹੋ ਰਿਹਾ ਹੈ? 'ਦ ਵੈਲਥ ਆਫ ਨੈਟਵਰਕਸ' ਦੇ ਲੇਖਕ ਯੋਚੇ ਬੈਂਕਲਰ ਨੇ 2006 ਵਿਚ ਹੀ ਇਹ ਦਾਅਵਾ ਪੇਸ਼ ਕਰ ਦਿੱਤਾ ਸੀ ਕਿ ਨੈਟਵਰਕ ਆਰਥਿਕਤਾ ਇਕ ਨਵੀਂ ਉਤਪਾਦਨ ਪ੍ਰਣਾਲੀ ਲੈ ਕੇ ਆ ਰਹੀ ਹੈ। ਬੈਂਕਲਰ ਦੇ ਇਸ ਦਾਅਵੇ ਨੂੰ 'ਵਿਕੀਪੀਡੀਆਂ' ਦੀ ਉਦਾਹਰਣ ਲੈਕੇ ਸਮਝਣ ਦੀ ਕੋਸ਼ਿਸ ਕਰਦੇ ਹਾਂ। ਸਾਇੰਸ ਜਗਤ ਦੀ ਸਭ ਤੋਂ ਮਸ਼ਹੂਰ ਖੋਜ ਪਤ੍ਰਿਕਾ 'ਨੇਚਰ' ਵਿਚ ਛਪੇ ਇਕ ਲੇਖ ਮੁਤਾਬਕ ਵਿਕੀਪੀਡੀਆ ਦੀ ਵੀ ਓਨੀ ਹੀ ਭਰੋਸੇਯੋਗਤਾ ਹੈ ਜਿੰਨੀ 'ਐਨਸਾਈਕਲੋਪੀਡੀਆ ਬਰਟੈਨਿਕਾ' ਦੀ। ਪਰ ਐਨਸਾਈਕਲੋਪੀਡੀਆ ਬਰਟੈਨਿਕਾ ਨੂੰ ਆਨਲਾਈਨ ਪੜਨ ਵਾਸਤੇ ਤੁਹਾਨੂੰ ਪੰਜ ਹਜ਼ਾਰ ਰੁਪਏ ਸਲਾਨਾ ਚੰਦਾ ਭਰਨਾ ਪੈਦਾ ਹੈ। ਜਦੋਂ ਕਿ ਵਿਕੀਪੀਡੀਆ, ਜੋ ਐਨਸਾਈਕਲੋਪੀਡੀਆ ਬਰਟੈਨਿਕਾ ਨਾਲੋਂ 85 ਗੁਣਾ ਵੱਡਾ ਹੈ, ਅਤੇ ਜਿਸ ਵਿਚ ਹਰ ਰੋਜ਼ ਪੰਜਾਹ ਹਜ਼ਾਰ ਨਵੇਂ ਲੇਖ ਸਾਮਲ ਹੋ ਜਾਂਦੇ ਹਨ, ਨੂੰ ਬਿਨਾ ਕੋਈ ਪੈਸਾ ਦਿੱਤੇ ਮੁਫਤ ਪੜ ਸਕਦੇ ਹੋ। ਅਜਿਹਾ ਇਸ ਲਈ, ਕਿਉਂਕਿ ਦੋਨਾਂ ਦੀਆਂ ਪੈਦਾਵਾਰੀ ਵਿਧੀਆਂ ਵੱਖੋ ਵੱਖਰੀਆਂ ਹਨ।

ਐਨਸੀਕਲੋਪੀਡੀਆ ਬਰਟੈਨਿਕਾ, ਨਫਾ ਕਮਾਉਣ ਲਈ ਪੈਸੇ ਦੇ ਕੇ ਲਿਖਵਾਇਆ ਜਾਂਦਾ ਹੈ। ਵਿਕੀਪੀਡੀਆ ਦਾ ਇਸਤੇਮਾਲ ਕਰਨ ਵਾਲੇ ਗਿਆਨੀ ਵਿਗਿਆਨੀ, ਬਿਨਾ ਕੋਈ ਪੈਸਾ ਦਿੱਤੇ ਲਏ, ਇਸਨੂੰ ਖੁਦ ਹੀ ਲਿਖਦੇ, ਪੜਦੇ, ਸੰਪਾਦਿਤ ਤੇ ਪ੍ਰਕਾਸ਼ਿਤ ਕਰਦੇ ਹਨ। ਵਿਕੀਪੀਡੀਆ ਇਕ ਸਾਂਝਾ ਪਿੜ ਹੈ, ਜਿਸਦਾ ਉਤਪਾਦਨ ਅਤੇ ਉਪਯੋਗ ਕਰਨ ਵਾਲੇ ਰਜਿਸਟਰਡ ਮੈਂਬਰਾਂ ਦੀ ਹੀ ਗਿਣਤੀ ਚਾਰ ਕਰੋੜ ਹੈ। ਜੇਕਰ ਵਿਕੀਪੀਡੀਆ ਵੀ ਐਨਸਾਈਕਲੋਪੀਡੀਆ ਬਰਟੈਨਿਕਾ ਵਾਂਗ ਸਾਲਾਨਾ ਚੰਦਾ ਲੈਣਾ ਸ਼ੁਰੂ ਕਰ ਦੇਵੇ ਤਾ ਇਸਦੀ ਸਲਾਨਾ ਟਰਨ-ਓਵਰ ਤਿੰਨ ਅਰਬ ਡਾਲਰ ਤੋਂ ਵੀ ਵਧੇਰੇ ਹੋ ਸਕਦੀ ਹੈ। ਪਰ ਅਜਿਹਾ ਹੋਵੇਗਾ ਨਹੀਂ। ਇਹ ਕੰਮ ਤਾਂ ਮੁਨਾਫੇ ਅਤੇ ਮੰਡੀ ਦੇ ਤਰਕ ਤੋਂ ਬਾਹਰ ਰਹਿ ਕੇ, ਬਿਨਾ ਕੁਝ ਦਿਤੇ ਲਏ, ਜਮਹੂਰੀ ਤਰੀਕਿਆਂ ਨਾਲ ਹੀ ਸਿਰੇ ਚੜ ਸਕਦਾ ਸੀ। ਦੋਨਾਂ ਦੀਆਂ ਵੱਖੋ ਵੱਖਰੀਆਂ ਉਤਪਾਦਨ ਪ੍ਰਣਾਲੀਆਂ ਹਨ। ਇਕ ਗੱਲ ਸਪਸ਼ਟ ਹੈ ਕਿ ਵਿਕੀਪੀਡੀਆ (ਉਤਰ-ਪੂੰਜੀਵਾਦੀ ਉਤਪਾਦਨ ਪ੍ਰਣਾਲੀ) ਦਾ ਐਨਸਾਈਕਲੋਪੀਡੀਆਂ (ਪੂੰਜੀਵਾਦੀ ਉਤਪਾਦਨ ਪਣਾਲੀ) ਮੁਕਾਬਲਾ ਨਹੀਂ ਕਰ ਸਕਦਾ। ਮੁਕਾਬਲਾ ਕਰਨ ਲਈ ਐਨਸਾਈਕਲੋਪੀਡੀਆਂ ਤਿਆਰ ਕਰਨ ਵਾਲੀ ਕੰਪਨੀ ਨੂੰ ਇਹ ਮੁਫਤ ਵੰਡਣਾ ਪਵੇਗਾ , ਜੋ ਸੰਭਵ ਨਹੀਂ। ਆਉਣ ਵਾਲੇ ਯੁਗ ਦੀ ਦਿਸ਼ਾ ਤਹਿ ਹੈ। ਪੂੰਜੀਵਾਦ ਜੇਕਰ ਬਚਦਾ ਹੈ, ਤਾਂ ਉਹ ਵੀ ਹੁਣ ਕੇਵਲ ਉਤਰ-ਪੂੰਜੀਵਾਦ ਦੇ ਬਚਾਇਆ ਹੀ ਬਚੇਗਾ।

ਮਾਰਕਸ ਨੇ ਵੀ ਆਪਣੀ 1858 ਦੀ ਇਕ ਲਿਖਤ 'ਫਰੈਗਮੈਂਟ ਆਨ ਮਸ਼ੀਨਜ਼' ਵਿਚ ਮਸ਼ੀਨਾਂ ਅੰਦਰ ਜਮਾਂ ਪਈ ਲੋਕਾਂ ਦੀ ਸਾਂਝੇ ਪੱਧਰ ਤੇ ਪੈਦਾ ਕੀਤੀ ਸਿਆਣਪ/ ਤਕਨਾਲੋਜੀ ਨੂੰ ਸਮਾਜਕ ਤਬਦੀਲੀ ਦੇ ਇਕ ਨਵੇਂ ਮਾਰਗ ਵਜੋਂ ਕਲਪਿਤ ਤਾਂ ਕਰ ਲਿਆ ਸੀ, ਪਰ ਇਸ ਨੂੰ ਵਿਕਸਤ ਨਹੀਂ ਕਰ ਸਕਿਆ। ਅਸੀਂ ਅੱਜ ਜਿਸ ਕਿਸਮ ਦੇ ਨੌਲਿਜ ਨੈਟਵਰਕ ਵਿਚੋਂ ਦੀ ਲੰਘ ਰਹੇ ਹਾਂ, ਮਾਰਕਸ ਨੇ ਇਸਦੀ ਕਲਪਨਾ ਕਰਦੇ ਹੋਏ, ਸਮਾਜਕ ਪੱਧਰ ਤੇ ਵਿਕਸਤ ਹੋ ਰਹੇ ਗਿਆਨ, ਜਿਸਨੂੰ ਉਹ 'ਜਨਰਲ ਇੰਟਲੈਕਟ' ਦਾ ਨਾਮ ਦਿੰਦਾ ਹੈ, ਰਾਹੀਂ ਨਵੀਂ ਉਤਪਾਦਨ ਪ੍ਰਣਾਲੀ ਨਾਲ ਲੈਸ ਅੱਜ ਦੀ ਨੈਟਵਰਕ ਵਿਚ ਬੱਝੀ ਵਿਦਵਾਨ ਜਮਾਤ ਦੇ ਕ੍ਰਾਂਤੀਕਾਰੀ ਕਿਰਦਾਰ ਵੱਲ ਇਸ਼ਾਰਾ ਤਾਂ ਕਰ ਹੀ ਦਿੱਤਾ ਸੀ।

1.7 ਸਿਰਜਣਾਤਮਕ ਆਰਥਿਕਤਾ: ਕਿਸੇ ਦੁਰੇਡੇ ਪਿੰਡੋਂ ਵਿਆਹ ਕੇ ਆਈ ਔਰਤ ਆਪਣੇ ਘਰ ਦੀ ਕੱਚੀ ਕੰਧ ਉਪਰ ਸ਼ੇਰ ਦਾ ਚਿਤਰ ਬਣਾਉਂਦੀ ਹੈ। ਉਸਨੂੰ ਦੇਖ ਕੇ ਪਿੰਡ ਦੀਆਂ ਕਈ ਹੋਰ ਔਰਤਾਂ ਵੀ ਆਪਣੀਆਂ ਕੰਧਾਂ ਉਪਰ ਅਜਿਹੇ ਚਿਤਰ ਬਣਾਉਂਦੀਆਂ ਹਨ। ਕੋਈ ਉਸ ਸ਼ੇਰ ਦੇ ਚਿਹਰੇ ਉਪਰ ਆਪਣੇ ਘਰ ਵਾਲੇ ਦੀਆਂ ਕੁੰਡਲਦਾਰ ਮੁੱਛਾਂ ਲਗਾ ਦਿੰਦੀ ਹੈ। ਕੋਈ ਉਸਦੀ ਪੂਛ ਖੜੀ ਕਰ ਦਿੰਦੀ ਹੈ। ਤੀਸਰੀ ਕਿਸੇ ਫੁਰਤੀਲੇ ਨੌਜਵਾਨ ਤੋਂ ਆਕਰਸ਼ਿਤ ਹੋ ਕੇ ਸ਼ੇਰ ਦੀ ਦੇਹ ਵਿਚ ਫੁਰਤੀਲਾਪਣ ਭਰਨ ਲਈ ਉਸਨੂੰ ਜਿਊਮਿਤੀ ਰੂਪ ਵਿਚ ਢਾਲ ਲੈਂਦੀ ਹੈ। ਹੌਲੀ ਹੌਲੀ ਸ਼ੇਰ ਦਾ ਇਕ ਸਾਂਝਾ ਚਿਤਰ ਉਭਰਨਾ ਸ਼ੁਰੂ ਹੋ ਜਾਂਦਾ ਹੈ, ਜੋ ਕਿਸੇ ਇਕ ਦੀ ਨਹੀਂ, ਪਿੰਡ ਦੀਆਂ ਔਰਤਾਂ ਦੀ ਸਾਂਝੀ ਸਹਿਯੋਗੀ ਸੋਚ ਵਿਚੋਂ ਪੈਦਾ ਹੋਇਆ ਹੁੰਦਾ ਹੈ। ਸ਼ੇਰ ਦੇ ਚਿਤਰ ਦੀ ਸਾਂਝੀ ਸਿਰਜਣਾ ਰਾਹੀਂ, ਇਹ ਔਰਤਾਂ, ਦਰਅਸਲ ਮਰਦ ਨਾਲ ਆਪਣੇ ਰਿਸ਼ਤੇ ਦੀ ਕਲਪਨਾ ਰਾਹੀਂ ਆਪਣੇ ਸਮਾਜਕ ਵਿਅਕਤਿਤਵ (ਸੈਲਫ) ਦੀ ਹੀ ਪੁਨਰ-ਸਿਰਜਣਾ ਕਰ ਰਹੀਆਂ ਹੁੰਦੀਆਂ ਹਨ। ਸਾਂਝੀ ਸਮਾਜਕ ਸਿਰਜਣਾ ਦੇ ਵਹਾਅ ਰਾਹੀਂ ਲੋਕ ਕੇਵਲ ਵਸਤੂਆਂ ਦਾ ਨਿਰਮਾਣ ਹੀ ਨਹੀਂ ਕਰਦੇ, ਆਪਣੇ ਭਾਈਚਾਰਿਆਂ ਨੂੰ ਵੀ ਲਗਾਤਾਰ ਪੁਨਰ-ਸਿਰਜਿਤ ਕਰਦੇ ਰਹਿੰਦੇ ਹਨ।

ਹੁਣ ਪਿੰਡ ਵਿਚ ਇਕ ਫੋਟੋਗਰਾਫਰ ਆਉਂਦਾ ਹੈ। ਕੱਚੀ ਕੰਧ ਉਪਰ ਬਣੇ ਇਸ ਸ਼ੇਰ ਦੀ ਫੋਟੋ ਖਿਚ ਕੇ ਉਸ ਉਪਰ ਆਪਣਾ ਨਾਮ ਲਿਖਦਾ ਹੈ। ਪਰਿੰਟ ਤਿਆਰ ਕਰਦਾ ਹੈ ਤੇ ਫਰੇਮ ਕਰਕੇ ਕਲਾ ਪ੍ਰਦਰਸ਼ਨੀ ਵਿਚ ਸਜਾ ਦਿੰਦਾ ਹੈ। ਕੋਈ ਵਿਉਪਾਰੀ ਇਕ ਨਿਸ਼ਚਿਤ ਕੀਮਤ ਅਦਾ ਕਰਕੇ ਉਸ ਤਸਵੀਰ ਦਾ ਕਾਪੀਰਾਈਟ ਖਰੀਦ ਲੈਂਦਾ ਹੈ; ਤਾਂ ਜੋ ਕੈਲੰਡਰ ਦੇ ਰੂਪ ਵਿਚ ਇਸਦੀਆਂ ਹਜ਼ਾਰਾਂ ਕਾਪੀਆਂ ਤਿਆਰ ਕਰਕੇ ਕਲਾ-ਮੰਡੀ ਰਾਹੀਂ ਵਧੇਰੇ ਕਮਾਈ ਕੀਤੀ ਜਾ ਸਕੇ। ਪਰ ਪਿੰਡ ਦੀਆਂ ਔਰਤਾਂ ਇਹ ਕੰਧ ਚਿਤਰ ਵੇਚਣ ਲਈ ਨਹੀਂ ਬਣਾਉਂਦੀਆਂ। ਕੱਚੇ ਰੰਗਾਂ ਨਾਲ ਬਣੇ ਇਹ ਕੰਧ ਚਿਤਰ ਬਰਸਾਤਾਂ ਵਿਚ ਮਿਟ ਜਾਂਦੇ ਹਨ। ਉਹ ਨਵੇਂ ਸਿਰੇ ਤੋਂ ਬਣਾ ਲੈਂਦੀਆਂ ਹਨ। ਕਲਾ ਸਾਂਝੀ ਸਿਰਜਣਾਤਮਕ ਪ੍ਰੈਕਟਿਸ ਹੈ ਜਿਸ ਰਾਹੀਂ ਪਿੰਡ ਆਪਣੀ ਭਾਈਚਾਰਕ ਪਛਾਣ ਦੀ ਸਿਰਜਣਾ/ ਪੁਨਰ-ਸਿਰਜਣਾ ਕਰਦਾ ਹੈ। ਕਲਾਤਮਕ ਵਸਤੂ ਤਾਂ ਇਸਦੀ ਵਾਧੂ-ਉਪਜ ਹੈ ਜੋ ਮੰਡੀ ਦੇ ਮਾਧਿਅਮ ਰਾਹੀਂ ਲੋਕਾਂ ਦੀ ਨਿੱਜੀ ਖਪਤ ਦਾ ਮਾਲ ਬਣਕੇ ਮੁਨਾਫੇ ਦੀ ਪੈਦਾਵਾਰ ਅਤੇ ਵੰਡ ਨਾਲ ਪੂੰਜੀਵਾਦੀ ਯੁਗ ਦੀ ਸਿਰਜਣਾ ਕਰਦੀ ਹੈ।

ਜਦੋਂ ਕੋਈ ਕਲਾਕਾਰ ਇਸ ਕੰਧ ਚਿਤਰ ਨੂੰ ਕੈਨਵਸ ਉਪਰ ਉਤਾਰ ਕੇ ਕਿਸੇ ਰਜਵਾੜੇ ਜਾਂ ਸੰਸਥਾ ਤੋਂ ਸਰਪ੍ਰਸਤੀ ਪ੍ਰਾਪਤ ਕਰਨ ਲਈ ਉਸ ਨੂੰ ਭੇਂਟ ਕਰਦਾ ਹੈ, ਤਾਂ ਇਸ ਨੂੰ ਜਗੀਰੂ ਉਤਪਾਦਨ ਪ੍ਰਣਾਲੀ ਕਿਹਾ ਜਾਂਦਾ ਹੈ। ਦੂਸਰੇ ਪਾਸੇ ਜਦੋਂ ਇਸ ਕਲਾ ਕ੍ਰਿਤ ਦੀਆਂ, ਮਸ਼ੀਨੀ ਪੁਨਰ-ਉਤਪਾਦਨ ਰਾਹੀਂ ਅਨੇਕਾਂ ਕਾਪੀਆਂ ਤਿਆਰ ਹੋ ਕੇ, ਮੰਡੀ ਵਿਚ ਮੁਨਾਫੇ ਲਈ ਵੇਚੀਆਂ ਜਾਂਦੀਆਂ ਹਨ, ਤਾਂ ਇਹ ਪੂੰਜੀਵਾਦੀ ਵਿਧਾ ਅਖਵਾਉਂਦੀ ਹੈ।

ਜਗੀਰੂ ਅਤੇ ਪੂੰਜੀਵਾਦੀ ਵਿਵਸਥਾ ਦੌਰਾਨ ਕਲਾ ਨਹੀਂ, ਸਗੋਂ ਭੂਮੀ ਅਤੇ ਪੂੰਜੀ ਪੈਦਾਵਾਰ ਦੇ ਪ੍ਰਮੁਖ ਸਰੋਤ ਸਨ। ਪਰ, ਜਿਵੇਂ ਕਿ ਆਪਾਂ ਪਹਿਲਾਂ ਵੀ ਗੱਲ ਕਰ ਆਏ ਹਾਂ, ਉਤਰ-ਪੂੰਜੀਵਾਦ ਦੇ ਅਜੋਕੇ ਯੁਗ ਵਿਚ ਆਕੇ ਭੂਮੀ ਅਤੇ ਪੂੰਜੀ ਦੇ ਮੁਕਾਬਲੇ ਸਿਰਜਣਾਤਮਿਕਤਾ ਪੈਦਾਵਾਰ ਦਾ ਮੁਖ ਸਾਧਨ ਬਣ ਜਾਂਦੀ ਹੈ। ਸਿਰਜਣਾਤਮਿਕਤਾ ਦਾ ਸਬੰਧ ਕੇਵਲ ਕਲਾ ਨਾਲ ਹੀ ਨਹੀਂ, ਭਾਸ਼ਾ, ਗਿਆਨ, ਵਿਗਿਆਨ, ਤਕਨਾਲੋਜੀ, ਡਿਜ਼ਾਈਨ, ਆਦਿ ਉਨਾਂ ਸਭਨਾ ਵਿਧਾਵਾਂ ਨਾਲ ਹੈ, ਜੋ ਮਾਨਵ ਅਤੇ ਮਸ਼ੀਨ, ਦੋਨਾ ਦੀ ਸਮਰੱਥਾ ਵਿਚ ਵਾਧੇ ਰਾਹੀਂ, ਪੈਦਾਵਾਰ ਵਿਚ ਵਾਧੇ ਦੇ ਨਾਲ ਨਾਲ ਸਮਾਜਕ ਪੁਨਰਸਿਰਜਣਾ ਦਾ ਵੀ ਕੰਮ ਕਰਦੀਆਂ ਹਨ। ਉਤਰ-ਪੰਜੀਵਾਦ, ਪੂੰਜੀਵਾਦ ਦੀ ਉਹ ਸਟੇਜ ਹੈ ਜਿਥੇ ਪਹੁੰਚ ਕੇ ਜਿਸਮਾਨੀ ਕਿਰਤ ਦੀ ਥਾਂ ਸਿਰਣਾਤਮਿਕ ਕਿਰਤ ਪੈਦਾਵਾਰ ਦੀ ਪ੍ਰਮੁਖ ਸਕਤੀ ਬਣ ਜਾਂਦੀ ਹੈ। ਮਿਸ਼ੇਲ ਫੂਕੋ ਤੋਂ ਸੰਕੇਤ ਲੈਂਦਿਆਂ ਮਿਸ਼ੇਲ ਹਾਰਟ ਅਤੇ ਅੰਤੋਨੀਓ ਨੇਗਰੀ ਇਸਨੂੰ ਬਾਇਓਪੁਲਿਟੀਕਲ ਪੈਦਾਵਾਰ ਦਾ ਨਾਮ ਦਿੰਦੇ ਹਨ।

ਸਿਰਜਣਾ ਦੋ ਸਮਾਨੰਤਰ ਸੰਭਾਵਨਾਵਾਂ ਪੈਦਾ ਕਰ ਦਿੰਦੀ ਹੈ। ਇਹ ਕੇਵਲ ਵਸਤੂਆਂ ਦਾ ਉਤਪਾਦਨ ਹੀ ਨਹੀਂ ਵਧਾਉਂਦੀ, ਭਾਈਚਾਰਕ ਰਿਸ਼ਤਿਆਂ ਅਤੇ ਨੈਤਿਕ ਕਦਰਾਂ ਕੀਮਤਾਂ ਦਾ ਪੁਨਰ-ਨਿਰਮਾਣ ਵੀ ਕਰਦੀ ਹੈ। ਸੋ, ਪੂੰਜੀਵਾਦੀ ਉਦਯੋਗ ਦੀ ਪੈਦਾਵਾਰੀ ਸਕਤੀ ਹੋਣ ਦਾ ਨਾਲ ਨਾਲ ਸਿਰਜਣਾ ਭਾਈਚਾਰਕ ਪੁਨਰ-ਨਿਰਮਾਣ ਦਾ ਪਿੜ ਵੀ ਬਣ ਜਾਂਦੀ ਹੈ। ਮੁਨਾਫੇ ਅਤੇ ਮਨਾਪਲੀਆਂ ਖਾਤਰ, ਸਿਰਜਣਾਤਮਕਤਾ ਦੇ ਕੰਟਰੋਲ ਅਤੇ ਗਿਆਨ ਉਪਰ ਨਿੱਜੀ ਮਲਕੀਅਤ ਦੀ ਸਥਾਪਨਾ ਰਾਹੀਂ, ਗਿਆਨ ਦੇ ਖੁਲੇ ਵਹਾ ਅੱਗੇ ਜੋ ਰੁਕਾਵਟਾਂ ਖੜੀਆਂ ਕੀਤੀਆਂ ਜਾ ਰਹੀਆਂ ਹਨ, ਉਹ ਸਿਰਜਣਾਤਮਕ ਪਿੜਾਂ ਦੀ ਕਾਰਜਕੁਸ਼ਲਤਾ ਘਟਾ ਕੇ ਪੂੰਜੀ ਦੇ ਵਿਸਤਾਰ ਦਾ ਹੀ ਨੁਕਸਾਨ ਕਰ ਰਹੀਆਂ ਹਨ। ਪੂੰਜੀਵਾਦ ਲਈ ਵਾਪਿਸੀ ਦੇ ਰਸਤੇ ਬੰਦ ਹੁੰਦੇ ਜਾ ਰਹੇ ਹਨ। ਉਸਦਾ ਉਤਰ-ਪੂੰਜੀਵਾਦ ਵੱਲ ਵਧਣਾ ਤਹਿ ਹੈ। ਪਰ ਇਹ ਵੀ ਸੱਚ ਹੈ ਕਿ ਸਿਖਿਆ ਸੁਧਾਰਾਂ ਨੂੰ ਨਜ਼ਰਅੰਦਾਜ਼ ਕਰਕੇ ਇਸ ਦਿਸ਼ਾ ਵੱਲ ਇਕ ਕਦਮ ਵੀ ਨਹੀਂ ਪੁਟਿਆ ਜਾ ਸਕਦਾ। ਇਸ ਲਈ, ਸਿਖਿਆ ਸੁਧਾਰ ਸਾਡੀ ਚੋਣ ਨਹੀਂ, ਸ਼ਰਤ ਬਣ ਗਏ ਹਨ। ਐਜੂਫੈਕਟਰੀ ਦੇ ਜ਼ੀਰੋ ਅੰਕ ਦਾ ਮੁੱਦਾ ਹੀ ਇਹ ਹੈ ਕਿ ਸਨਅਤੀ ਯੁਗ ਵਿਚ ਜੋ ਸਥਾਨ ਫੈਕਟਰੀ ਦਾ ਸੀ, ਅੱਜ ਦੇ ਗਿਆਨ ਯੁਗ ਵਿਚ ਉਹੋ ਸਥਾਨ ਯੂਨੀਵਰਸਿਟੀ ਦਾ ਬਣ ਗਿਆ ਹੈ। ਹੁਣ ਪੂੰਜੀ ਨਹੀਂ ਸਿਖਿਆ ਸਾਡੇ ਭਵਿਖ ਦਾ ਫੈਸਲਾ ਕਰੇਗੀ। ਜਿਹੋ ਜਿਹੀ ਯੂਨੀਵਰਸਟੀ ਬਣਾਵਾਂਗੇ, ਉਹੋ ਜਿਹਾ ਹੀ ਭਵਿੱਖ ਪਾਵਾਂਗੇ।

1.8 ਕੱਚੇ ਮਾਲਕ ਪੱਕੇ ਮਜ਼ਦੂਰ: ਕੌਮੀ ਸ਼ਾਹਰਾਹਾਂ ਤੇ ਆਪਣੇ ਘਰਾਂ ਨੂੰ ਨੰਗੇ ਪੈਰੀਂ ਵਾਪਿਸ ਜਾ ਰਹੇ ਭੁਖੇ ਭਾਣੇ, ਗਰੀਬ ਅਤੇ ਲਾਚਾਰ ਮਜ਼ਦੂਰ ਪਰਿਵਾਰਾਂ ਦੀਆਂ ਟੋਲੀਆਂ ਨੇ ਲਾਲ ਸਿੰਘ ਦਿਲ ਦੀ ਕਵਿਤਾ 'ਸ਼ਾਮ ਦਾ ਰੰਗ ਫਿਰ ਪੁਰਾਣਾ ਹੈ' (1971) ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ :

"ਸ਼ਾਮ ਦਾ ਰੰਗ ਫ਼ਿਰ ਪੁਰਾਣਾ ਹੈ/ ਜਾ ਰਹੇ ਨੇਂ ਬਸਤੀਆਂ ਨੂੰ ਫ਼ੁੱਟਪਾਥ/ ਜਾ ਰਹੀ ਹੈ ਝੀਲ ਕੋਈ ਦਫ਼ਤਰੋਂ/ ਨੌਕਰੀ ਤੋਂ ਲੈ ਜਵਾਬ/ ਪੀ ਰਹੀ ਏ ਝੀਲ ਕੋਈ ਜਲ਼ ਦੀ ਪਿਆਸ/ ਤੁਰ ਪਿਆ ਏ ਸ਼ਹਿਰ ਕੁੱਝ ਪਿੰਡਾਂ ਦੇ ਰਾਹ/ ਸੁੱਟ ਕੇ ਕੋਈ ਜਾ ਰਿਹਾ ਸਾਰੀ ਕਮਾਈ/ ਪੂੰਝਦਾ ਕੋਈ ਆ ਰਿਹਾ ਧੋਤੀ ਦੇ ਨਾਲ਼/ ਕਮਜ਼ੋਰ ਪਸ਼ੂਆਂ ਦੇ ਪਿੰਡੇ ਤੋਂ ਆਰਾਂ ਦਾ ਖ਼ੂਨ/ ਸ਼ਾਮ ਦਾ ਰੰਗ ਫ਼ਿਰ ਪੁਰਾਣਾ ਹੈ।"

ਜਦੋਂ ਲਾਲ ਸਿੰਘ ਦਿਲ ਨੇ ਇਹ ਕਵਿਤਾ ਲਿਖੀ ਸੀ, ਉਦੋਂ ਤੋਂ ਲੈ ਕੇ ਹੁਣ ਤੱਕ ਸਾਡੇ ਦੇਸ਼ ਦੀ ਆਮਦਨ ਵਿਚ ਸੈਂਕੜੇ ਗੁਣਾ ਵਾਧਾ ਹੋ ਗਿਆ ਹੋਵੇਗਾ। ਪਰ ਕੋਰੋਨਾ ਦੇ ਘਰਾਂ ਵਿਚ ਡੱਕੇ ਮਜ਼ਦੂਰਾਂ ਨੂੰ ਅਸੀਂ ਹਾਲੇ ਰੋਟੀ ਦੇਣ ਜੋਗੇ ਵੀ ਨਹੀਂ ਹੋਏ। ਸਾਡੇ ਰਾਕਟ ਦੂਜੇ ਗ੍ਰਹਿਆ ਦੀ ਸੈਰ ਕਰ ਰਹੇ ਹਨ, ਪਰ ਆਪਣੇ ਮਜ਼ਦੂਰਾਂ ਨੂੰ ਬੰਬਈ ਤੋਂ ਪਟਨੇ ਲਿਆਉਣ ਦੀ ਸਮਰੱਥਾ ਪੈਦਾ ਕਰਨੀ ਹਾਲੇ ਬਾਕੀ ਹੈ ਹੁਣ ਜਦੋਂ ਕੋਰੋਨਾ ਨੇ ਮਜ਼ਦੂਰਾਂ ਤੋਂ ਰਿਜ਼ਕ ਹੀ ਖੋਹ ਲਿਆ, ਤਾਂ ਏਥੇ ਰਹਿ ਕੇ ਵੀ ਕੀ ਕਰਨਗੇ। ਖਾਣ ਲਈ ਅਨਾਜ ਨਹੀਂ, ਰਹਿਣ ਲਈ ਕਿਰਾਇਆ ਨਹੀਂ, ਵਾਪਿਸ ਜਾਣ ਦਾ ਪ੍ਰਬੰਧ ਨਹੀਂ, ਰੋਣ ਦੀ ਇਜਾਜ਼ਤ ਨਹੀਂ। ਮੰਦੇ ਹਾਲੀਂ ਵਾਪਿਸ ਪਹੁੰਚੇ, ਤਾਂ ਦੇਖਿਆ ਕਿ ਕੋਰੋਨਾ ਦੇ ਭੈਅ ਅਤੇ ਮਨੀਆਰਡਰ ਦੇ ਸੁਖ ਨੇ ਮੋਹ ਮੁਹੱਬਤਾਂ ਦੇ ਅਰਥ ਹੀ ਬਦਲ ਦਿੱਤੇ ਸਨ। ਆਪਣਿਆਂ ਨੂੰ ਵੀ ਹੁਣ ਇਹ ਭਾਰ ਲੱਗਣ ਲੱਗ ਪਏ ਸਨ। ਕਈਆਂ ਨੇ ਤਾਂ ਇਨਾਂ ਲਈ ਆਪਣੇ ਬੂਹੇ ਬੰਦ ਕਰ ਲਏ। ਮੀਡੀਆ ਨੂੰ ਵੀ ਉਦੋਂ ਹੀ ਦਿਖਾਈ ਦਿੱਤੇ ਜਦੋਂ ਉਹ ਆਪਣੇ ਘਰਾਂ ਨੂੰ ਵਾਪਿਸ ਜਾਣ ਲਈ ਬੰਦ ਭਾਰਤ ਦੀਆਂ ਸੜਕਾਂ ਤੇ ਪੁਲਿਸ ਦੇ ਡੰਡੇ ਖਾ ਰਹੇ ਸਨ। ਸਰਕਾਰ ਨੂੰ ਸ਼ਾਇਦ ਇਸ ਲਈ ਦਿਖਾਈ ਨਹੀਂ ਦਿੱਤੇ ਕਿਉਂਕਿ ਇਹ ਕੋਰੋਨਾ ਦੀ ਵਕਤੀ ਸਮਸਿਆ ਨਹੀਂ, ਦਿਹਾੜੀਦਾਰ ਕਾਮਿਆਂ ਦਾ ਸਥਾਈ ਸੰਕਟ ਹੈ। ਕੋਰੋਨਾ ਕਾਰਨ ਇਹ ਸੰਕਟ ਦਿਖਾਈ ਜ਼ਰੂਰ ਦੇਣ ਲੱਗ ਪਿਆ ਹੈ। ਕੇਵਲ ਦਿਹਾੜੀਦਾਰ ਮਜ਼ਦੂਰਾਂ ਦੀਆਂ ਘੱਟ ਉਜਰਤਾਂ ਅਤੇ ਵਧ ਰਹੀ ਸਮਾਜਕ ਨਾਬਰਾਬਰੀ ਦਾ ਹੀ ਸੰਕਟ ਨਹੀਂ। ਸਮਾਜਕ ਸੁਰੱਖਿਆ ਅਤੇ ਸਨਮਾਨ ਦਾ ਵੀ ਮੁੱਦਾ ਹੈ। ਉਹ ਰੋਟੀ ਲਈ ਕਿਸੇ ਅੱਗੇ ਹੱਥ ਕਿਉਂ ਅੱਡਣ। ਕਿੰਨੀ ਬੇਸ਼ਰਮੀ ਨਾਲ ਆਖ ਦਿਤਾ ਜਾਂਦਾ ਹੈ ਕਿ ਉਹ ਕਿਸੇ ਸਰਕਾਰੀ/ ਵਿਉਪਾਰਕ ਅਦਾਰੇ ਦੇ ਪੱਕੇ ਮੁਲਾਜ਼ਮ ਨਹੀਂ ਹਨ, ਇਸ ਲਈ ਉਨਾਂ ਨੂੰ ਪੈਂਸ਼ਨ, ਗਰੈਚੁਇਟੀ, ਮੈਡੀਕਲ ਅਤੇ ਹਾਊਸ ਰੈਂਟ ਵਰਗੀਆਂ ਸਹੂਲਤਾਂ ਨਹੀਂ ਮਿਲਣਗੀਆਂ। ਉਹ ਤਾਂ ਹਰ ਰੋਜ਼ ਅੱਠ ਤੋਂ ਸੋਲਾਂ ਘੰਟੇ ਕੰਮ ਕਰਦੇ ਹਨ। ਫੇਰ ਉਹ ਕੱਚੇ ਕਿਵੇਂ ਹੋਏ; ਕੱਚੇ ਤਾਂ ਉਨਾਂ ਦੇ ਮਾਲਕ ਹੋਏ ਜੋ ਹਰ ਰੋਜ਼ ਬਦਲਦੇ ਹਨ। ਜਿਹੜੇ ਲੋਕ ਇਹ ਆਖਦੇ ਹਨ ਕਿ ਇਥੇ ਉਨਾਂ ਦਾ ਰਾਸਨ ਕਾਰਡ ਨਹੀਂ, ਉਨਾਂ ਨੂੰ ਪ੍ਰਧਾਨ ਮੰਤਰੀ ਮੋਦੀ ਦੇ ਡਿਜੀਟਲ ਇੰਡੀਆ ਵਿਚ ਕੋਈ ਚੰਗਾ ਬਹਾਨਾ ਢੂੰਡਣਾ ਚਾਹੀਦਾ ਸੀ। ਕੰਮ 'ਤੇ ਰਖਵਾਉਣ ਵਾਲੇ ਠੇਕੇਦਾਰਾਂ ਤੋਂ ਲੈ ਕੇ ਮੁਲਕ ਦੇ ਕਾਨੂੰਨ ਤੱਕ ਹਰ ਕੋਈ ਇਨਾਂ ਨਾਲ ਠੱਗੀ ਮਾਰ ਰਿਹਾ ਹੈ। ਜੇਕਰ ਕੋਈ ਅਦਾਰਾ/ ਘਰ ਕਿਸੇ ਮਜ਼ਦੂਰ ਨੂੰ ਇਕ ਦਿਨ ਲਈ ਵੀ ਦਿਹਾੜੀ ਤੇ ਰੱਖਦਾ ਹੈ, ਤਾਂ ਉਸ ਮਜ਼ਦੂਰ ਦੇ ਖਾਤੇ ਵਿਚ ਉਸ ਇਕ ਦਿਨ ਦੇ ਫੰਡ (ਗਰੈਚੁਇਟੀ, ਪਰਾਵੀਡੰਟ ਫੰਡ, ਮੈਡੀਕਲ ਅਤੇ ਹਾਊਸ ਰੈਂਟ, ਆਦਿ) ਜਮਾਂ ਹੋਣੇ ਚਾਹੀਦੇ ਹਨ। ਉਸੇ ਹਿਸਾਬ ਨਾਲ ਸਰਕਾਰ ਆਪਣਾ ਹਿੱਸਾ ਪਾਵੇ। ਕਾਨੂੰਨ ਵਿਚ ਇਸ ਛੋਟੀ ਜਿਹੀ ਤਬਦੀਲੀ ਨਾਲ ਹੀ ਇਨਾਂ ਦੀ ਸਮਾਜਕ ਸੁਰੱਖਿਆ ਅਤੇ ਮਾਨ-ਸਨਮਾਨ ਦਾ ਮਸਲਾ ਬਹੁਤ ਹੱਦ ਤੱਕ ਹੱਲ ਹੋ ਜਾਵੇਗਾ।

ਇਹ ਕਾਨੂੰਨੀ ਤਬਦੀਲੀ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਦਿਹਾੜੀਦਾਰਾ ਕੰਮ ਹੁਣ ਨਿਚਲੀ ਪੱਧਰ ਦੇ ਕਾਮਿਆਂ ਤੱਕ ਸੀਮਤ ਰਹਿਣ ਵਾਲਾ ਨਹੀਂ। ਨੌਕਰੀ ਵਿਭਿੰਨ ਕਾਰਜਾਂ ਵਿਚ ਵੰਡੀ ਜਾ ਰਹੀ ਹੈ। ਰੁਟੀਨ ਕਾਰਜ ਰੋਬੋ ਕਰਨਗੇ। ਬਾਕੀ ਬਚਦੇ ਕਾਰਜ, ਉਨਾਂ ਕਾਰਜਾਂ ਵਿਚ ਨਿਪੁੰਨ ਹੁਨਰਮੰਦ ਕਾਮਿਆਂ ਵਿਚ ਵੰਡ ਹੋ ਜਾਣਗੇ। ਇਹ ਵੀ ਜ਼ਰੂਰੀ ਨਹੀਂ ਕਿ ਇਕ ਸੰਸਥਾ ਲਈ ਕੰਮ ਕਰਨ ਵਾਲੇ ਸਾਰੇ ਹੁਨਰਮੰਦ ਕਾਮੇ ਇਕੋ ਥਾਂ ਬੈਠ ਕੇ ਕੰਮ ਕਰਨ। ਆਪਣੇ ਘਰਾਂ ਵਿਚ ਬੈਠ ਕੇ, ਦੂਰੋਂ ਕੰਮ ਕਰਨ ਵਾਲੇ ਆਜ਼ਾਦ ਅਤੇ ਖੁਦਮੁਖਤਾਰ ਰੀਮੋਟ ਵਰਕਰ ਵੀ ਹੋ ਸਕਦੇ ਹਨ। ਕਿਸੇ ਵੀ ਕਾਰਜ ਨੂੰ ਵਧੇਰੇ ਕੁਸ਼ਲਤਾ ਨਾਲ ਕਰਨ ਲਈ ਨਿਤ ਨਵੇਂ ਹੁਨਰਾਂ ਦੀ ਲੋੜ ਪੈਣ ਵਾਲੀ ਹੈ। ਇਸ ਲਈ ਲਰਨਿੰਗ ਅਤੇ ਟਰੇਨਿੰਗ ਕਿਰਤ ਦਾ ਅਨਿਖੜਵਾਂ ਅੰਗ ਬਣ ਜਾਣਗੇ। ਵਧੇਰੇ ਕੰਮ ਪਰਾਜੈਕਟਾਂ ਦੇ ਰੂਪ ਵਿਚ ਠੇਕੇ ਤੇ ਹੋਣ ਦੀ ਸੰਭਾਵਨਾ ਹੈ। ਹੁਨਰਮੰਦ ਕਾਮਾਂ ਆਪਣੇ ਆਪ ਵਿਚ ਸਟਾਰਟਅੱਪ ਕੰਪਨੀ ਵਿਚ ਰੂਪਾਂਤ੍ਰਿਤ ਹੁੰਦਾ ਜਾ ਰਿਹਾ ਹੈ।

ਪੰਜਾਬ ਵਿਚ ਝੋਨਾ ਲਗਾਉਣ ਦਾ ਮੌਸਮ ਸਿਰ 'ਤੇ ਸੀ, ਝੋਨਾ ਲਗਾਉਣ ਵਾਲੇ ਬਹੁਤੇ ਪਰਵਾਸੀ ਮਜ਼ਦੂਰ ਵਾਪਿਸ ਚਲੇ ਗਏ। ਹਿੰਮਤ ਵਾਲਿਆਂ ਨੇ ਝੋਨਾ ਲਾਉਣ ਵਾਲੀਆਂ ਮਸ਼ੀਨਾਂ ਖਰੀਦ ਲਈਆਂ ਹਨ ਜਾਂ ਬੱਸਾਂ ਰਾਹੀਂ ਵਾਪਿਸ ਮੰਗਵਾਏ ਗਏ।

ਬਾਕੀ ਸਫ਼ਾ 32 'ਤੇ

LETTER to the EDITOR

## ਪਾਠਕਾਂ ਦਾ ਨਜ਼ਰੀਆ

### ਆਖ਼ਰ ਕਿਉਂ ਹੁੰਦੀ ਏ ਹਿਜਰਤ ?

ਅਮਰੀਕਾ ਵਿਚ ਪਿਛਲੇ ਦਿਨੀਂ ਵਾਪਰੇ ਵਰਤਾਰਿਆਂ ਨੂੰ ਦੇਖ ਕੇ ਇਹ ਸਪੱਸ਼ਟ ਪਤਾ ਲੱਗਦਾ ਹੈ ਕਿ ਕਿਸੇ ਵੀ ਦੇਸ਼ ਵਿਚ ਘੱਟ ਗਿਣਤੀਆਂ ਪ੍ਰਤੀ ਬਹੁ-ਗਿਣਤੀਆਂ ਦਾ ਨਜ਼ਰੀਆ ਕੀ ਹੈ ? ਪਿਛਲੇ ਦਿਨੀਂ ਇਕ ਬਜ਼ੁਰਗ ਸਿੱਖ ਵੀ ਅਜਿਹੇ ਨਸਲੀ ਵਿਤਕਰੇ ਦਾ ਸ਼ਿਕਾਰ ਹੋ ਚੁੱਕਾ ਹੈ। ਵਿਸ਼ਵ ਵਿਚ ਅਜਿਹੇ ਵਰਤਾਰੇ ਵੱਖ-ਵੱਖ ਦੇਸ਼ਾਂ ਵਿਚ ਵਾਪਰਦੇ ਰਹਿੰਦੇ ਹਨ ਪਰ ਕੀ ਇਕ ਸ਼ਰਨਾਰਥੀ ਦੀ ਆਪਣੀ ਕੋਈ ਹੋਂਦ ਨਹੀਂ ਹੁੰਦੀ ? ਇਸ ਬਾਰੇ ਵੀ ਸੋਚਣ ਦੀ ਜ਼ਰੂਰਤ ਹੈ। ਸੰਯੁਕਤ ਰਾਸ਼ਟਰ ਅਨੁਸਾਰ ਸ਼ਰਨਾਰਥੀ ਉਹ ਹੁੰਦਾ ਹੈ ਜੋ ਆਪਣੀ ਕੌਮੀਅਤ ਕਿਸੇ ਵਿਸ਼ੇਸ਼ ਸਮਾਜਿਕ ਜਾਂ ਰਾਜਨੀਤਕ ਹਾਲਾਤ ਵਿਚ ਛੱਡ ਕੇ ਕਿਸੇ ਹੋਰ ਦੇਸ਼ ਵਿਚ ਜਾ ਕੇ ਸ਼ਰਨ ਲੈ ਲਵੇ। ਵਿਸ਼ਵ ਵਿਚ ਅਕਸਰ ਬਹੁਤ ਸਾਰੇ ਲੋਕ ਕੁਦਰਤੀ ਆਫ਼ਤਾਂ ਜਾਂ ਹੋਰ ਹਾਲਾਤ ਵਿਚ ਆਪਣੇ ਮੂਲ ਦੇਸ਼ ਨੂੰ ਛੱਡ ਕੇ ਦੂਜੇ ਦੇਸ਼ਾਂ ਵਿਚ ਚਲੇ ਜਾਂਦੇ ਹਨ ਅਤੇ ਹਮੇਸ਼ਾ ਲਈ ਉੱਥੋਂ ਦੇ ਬਣ ਕੇ ਰਹਿ ਜਾਂਦੇ ਹਨ। ਵਿਸ਼ਵ ਵਿਚ ਕੁਝ ਅਜਿਹੇ ਸ਼ਰਨਾਰਥੀ ਵੀ ਹਨ ਜੋ ਆਪਣੀ ਮਰਜ਼ੀ ਨਾਲ ਆਪਣਾ ਦੇਸ਼ ਛੱਡ ਕੇ ਦੂਜੇ ਦੇਸ਼ ਵਿਚ ਚਲੇ ਜਾਂਦੇ ਹਨ ਪਰ ਇਤਿਹਾਸ ਗਵਾਹ ਹੈ ਕਿ ਭਾਰਤ ਵਿਚ 1947 ਵਿਚ ਜੋ ਵਰਤਾਰਾ ਵਾਪਰਿਆ ਉਸ ਵਿਚ ਕਿਸੇ ਵੀ ਵਿਅਕਤੀ ਦੀ ਇਹ ਰਾਇ ਨਹੀਂ ਸੀ ਕਿ ਉਹ ਆਪਣਾ ਘਰ-ਬਾਰ ਛੱਡ ਕੇ ਕਿਸੇ ਦੂਜੇ ਹਿੱਸੇ ਦੀ ਹਦੂਦ ਅੰਦਰ ਜਾ ਕੇ ਰਹੇ। ਇਸ ਤਰਾਂ ਦੇ ਸ਼ਰਨਾਰਥੀਆਂ ਨੂੰ ਧੱਕੇ ਨਾਲ ਉਜਾੜਿਆ ਜਾਂਦਾ ਹੈ। ਇਸ ਪਿੱਛੇ ਬਹੁਤ ਸਾਰੇ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਕਾਰਨ ਹੋ ਸਕਦੇ ਹਨ ਜੋ ਆਪਣੇ-ਆਪ ਵਿਚ ਸਵਾਲ ਖੜੇ ਕਰਦੇ ਹਨ। ਸੰਨ 1951 ਵਿਚ ਸੰਯੁਕਤ ਰਾਸ਼ਟਰ ਆਮ ਸਭਾ ਵੱਲੋਂ ਇਕ ਕਨਵੈਨਸ਼ਨ ਦਾ ਪ੍ਰਬੰਧ ਕੀਤਾ ਗਿਆ ਜਿਸ ਵਿਚ ਸ਼ਰਨਾਰਥੀਆਂ ਬਾਰੇ ਖੁੱਲ ਕੇ ਚਰਚਾ ਕੀਤੀ ਗਈ। ਸੰਸਥਾ ਨੇ ਵਿਸ਼ਵ ਪੱਧਰ 'ਤੇ ਇਸ ਗੱਲ ਨੂੰ ਮੰਨਿਆ ਕਿ ਸ਼ਰਨਾਰਥੀ ਬਹੁਤ ਸਾਰੀਆਂ ਮੁਸੀਬਤਾਂ ਝੱਲ ਰਹੇ ਹਨ।

ਕਿਸੇ ਵੀ ਦੇਸ਼ ਵਿਚ ਸ਼ਰਨਾਰਥੀਆਂ ਨਾਲ ਆਮ ਨਾਗਰਿਕ ਵਾਲਾ ਵਿਵਹਾਰ ਨਹੀਂ ਕੀਤਾ ਜਾਂਦਾ। ਉਨਾਂ ਨੂੰ ਘੱਟ ਤਨਖ਼ਾਹ ਦਿੱਤੀ ਜਾਂਦੀ ਹੈ ਤੇ ਇਹ ਲੋਕ ਸਮੇਂ-ਸਮੇਂ ਨਸਲੀ ਵਿਤਕਰਿਆਂ ਦਾ ਵੀ ਸ਼ਿਕਾਰ ਹੁੰਦੇ ਹਨ। ਇਸ ਕਨਵੈਨਸ਼ਨ ਵਿਚ ਬਹੁਤ ਸਾਰੇ ਨਵੇਂ ਅਧਿਕਾਰਾਂ ਦੀ ਗੱਲ ਕੀਤੀ ਗਈ ਜਿਸ ਵਿਚ ਸ਼ਰਨਾਰਥੀਆਂ ਨੂੰ ਕੰਮ ਕਰਨ, ਰਿਹਾਇਸ਼, ਸਿੱਖਿਆ, ਜਨਤਕ ਸਹਾਇਤਾ, ਧਾਰਮਿਕ ਆਜ਼ਾਦੀ, ਅਦਾਲਤਾਂ ਵਿਚ ਆਪਣੀ ਗੱਲ ਰੱਖਣ, ਅੰਦੋਲਨ ਕਰਨ ਅਤੇ ਆਪਣੀ ਪਛਾਣ ਲਾਗੂ ਕਰਨ ਦਾ ਅਧਿਕਾਰ ਹੈ। ਸ਼ਰਨਾਰਥੀਆਂ ਪ੍ਰਤੀ ਇਸ ਤਰਾਂ ਦੀ ਪਹਿਲਕਦਮੀ ਸੰਯੁਕਤ ਰਾਸ਼ਟਰ ਵੱਲੋਂ ਕਰਨੀ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਸੀ ਪਰ ਮੌਜੂਦਾ ਸਮੇਂ ਇਕ ਵੱਖਰੀ ਕਿਸਮ ਦੀ ਹਿਜਰਤ ਪੈਦਾ ਹੋ ਰਹੀ ਹੈ ਜੋ ਕਿ ਸਿਰਫ਼ ਮੁਸੀਬਤ ਵੇਲੇ ਬਣੇ ਸ਼ਰਨਾਰਥੀਆਂ ਤਕ ਸੀਮਤ ਨਹੀਂ ਹੈ। ਪਰਵਾਸ ਨੂੰ ਵੀ ਹਿਜਰਤ ਦਾ ਸਮਾਨ-ਅਰਥ ਵਾਲਾ ਲਫ਼ਜ਼ ਮੰਨਿਆ ਜਾਣ ਲੱਗਾ ਹੈ। ਵਿਸ਼ਵ ਵਿਚ ਸ਼ਰਨਾਰਥੀਆਂ ਦੀ ਵੱਧ ਰਹੀ ਗਿਣਤੀ ਆਉਣ ਵਾਲੇ ਸਮੇਂ ਲਈ ਚਿੰਤਾ ਪੈਦਾ ਕਰ ਰਹੀ ਹੈ ਕਿਉਂਕਿ ਬਹੁਤ ਸਾਰੇ ਦੇਸ਼ਾਂ ਵਿਚ ਲੋਕ ਹਿਜਰਤ ਕਰ ਰਹੇ ਹਨ। ਪਿਛਲੇ ਕੁਝ ਸਮੇਂ ਤੋਂ ਪੰਜਾਬ ਤੋਂ ਨੌਜਵਾਨ ਵਰਗ ਬਹੁਤ ਵੱਡੇ ਪੱਧਰ 'ਤੇ ਪਰਵਾਸ ਕਰ ਰਿਹਾ ਹੈ। ਉਹ ਨੌਜਵਾਨ ਇਕੱਲੇ ਨਹੀਂ ਜਾਂਦੇ ਸਗੋਂ ਲੱਖਾਂ ਰੁਪਏ ਨਾਲ ਲੈ ਕੇ ਜਾਂਦੇ ਹਨ ਜਿਸ ਦਾ ਸਿੱਧਾ ਪ੍ਰਭਾਵ ਸੂਬੇ ਜਾਂ ਦੇਸ਼ ਦੇ ਅਰਥਚਾਰੇ 'ਤੇ ਪੈਂਦਾ ਹੈ। ਇਸ ਸਾਰੇ ਪ੍ਰਸੰਗ ਵਿਚ ਇਹ ਗੱਲ ਸਮਝਣੀ ਬੜੀ ਔਖੀ ਹੈ ਕਿ ਉੱਤਰ-ਆਧੁਨਿਕਤਾ ਇਕ ਪਾਸੇ ਆਧੁਨਿਕ ਦੇ ਬਦਲ ਵਿਚ ਖੜੀ ਹੈ ਅਤੇ ਦੂਜੇ ਪਾਸੇ ਉਹ ਪਰਵਾਸੀ ਸਮੱਸਿਆਵਾਂ ਨੂੰ ਹਾਸ਼ੀਏ ਵਿਚ ਰੱਖ ਕੇ ਸੋਚਣ ਲਈ ਮਜਬੂਰ ਕਰਦੀ ਹੈ।

ਪਿਛਲੇ ਕੁਝ ਸਮੇਂ ਦੌਰਾਨ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਵਿਚ ਵਾਪਰੇ ਵਰਤਾਰੇ ਜਿਨਾਂ ਵਿਚੋਂ ਨਸਲੀ ਵਿਤਕਰੇ ਦੂਜੇ ਦੇਸ਼ਾਂ ਪ੍ਰਤੀ ਯੁੱਧ ਨੀਤੀ ਤੇ ਆਰਥਿਕ ਸਥਿਤੀ ਨੇ ਸ਼ਰਨਾਰਥੀਆਂ ਦੀ ਗਿਣਤੀ ਵਧਾ ਦਿੱਤੀ ਹੈ। ਸੋ ਲੋੜ ਹੈ ਸੰਯੁਕਤ ਰਾਸ਼ਟਰ ਆਮ ਸਭਾ ਦੇ ਯਤਨਾਂ ਨੂੰ ਸਮਝਦੇ ਹੋਏ ਇਕ ਮੰਚ 'ਤੇ ਇਕੱਠੇ ਹੋਣ ਦੀ ਤਾਂ ਜੋ ਵੱਖ-ਵੱਖ ਦੇਸ਼ਾਂ ਵਿਚ ਆ ਰਹੀਆਂ ਸਮੱਸਿਆਵਾਂ ਨੂੰ ਮੁੱਖ ਰੱਖਦੇ ਹੋਏ ਉਨਾਂ ਦਾ ਹੱਲ ਕੀਤਾ ਜਾ ਸਕੇ ਅਤੇ ਪੂਰੇ ਵਿਸ਼ਵ ਵਿਚ ਇਕ ਸੁਖਾਵਾਂ ਮਾਹੌਲ ਪੈਦਾ ਕੀਤਾ ਜਾ ਸਕੇ। ਇਸ ਦਾ ਨਤੀਜਾ ਇਹ ਹੋਵੇਗਾ ਕਿ ਬਹੁਤ ਸਾਰੀ ਹਿਜਰਤ ਆਪਣੇ-ਆਪ ਰੁਕ ਜਾਵੇਗੀ ਅਤੇ ਵਿਸ਼ਵ ਇਕ ਪਿੰਡ ਦੀ ਤਰਾਂ ਕੰਮ ਕਰੇਗਾ।

ਡਾ. ਸਰਬਜੀਤ ਸਿੰਘ

**(ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ, ਖ਼ਾਲਸਾ ਕਾਲਜ, ਪਟਿਆਲਾ)।**

### ਆਧੁਨਿਕ ਯੁੱਗ ਦਾ ਦਰਦ

ਇੱਕ ਦਿਨ ਮੈਂ ਅਤੇ ਮੇਰੀ ਸਿੰਘਣੀ, ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰਕੇ ਵਾਪਸ ਆ ਰਹੇ ਸੀ, ਗੱਡੀ ਦੇ ਜਰਨਲ ਡੱਬਿਆਂ ਵਿੱਚ ਭੀੜ ਜ਼ਿਆਦਾ ਹੋਣ ਕਾਰਨ ਅਸੀਂ ਕਾਹਲੀ ਨਾਲ ਬੁਕਿੰਗ ਵਾਲੇ ਡੱਬੇ ਵਿੱਚ ਚੜ ਗਏ, ਡੱਬੇ ਦੇ ਬਾਰ ਨੇੜਲੀ ਸੀਟ ਉੱਤੇ ਇੱਕ ਬਜ਼ੁਰਗ ਤੇ ਇਕ ਲੜਕੀ ਬੈਠੀ ਸੀ, ਉਹਨਾਂ ਨੇ ਸਾਨੂੰ ਕੋਲ ਬੈਠਣ ਲਈ ਥਾਂ ਦੇ ਦਿੱਤੀ, ਅਸੀਂ ਉਹਨਾਂ ਦਾ ਧੰਨਵਾਦ ਕਰਦਿਆਂ, ਬੈਠਦਿਆਂ ਹੀ ਗੱਲਾਂਬਾਤਾਂ ਕਰਨ ਲੱਗ ਪਏ, ਤਾਂ ਪਤਾ ਲੱਗਿਆ ਕਿ ਉਹ ਪਿਓ ਧੀ ਸਨ। ਉਸ ਲੜਕੀ ਨੇ ਦੱਸਿਆ ਕਿ ਮੇਰੇ ਦੋ ਭਰਾ ਹਨ, ਦੋਹੇਂ ਵਿਆਹੇ ਹੋਏ ਹਨ, ਦੋਹੇਂ ਨੂੰਹਾਂ ਇਸ ਦੀ ਸੰਭਾਲ ਨਹੀਂ ਕਰ ਰਹੀਆਂ ਸਨ, ਇਸ ਲਈ ਮੈਂ ਆਪਣੇ ਪਿਓ ਨੂੰ ਸੰਭਾਲਣ ਲਈ ਆਪਣੇ ਸਹੁਰੇ ਘਰ ਲੈ ਕੇ ਜਾ ਰਹੀ ਹਾਂ। ਉਸ ਦੀਆਂ ਅਜਿਹੀਆਂ ਗੱਲਾਂ ਸੁਣ ਕੇ ਉਸ ਲੜਕੀ ਪ੍ਰਤੀ ਮਨ ਵਿੱਚ ਕਾਫੀ ਸਤਿਕਾਰ ਵੱਧ ਗਿਆ। ਮੈਂ ਉਸ ਦੀ ਅਜਿਹੀ ਸੇਵਾ ਭਾਵਨਾ ਵਾਲੀ ਸੋਚ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਭੈਣ ਜੀ ਤਾਂ ਹੀ ਤਾਂ ਕਹਿੰਦੇ ਹਨ ਕਿ ਪੁੱਤ ਵੰਡਾਉਣ ਜਮੀਨਾਂ, ਧੀਆਂ ਦਰਦ ਵੰਡਾਉਂਦੀਆਂ ਨੇ, ਅਸੀਂ ਉਸ ਭੈਣ ਨਾਲ ਹੋਏ ਸਾਥ ਅਤੇ ਉਸ ਦੀ ਸੇਵਾ ਸਤਿਕਾਰ ਵਾਲੀ ਸੋਚ ਤੋਂ ਖ਼ੁਸ਼ ਸੀ। ਪਰ ਉਹ ਬਜ਼ੁਰਗ ਸਾਡੀਆਂ ਗੱਲਾਂ ਤਾਂ ਸੁਣਦਾ ਰਿਹਾ, ਦੋ ਘੰਟਿਆਂ ਦੇ ਸਫ਼ਰ ਦੌਰਾਨ ਬੋਲਿਆ ਕੁੱਝ ਵੀ ਨਹੀਂ ਸੀ, ਉਹਨਾਂ ਦਾ ਸਟੇਸ਼ਨ ਨੇੜੇ ਆਉਣ ਵਾਲਾ ਸੀ ਉਹ ਭੈਣ ਉਠ ਕੇ ਬਾਥਰੂਮ ਵਿੱਚ ਚਲੀ ਗਈ, ਉਸ ਦੇ ਚਲੇ ਜਾਣ ਤੇ ਬਜ਼ੁਰਗ ਬੋਲਿਆ ਕਹਿੰਦਾ ਭਾਈ ਨਾ ਤਾਂ ਸਾਰੇ ਪੁੱਤ ਜਾਂ ਜਵਾਈ ਮਾੜੇ ਹੁੰਦੇ ਹਨ ਨਾ ਸਾਰੀਆਂ ਧੀਆਂ ਜਾਂ ਨੂੰਹਾਂ ਮਾੜੀਆਂ ਹੁੰਦੀਆਂ ਨੇ। ਅਸਲ ਵਿੱਚ ਇਹ ਦਰਦ ਵੰਡਾਉਣ ਵਾਲੀਆਂ ਧੀਆਂ ਹੀ ਦਰਦ ਦਿੰਦੀਆਂ ਹਨ। ਇਹ ਧੀਆਂ ਆਪਣੇ ਮਾਂ ਪਿਓ ਨੂੰ ਤਾਂ ਦਿਲੋਂ ਪਿਆਰ ਕਰਦੀਆਂ ਹਨ ਤੇ ਸੱਸ ਸਹੁਰੇ ਨੂੰ ਤਾਂ ਆਪਣੇ ਰਾਹ ਦਾ ਰੋੜਾ ਸਮਝ ਕੇ ਇੰਨੀ ਨਫਰਤ ਕਰਦੀਆਂ ਹਨ ਕਿ ਉਹਨਾਂ ਨੂੰ ਵੇਖਣਾ ਵੀ ਪਸੰਦ ਨਹੀਂ ਕਰਦੀਆਂ। ਪੁੱਤਾਂ ਵਿੱਚ ਜੁਅਰਤ ਨਹੀਂ ਰਹੀ ਕਿ ਉਹ ਆਪਣੇ ਮਾਂ-ਪਿਓ ਦੀ ਸੰਭਾਲ ਲਈ ਆਪਣੀਆਂ ਘਰਵਾਲੀਆਂ ਨੂੰ ਕਹਿ ਸਕਣ ਤੇ ਇਹ ਕਹਿਣ ਕਿ ਮੇਰੇ ਮਾਂ ਪਿਓ ਵੀ ਤੇਰੇ ਮਾਂ ਪਿਓ ਜਿੰਨੇ ਸਤਿਕਾਰ ਯੋਗ ਹਨ। ਖਬਰਦਾਰ ਜੇ ਮੇਰੇ ਮਾਂ ਪਿਓ ਦੀ ਸ਼ਾਨ ਦੇ ਖਿਲਾਫ ਇਕ ਵੀ ਸ਼ਬਦ ਬੋਲਿਆ, ਜਿਹੜੀਆਂ ਆਹ ਧੀਆਂ ਆਪਣੇ ਮਾਂ-ਪਿਓ ਨੂੰ ਸੰਭਾਲਣ ਦੀਆਂ ਗੱਲਾਂ ਕਰਦੀਆਂ ਹਨ, ਉਹ ਸਹੁਰੇ ਘਰ ਜਾ ਕੇ ਸੱਸ ਸਹੁਰੇ ਨੂੰ ਮਾਂ ਪਿਓ ਸਮਝ ਕੇ ਕਿਉਂ ਨਹੀਂ ਸੰਭਾਲਦੀਆਂ, ਨੂੰਹਾਂ ਵੀ ਤਾਂ ਧੀਆਂ ਹੀ ਹੁੰਦੀਆਂ ਨੇ, ਠੀਕ ਹੈ ਕਿ ਮੇਰੀਆਂ ਨੂੰਹਾਂ ਮੈਨੂੰ ਨਹੀਂ ਸੰਭਾਲਦੀਆਂ ਸਨ, ਪਰ ਆਹ ਜੋ ਮੇਰੀ ਧੀ ਮੈਨੂੰ ਸੰਭਾਲਣ ਲਈ ਲੈ ਕੇ ਜਾ ਰਹੀ ਹੈ, ਇਸ ਦੇ ਦੁੱਖੀ ਕੀਤੇ ਇਸ ਦੇ ਸੱਸ ਸਹੁਰਾ (ਮੇਰੇ ਕੁੜਮ ਤੇ ਕੁੜਮਣੀ) ਵੀ ਆਪਣੀ ਧੀ ਕੋਲ ਬੈਠੇ ਹਨ, ਬੱਸ ਭਾਈ ਚੁੱਪ ਹੀ ਭਲੀ ਹੈ, ਜਿਸ ਪਿੰਡ ਵਿੱਚ ਮੈਂ ਸਾਰੀ ਉਮਰ ਬਿਤਾਈ ਹੈ ਉਸ ਪਿੰਡ ਨੂੰ ਛੱਡ ਕੇ ਬਿਗਾਨੇ ਪਿੰਡ ਧੀ ਦੇ ਘਰ ਇਹ ਆਖਰੀ ਬਚਿਆ ਸਮਾਂ ਲੰਘਾਉਣਾ ਮੈਨੂੰ ਤਾਂ ਨਰਕ ਤੋਂ ਵੀ ਮਾੜਾ ਲੱਗਦਾ ਹੈ, ਉੱਥੇ ਜਾ ਕੇ ਕੀ ਹੁਣ ਮੇਰੀ ਇੱਜਤ ਵਧੇਗੀ ? ਰੱਬ ਜੇ ਰੋਟੀ ਦੇਵੇ ਤਾਂ ਆਪਣੇ ਘਰ ਵਿੱਚ ਹੀ ਦੇਵੇ ਨਹੀ ਤਾਂ ਮੌਤ ਦੇ ਦੇ, ਇੰਨਾ ਕਹਿ ਕੇ ਬਜ਼ੁਰਗ ਚੁੱਪ ਹੋ ਗਿਆ। ਬਜ਼ੁਰਗ ਦੀਆਂ ਗੱਲਾਂ ਸੁਣ ਕੇ ਅਸੀਂ ਵੀ ਹੈਰਾਨ ਹੁੰਦਿਆਂ ਚੁੱਪ ਹੋ ਗਏ, ਦੋ ਘੰਟਿਆਂ ਦੀਆਂ ਕਥਾ ਕੀਰਤਨ ਵਰਗੀਆਂ ਲੱਗਦੀਆਂ ਗੱਲਾਂ ਦੀ ਬਜ਼ੁਰਗ ਨੇ ਦੋ ਮਿੰਟਾਂ ਵਿੱਚ ਅਸਲੀਅਤ ਸਾਹਮਣੇ ਲਿਆ ਕੇ ਧਰ ਦਿੱਤੀ ਸੀ, ਇੰਨੇ ਨੂੰ ਉਸ ਦੀ ਧੀ ਵੀ ਆ ਗਈ, ਪਰ ਹੁਣ ਉਸ ਨੂੰ ਵੇਖ ਕੇ ਅਸੀਂ ਚੁੱਪ ਸੀ, ਉਸ ਦੇ ਬਾਥਰੂਮ ਜਾਣ ਤੋਂ ਪਹਿਲਾਂ ਵਾਲਾ ਸਤਿਕਾਰ ਉੱਡ ਚੁੱਕਿਆ ਸੀ, ਸਰਵਣ ਪੁੱਤ ਵਰਗੀ ਲੱਗਦੀ ਧੀ ਵਿੱਚੋਂ ਹੁਣ ਬਜ਼ੁਰਗ ਵੱਲੋਂ ਵਿਖਾਈ ਨੂੰਹ ਦਿਸ ਰਹੀ ਸੀ।

**ਗੁਲਜਾਰ ਸਿੰਘ ਨਿਰਮਾਣ ਐਡਮਿੰਟਨ**

### ਕੁਦਰਤ ਅਤੇ ਕਰੋਨਾ

ਗੁਰੂ ਗ੍ਰੰਥ ਸਾਹਿਬ ਵਿਚ ਅਜਾਈ ਨਹੀਂ ਕਿਹਾ ਗਿਆ: ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।। ਇਹ ਗੁਰੂ ਦਾ ਹੁਕਮ ਹੈ, ਪਰ ਲੋਕਾਂ ਦੀ ਜੀਵਨ ਸ਼ੈਲੀ ਇਸ ਦੇ ਬਿਲਕੁਲ ਵਿਪਰੀਤ ਹੈ। ਧਰਤੀ ਹੇਠਲਾ ਪਾਣੀ ਬੁਰੀ ਤਰਾਂ ਪ੍ਰਦੂਸ਼ਿਤ ਹੈ। ਉਹੀ ਹਾਲ ਹਵਾ ਦਾ ਹੈ। ਲੌਕਡਾਊਨ ਕਾਰਨ ਜਲੰਧਰ ਤੋਂ ਧੌਲਾਧਾਰ ਦੀਆਂ ਬਰਫ਼ੀਲੀਆਂ ਚੋਟੀਆਂ ਦਿਸਣ ਲੱਗ ਪਈਆਂ ਜੋ ਕਰੀਬ 200 ਕਿਲੋਮੀਟਰ ਦੂਰ ਹਨ। ਧਰਤੀ ਮਾਤਾ ਦਾ ਹਾਲ ਇਹ ਹੈ ਕਿ ਟੋਇਆਂ ਵਿਚ ਭਰਤ ਪੈ ਗਈ ਹੈ, ਜੰਗਲਾਤ ਨਾਂ-ਬਰਾਬਰ ਹੈ ਅਤੇ ਬਾਕੀ ਥਾਂ 'ਤੇ ਖੇਤ ਅਤੇ ਮਕਾਨ ਹਨ। ਇਹ ਕੁਦਰਤ ਨਾਲ ਛੇੜਛਾੜ ਦਾ ਨਤੀਜਾ ਹੈ ਕਿ ਨਵੇਂ-ਨਵੇਂ ਵਾਇਰਸ ਉਪਜ ਰਹੇ ਹਨ। ਪਿਛਲੇ ਕੁਝ ਹੀ ਦਹਾਕਿਆਂ ਵਿਚ ਕਿੰਨੇ ਹੀ ਵਾਇਰਸ ਆਏ ਅਤੇ ਹਰ ਇਕ ਦੂਜੇ ਨਾਲੋਂ ਵਧ ਕੇ ਖ਼ਤਰਨਾਕ ਸਾਬਤ ਹੋਇਆ ਹੈ। ਕਰੋਨਾ ਵਾਇਰਸ ਨੇ ਤਾਂ ਸਾਰੀਆਂ ਹੱਦਾਂ ਪਾਰ ਕਰ ਛੱਡੀਆਂ ਨੇ। ਦੁਨੀਆਂ ਦੇ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋ ਰਿਹਾ ਹੈ ਕਿ ਮੁਲਕ-ਦਰ-ਮੁਲਕ ਇਸ ਦੀ ਮਾਰ ਹੇਠ ਆਏ ਅਤੇ 200 ਤੋਂ ਜ਼ਿਆਦਾ ਮੁਲਕਾਂ ਨੇ ਪਿਛਲੇ ਦੋ ਮਹੀਨੇ ਤੋਂ ਪੂਰਨ ਲੌਕਡਾਊਨ ਦਾ ਸੰਤਾਪ ਝੱਲਿਆ। ਕੁੱਲ ਦੁਨੀਆਂ ਖੜੋਤ ਵਿਚ ਹੈ। ਸਵਾ ਪੰਜ ਲੱਖ ਤੋਂ ਉੱਪਰ ਲੋਕ ਫੌਤ ਹੋ ਗਏ ਹਨ ਅਤੇ ਮਹਾਂਮਾਰੀ ਦੀ ਮਾਰ ਅਜੇ ਜਾਰੀ ਹੈ, ਥੰਮੀ ਨਹੀਂ। ਦੁਨੀਆਂ ਦਾ ਨੰਬਰ ਇਕ ਦੇਸ਼ ਕਹਾਉਂਦਾ ਅਮਰੀਕਾ ਜਿੱਥੇ ਪਹੁੰਚਣ ਲਈ ਲੋਕ ਮੌਤ ਨੂੰ ਮਾਸੀ ਕਹਿ ਲੈਂਦੇ ਹਨ, ਉੱਥੇ ਸਾਰੇ ਮੁਲਕਾਂ ਨਾਲੋਂ ਵੱਧ ਮੌਤਾਂ ਹੋਈਆਂ। ਅਜਿਹੀ ਆਰਥਿਕਤਾ, ਅਜਿਹੇ ਵਿਕਾਸ, ਅਜਿਹੀ ਸਭਿਅਤਾ ਦਾ ਕੀ ਫ਼ਾਇਦਾ ?

ਇਹ ਵੀ ਸ਼ਾਇਦ ਪਹਿਲੀ ਵਾਰ ਹੋ ਰਿਹਾ ਹੈ ਕਿ ਵਾਇਰਸ ਦੋ ਮਹਾਂਸ਼ਕਤੀਆਂ ਦਰਮਿਆਨ ਸਿਆਸਤ ਅਤੇ ਸਿਰਦਰਦੀ ਦਾ ਮੁੱਦਾ ਬਣਿਆ ਹੋਇਆ ਹੈ। ਦੋਵਾਂ ਨੇ ਇਸ ਦੀ ਪੈਦਾਇਸ਼ ਨੂੰ ਲੈ ਕੇ ਇਕ ਦੂਜੇ 'ਤੇ ਤੋਹਮਤਾਂ ਲਾਈਆਂ ਹਨ। ਇਹ ਗੱਲ ਤਾਂ ਪੱਕੀ ਹੈ ਕਿ ਘੱਟੋ-ਘੱਟ ਹਾਲ ਦੀ ਘੜੀ ਦੁਨੀਆਂ ਸਾਹਮਣੇ ਸ਼ਾਇਦ ਸਚਾਈ ਨਾ ਆਵੇ, ਪਰ ਕਰੋਨਾ ਨੇ ਅਜੋਕੇ ਵਰਤਾਰੇ ਬਾਰੇ ਕਈ ਸੱਚ ਜੱਗ ਜ਼ਾਹਰ ਕਰ ਦਿੱਤੇ ਹਨ। ਇਉਂ ਜਾਪਦਾ ਹੈ ਜਿਵੇਂ ਕਰੋਨਾ ਆਪ ਸਿਆਸਤ ਖੇਡ ਰਿਹਾ ਹੋਵੇ। ਕਰੋਨਾ ਵਾਇਰਸ ਨੇ ਵੱਡੇ-ਵੱਡਿਆਂ ਦੇ ਤਾਜ ਲੁਹਾ ਦਿੱਤੇ। ਕਹਿੰਦੇ-ਕਹਾਉਂਦੇ ਸੂਰਮਿਆਂ ਦੇ ਗੋਡੇ ਲਵਾ ਦਿੱਤੇ। ਇਸ ਨੇ ਇੰਗਲੈਂਡ ਦੇ ਰਾਜਕੁਮਾਰ ਚਾਰਲਸ ਤੋਂ ਲੈ ਕੇ ਉੱਥੋਂ ਦੇ ਪ੍ਰਧਾਨ ਮੰਤਰੀ, ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਪਤਨੀ ਅਤੇ ਹੋਰ ਅਨੇਕਾਂ ਨੂੰ ਆਪਣੀ ਚਪੇਟ ਵਿਚ ਲੈ ਆਂਦਾ ਹੈ। ਅਮਰੀਕਾ ਅਤੇ ਰੂਸ ਦੇ ਰਾਸ਼ਟਰਪਤੀ ਵੀ ਵਾਲ-ਵਾਲ ਬਚੇ ਹਨ। ਕਰੋਨਾ ਵੱਲੋਂ ਵਿਸ਼ਵੀਕਰਨ ਦਾ ਵਿਰੋਧ ਤਾਂ ਲਾਮਿਸਾਲ ਹੈ। ਪਿਛਲੀ ਅੱਧੀ ਸਦੀ ਤੋਂ ਜ਼ੋਰ ਫੜ ਰਹੀ ਇਹ ਪ੍ਰਕਿਰਿਆ, ਜਿਸ ਦੀ ਮੁਖ਼ਾਲਫ਼ਤ ਕਰਨਾ ਪੱਛੜੇਪਣ ਅਤੇ ਸੌੜੀ ਸੋਚ ਦਾ ਠੱਪਾ ਲਵਾਉਣਾ ਹੈ, ਨੂੰ ਅਜਿਹੀ ਠੱਲ ਪਾਈ ਕਿ ਸਾਰੀ ਦੁਨੀਆਂ ਥਾਂ-ਪੁਰ-ਥਾਂ ਖੜੀ ਰਹਿ ਗਈ। ਵਿਸ਼ਵੀਕਰਨ ਦੀ ਰੀੜ ਦੀ ਹੱਡੀ ਬਣੀਆਂ ਹਵਾਈ ਜਹਾਜ਼ਾਂ ਦੀਆਂ ਕੰਪਨੀਆਂ ਤਾਂ ਮਰਨ ਕਿਨਾਰੇ ਹੋ ਗਈਆਂ ਹਨ। ਇੰਜ ਜਾਪਦਾ ਹੈ ਜਿਵੇਂ ਕਰੋਨਾ ਸਮਝ ਗਿਆ ਹੈ ਕਿ ਇਹ ਵਿਸ਼ਵੀਕਰਨ ਗ਼ਰੀਬ ਦੇ ਹੱਕ ਵਿਚ ਨਹੀਂ ਸਗੋਂ ਸਰਮਾਏਦਾਰੀ ਦੇ ਵਿਸਤਾਰ ਵਿਚ ਭੁਗਤ ਰਿਹਾ ਹੈ। ਕਰੋਨਾ ਨੇ ਇਕੋ ਝਟਕੇ ਵਿਚ ਵੱਡ-ਆਕਾਰੀ ਬਹੁਕੌਮੀ ਕੰਪਨੀਆਂ ਅਤੇ ਸਨਅਤੀ ਅਦਾਰੇ/ਫੈਕਟਰੀਆਂ ਬੰਦ ਕਰਾ ਦਿੱਤੇ। ਪਿਛਲੇ ਦੋ ਸੌ ਸਾਲਾਂ ਵਿਚ ਸ਼ਾਇਦ ਪਹਿਲੀ ਵਾਰ ਧਰਤੀ ਮਾਂ ਨੂੰ ਸਾਹ ਲੈਣ ਦਾ ਮੌਕਾ ਮਿਲਿਆ ਹੈ। ਕਾਰਬਨ ਦੀ ਮਾਤਰਾ ਅੱਠ ਫ਼ੀਸਦੀ ਘੱਟ ਹੋ ਗਈ ਹੈ ਜੋ ਕਿਸੇ ਚਮਤਕਾਰ ਨਾਲੋਂ ਘੱਟ ਨਹੀਂ। ਆਸਮਾਨ ਦਾ ਨੀਲਾ ਰੰਗ ਹੋਰ ਗੂੜਾ ਹੋ ਗਿਆ ਹੈ। ਜੰਗਲੀ ਜਾਨਵਰ ਵੀ ਹੁਣ ਪਾਰਕਾਂ ਤੇ ਸਫ਼ਾਰੀਆਂ ਵਿਚ ਖ਼ੁਸ਼ ਹੋਣਗੇ। ਕਰੋਨਾ ਦੀ ਇਕ ਵੱਡੀ ਪ੍ਰਾਪਤੀ ਹੋਰ ਹੈ। ਉਸ ਨੇ ਮਹਾਂਸ਼ਕਤੀਆਂ ਅਤੇ ਵਿਕਾਸਸ਼ੀਲ ਮੁਲਕਾਂ ਨੂੰ ਇਹ ਦਿਖਾ ਦਿੱਤਾ ਕਿ ਤੁਹਾਡਾ ਸਿਸਟਮ ਅੰਦਰੋਂ ਖੋਖਲਾ ਹੀ ਹੈ ਅਤੇ ਵਿਗਿਆਨ ਦੀ ਵੀ ਹੱਦ ਹੈ। ਇਨਸਾਨ ਇਹ ਸਮਝਣ ਲਾ ਦਿੱਤਾ ਹੈ ਕਿ ਵਿਗਿਆਨ ਲਈ ਕੁਝ ਵੀ ਨਾ-ਮੁਮਕਿਨ ਨਹੀਂ ਹੈ। ਇਹ ਅਲਾਦੀਨ ਦਾ ਅਜਿਹਾ ਜਿੰਨ ਹੈ ਜੋ ਮਾਲਕ ਦਾ ਹੁਕਮ ਮੰਨ ਕੇ ਕੁਝ ਵੀ ਕਰ ਸਕਦਾ ਹੈ। ਅਮਰੀਕਾ ਵਿਚ ਇਕ ਲੱਖ ਬੱਤੀ ਹਜ਼ਾਰ ਦੇ ਕਰੀਬ ਮੌਤਾਂ ਹੋਈਆਂ। ਮਾਹਿਰਾਂ ਮੁਤਾਬਿਕ ਇਹ ਅੰਕੜਾ ਹੋਰ ਵੀ ਉਪਰ ਹੋ ਸਕਦਾ ਹੈ। ਇਹੋ ਨਹੀਂ, ਸਪੈਨਿਸ਼ ਫਲੂ (ਇਨਫਲੂਐਂਜ਼ਾ) ਸੌ ਸਾਲ ਪਹਿਲਾਂ ਹੋਇਆ ਸੀ, ਉਸ ਨੇ ਅਮਰੀਕਾ ਵਿਚ ਪਿਛਲੇ ਸਾਲ (2018-19) 32,000 ਲੋਕ ਸਦੀਵੀ ਨੀਂਦ ਸੁਆ ਦਿੱਤੇ। ਇਸ ਕਰਕੇ ਕਾਮੂ (1947) ਕਹਿੰਦਾ ਹੈ ਕਿ ਪਲੇਗ ਵਰਗੀਆਂ ਬਿਮਾਰੀਆਂ ਇਨਸਾਨ ਨੂੰ ਸਿਆਣਾ ਕਰਨ ਵਾਸਤੇ ਵਕਤ-ਬੇਵਕਤ ਮੁੜ-ਮੁੜ ਆਉਂਦੀਆਂ ਹਨ। ਇਸ ਬਹਿਸ ਵਿਚੋਂ ਦੋ ਗੱਲਾਂ ਸਾਫ਼ ਹੁੰਦੀਆਂ ਹਨ। ਪਹਿਲੀ ਇਹ ਹੈ ਕਿ ਅਜੋਕੇ ਵਿਗਿਆਨ ਦਾ ਕੋਈ ਬਦਲ ਚਾਹੀਦਾ ਹੈ ਕਿਉਂਕਿ ਇਹ ਵਿਚਾਰਧਾਰਕ ਤੌਰ 'ਤੇ ਕੁਦਰਤ ਨਾਲ ਨਹੀਂ ਚਲਦਾ ਸਗੋਂ ਉਸ ਨੂੰ ਤੋੜ ਕੇ, ਮਾਰ ਕੇ, ਫਾੜ ਕੇ ਕਾਬੂ ਕਰਨਾ ਚਾਹੁੰਦਾ ਹੈ। ਕੁਦਰਤ ਇਸ ਵਾਸਤੇ ਮਹਿਜ਼ ਸਰਮਾਇਆ ਹੈ ਜਿਸ ਨੂੰ ਇਨਸਾਨ (ਜਾਂ ਕੁਝ ਕੁ ਵਾਸਤੇ ਹੀ) ਲਈ ਵਰਤਿਆ ਜਾਣਾ ਹੈ। ਦੂਸਰੀ ਗੱਲ ਇਹ ਹੈ ਕਿ ਲੋਕਾਂ ਦੀ ਸਿਹਤ ਸੰਭਾਲ ਦਾ ਪੂਰਾ ਖਿਆਲ ਅਤੇ ਜ਼ਿੰਮੇਵਾਰੀ ਸਰਕਾਰਾਂ ਆਪਣੇ ਹੱਥ ਲੈਣ। ਹਰ ਇਕ ਸ਼ਖ਼ਸ ਨੂੰ ਹਰ ਕਿਸਮ ਦ ਇਲਾਜ ਸਰਕਾਰੀ ਖ਼ਜ਼ਾਨੇ ਵਿਚੋਂ ਮੁਹੱਈਆ ਹੋਣਾ ਯਕੀਨੀ ਬਣਾਇਆ ਜਾਵੇ। ਅਮਰੀਕਾ ਵਾਂਗ ਸਿਹਤ ਸਨਅਤ ਨਹੀਂ ਹੋਣੀ ਚਾਹੀਦੀ ਜਿਸ ਨਾਲ ਜੀ.ਡੀ.ਪੀ. ਤਾਂ ਵਧ ਜਾਵੇ, ਪਰ ਲੋੜ ਪੈਣ 'ਤੇ ਪੀ.ਪੀ.ਈ. ਅਤੇ ਟੈਸਟ ਕਿੱਟਾਂ ਛੋਟੇ ਜਿਹੇ ਮੁਲਕ ਦੱਖਣੀ ਕੋਰੀਆ ਤੋਂ ਮੰਗਵਾਈਆਂ ਜਾਣ।

**ਡਾ. ਬੀਰਿੰਦਰ ਪਾਲ ਸਿੰਘ**

## ਸੁਖਦੇਵ ਸਿੰਘ ਢੀਂਡਸਾ ਦੀ..

ਇਨਾਂ ਖੇਤਰਾਂ ਵਿੱਚ ਪੈਦਾ ਹੋਈਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਵੀ ਦਲ ਵੱਲੋਂ ਵਿਸ਼ੇਸ਼ ਦਿਲਚਸਪੀ ਲਈ ਜਾਵੇਗੀ।

13. ਅਧਿਆਪਕ ਅਤੇ ਹੋਰ ਮੁਲਾਜ਼ਮ ਵਰਗ ਪਿਛਲੇ ਲੰਮੇ ਸਮੇਂ ਤੋਂ ਆਪਣੇ ਹੱਕਾਂ-ਹਿੱਤਾਂ ਲਈ ਸੰਘਰਸ਼ ਕਰਦੇ ਆ ਰਹੇ ਹਨ ਅਤੇ ਉਨਾਂ ਨੂੰ ਪ੍ਰਸ਼ਾਸਨ ਦੀਆਂ ਸਖਤੀਆਂ ਦਾ ਵੀ ਸਾਹਮਣਾ ਕਰਨਾ ਪਿਆ ਹੈ। ਅਧਿਆਪਕਾਂ ਅਤੇ ਰਾਜ ਦੇ ਸਮੂਹ ਮੁਲਾਜ਼ਮਾਂ ਨੂੰ ਉਨਾਂ ਦੇ ਬਣਦੇ ਅਧਿਕਾਰ ਦਿਵਾਉਣ ਲਈ ਵੀ ਦਲ ਵੱਲੋਂ ਸ਼ਿੱਦਤ ਨਾਲ ਯਤਨ ਕੀਤੇ ਜਾਣਗੇ।

14. ਸਾਡਾ ਦਲ ਦੇਸ਼ ਵਿੱਚ ਜਮਹੂਰੀਅਤ, ਧਰਮ-ਨਿਰਪੱਖਤਾ, ਅਤੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਅਤੇ ਵਿਸ਼ੇਸ਼ ਤੌਰ ਤੇ ਰਾਜਾਂ ਨੂੰ ਵਧੇਰੇ ਅਧਿਕਾਰ ਦਿਵਾਉਣ ਲਈ ਹਮੇਸ਼ਾ ਪ੍ਰਤੀਬੱਧਤਾ ਨਾਲ ਕੰਮ ਕਰੇਗਾ।

15. ਕਿਸੇ ਵੀ ਸਮਾਜ ਦੇ ਵਿਕਾਸ ਵਿੱਚ ਔਰਤਾਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਸਾਡੇ ਗੁਰੂ ਸਾਹਿਬਾਨ ਨੇ ਵੀ ਸਮਾਜ ਵਿੱਚ ਔਰਤਾਂ ਨੂੰ ਬਰਾਬਰਤਾ ਦਾ ਸਥਾਨ ਦਿਵਾਉਣ ਲਈ ਪ੍ਰੇਰਨਾ ਦਿੱਤੀ ਸੀ। ਇਸ ਮਕਸਦ ਲਈ ਸਾਡਾ ਦਲ ਵੀ ਪੂਰੀ ਤਰਾਂ ਪ੍ਰਤੀਬੱਧ ਰਹੇਗਾ।

ਇਸ ਮੌਕੇ ਬਲਵੰਤ ਸਿੰਘ ਰਾਮੂਵਾਲੀਆ, ਬੀਰਦਵਿੰਦਰ ਸਿੰਘ, ਮਨਜੀਤ ਸਿੰਘ ਜੀਕੇ, ਪਰਮਿੰਦਰ ਸਿੰਘ ਢੀਂਡਸਾ, ਹਰਿਆਣਾ ਦੇ ਸਿੱਖ ਆਗੂ ਦੀਦਾਰ ਸਿੰਘ ਨਲਵੀ, ਨਿਹੰਗ ਮੁਖੀ ਬਾਬਾ ਗੁਰਦੇਵ ਸਿੰਘ, ਤੇਜਿੰਦਰ ਪਾਲ ਸਿੰਘ ਸੰਧੂ, ਚਰਨਜੀਤ ਸਿੰਘ ਚੰਨੀ, ਹਰਸੁਖਿੰਦਰ ਸਿੰਘ ਬੱਬੀ ਬਾਦਲ ਆਦਿ ਵੀ ਹਾਜ਼ਰ ਸਨ।



## ਅਗਾਂਹ ਵੱਲ ਨੂੰ ਤੁਰਦਿਆਂ...

ਇਹ ਯੂਰਪ ਕੇਂਦਰਤ ਹੈ ਅਤੇ ਗੋਰੀ ਨਸਲ ਦੀ ਪ੍ਰਭੁਤਾ ਸਥਾਪਿਤ ਕਰਦਾ ਹੈ, ਇਸ ਕਰਕੇ ਇਸ ਵਿੱਚੋਂ ਬ੍ਰਹਿ ਮੰਡੀ ਨੈਤਿਕਤਾ ਨਹੀਂ ਸਿ ਰਜੀ ਜਾ ਸਕਦੀ। ਇਸੇ ਕਰਕੇ ਇਹ ਸਰਬਤ ਦੇ ਭਲੇ ਦਾ ਸਿਧਾਂਤ ਨਹੀਂ ਦਿੰਦਾ। ਜੇਕਰ ਰੂਹਾਨੀ ਸੰਤੁਲਨ ਜਾਂ ਰੱਬੀ ਨਿਯਮ ਦੀ ਅਗਵਾਈ ਨਾ ਹੋਵੇ ਤਾਂ ਵਿਗਿਆਨ, ਤਰਕ, ਚਕਿਤਸਾ ਅਤੇ ਕਾਰਖਾਨੇ ਮਾਨਵਤਾ ਦੀ ਸੇਵਾ ਦੀ ਥਾਂ ਮੁਨਾਫਾ ਕਮਾਉਣ ਦਾ ਸਾਧਨ ਹੀ ਰਹਿਣਗੇ । ਇਸੇ ਤਰਾਂ ਸਮਾਜਿਕ ਪ੍ਰਬੰਧ, ਸਰਕਾਰ ਅਤੇ ਹੋਰ ਸੰਸਥਾਵਾਂ ਸੇਵਾ ਦੀ ਥਾਂ ਪ੍ਰਭੁਤਾ ਦੇ ਸਾਧਨ ਹੀ ਰਹਿਣਗੀਆਂ।

ਖਾਲਸਾ ਜੀ ਕੇ ਬੋਲ-ਬਾਲੇ ਦੈਵੀ ਵਰਤਾਰਾ ਹੋਣ ਕਾਰਨ ਲੌਕਿਕ ਜਗਤ ਦੀ ਵਿਆਖਿਆ ਜਾਂ ਵਿਸ਼ਲੇਸ਼ਣ ਕਰਨ ਲਈ ਦੈਵੀ ਕੀਮਤਾਂ ਲੋੜੀਂਦੀਆਂ ਹਨ।

**ਅੰਤਿਕਾ 2**

ਬਿਪਰ-ਸੰਸਕਾਰ ਮਨੁੱਖ ਦੀ ਧਰਮ-ਅਨੁਭੂਤੀ ਦੇ ਨਿਰਾਕਾਰ ਅਤੇ ਸਥੂਲ ਖੇਤਰਾਂ ਥੀਂ ਵਿਚਰਦੀ ਅਜਿਹੀ ਨਿਸ਼ੇਧ ਪ੍ਰਕ੍ਰਿਆ ਹੈ, ਜਿਹੜੀ ਇੱਕੋ ਸਮੇਂ ਵਿਅਕਤੀ ਅਤੇ ਜਾਤੀ ਦੀ ਲਿਵ -ਨਿਰਤੰ ਰਤਾ ਨੂੰ ਰੱਬੀ ਮਿਹਰ ਅਤੇ ਰੱਬੀ ਹੁਕਮ ਦੀ ਵਿਸ਼ਾਲਤਾ ਨਾਲੋਂ ਤੋੜਦੀ ਹੋਈ ਕੇਵਲ ਮਨੁੱਖ ਦੀ ਇੰਦ੍ਰਿਆਵੀ ਅਨੁਭਵ ਵਿੱਚੋਂ ਉਪਜਣ ਵਾਲੀ ਗਿਆਨ-ਹਉਮੈ ਦੇ ਅਧੀਨ ਕਰ ਦਿੰਦੀ ਹੈ। ਮਨੁੱਖ ਦੀ ਲਿਵ ਮਹਾਂ ਕਾਵਿਕ ਸ਼ਾਨ ਤੋਂ ਸੱਖਣੇ ਪਦਾਰਥਾਂ ਸੁਆਦ, ਖਿਆਲੀ ਉਤਾਰ-ਚੜਾਵਾਂ ਦੀ ਲੀਲਾ ਅਤੇ ਉਪਰ ਪ੍ਰਕ੍ਰਿਤਕ ਖੇਡਾਂ ਦੀ ਲਾਲਸਾ ਅਤੇ ਉਹਨਾਂ ਦੀ ਪ੍ਰਾਪਤੀ ਲਈ ਸੋਚੇ ਢੰਗਾਂ ਨੂੰ ਮਨੁੱਖ ਦਾ ਇਸ਼ਟ ਬਣਾ ਦਿੰ ਦੀ ਹੈ। ਜਿਉਂ ਹੀ ਉਚੀ ਸੁਰਤਿ ਨੂੰ ਜਨਮ ਦੇਣ ਵਾਲੀ ਰੱਬੀ ਸਿ ਦਕ ਦੀ ਵਿਸ਼ੇਸ਼ ਦਿਮਾਗੀ ਸ਼ਕਤੀ ਸੀਮਤ ਗਿਆਨ-ਹਉਮੈ ਵਿੱਚ ਬਦਲਦੀ ਹੈ, ਤਿਉਂ ਹੀ ਇਨਸਾਨੀ ਖਿਆਲ ਅਤੇ ਅਮਲ ਤੇਜ਼ੀ ਨਾਲ ਬੁੱਤ ਵੱਲ ਵਧਦੇ ਹਨ। ਮਨੁੱਖੀ ਭਾਈਚਾਰੇ ਵਿੱਚੋਂ ਡੂੰਘੇ ਸ਼ੁਕਰ ਦੀ ਖੁਬੂ ਸੂਰਤੀ ਟੁੱਟ ਜਾਂਦੀ ਹੈ, ਅਤੇ ਲੈਣ-ਦੇਣ ਦੀ ਬਿਰਤੀ ਦਿਸਦੇ ਅਤੇ ਅਣਦਿਸਦੇ ਬੁੱਤ ਸਾਜਣੇ ਸ਼ੁਰੂ ਕਰ ਦਿੰਦੀ ਹੈ ਕਿਰਦਾਰ ਇਕ ਮਲੀਨ ਖਾਲੀਪਨ ਵਿੱਚ ਲਟਕਣਾ ਸ਼ੁਰੂ ਹੋ ਜਾਂਦਾ ਹੈ, ਅਤੇ ਸਤਿਕਾਰੀਆਂ ਅਤੇ ਪਰਵਾਣਤ ਕੀਮਤਾਂ ਅਸ਼ਲੀਲ ਕਪਟ ਵਿੱਚ ਡੁੱਬ ਜਾਂਦੀਆਂ ਹਨ।

ਬਿਪਰ-ਸੰਸਕਾਰ ਦੇ ਬਹੁਤ ਸਾਰੇ ਰੂਪ ਹੋ ਸਕਦੇ ਹਨ: ਸਿੱਖ-ਰੂਪ, ਮੁਸਲਮਾਨੀ ਰੂਪ, ਈਸਾਈ ਰੂਪ, ਬੋਧੀ ਰੂਪ, ਹਿੰਦੂ ਰੂਪ ਆਦਿ , ਪਰ ਇਹਨਾਂ ਸਭ ਰੂਪਾਂ ਦਾ ਕੇਂਦਰੀ ਬਿੰਬ ਬਿਪਰ-ਸੰਸਕਾਰ ਦੇ ਹਿੰਦੂ-ਰੂਪ ਵਿੱਚ ਹੀ ਸਥਾਪਤ ਹੈ। ਹਿੰਦੂ ਧਰਮ ਉਤੇ ਉਸਰੀ ਜੀਵਨ-ਜਾਂਚ ਅਤੇ ਇਸ ਦੇ ਪ੍ਰਧਾਨ ਧਰਮ ਗ੍ਰੰਥ ਬਿਪਰ-ਸੰਸਕਾਰ ਦਾ ਮੂਲ ਨਿਵਾਸ ਹਨ, ਉਸ ਦੀ ਪ੍ਰਫੁਲਤਾ ਦੇ ਅਸਲ ਮਦਦਗਾਰ ਹਨ, ਅਤੇ ਉਸ ਦਾ ਵਿਸ਼ੇਸ਼ ਰੂਪ ਸਥਾਪਤ ਕਰਨ ਦੀ ਜੁੰਮੇਵਾਰੀ ਨਿਭਾਉਂਦੇ ਹਨ।

—(ਪ੍ਰੋ. ਹਰਿੰਦਰ ਸਿੰਘ ਮਹਿਬੂਬ ਹੁਰਾਂ ਦੀ ਰਚਨਾ "ਸਹਿਜੇ ਰਚਿਓ ਖਾਲਸਾ" ਸਫਾ - 610)

**ਅੰਤਿਕਾ 3**

ਵਿਚਾਰਧਾਰਾ, ਫਲਸਫੇ ਤੋਂ ਛੋਟਾ ਪਸਾਰ ਰੱਖਣ ਵਾਲਾ ਇਕ ਪਦ ਹੈ। ਇਹ ਕਿ ਸੇ ਵਿਸ਼ੇਸ਼ ਮਸਲੇ ਜਾਂ ਦਰਪੇਸ਼ ਚੁਣੌਤੀ ਦੇ ਮੁਕਾਬਲੇ ਕੀਤੀ ਗਈ ਬੌਧਿ ਕ ਮੋਰਚੇਬੰਦੀ ਹੈ। ਉਸ ਵਿਸ਼ੇਸ਼ ਪ੍ਰਸੰਗ ਕਾਰਨ ਇਹ ਕਾਲ-ਖੰਡ ਅਧੀਨ ਹੁੰਦੀ ਹੈ ਅਤੇ ਸਰਬ-ਕਾਲੀ ਜਾਂ ਸਰਬ-ਵਿਆਪੀ ਨਹੀਂ ਹੰਦੀ। ਕਾਲ ਦੇ ਪ੍ਰਭਾਵ ਨਾਲ ਅਗਲੇ ਕਾਲ-ਖੰਡ ਵਿੱਚ ਇਸਦਾ ਮੱਹਤਵ ਇਕਸਾਰ ਨਹੀਂ ਰਹਿੰ ਦਾ।

**ਅੰਤਿਕਾ 4**

**ਖਾਲਿਸਤਾਨ ਕੀ ਹੈ:**

1. ਖਾਲਿਸਤਾਨ, ਖਾਲਸਾ ਪੰਥ ਨੂੰ ਸੱਚੇ ਪਾਤਿਸਾਹ ਗੁਰੂ ਨਾਨਕ ਸਾਹਿਬ ਜੀ ਵੱਲੋਂ ਬਖ਼ਸ਼ੀ ਸਦੀਵੀ ਪਾਤਿਸਾਹੀ ਦਾ ਖ਼ਾਸ ਸਮੇਂ ਅਤੇ ਸਥਾਨ ਵਿੱਚ ਵਿਹਾਰਕ ਰਾਜਸੀ ਸੱਤਾ (Political Power) ਵਜੋਂ ਪ੍ਰਗਟਾਵਾ ਹੈ।

2. ਖਾਲਿਸਤਾਨ ਸੰਘਰਸ਼ ਸਿਰਫ ਆਪਣੀ ਸਵੈ ਪਛਾਣ ਅਤੇ ਸਵੈ ਹੋਂਦ ਨੂੰ ਬਚਾਉਣ ਲਈ ਅਸੁਰੱਖਿਆ ਦੀ ਬਿਰਤੀ ਦੀ ਪੈਦਾਵਾਰ ਨਹੀਂ ਹੈ ਸਗੋਂ ਪਾਤਿਸਾਹੀ ਖਾਲਸਾ ਪੰਥ ਦਾ ਜੁਗੋ-ਜੁਗ ਅਟੱਲ ਤੇ ਜ਼ਰੂਰੀ ਪਹਿਲੂ ਹੈ।

3. ਖਾਲਿਸਤਾਨ ਤੋਂ ਸਾਡਾ ਭਾਵ ਆਜ਼ਾਦ (ਪ੍ਰਭੂਸੱਤਾ-ਸੰਪੰਨ) ਰਾਜਨੀਤਕ ਢਾਂਚਾ ਕਾਇਮ ਕਰਨਾ ਹੈ ਜਿਥੇ ਖਾਲਸਾ ਪੰਥ ਦੀ ਨਿਆਰੀ ਅਤੇ ਸੁਤੰਤਰ ਹੋਂਦ-ਹਸਤੀ ਨਿਰਵਿਘਨ ਵਿਗਸ ਸਕੇ ਅਤੇ ਜਿਸ ਵਿੱਚ ਸਰਬੱਤ ਦੇ ਭਲੇ ਵਾਲ਼ੀਆਂ ਹਲਤਮੁਖੀ ਤੇ ਪਲਤਮੁਖੀ ਬਣਤਰਾਂ (Spiritual andTemporal Structures) ਵਿਕਸਤ ਹੋ ਸਕਣ ਤਾਂ ਕਿ ਮਨੁੱਖ ਆਪਣੇ ਸੰਪੂਰਨ ਵਿਗਾਸ ਨੂੰ ਮਾਣ ਸਕੇ। ਭਾਵ ਅਜਾਦੀ, ਬਰਾਬਰਤਾ (ਨਸਲ, ਰੰਗ, ਲਿੰਗ, ਜਾਤ-ਪਾਤ, ਧਰਮ, ਅਮੀਰ-ਗਰੀਬ ਆਦਿ ਦੇ ਭਿੰਨ-ਭੇਦ ਤੋਂ ਰਹਿ , ਬਰਾਬਰੀ ਵਾਲਾ ਸਮਾਜਕ ਪ੍ਰਬੰਧ), ਨਿਆਂ ਤੇ ਸਾਂਝੀਵਾਲਤਾ ਵਾਲਾ ਆਦਰਸ਼ਕ ਸਮਾਜ ਅਤੇ ਰਾਜ।

4.ਐਸਾ ਰਾਜ-ਪ੍ਰਬੰਧ ਜਿਹੜਾ ਗੁਰੂ ਗ੍ਰੰਥ ਸਾਹਿਬ ਦੇ ਬ੍ਰਹਿਮੰਡੀ ਪਰਿਪੇਖ (Cosmic Perspective) ਨੂੰ ਸਾਕਾਰ ਕਰ ਸਕਣ ਦੇ ਸਮੱਰਥ ਹੋਵੇਗਾ।

5. ਇਸ ਪ੍ਰਬੰਧ ਵਿੱਚ ਲੋਕ-ਰਾਜੀ ਪ੍ਰਵਿਰਤੀਆਂ ਤੇ ਸਾਂਝੀ ਲੋਕ ਅਗਵਾਈ ਭਾਵ ਪੰਚ ਪ੍ਰਧਾਨੀ ਪ੍ਰਣਾਲੀ ਹੋਵੇਗੀ ਅਤੇ ਖੁਦਮੁਖਤਿਆਰੀ ਦਾ ਸੰਚਾਰ ਸਭ ਤੋਂ ਹੇਠਲੇ ਪੱਧਰ ਤੱਕ ਹੋਵੇਗਾ।

6 ਇਹ ਰਾਜ ਪ੍ਰਬੰਧ ਇੱਕ ਦੇਸ਼ ਜਾਂ ਦੇਸ਼ਾਂ ਦੇ ਸਮੂਹ ਦੀ ਧੌਂਸ ਤੋਂ ਮੁਕਤ ਰਾਜਨੀਤਕ ਵਿਸ਼ਵ ਪ੍ਰਬੰਧ ਦਾ ਹਾਮੀ ਹੋਵੇਗਾ।

7. ਜਿਸ ਵਿੱਚ ਸਰੀਰਕ ਤੰਦਰੁਸਤੀ, ਸੁੱਚੀ ਕਿਰਤ, ਸਵੈ-ਮਾਣ ਤੇ ਚੜਦੀਕਲਾ, ਵਾਲਾ ਬੇ-ਖੌਫ਼ ਜੀਵਨ ਬਸਰ ਕਰਨ ਦਾ ਬੇਗਮਪੁਰੇ ਵਾਲਾ ਮਾਹੌਲ ਹੋਵੇ ।

**- (ਭਾਈ ਦਲਜੀਤ ਸਿੰਘ ਵੱਲੋਂ 17 ਵੈਸਾਖ 552 ਨਾਨਕਸ਼ਾਹੀ (29 ਅਪ੍ਰੈਲ 2020 ਈ.) ਨੂੰ ਜਾਰੀ ਕੀਤੇ ਨੀਤੀ ਬਿਆਨ ਵਿੱਚੋਂ)**

***ਪਾਤਿਸਾਹੀ ਦੇ ਸਿਧਾਂਤ ਅਨੁਸਾਰ ਅਕਾਲਪੁਰਖ ਤੋਂ ਇਲਾਵਾ ਖਾਲਸਾ ਪੰਥ ਹੋਰ ਕਿਸੇ ਵੀ ਤਾਕਤ, ਵਿਚਾਰ ਜਾਂ ਰਾਜ ਪ੍ਰਬੰਧ ਦੀ ਅਧੀਨਗੀ ਜਾਂ ਗੁਲਾਮੀ ਕਿਸੇ ਵੀ ਰੂਪ ਵਿੱਚ ਕਬੂਲ ਨਹੀਂ ਕਰ ਸਕਦਾ। ਖਾਲਸਾ ਪੰਥ ਸਿਰਫ ਅਕਾਲਪੁਰਖ ਦੀ ਸਿੱਧੀ ਅਧੀਨਗੀ ਕਬੂਲਦਾ ਹੈ ਅਤੇ ਇਸ ਸਿਧਾਂਤ ਅਨੁਸਾਰ ਪੰਥ ਦੇ ਅਮਲ/ਸਰਗਰਮੀ ਅਤੇ ਸੁਤੰਤਰਤਾ ਨੂੰ ਸੀਮਤ ਜਾਂ ਕਾਬੂ ਕਰਨ ਦਾ ਹੱਕ ਕਿਸੇ ਵੀ ਤਾਕਤ ਕੋਲ ਨਹੀਂ ਹੈ। ਜਦੋਂ ਵੀ ਕੋਈ ਤਾਕਤ ਖਾਲਸਾ ਪੰਥ ਦੀ ਸੁਤੰਤਰ ਹੋਂਦ ਨੂੰ ਕਾਬੂ ਜਾਂ ਸੀਮਤ ਕਰਨ ਦਾ ਯਤਨ ਕਰਦੀ ਹੈ ਜਾਂ ਰੱਬੀ ਹੁਕਮਾਂ ਦੀ ਉਲੰਘਣਾ ਕਰਕੇ ਜ਼ੁਲਮੀ ਰਾਜ ਸਥਾਪਤ ਕਰਦੀ ਹੈ ਤਾਂ ਖਾਲਸਾ ਪੰਥ ਉਸ ਨੂੰ ਜੜ੍ਹੋਂ ਪੱਟ ਕੇ ਸਰਬਤ ਦੇ ਭਲੇ ਵਾਲਾ ਪ੍ਰਬੰਧ ਸਿਰਜਣ ਲਈ 'ਬਾਗੀ ਜਾਂ ਬਾਦਸ਼ਾਹ' ਵਾਲੀ ਦ੍ਰਿੜਤਾ ਨਾਲ ਜੱਦੋ-ਜਹਿਦ ਕਰਦਾ ਹੈ।***

## ਮਨੁੱਖ ਸੁਪਨਿਆਂ ਵਿੱਚ...

ਇਸੇ ਲਈ ਉਹ ਮਨ-ਇੱਛਤ ਗੀਤ ਜਾਂ ਫਿਲਮ ਦੀ ਚੋਣ ਕਰਦਾ ਹੈ ਜਿਸ ਨਾਲ ਉਹ ਖ਼ੁਸ਼ ਹੋ ਸਕੇ, ਆਪਣੀਆਂ ਚਿੰਤਾਵਾਂ ਤੋਂ ਨਿਜਾਤ ਪਾ ਸਕੇ, ਸੁਪਨਿਆਂ ਵਿੱਚ ਜ਼ਿੰਦਗੀ ਬਤੀਤ ਕਰ ਸਕੇ। ਇੱਥੇ ਧਿਆਨ ਦੇਣ ਵਾਲੀ ਖ਼ਾਸ ਗੱਲ ਇਹ ਹੈ ਕਿ ਉਪਰੋਕਤ ਪ੍ਰਭਾਵ ਕਿਸੇ ਖ਼ਾਸ ਧਰਮ, ਖਿੱਤੇ ਜਾਂ ਮੁਲਕ ਦੇ ਮਨੁੱਖ ਉੱਪਰ ਪ੍ਰਭਾਵ ਨਹੀਂ ਪਾਉਂਦੇ ਬਲਕਿ ਇਹ ਸਮੁੱਚੇ ਸੰਸਾਰ ਦੇ ਮਨੁੱਖ ਉੱਪਰ ਆਪਣਾ ਅਸਰ ਪਾਉਂਦੇ ਹਨ ਕਿਉਂਕਿ ਸਮੁੱਚੇ ਸੰਸਾਰ ਦਾ ਮਨੁੱਖ ਸੁਪਨਿਆਂ ਵਿੱਚ ਆਨੰਦ ਮਹਿਸੂਸ ਕਰਦਾ ਹੈ। ਨਵੇਂ ਜੰਮੇ ਬੱਚੇ ਤੋਂ ਲੈ ਕੇ ਮਰਨ ਤੋਂ ਚੰਦ ਵਕਤ ਪਹਿਲਾਂ ਤਕ ਮਨੁੱਖ ਸੁਪਨਿਆਂ ਨੂੰ ਜਿਉਂਦਾ ਹੈ, ਮਾਣਦਾ ਹੈ।

ਮਨੁੱਖ ਨੂੰ ਸੁਪਨਿਆਂ ਵਿੱਚ ਖ਼ੁਸ਼ੀ ਤਾਂ ਮਹਿਸੂਸ ਕਰਨੀ ਚਾਹੀਦੀ ਹੈ ਪਰ ਜਿਊਣਾ ਨਹੀਂ ਚਾਹੀਦਾ ਕਿਉਂਕਿ ਇਹ ਕਲਪਨਾ ਦਾ ਸੰਸਾਰ ਬਹੁਤੀ ਦੇਰ ਤਕ ਸੁਖ ਨਹੀਂ ਪਹੁੰਚਾ ਸਕਦਾ। ਜੀਵਨ ਵਿੱਚ ਲੰਮੇ ਸਮੇਂ ਤਕ ਸੁਖ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਦੀ ਲੋੜ ਹੁੰਦੀ ਹੈ ਅਤੇ ਜਿਹੜੇ ਲੋਕ ਇਸ ਰਾਹ ਉੱਪਰ ਤੁਰ ਪੈਂਦੇ ਹਨ ਉਹ ਸੁਪਨਿਆਂ ਦੇ ਆਨੰਦ ਨੂੰ ਅਸਲ ਜੀਵਨ ਵਿੱਚ ਮਹਿਸੂਸ ਕਰਨ ਲੱਗਦੇ ਹਨ।

## ਖਾਲਿਸਤਾਨੀ ਸਿੱਖ ਅੱਤਵਾਦੀ..

ਉਹਨਾਂ ਖਦਸ਼ਾ ਪ੍ਰਗਟ ਕਰਦਿਆਂ ਕਿਹਾ ਕਿ ਭਾਰਤ ਅੰਦਰ ਗੱਟ-ਗਿਣਤੀਆਂ ਦੀ ਹੋਂਦ ਖਤਰੇ ਵਿੱਚ ਹੈ ਅਤੇ ਆਉਣ ਵਾਲੇ ਦਿਨ ਸਾਡੇ ਲਈ ਬਦ-ਤੋਂ-ਬਦਤਰ ਹੋਣਗੇ।

ਉਹਨਾਂ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਐਮ.ਪੀਜ਼ ਦੀ ਭਾਰਤ ਸਰਕਾਰ ਦੀ ਦਮਨਕਾਰੀ ਅਤੇ ਫਾਸੀਵਾਦੀ ਨੀਤੀਆਂ ਅੱਗੇ ਚੁੱਪ ਰਹਿਣ ਦੇ ਅਮਲ ਨੂੰ ਵੀ ਕੌਮ ਲਈ ਘਾਤਕ ਦਸਿਆ।

ਉਹਨਾਂ ਪੰਜਾਬ ਪੁਲਿਸ ਵਲੋਂ ਰੈਫਰੰਡਮ ੨੦੨੦ ਦੀ ਆੜ ਹੇਠ ਸਿੱਖ ਨੌਜਵਾਨਾਂ ਦੀ ਫੜੋ-ਫੜੀ ਅਤੇ ਥਾਣਿਆਂ ਵਿੱਚ ਸੱਦ ਕੇ ਕੀਤੀ ਜਾ ਰਹੀ ਖਜਲ-ਖੁਆਰੀ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ।

ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਪੁਲਿਸ ਥਾਣਿਆਂ ਵਿੱਚ ਬੁਲਾ ਕੇ ਫੋਟੋਆਂ ਖਿਚੀਆਂ ਜਾ ਰਹੀਆਂ ਹਨ, ਉਹਨਾਂ ਦਾ ਜੀਵਨ ਬਿਊਰਾ ਲਿਖਿਆ ਜਾ ਰਿਹਾ ਹੈ ਤਾਂ ਜੋ ਉਹਨਾਂ ਨੂੰ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਮਾਨਸਿਕ ਤੌਰ 'ਤੇ ਭੈ-ਭੀਤ ਜਾ ਸਕੇ, ਜੋ ਕਿ ਗੈਰ-ਕਾਨੂੰਨੀ ਅਤੇ ਗੈਰ-ਜਮਹੂਰੀ ਅਮਲ ਹੈ। ਉਹਨਾਂ ਕਿਹਾ ਕਿ ਪੁਲਿਸ ਕਾਲੇ ਕਾਨੂੰਨ ਯੂ.ਏ.ਪੀ.ਏ ਦੀ ਘੋਰ ਦੁਰਵਰਤੋਂ ਕਰ ਰਹੀ ਹੈ। ਉਹਨਾਂ ਪੰਜਾਬ ਦੇ ਮੁੱਖ ਮੰਤਰੀ ਨੂੰ ਸੂਬੇ ਅੰਦਰ ਪੁਲਿਸ ਕਾਰਵਾਈ ਨਾਲ ਫੈਲ ਰਹੀ ਅਰਾਜਿਕਤਾ ਨੂੰ ਸਮੇ ਸਿਰ ਰੋਕਣ ਲਈ ਕਿਹਾ।

ਖਾਲਿਸਤਾਨ ਦੇ ਮੁੱਦੇ ਪ੍ਰਤੀ ਆਪਣਾ ਸਟੈਂਡ ਸਪਸ਼ਟ ਕਰਦਿਆਂ ਉਹਨਾਂ ਕਿਹਾ ਕਿ ਉਹ ਜਮਹੂਰੀ ਤਰੀਕਿਆਂ ਨਾਲ ਰਾਜਨੀਤਿਕ ਪਿੜ ਅੰਦਰ ਇਸ ਨਿਸ਼ਾਨੇ ਦੀ ਪੂਰਤੀ ਲਈ ਲੰਮੇ ਸਮੇ ਤੋਂ ਸੰਘਰਸ਼ੀਲ ਅਤੇ ਯਤਨਸ਼ੀਲ ਹਨ। ਉਹਨਾਂ ਦਸਿਆ ਕਿ ਦਲ ਖਾਲਸਾ ਅਤੇ ਅਕਾਲੀ ਦਲ ਅੰਮ੍ਰਿਤਸਰ ਸੰਯੁਕਤ ਰਾਸ਼ਟਰ ਦੀ ਨਿਗਰਾਨੀ ਹੇਠ ਪੰਜਾਬ ਵਿੱਚ ਰਿਫਰੈਂਡਮ ਕਰਵਾਉਣ ਦੇ ਮੁੱਦਈ ਹਨ ਅਤੇ ਇਸ ਲਈ ਦੋਵੇਂ ਹੀ ਜਥੇਬੰਦੀਆਂ ਕਈ ਵਾਰ ਕੌਮੀ ਅਤੇ ਕੌਮਾਂਤਰੀ ਮੰਚ 'ਤੇ ਸਿੱਖ ਕੇਸ ਪੇਸ਼ ਕਰ ਚੁੱਕੀਆਂ ਹਨ। ਉਹਨਾਂ ਯੂ.ਐਨ.ਓ ਵਲੋਂ ਸਿੱਖ ਆਜ਼ਾਦੀ ਸੰਘਰਸ਼ ਪ੍ਰਤੀ ਧਾਰੀ ਖਾਮੋਸ਼ੀ ਨੂੰ ਅਫਸੋਸਨਾਕ ਦਸਿਆ।

ਪਤਰਕਾਰਾਂ ਵਲੋਂ ਰੈਫਰੇਂਡਮ 2020 ਬਾਰੇ ਪੁੱਛੇ ਸਵਾਲ ਦੇ ਜੁਆਬ ਵਿੱਚ ਉਹਨਾਂ ਕਿਹਾ ਕਿ ਇਹ ਮੁਹਿੰਮ 'ਸਿੱਖਜ਼ ਫਾਰ ਜਸਟਿਸ' ਦੀ ਹੈ ਅਤੇ ਉਹਨਾਂ ਦੀਆਂ ਧਿਰਾਂ ਭਾਂਵੇ ਇਸ ਤੋਂ ਅਲੱਗ ਹਨ ਪਰ ਜਮਹੂਰੀ ਤਰੀਕੇ ਨਾਲ ਹਰ ਇੱਕ ਨੂੰ ਆਪਣੇ ਮਿਸ਼ਨ ਦਾ ਪ੍ਰਚਾਰ ਕਰਨ ਦਾ ਹੱਕ ਹੈ।। ਉਹਨਾਂ ਇਹ ਵੀ ਸਪਸ਼ਟ ਕੀਤਾ ਕਿ ਉਹਨਾਂ ਦੀਆਂ ਜਥੇਬੰਦੀਆਂ ਨੇ ਸਿਖਸ ਫਾਰ ਜਸਟਿਸ ਦੇ ਪ੍ਰਬੰਧਕਾਂ ਨੂੰ ਜੁਲਾਈ 2018 ਵਿੱਚ ਖੱਤ ਲਿਖ ਕੇ ਅਪੀਲ ਕੀਤੀ ਕਿ ਉਹ ਆਪਣੇ ਰੈਫਰੈਂਡਮ 2020 ਵਾਲੇ ਪ੍ਰਸਤਾਵ ਬਾਰੇ ਪੈਦਾ ਹੋਈ ਅਸਪੱਸ਼ਟਤਾ ਅਤੇ ਭੁਲੇਖਿਆਂ ਨੂੰ ਦੂਰ ਕਰਨ, ਪਰ ਅਫਸੋਸ ਕਿ ਉਹਨਾਂ ਨੂੰ ਕੋਈ ਵੀ ਜੁਆਬ ਅੱਜ ਤੱਕ ਨਹੀਂ ਮਿਲਿਆ।

ਇਸ ਮੌਕੇ ਉਹਨਾਂ ਦੇ ਨਾਲ ਜਥੇਦਾਰ ਹਰਭਜਨ ਸਿੰਘ ਕਸ਼ਮੀਰੀ, ਦਲ ਖਾਲਸਾ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਟਾਂਡਾ ਅਤੇ ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ ਵੀ ਮੌਜੂਦ ਸਨ।

## ਭਾਰਤ ਵਿਚ ਰਹਿਮ ਦੀ...

ਕੋਈ ਸ਼ੱਕ ਨਹੀਂ ਕਿ ਰਹਿਮ ਦੀ ਪਟੀਸ਼ਨ 'ਤੇ ਆਖ਼ਰੀ ਫ਼ੈਸਲਾ ਰਾਸ਼ਟਰਪਤੀ ਵੱਲੋਂ ਲਿਆ ਜਾਣਾ ਹੁੰਦਾ ਹੈ ਪਰ ਇਹ ਵੀ ਸੱਚਾਈ ਹੈ ਰਾਸ਼ਟਰਪਤੀ ਕੋਲ ਭੇਜਣ ਤੋਂ ਪਹਿਲਾਂ ਗ੍ਰਹਿ ਮੰਤਰਾਲੇ ਨੇ ਮਾਮਲੇ ਨੂੰ ਕਈ ਪੱਖਾਂ ਤੋਂ ਵਿਚਾਰਨਾ ਹੁੰਦਾ ਹੈ। ਹੋ ਸਕਦਾ ਹੈ ਕਿ ਗ੍ਰਹਿ ਮੰਤਰਾਲੇ ਕੋਲ ਅਜੇ ਤਕ ਕੋਈ ਲਿਖਤੀ ਜ਼ਾਬਤਾ ਨਾ ਹੋਵੇ ਜਿਸ ਮੁਤਾਬਕ ਇਹ ਪਟੀਸ਼ਨਾਂ ਵਿਚਾਰੀਆਂ ਜਾਣ ਪਰ ਇਹ ਵੀ ਇਕ ਹਕੀਕਤ ਹੈ ਕਿ ਵੱਖ-ਵੱਖ ਮਾਮਲਿਆਂ ਵਿਚ ਵੱਖੋ ਵੱਖਰੀਆਂ ਗੱਲਾਂ ਵਿਚਾਰਨਯੋਗ ਹੁੰਦੀਆਂ ਹੋਣਗੀਆਂ। ਹਰੇਕ ਕੇਸ ਦੇ ਹਾਲਾਤ ਵੱਖੋ-ਵੱਖਰੇ ਹੁੰਦੇ ਹਨ। ਹਰੇਕ ਦੋਸ਼ੀ ਦਾ ਪਿਛੋਕੜ ਵੱਖੋ-ਵੱਖਰਾ ਹੋ ਸਕਦਾ ਹੈ। ਮੋਟੇ ਤੌਰ 'ਤੇ ਅਜਿਹੀ ਪਟੀਸ਼ਨ ਦੇ ਨਿਪਟਾਰੇ ਪ੍ਰਤੀ ਸਲਾਹ ਦੇਣ ਲਈ ਮੁਜਰਮ ਦੀ ਸ਼ਖ਼ਸੀਅਤ, ਉਮਰ, ਲਿੰਗ, ਮਾਨਸਿਕ ਹਾਲਤ, ਘਟਨਾ ਦੇ ਹਾਲਾਤ, ਵੇਖਣੇ ਹੁੰਦੇ ਹਨ। ਘਟਨਾ ਦਾ ਸਮਾਜ ਉੱਤੇ ਪ੍ਰਭਾਵ ਵੀ ਵੇਖਣਾ ਹੁੰਦਾ ਹੈ। ਕਈ ਵਾਰ ਇਹ ਵੀ ਵੇਖਣਾ ਹੁੰਦਾ ਹੈ ਕਿ ਅਦਾਲਤ ਵੱਲੋਂ ਦਿੱਤੇ ਗਏ ਫ਼ੈਸਲੇ ਵਿਚ ਕਿਸੇ ਸਬੂਤ ਪ੍ਰਤੀ ਸ਼ੰਕਾ ਤਾਂ ਨਹੀਂ ਪ੍ਰਗਟਾਈ ਗਈ। ਅਦਾਲਤੀ ਫ਼ੈਸਲੇ ਤੋਂ ਬਾਅਦ ਕੋਈ ਹੋਰ ਅਜਿਹਾ ਸਬੂਤ ਤਾਂ ਸਾਹਮਣੇ ਨਹੀਂ ਆ ਰਿਹਾ ਜੋ ਅਦਾਲਤ ਵਿਚ ਪੇਸ਼ ਨਾ ਕੀਤਾ ਜਾ ਸਕਿਆ ਹੋਵੇ ਅਤੇ ਜੋ ਫ਼ੈਸਲੇ ਨੂੰ ਪ੍ਰਭਾਵਿਤ ਕਰਨ ਵਾਲਾ ਹੋਵੇ। ਬੈਂਚ ਵਿਚ ਬੈਠੇ ਜੱਜ ਸਾਹਿਬਾਨ ਦੇ ਵਿਚਾਰਾਂ ਵਿਚ ਸਹਿਮਤੀ ਸੀ ਜਾਂ ਮਤਭੇਦ ਸਨ ਅਤੇ ਤਫ਼ਤੀਸ਼ ਵਿਚ ਕਿਤੇ ਬੇਲੋੜੀ ਦੇਰੀ ਤਾਂ ਨਹੀਂ ਹੋਈ ਜਾਂ ਫ਼ੈਸਲੇ ਵਿਚ ਕੋਈ ਜਲਦਬਾਜ਼ੀ ਤਾਂ ਨਹੀਂ ਹੋਈ।

ਇਹ ਠੀਕ ਹੈ ਕਿ ਇਹ ਸਭ ਕੁਝ ਵਿਚਾਰਨ ਲਈ ਕੁਝ ਸਮਾਂ ਲੱਗ ਸਕਦਾ ਹੈ। ਜਲਦਬਾਜ਼ੀ ਵਿਚ ਦਿੱਤੀ ਗਈ ਕੋਈ ਸਲਾਹ ਕਈ ਵਾਰ ਰਹਿਮ ਦੀ ਪਟੀਸ਼ਨ ਦਾ ਉਦੇਸ਼ ਵੀ ਬੇਮਾਅਨਾ ਕਰ ਸਕਦੀ ਹੈ। ਫਿਰ ਵੀ ਜੇਕਰ ਮਾਮਲੇ ਨੂੰ ਅੰਤਿਮ ਰੂਪ ਸਮਾਂ ਹੱਦ ਦੇ ਅੰਦਰ ਹੀ ਦੇ ਦਿੱਤਾ ਜਾਵੇ ਤਾਂ ਨਿਆਂ ਵਿਚ ਹੋਣ ਵਾਲੀ ਗ਼ੈਰ-ਜ਼ਰੂਰੀ ਦੇਰੀ ਨੂੰ ਰੋਕਿਆ ਜਾ ਸਕਦਾ ਹੈ।

ਇਸ ਨਾਲ ਸਬੰਧਤ ਧਿਰਾਂ ਅਤੇ ਆਮ ਜਨਤਾ ਦਾ ਨਿਆਂਪ੍ਰਣਾਲੀ ਪ੍ਰਤੀ ਵਿਸ਼ਵਾਸ ਹੋਰ ਵਧੇਗਾ। ਜੇਕਰ ਗ੍ਰਹਿ ਮੰਤਰਾਲਾ ਆਪਣੀ ਸਲਾਹ ਇਕ ਤੈਅ ਸਮਾਂ ਹੱਦ ਅੰਦਰ ਭੇਜੇਗਾ ਤਾਂ ਸੁਭਾਵਿਕ ਹੈ ਕਿ ਰਾਸ਼ਟਰਪਤੀ ਵੱਲੋਂ ਵੀ ਪਟੀਸ਼ਨ 'ਤੇ ਛੇਤੀ ਹੀ ਅੰਤਿਮ ਫ਼ੈਸਲਾ ਲੈਣਾ ਸੌਖਾ ਹੋ ਸਕਦਾ ਹੈ।

ਇਹ ਵੀ ਦੱਸਣਾ ਬਣਦਾ ਹੈ ਕਿ ਰਹਿਮ ਦੀ ਪਟੀਸ਼ਨ 'ਤੇ ਰਾਸ਼ਟਰਪਤੀ ਵੱਲੋਂ ਲਿਆ ਗਿਆ ਫ਼ੈਸਲਾ ਵੀ ਸੁਪਰੀਮ ਕੋਰਟ ਵਿਚ ਕੁਝ ਸੀਮਤ ਕਾਰਨਾਂ 'ਤੇ ਸੁਣਵਾਈ ਦੇ ਯੋਗ ਹੈ। ਭਾਵੇਂ ਸੁਪਰੀਮ ਕੋਰਟ ਵੱਲੋਂ ਫ਼ੈਸਲੇ ਦੀ ਮੈਰਿਟ ਨਹੀਂ ਦੇਖੀ ਜਾਂਦੀ ਪਰ ਅਦਾਲਤ ਇਹ ਜ਼ਰੂਰ ਘੋਖ ਸਕਦੀ ਹੈ ਕਿ ਕੀ ਫ਼ੈਸਲਾ ਸਾਰੇ ਪੱਖ ਵਿਚਾਰਨ ਮਗਰੋਂ ਲਿਆ ਗਿਆ ਹੈ, ਬਦਨੀਅਤ ਜਾਂ ਭ੍ਰਿਸ਼ਟਾਚਾਰੀ ਤਰੀਕੇ ਨਾਲ ਤਾਂ ਨਹੀਂ ਕੀਤਾ ਗਿਆ। ਅਦਾਲਤ ਇਹ ਵੀ ਵੇਖ ਸਕਦੀ ਹੈ ਕਿ ਕੀ ਰਾਸ਼ਟਰਪਤੀ ਕੋਲ ਸਾਰੇ ਸਬੰਧਤ ਤੱਥ ਰੱਖੇ ਗਏ ਸਨ? ਕੋਈ ਅਹਿਮ ਗੱਲ ਛੁਪਾਈ ਤਾਂ ਨਹੀਂ ਗਈ। ਫ਼ੈਸਲਾ ਮਨਮਰਜ਼ੀ 'ਤੇ ਤਾਂ ਆਧਾਰਤ ਨਹੀਂ ਹੈ। ਜੇਕਰ ਅਦਾਲਤ ਨੂੰ ਕੋਈ ਅਜਿਹਾ ਕਾਰਨ ਨਜ਼ਰ ਆਵੇ ਤਾਂ ਰਹਿਮ ਦੀ ਪਟੀਸ਼ਨ 'ਤੇ ਰਾਸ਼ਟਰਪਤੀ ਜਾਂ ਰਾਜਪਾਲ ਦੇ ਫ਼ੈਸਲੇ ਨੂੰ ਬਦਲਿਆ ਵੀ ਜਾ ਸਕਦਾ ਹੈ ਅਤੇ ਮਾਮਲਾ ਮੁੜ ਵਿਚਾਰਨ ਲਈ ਕਿਹਾ ਜਾ ਸਕਦਾ ਹੈ।

**- (ਲੇਖਕ ਸਾਬਕਾ ਵਧੀਕ ਜ਼ਿਲਾ ਤੇ ਸੈਸ਼ਨ ਜੱਜ ਹੈ)।**

## ਜਿਊਣ ਲਈ ਜੂਝਦਿਆਂ...

ਹਰੇ ਇਨਕਲਾਬ ਨੂੰ ਸਮਾਜ ਲਈ ਇੱਕ ਵਰਦਾਨ ਵਾਂਗ ਵੇਖਿਆ ਗਿਆ ਜਦਕਿ ਇਹ ਇੱਕ ਸਰਾਪ ਹੈ। ਇਹ ਪੱਛਮੀ ਉੱਦਮ ਮਨੁੱਖ, ਪਸ਼ੂ ਅਤੇ ਖੇਤੀਬਾੜੀ ਵਿਚਲੇ ਤਾਣੇ ਨੂੰ ਨਾ ਸਮਝ ਸਕਿਆ ਨਾ ਸਥਾਪਤ ਕਰ ਸਕਿਆ। ਹਰੇ ਇਨਕਲਾਬ ਦੇ ਨੀਤੀ ਘਾੜੇ ਤੇ ਇਸ ਦੇ ਪੈਰੋਕਾਰ ਇਨਾਂ ਤਿੰਨਾਂ ਨੂੰ ਇੱਕ ਦੂਜੇ ਤੋਂ ਵੱਖਰੀਆਂ ਸ਼ੈਆਂ ਵਜੋਂ ਵੇਖਦੇ ਹਨ ਜਿਨਾਂ ਦਾ ਆਪਸ ਵਿੱਚ ਕੋਈ ਰਿਸ਼ਤਾ ਨਾ ਹੋਵੇ। ਖੇਤੀਬਾੜੀ ਮੁਨਾਫੇਖੋਰੀ ਤਕ ਸੀਮਤ ਕਰਕੇ ਰੱਖ ਦਿੱਤੀ ਗਈ ਤੇ ਫ਼ਸਲੀ ਵਿਭਿੰਨਤਾ ਤਬਾਹ ਕਰ ਦਿੱਤੀ ਗਈ। ਪਸ਼ੂ ਪਾਲਣ ਸਿਰਫ ਦੁੱਧ ਵਪਾਰ ਦੀ ਮੰਗ ਪੂਰਤੀ ਤਕ ਸੀਮਤ ਕਰਕੇ ਰੱਖ ਦਿੱਤਾ ਗਿਆ। ਜੰਗਲਾਂ ਤੇ ਪਸ਼ੂ ਧਨ ਤੋਂ ਮਿਲ ਰਹੇ ਹੋਰ ਜੈਵਿਕ ਤੱਤਾਂ ਨੂੰ ਗੈਰ ਜ਼ਰੂਰੀ ਸਮਝ ਕੇ ਤਿਆਗ ਦਿੱਤਾ ਗਿਆ। ਇੱਕ ਪਾਸੇ ਹਰੇ ਇਨਕਲਾਬ ਨੂੰ ਸਿਰਫ ਵੱਧ ਪੈਦਾਵਾਰ ਨਾਲ ਮਾਪਿਆ ਜਾਣ ਲੱਗਿਆ ਤੇ ਦੂਜੇ ਪਾਸੇ ਜ਼ਮੀਨ ਵਿਚਲੇ ਤੱਤਾਂ ਦੇ ਪਲੀਤ ਹੋਣ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਧਰਤੀ ਦੀ ਮਿੱਟੀ ਉੱਤੇ ਕੀਤੀ ਜਾ ਰਹੀ ਗੰਡੋਏ ਦੀ ਮਿਹਨਤ ਨੂੰ ਅਸਲ ਵਿੱਚ ਟਰੈਕਟਰ ਖਾਦ ਤੇ ਬੰਨ ਤਿੰਨਾਂ ਨਾਲ ਮਿਲਾ ਕੇ ਹੀ ਵੇਖਿਆ ਜਾ ਸਕਦਾ ਹੈ। ਪੁਰਾਣੀ ਖੇਤੀ ਵਿਚ ਇਸ ਦੀ ਬਹੁਤ ਮਹੱਤਵ ਸੀ, ਪਰ ਹਰੀ ਕ੍ਰਾਂਤੀ ਵਾਲੀ ਖੇਤੀ ਵਿਚੋਂ ਇਸ ਦੀ ਮਹਤਤਾ ਗਾਇਬ ਹੈ। ਇਹ ਜਾਦੂਮਈ ਵਿਗਿਆਨਕ ਬੀਜ ਅਸਲ ਵਿੱਚ ਆਮ ਨਾਲੋਂ ਤਿੰਨ ਚਾਰ ਗੁਣਾ ਵੱਧ ਤੱਤ ਜ਼ਮੀਨ ਵਿੱਚੋਂ ਨਿਚੋੜ ਲੈਂਦੇ ਸੀ। ੧੯੬੨ ਤੋਂ ਪਹਿਲਾਂ ਵਾਇਰਸ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਭਾਰਤ ਵਿੱਚ ਹੈ ਹੀ ਨਹੀਂ ਸੀ। ਇਹ ਸਭ ਆਏ ਹਰੇ ਇਨਕਲਾਬ ਦੇ ਨਾਲ ਹੀ। ਬੀਬੀ ਸ਼ਿਵਾ ਇਹ ਕਹਿੰਦੇ ਹਨ ਕਿ ਭਾਰਤ ਵਿਚ ਹਰੀ ਕ੍ਰਾਂਤੀ ਅਸਲ ਵਿਚ ਹਰੀ ਕ੍ਰਾਂਤੀ ਹੈ ਹੀ ਨਹੀਂ ਕਿਉਂਕਿ ਨਾ ਤਾਂ ਇਸ ਵਿੱਚ ਹਰਿਆਵਲ ਹੈ ਅਤੇ ਨਾ ਹੀ ਕੋਈ ਕ੍ਰਾਂਤੀ। ਹੁਣ ਇਹ ਕਿਹਾ ਜਾਣ ਲੱਗਿਆ ਹੈ ਕਿ ਜੀਵ ਵਿਗਿਆਨ ਹਰੇ ਇਨਕਲਾਬ ਦੇ ਦੁਰਪ੍ਰਭਾਵਾਂ ਦਾ ਇਲਾਜ ਕਰੇਗਾ ਤੇ ਨਜਿੱਠ ਲਵੇਗਾ। ਪਰ ਇਹ ਇੱਕ ਹੋਰ ਉੱਦਮ ਹੈ ਜੋ ਵਪਾਰੀਕਰਨ ਵਿੱਚ ਵਾਧਾ ਕਰੇਗਾ ਤੇ ਕੁਦਰਤ ਦੇ ਹੋਰ ਤੱਤ ਚੂਸ ਲਵੇਗਾ। ਹਰਾ ਇਨਕਲਾਬ ਮਿੱਟੀ ਦੀ ਮੌਤ ਦਾ ਮੁੱਖ ਦੋਸ਼ੀ ਹੈ। ਇਸ ਸਾਰੇ ਕਾਸੇ ਤੋਂ ਬਿਨਾਂ ਬੀਬੀ ਸ਼ਿਵਾ ਦਰਿਆਵਾਂ ਦੀ ਹੋਣੀ, ਬੰਨ ਵਪਾਰ ਤੇ ਪਾਣੀ ਦੀ ਕਿੱਲਤ ਆਦਿ ਬਾਰੇ ਵੀ ਗੱਲ ਕਰਦੇ ਹਨ।

(ਹਰਬੀਰ ਕੌਰ ਮਾਲਵਾ ਕਾਲਜ ਬੋਂਦਲੀ ਸਮਰਾਲਾ ਵਿਖੇ ਅੰਗਰੇਜ਼ੀ ਵਿਭਾਗ ਵਿੱਚ ਸਹਾਇਕ ਪ੍ਰੋਫੈਸਰ ਹਨ ਅਤੇ ਵਾਤਾਵਰਣ ਵਿਗਿਆਨ ਦੇ ਖੇਤਰ ਵਿਚ ਖੋਜ ਕਰ ਰਹੇ ਹਨ। ਉਹਨਾ ਦੇ ਬਹੁਤ ਸਾਰੇ ਪਰਚੇ ਅਤੇ ਇਕ ਕਿਤਾਬ ਵੀ ਪ੍ਰਕਾਸ਼ਤ ਹੋ ਚੁੱਕੀ ਹੈ। )

*ਇਹ ਲਿਖਤ ਦਾ ਮੂਲ ਰੂਪ ਅੰਗ੍ਰੇਜ਼ੀ ਵਿੱਚ ਹੈ, ਲੇਖਿਕਾ ਦੀ ਸਹਿਮਤੀ ਨਾਲ ਅੰਮ੍ਰਿਤਸਰ ਟਾਈਮਜ਼ ਦੇ ਪਾਠਕਾਂ ਲਈ ਇਸਦਾ ਪੰਜਾਬੀ ਅਨੁਵਾਦ ਛਾਪ ਰਹੇ ਹਾਂ - ਸੰਪਾਦਕ।*

## ਯੂ.ਏ.ਪੀ.ਏ ਤਹਿਤ ਝੂਠੇ...

ਪਾਲ ਸਿੰਘ ਫਰਾਂਸ, ਜਿਹਨਾਂ ਨੂੰ 6 ਵੱਖੋ-ਵੱਖਰੇ ਮਾਮਲਿਆਂ ਵਿੱਚ ਯੂ.ਏ.ਪੀ.ਏ. ਤਹਿਤ ਨਾਮਜ਼ਦ ਕੀਤਾ ਗਿਆ ਸੀ ਅਤੇ ਜੋ ਹੁਣ ਸਾਰੇ ਹੀ ਮਾਮਲਿਆਂ ਵਿੱਚੋ ਬਰੀ ਹੋ ਚੁੱਕੇ ਹਨ, ਨੇ ਦੱਸਿਆ ਕਿ ਪੁਲਿਸ ਨੇ ਅਦਾਲਤ ਨੂੰ ਦੱਸਿਆ ਕਿ ਮੈਂ ਦੇਸ ਤੇ ਸਰਕਾਰ ਵਿਰੁੱਧ ਲੜਾਈ ਲੜ ਰਿਹਾ ਸੀ। ਜੱਜ ਨੇ ਪੁਲਿਸ ਅਧਿਕਾਰੀ ਨੂੰ ਪੁੱਛਿਆ ਕਿ ਮੇਰੇ ਵਲੋਂ ਕਿੰਨੇ ਕੁ ਆਦਮੀ, ਹਥਿਆਰ ਅਤੇ ਸਰੋਤਾਂ ਨੂੰ ਦੇਸ਼ ਤੇ ਸਰਕਾਰ ਵਿਰੁੱਧ ਜੰਗ ਛੇੜਨ ਲਈ ਵਰਤਿਆ ਸੀ? ਪੁਲਸ ਕੋਲ ਇਸਦਾ ਕੋਈ ਉੱਤਰ ਨਹੀਂ ਸੀ। ਅਗਲੇ ਦਿਨ ਪੁਲਸ ਅਧਿਕਾਰੀ ਨੇ ਉਸੇ ਬਿਨੈ ਪੱਤਰ ਨੂੰ ਕਿਸੇ ਹੋਰ ਜੱਜ ਮੂਹਰੇ ਪੇਸ਼ ਕੀਤਾ ਅਤੇ ਮੇਰੀ ਯੂ.ਏ.ਪੀ.ਏ. ਤਹਿਤ ਮੇਰੀ ਜਮਾਨਤ ਨਾਮੰਜੂਰ ਕਰ ਦਿੱਤੀ ਗਈ।'

ਰਵਿੰਦਰ ਸਿੰਘ ਰਿੰਕੂ, ਇਕ ਹੋਰ ਅਜਿਹਾ ਵਿਅਕਤੀ ਹੈ ਜਿਸ ਨੂੰ ਯੂ.ਏ.ਪੀ.ਏ ਤਹਿਤ ਨਾਮਜ਼ਦ ਕੀਤਾ ਗਿਆ ਸੀ। ਰਵਿੰਦਰ ਸਿੰਘ ਰਿੰਕੂ ਨੇ ਦੱਸਿਆ ਕਿ, ਮੇਰੇ ਉੱਤੇ ਸ਼ਿੰਗਾਰ ਬੰਬ ਧਮਾਕੇ ਲਈ ਮਾਮਲਾ ਦਰਜ ਕੀਤਾ ਗਿਆ ਸੀ। ਧਮਾਕੇ ਤੋਂ ਬਾਅਦ ਪੁਲਿਸ ਨੇ ਸਿੱਖ ਨੌਜਵਾਨਾਂ ਅੰਨੇਵਾਹ ਫੜਿਆ ਸੀ। 2014 ਵਿੱਚ ਕੇਸ ਵਿੱਚੋਂ ਬਰੀ ਹੋਣ ਤੋਂ ਪਹਿਲਾਂ ਮੈਂ ਸੱਤ ਸਾਲ ਸਲਾਖਾਂ ਪਿੱਛੇ ਰਿਹਾ। ਗ੍ਰਿਫਤਾਰੀ ਦੇ ਸਮੇਂ ਮੈਂ 31 ਸਾਲਾਂ ਦਾ ਸੀ ਅਤੇ ਟੈਂਪੂ ਚਲਾਉਂਦਾ ਸੀ। ਮੇਰੇ ਜੇਲ ਵਿੱਚ ਹੋਣ ਕਾਰਨ ਮੇਰੀ ਪਤਨੀ ਨੂੰ ਦਰ-ਦਰ ਮਜਦੂਰੀ ਕਰਨੀ ਪਈ ਸੀ।' ਧਮਾਕੇ ਦੇ ਕੇਸ ਦੇ ਸਾਰੇ ਹੋਰ ਮੁੱਖ ਦੋਸ਼ੀ ਵੀ ਅਦਾਲਤ ਵੱਲੋਂ ਸਾਰੇ ਦੋਸ਼ਾਂ ਤੋਂ ਬਰੀ ਹੋ ਗਏ ਸਨ।

ਰੋਫਲ ਉਰਫ ਰਾਹੁਲ ਦਾ ਮਾਮਲਾ ਇੱਕ ਹੋਰ ਯੂ.ਏ.ਪੀ.ਏ ਤਹਿਤ ਦਰਜ ਹੋਇਆ ਮਾਮਲਾ ਹੈ ਜੋ ਮੰਝਪੁਰ ਦੀ ਸੂਚੀ ਵਿੱਚ ਨਹੀਂ ਹੈ। ਰੋਫਲ ਨੂੰ 2018 ਵਿੱਚ 'ਸਿੱਖ ਫਾਰ ਜਸਟਿਸ' ਨਾਲ ਕਥਿਤ ਸਬੰਧਾਂ ਲਈ ਰਾਜਧਰੋਹ ਅਤੇ ਯੂ.ਏ.ਪੀ.ਏ ਤਹਿਤ ਅੰਮ੍ਰਿਤਸਰ ਵਿੱਚ ਨਾਮਜ਼ਦ ਕੀਤਾ ਗਿਆ ਸੀ, ਜਦੋਂ ਅਜੇ 'ਸਿਖਸ ਫਾਰ ਜਸਟਿਸ' ਭਾਰਤ ਵਿੱਚ ਬੈਨ ਵੀ ਨਹੀਂ ਕੀਤੀ ਗਈ ਸੀ।

ਰਪਟ ਮੁਤਾਬਿਕ, ਰਾਹੁਲ ਤੋਂ ਕਥਿਤ ਤੌਰ 'ਤੇ ਬਰਾਮਦ ਕੀਤੀ ਗਈ ਪਿਸਤੌਲ ਨਾਲ ਦੇਸ਼ ਧ੍ਰੋਹ ਦੇ ਮਾਮਲੇ ਨਾਲ ਸਬੰਧਤ ਕੋਈ ਜੁਰਮ ਨਹੀਂ ਕੀਤਾ ਗਿਆ ਸੀ। ਉਸ ਕੋਲੋਂ ਦੋ ਪਿਸਤੌਲ ਬਰਾਮਦ ਕੀਤੇ ਗਏ ਸਨ, ਜਿਨਾਂ ਵਿਚੋਂ ਇਕ ਉਸ ਨੇ ਆਪਣੇ ਦੋਸਤ ਸੋਨੀ ਨੂੰ ਦਿੱਤਾ ਸੀ, ਜੋ ਬਾਅਦ ਵਿਚ ਬਟਾਲਾ ਵਿਚ ਉਸ ਪਿਸਤੌਲ ਦੀ ਵਰਤੋਂ ਕਰਦਿਆਂ ਆਤਮ-ਹੱਤਿਆ ਕਰ ਕੇ ਮਰ ਗਿਆ। ਖੁਦਕੁਸ਼ੀ ਦਾ ਚੱਲ ਰਹੇ (ਰੋਫਲ ਵਾਲੇ) ਮਾਮਲੇ ਨਾਲ ਕੋਈ ਸਬੰਧ ਨਹੀਂ ਸੀ।

ਰਾਹੁਲ/ਰੋਫਲ ਖਿਲਾਫ ਚਲਾਨ ਪਹਿਲਾਂ ਹੀ ਅਦਾਲਤ ਵਿੱਚ ਦਾਇਰ ਕੀਤਾ ਜਾ ਚੁੱਕਾ ਹੈ। ਇਸ ਮਾਮਲੇ ਦੇ ਜਾਂਚ ਅਧਿਕਾਰੀ ਪਲਵਿੰਦਰ ਸਿੰਘ ਨੇ ਦੱਸਿਆ ਕਿ, ਅਜੇ ਇਸ ਗੱਲ ਦੀ ਜਾਂਚ ਨਹੀਂ ਹੋ ਸਕੀ ਕਿ ਰੋਫਲ ('ਸਿਖਸ ਫਾਰ ਜਸਟਿਸ') ਗਠਜੋੜ ਦਾ ਹਿੱਸਾ ਕਿਉਂ ਸੀ। ਅਜੇ ਇਸ ਗੱਲ ਦੀ ਜਾਂਚ ਕੀਤੀ ਜਾਣੀ ਹੈ ਕਿ ਉਹ ਜਿਸ ਕਤਲ ਦੀ ਯੋਜਨਾ ਬਣਾ ਰਿਹਾ ਸੀ, ਉਹ ਰੈਫਰੈਂਡਮ 2020 ਨਾਲ ਜੁੜਦਾ ਸੀ ਜਾਂ ਨਹੀਂ।'

ਰੋਫਲ ਦੀ ਵਕੀਲ ਕੁਲਵਿੰਦਰ ਕੌਰ ਨੇ ਦੱਸਿਆ ਕਿ,ਰੋਫਲ ਯੂਏਪੀਏ ਕਾਰਨ ਹੀ ਜੇਲ ਵਿੱਚ ਹੈ ਨਹੀਂ ਤਾਂ ਉਸ 'ਤੇ ਸਿਰਫ ਆਰਮਜ਼ ਐਕਟ ਤਹਿਤ ਕੇਸ ਦਰਜ ਹੋਣਾ ਚਾਹੀਦਾ ਸੀ ਅਤੇ ਜ਼ਮਾਨਤ' ਤੇ ਰਹਿੰਦੇ ਹੋਏ ਉਸ ਉੱਤੇ ਮੁਕੱਦਮਾ ਚੱਲਣਾ ਸੀ।'

ਵਕੀਲ ਜਸਪਾਲ ਸਿੰਘ ਮੰਝਪੁਰ ਨੇ ਕਿਹਾ ਕਿ, ਯੂ.ਏ.ਪੀ.ਏ. ਹੁਣ ਟਾਡਾ ਅਤੇ ਪੋਟਾ ਨਾਲੋਂ ਵਧੇਰੇ ਖ਼ਤਰਨਾਕ ਹੈ।

ਪੋਟਾ ਰੱਦ ਕੀਤੇ ਜਾਣ ਤੋਂ ਕਾਫੀ ਪਹਿਲਾਂ ਹੀ ਯੂਏਪੀਏ ਨੂੰ ਬਹੁਤ ਕਠੋਰ/ ਖੁਟੱੜਾ ਕੀਤਾ ਜਾ ਚੁੱਕਾ ਸੀ। ਸੰਸਦ ਅਤੇ ਜਨਤਾ ਵਿਚ ਇਸ ਬਾਰੇ ਖੁੱਲੀ ਬਹਿਸ ਕਰਨ ਦੀ ਫੌਰੀ ਜ਼ਰੂਰਤ ਹੈ ਕਿ ਕਿਸ ਢੰਗ ਨਾਲ ਘੱਟਗਿਣਤੀ ਭਾਈਚਾਰਿਆਂ ਦੇ ਨੌਜਵਾਨਾਂ ਨੂੰ ਤੰਗ/ਪਰੇਸ਼ਾਨ ਕਰਨ ਲਈ ਯੂਏਪੀਏ ਨੂੰ ਵਰਤਿਆ ਜਾਂਦਾ ਹੈ।'

ਇਹ ਖਬਰ ਅੰਗਰੇਜ਼ੀ ਵਿੱਚ ਇੰਡੀਅਨ ਐਕਸਪ੍ਰੈਸ ਵਿੱਚ ਲੱਗੀ ਸੀ। ਅੰਮ੍ਰਿਤਸਰ ਟਾਈਮਜ਼ ਆਪਣੇ ਪਾਠਕਾਂ ਲਈ ਇਸ ਦਾ ਪੰਜਾਬੀ ਅਨੁਵਾਦ ਛਾਪ ਰਿਹਾ ਹੈ - ਸੰਪਾਦਕ।

## ਨੈਨਸੀ ਪੇਲੋਸੀ ਦਾ ਪਤੀ...

ਆਈਜ਼ਨਬਰਗਰ ਨੇ ਕਿਹਾ, ਕੈਲੀ ਦਾ ਛੋਟਾ ਪਰਿਵਾਰਕ ਕਾਰੋਬਾਰ 200 ਤੋਂ ਵੱਧ ਪੱਛਮੀ ਪੈਨਸਿਲਵੇਨ ਵਾਸੀਆਂ ਨੂੰ ਨੌਕਰੀ ਕਰਦਾ ਹੈ ਜਿਨਾਂ ਦੀ ਨੌਕਰੀ ਜੋਖਮ ਵਿੱਚ ਸੀ ਰਾਜਪਾਲ ਵੁਲਫ ਦੇ ਕਾਰੋਬਾਰ ਬੰਦ ਹੋਣ ਦੇ ਆਦੇਸ਼ ਕਾਰਨ, ਨੁਕਸਾਨ ਹੋਇਆ ਹੈ।

ਪੇਚੇਕ ਪ੍ਰੋਟੈਕਸ਼ਨ ਪ੍ਰੋਗਰਾਮ ਉਨਾਂ ਕਾਮਿਆਂ ਦੀ ਆਮਦਨੀ ਨੂੰ ਬਰਕਰਾਰ ਰੱਖਣ ਲਈ ਤਿਆਰ ਕੀਤਾ ਗਿਆ ਸੀ, ਜੋ ਕੋਰਨਵਾਇਰਸ ਮਹਾਂਮਾਰੀ ਦੌਰਾਨ ਕੋਈ ਕਸੂਰ ਕੀਤੇ ਬਿਨਾਂ ਤਨਖਾਹ ਜਾਂ ਰੁਜ਼ਗਾਰ ਤੋਂ ਵਾਝੇ ਹੁੰਦੇ, ਅਤੇ ਜਿਨਾਂ ਸੰਗਠਨਾਂ ਵਿਚ ਕਾਂਗਰਸ ਦੇ ਮੈਂਬਰਾਂ ਦੀ ਮਾਲਕੀਅਤ ਹਿੱਸੇਦਾਰੀ ਹੁੰਦੀ ਹੈ, ਨੂੰ ਪੀ ਪੀ ਪੀ ਪ੍ਰਾਪਤ ਕਰਨ ਤੋਂ ਵਰਜਿਆ ਨਹੀਂ ਜਾਂਦਾ ਸੀ। ਇਸ ਮੁਸ਼ਕਲ ਸਮੇਂ ਦੌਰਾਨ ਆਪਣੇ ਕਰਮਚਾਰੀਆਂ ਦੀ ਸਹਾਇਤਾ ਲਈ ਕਰਜ਼ੇ ਕਰੇ ਹਨ।

ਸਮਾਲ ਬਿਜਨਸ ਐਡਮਿਨਿਸਟ੍ਰੇਸ਼ਨ ਦੀ ਸੂਚੀ ਵਿੱਚ ਸੋਮਵਾਰ ਨੂੰ ਜਾਰੀ ਕੀਤੀ ਗਈ ਲਗਭਗ 660,000 ਲੋਨ ਪ੍ਰਾਪਤ ਕਰਨ ਵਾਲਿਆਂ ਨੂੰ ਦਰਸਾਉਂਦੀ ਹੈ, ਅਤੇ ਡੇਟਾ ਵਿੱਚ ਵਾਧੂ ਸੰਸਦ ਮੈਂਬਰਾਂ ਨਾਲ ਜੁੜੀਆਂ ਫਰਮਾਂ ਸ਼ਾਮਲ ਹੋ ਸਕਦੀਆਂ ਹਨ।

ਸੇਨ ਜੋਨੀ ਅਰਨਸਟ (ਆਰ-ਆਇਓਵਾ) ਨੇ ਸੰਸਦ ਮੈਂਬਰਾਂ ਅਤੇ ਉਨਾਂ ਦੇ ਪਰਿਵਾਰਾਂ ਨਾਲ ਜੁੜੇ ਕਰਜ਼ਿਆਂ ਦੇ ਖੁਲਾਸੇ ਨੂੰ ਮਜਬੂਰ ਕਰਨ ਲਈ ਇਸ ਸਾਲ ਕਾਨੂੰਨ ਦਾ ਪ੍ਰਸਤਾਵ ਰੱਖਿਆ ਹੈ। ਸਿਕਉਰਟੀਜ਼ ਐਂਡ ਐਕਸਚੇਂਜ ਕਮਿਸ਼ਨ ਵੱਲੋਂ ਦਾਇਰ ਕੀਤੀ ਗਈ ਇਕ ਫਾਈਲਿੰਗ ਦੇ ਅਨੁਸਾਰ, ਕਰਜ਼ੇ ਲੈਣ ਲਈ ਚਾਰ ਸੰਸਦ ਮੈਂਬਰਾਂ ਨਾਲ ਜੁੜੀਆਂ ਕੰਪਨੀਆਂ ਲੀ ਦੇ ਪਤੀ ਦਾ ਕੈਸੀਨੋ ਕਾਰੋਬਾਰ ਫੁੱਲ ਹਾਊਸ ਰਿਜ਼ੋਰਟਸ ਵਿੱਚ .6 ਮਿਲੀਅਨ ਲੈ ਰਹੀਆਂ ਹਨ। ਫਰੈਸ਼ਮੈਨ ਕਾਂਗਰਸਵੁਮੈਨ ਨੇ ਐਸਬੀਏ ਅਤੇ ਖਜ਼ਾਨਾ ਵਿਭਾਗ ਦੀ ਪੈਰਵੀ ਕੀਤੀ ਸੀ ਤਾਂ ਜੋ ਕੈਸੀਨੋ ਨੂੰ ਯੋਗ ਬਣਨ ਦਿੱਤਾ ਜਾ ਸਕੇ। ਵਿਲੀਅਮਜ਼ ਦੀ ਮਾਲਕੀ ਵਾਲੀ ਇੱਕ ਕਾਰ ਡੀਲਰਸ਼ਿਪ, ਜੋ ਕਿ ਕਾਂਗਰਸ ਦੇ ਸਭ ਤੋਂ ਅਮੀਰ ਮੈਂਬਰਾਂ ਵਿੱਚੋਂ ਇੱਕ ਹੈ, ਨੇ ਕਿਹਾ ਕਿ ਇਸ ਨੂੰ ਇੱਕ ਕਰਜ਼ਾ ਮਿਲਿਆ ਹੈ, ਅਤੇ ਹਾਰਟਜ਼ਲਰ ਨੇ ਖੁਲਾਸਾ ਕੀਤਾ ਕਿ ਉਸ ਦੇ ਪਰਿਵਾਰ ਦੀ ਮਾਲਕੀ ਵਾਲੇ ਖੇਤ ਅਤੇ ਉਪਕਰਣਾਂ ਦੇ ਕਾਰੋਬਾਰਾਂ ਵਿੱਚ ਲਗਭਗ 480,000 ਡਾਲਰ ਦੇ ਕਰਜ਼ੇ ਪ੍ਰਾਪਤ ਹੋਏ ਹਨ। ਮੁਕਰਸੇਲ-ਪਾਵੇਲ ਦਾ ਪਤੀ ਫਿਏਸਟਾ ਰੈਸਟੋਰੈਂਟ ਸਮੂਹ ਦੇ ਵਕੀਲ ਵਜੋਂ ਕੰਮ ਕਰਦਾ ਹੈ, ਜਿਸ ਨੂੰ 15 ਮਿਲੀਅਨ ਦੇ ਕਰਜ਼ੇ ਪ੍ਰਾਪਤ ਹੋਏ ਪਰ ਪੈਸੇ ਵਾਪਸ ਕਰ ਦਿੱਤੇ ਜਦੋਂ ਹੋਰ ਰੈਸਟੋਰੈਂਟ ਚੇਨ ਪੜਤਾਲ ਦੇ ਘੇਰੇ ਵਿੱਚ ਆਈ ਹੈ।ਉਸ ਦੇ ਦਫਤਰ ਨੇ ਖ਼ਬਰਾਂ ਨੂੰ ਦੱਸਿਆ ਕਿ ਉਹ ਕਰਜ਼ਿਆਂ ਵਿੱਚ ਅਣਵੰਡੇ ਹੋਏ ਸਨ।

ਵੱਡੇ ਦਿਗਜੇ ਨੇ ਇਸ ਸਟਿਮੂਲਸ ਬਿਲ ਦਾ ਭਾਰੀ ਲਾਭ ਪ੍ਰਾਪਤ ਕੀਤਾ ਹੈ, ਜਦ ਕਿ ਇਹਨਾ ਨੂੰ ਲੋੜ ਨਹੀਂ ਸੀ। ਖੁਲਾਸੇ ਹੋਣ ਉਪਰੰਤ ਇਹ ਸੌਚੀ ਪੈ ਗਏ ਹਨ। ਕਰੀਆ ਨੇ ਖ਼ਬਰ ਛਪਣ ਤੋ ਪਹਿਲਾ ਗਰਾਟਸ ਵਾਪਸ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ।

## ਕੀ ਹੋਵੇ ਪੰਜਾਬ ਦੇ ਪੁਨਰ...

ਲੇਬਰ ਉਪਰ ਨਿਰਭਰਤਾ ਘਟਾ ਕੇ, ਪੰਜਾਬ ਨੇ ਆਟੋਮੇਸ਼ਨ ਵੱਲ ਅਗਲਾ ਕਦਮ ਪੁਟਣਾ ਸ਼ੁਰੂ ਕਰ ਦਿੱਤਾ ਹੈ। ਇਸੇ ਤਰਾਂ, ਵਿਕਸਤ ਮੁਲਕਾਂ ਦੀ ਜਿਹੜੀ ਸਨਅਤ ਸਸਤੀ ਲੇਬਰ ਦੇ ਲਾਲਚ ਵਿਚ ਵਿਕਾਸਸ਼ੀਲ ਮੁਲਕਾਂ ਵਿਚ ਪ੍ਰਵਾਸ ਕਰ ਗਈ ਸੀ, ਉਸ ਨੇ ਵਾਪਿਸ ਆਉਣ ਲਈ ਰੋਬੋ ਤਕਨਾਲੋਜੀ ਨੂੰ ਸਸਤੀ ਲੇਬਰ ਦੇ ਬਦਲ ਵਜੋਂ ਦੇਖਣਾ ਸ਼ੁਰੂ ਕਰ ਦਿੱਤਾ ਹੈ।ਆਰਟੀਫੀਸ਼ਲ ਇੰਟੈਲੀਜੈਂਸ ਅਤੇ ਰੋਬੋ ਤਕਨਾਲੋਜੀ ਦੀ ਖੋਜ ਉਪਰ ਨਿਵੇਸ਼ ਵਧੇਗਾ। ਜਿਹੜੇ ਲੋਕ ਆਰਟੀਫੀਸ਼ਲ ਇੰਟੈਲੀਜੈਂਸ ਦਾ ਇਸ ਲਈ ਵਿਰੋਧ ਕਰ ਰਹੇ ਸਨ ਕਿ ਇਸ ਨਾਲ ਬੇਰੁਜ਼ਗਾਰੀ ਵਧੇਗੀ, ਉਨਾਂ ਦੀ ਹੁਣ ਕੋਈ ਨਹੀਂ ਸੁਣਨ ਵਾਲਾ। ਨਵੀਂ ਤਕਨਾਲੋਜੀ ਦੀ ਖੋਜ, ਸਿਖਿਆ ਅਤੇ ਟਰੇਨਿੰਗ ਵਿਚ ਨਿਵੇਸ਼ ਅਤੇ ਨਵੇਂ ਮਾਈਂਡ ਸੈਟ ਦਾ ਨਿਰਮਾਣ ਹੀ ਭਵਿਖ ਵਿਚ ਮੁਲਕਾਂ ਦੀ ਹੋਣੀ ਤਹਿ ਕਰਨਗੇ।

ਇਹ ਲੋਕ ਰੁਲਣ ਵੀ ਕਿਉਂ ਨਾ। ਭਾਰਤ ਦੀ ਕੁਲ ਪੂੰਜੀ ਦਾ 77 ਪ੍ਰਤੀਸ਼ਤ ਹਿੱਸਾ ਤਾਂ ਉਪਰਲੇ ਇਕ ਪ੍ਰਤੀਸ਼ਤ ਅਮੀਰ ਲੋਕ ਹੀ ਸਾਂਭੀ ਬੈਠੇ ਹਨ। ਅਮੀਰ ਗਰੀਬ ਵਿਚਲਾ ਇਹ ਪਾੜਾ ਘਟਣ ਦੀ ਥਾਂ ਤੇਜ਼ੀ ਨਾਲ ਵਧ ਰਿਹਾ ਹੈ। ਸੜਕਾਂ ਤੇ ਨਿਕਲੇ ਤਾਂ ਇਨਾਂ ਦੀ ਕਹਾਣੀ ਮੀਡੀਆ ਦੀ ਮਜਬੂਰੀ ਬਣ ਗਈ। ਝੁਗੀਆਂ ਵਿਚ ਤਾਂ ਉਸੇ ਦਿਨ ਤੋਂ ਸੜ ਰਹੇ ਸਨ, ਜਿਸ ਦਿਨ ਇਨਾਂ ਲੋਕਾਂ ਨੇ ਇਕ ਪ੍ਰਤੀਸਤ ਲੋਕਾਂ ਦੇ ਸਵਰਗ ਦੀ ਸਿਰਜਣਾ ਕਰਨ ਲਈ, ਉਨਾਂ ਤੋਂ ਬਦਲੇ ਵਿਚ ਮਿਲਣ ਵਾਲੇ ਨਰਕ ਨੂੰ ਕਬੂਲ ਕਰ ਲਿਆ ਸੀ।

ਲੌਕ ਡਾਊਨ ਦੇ ਚਲਦਿਆ ਇਹ ਝੁਗੀਆਂ ਤੋਂ ਬਾਹਰ ਮੁਜਾਹਰਾ ਕਰਨ ਲਈ ਨਹੀਂ, ਰੋਟੀ ਦੀ ਤਲਾਸ਼ ਵਿਚ ਨਿਕਲੇ ਸਨ। ਜਦੋਂ ਤਲਾਸ਼ ਦੇ ਨਾਲ ਨਾਲ ਆਸ ਵੀ ਮੁਕ ਗਈ, ਤਾਂ ਆਪੋ ਆਪਣੀ ਗਠੜੀ ਵਿਚ ਪੂਰਾ ਘਰ ਸਮੇਟ ਕੇ ਭੁਖਣ ਭਾਣੇ ਪਿੰਡਾਂ ਨੂੰ ਤੁਰ ਪਏ। ਸ਼ਹਿਰਾਂ ਕੋਲ ਇਨਾਂ ਨੂੰ ਦੇਣ ਲਈ ਅਨਾਜ ਤਾਂ ਬਹੁਤ ਸੀ। ਸਰਕਾਰੀ ਗੋਦਾਮ ਭਰੇ ਪਏ ਸਨ। ਪਰ ਇਨਾਂ ਵਿਚ ਹੀ ਢਿਡ ਭਰ ਕੇ ਖਾਣ ਜੋਗਾ ਅਨਾਜ ਖਰੀਦਣ ਦੀ ਸਮਰੱਥਾ ਨਹੀਂ ਸੀ। ਕਿਉਂਕਿ ਇਨਾਂ ਵਿਚ ਅਨਾਜ ਖਰੀਦਣ ਦੀ ਸਮਰੱਥਾ ਨਹੀਂ ਸੀ, ਇਸ ਲਈ ਸਰਕਾਰ ਨੇ ਵਾਧੂ ਪਏ ਅਨਾਜ ਨੂੰ ਸੜਨ ਤੋਂ ਬਚਾਉਣ ਲਈ ਸੈਨੇਟਾਈਜ਼ਰ ਬਨਾਉਣ ਵਾਸਤੇ ਇਸਤੇਮਾਲ ਕਰਨ ਦਾ ਫੈਸਲਾ ਲੈ ਲਿਆ ਹੈ। ਇਨਾਂ ਦੀ ਭੁਖਮਰੀ ਦਾ ਕਾਰਨ ਅਨਾਜ ਦੀ ਘਾਟ ਨਹੀਂ, ਇਨਾਂ ਦੀ ਗਰੀਬੀ ਹੈ। ਜਿੰਨਾ ਖਰਚ ਅਸੀਂ ਪਾਲਤੂ ਕੁਤਿਆਂ ਦੀ ਖੁਰਾਕ ਤੇ ਕਰਦੇ ਹਾਂ, ਉਸਤੋਂ ਵੀ ਘੱਟ ਪੈਸਿਆ ਨਾਲ ਇਨਾਂ ਦੀ ਰੋਟੀ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾ ਸਕਦਾ ਸੀ। ਭੁਖਮਰੀ ਅਤੇ ਗਰੀਬੀ, ਵਸੀਲਿਆ ਦੀ ਘਾਟ ਵਿਚੋਂ ਨਹੀਂ, ਗੰਦੀ ਸਿਆਸਤ ਵਿਚੋਂ ਪੈਦਾ ਹੁੰਦੀ ਹੈ। ਸਿਆਸਤ ਨੂੰ ਕੋਸਣ ਨਾਲੋਂ ਇਹ ਸੋਚਣਾ ਵਧੇਰੇ ਜ਼ਰੂਰੀ ਹੈ ਕਿ ਅਨਾਜ ਸਸਤਾ ਕਿਵੇਂ ਹੋਵੇ ਤੇ ਮਜ਼ਦੂਰਾਂ ਦੀ ਆਮਦਨ ਕਿਵੇਂ ਵਧਾਈ ਜਾਵੇ। ਅਨਾਜ ਦੇ ਪੈਦਾਵਾਰੀ ਖਰਚੇ ਘਟਾਉਣੇ ਅਤੇ ਮਜ਼ਦੂਰਾਂ ਦੀ ਆਮਦਨ ਵਧਾਉਣੀ, ਦੋਵੇਂ ਤਕਨਾਲੋਜੀ ਦੇ ਵਿਕਾਸ ਨਾਲ ਜੁੜੇ ਹੋਏ ਮਸਲੇ ਹਨ। ਇਸ ਲਈ ਹੱਲ ਹੋ ਸਕਦੇ ਹਨ।

ਪਰ ਥੋਮਸ ਪਿਕਟੀ ਆਪਣੀਆਂ ਜਗਤ ਪ੍ਰਸਿਧ ਪੁਸਤਕਾਂ 'ਕੈਪੀਟਲ ਇਨ ਟਵੈਂਟੀ ਫਸਟ ਸੈਂਚਰੀ' (2013) ਅਤੇ 'ਕੈਪੀਟਲ ਐਂਡ ਆਈਡੀਆਲੋਜੀ' (2020) ਵਿਚ, ਆਪਣੇ ਵਿਸਤਰਿਤ ਅਧਿਐਨ ਰਾਹੀ ਸਪਸ਼ਟ ਕਰ ਦਿੰਦੇ ਹਨ ਕਿ ਨਵ-ਉਦਾਰਵਾਦੀ ਪੈਦਾਵਾਰੀ ਪ੍ਰਬੰਧ ਵਿਚ, ਪੂੰਜੀ ਦੇ ਕਿਰਾਏ ਵਿਚ ਵਾਧੇ ਦੀ ਦਰ, ਆਰਥਿਕ ਵਿਕਾਸ ਵਿਚ ਵਾਧੇ ਦੀ ਦਰ ਨਾਲੋਂ ਜਿਆਦਾ ਹੁੰਦੀ ਹੈ। ਇਸੇ ਕਰਕੇ, ਵਰਤਮਾਨ ਸਮਿਆਂ ਵਿਚ, ਆਰਥਿਕ ਨਾਬਰਾਬਰੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਪਿਕਟੀ ਦੇ ਸੁਝਾਵਾਂ, ਜਿਨਾਂ ਦੀ ਆਪਾਂ ਅੱਗੇ ਜਾ ਕੇ ਗੱਲ ਵੀ ਕਰਾਂਗੇ, ਅਨੁਸਾਰ ਇਸ ਸਮੱਸਿਆ ਨੂੰ ਕੇਵਲ ਪਰੋਗਰੇਸਿਵ ਵੈਲਥ ਟੈਕਸ ਦੀਆਂ ਰਾਜਨੀਤਕ ਤਜ਼ਵੀਜ਼ਾਂ ਰਾਹੀਂ ਹੀ ਹੱਲ ਕੀਤਾ ਜਾ ਸਕਦਾ ਹੈ। ਸੋ, ਪੈਦਾਵਾਰ ਵਿਚ ਵਾਧੇ ਨਾਲ ਮਜ਼ਦੂਰਾਂ ਦੀ ਸਮੱਸਿਆ ਘਟੇਗੀ ਨਹੀਂ, ਵਧ ਸਕਦੀ ਹੈ। ਕੇਵਲ ਰਾਜਨੀਤਕ ਪੱਧਰ ਤੇ, ਟੈਕਸੇਸ਼ਨ ਪਾਲਸੀਆਂ ਵਿਚ ਤਬਦੀਲੀ ਨਾਲ, ਵੈਲਥ ਦੀ ਰੀਡਿਸਰੀਬਿਊਸ਼ਨ ਰਾਹੀਂ ਹੀ ਸਮਾਜਕ ਨਿਆਂ ਦਾ ਸਿਲਸਿਲਾ ਸ਼ੁਰੂ ਹੋ ਸਕਦਾ ਹੈ। ਜਿਵੇਂ ਵਿਕਾਸ ਤੋਂ ਵੱਧ ਵਿਕਾਸ ਦੀਆਂ ਪ੍ਰਾਪਤੀਆਂ ਦੀ ਨਿਆਇਕ ਵੰਡ ਜ਼ਰੂਰੀ ਹੈ, ਉਸੇ ਤਰਾਂ ਮਨੁਖੀ ਗੌਰਵ ਦੀ ਪ੍ਰਾਪਤੀ ਲਈ ਇਸ ਨਿਆਇਕ ਵੰਡ ਨੂੰ ਸਸਟੇਨੇਬਲ ਬਨਾਉਣ ਵਾਸਤੇ ਵਿਦਿਅਕ ਸੁਧਾਰ ਸਭ ਤੋਂ ਜ਼ਰੂਰੀ ਹੋ ਗਏ ਹਨ।

ਜਿਸ ਸਮਾਜ ਵਿਚ ਕੇਵਲ ਰੋਜ਼ੀ ਰੋਟੀ ਹੀ ਨਹੀਂ, ਸਿਖਿਆ ਅਤੇ ਸਿਹਤ ਸੇਵਾਵਾਂ ਵਰਗੀਆਂ ਮੁਢਲੀਆਂ ਜ਼ਰੂਰਤਾਂ ਵੀ ਹਰ ਕਿਸੇ ਦੀ ਪਹੁੰਚ ਵਿਚ ਹੋਣ ਅਤੇ ਜਿਹੜਾ ਸਮਾਜ ਆਪਣਾ ਨਿਰਮਾਣ ਕਰਨ ਵਾਲੇ ਸਮਾਜ-ਸਭਿਆਚਾਰਕ ਅਤੇ ਆਰਥਕ ਰਾਜਨੀਤਕ ਫੈਸਲਿਆਂ ਵਿਚ ਸਭਨਾਂ ਦੀ ਬਰਾਬਰ ਭਾਈਵਾਲੀ ਨੂੰ ਯਕੀਨੀ ਬਣਾਵੇ, ਕੇਵਲ ਉਸੇ ਨੂੰ ਹੀ ਨਿਆਇਕ ਸਮਾਜ ਦਾ ਨਾਮ ਦਿਤਾ ਜਾ ਸਕਦਾ ਹੈ।

1.9 ਸਮਾਜਕ ਪੂੰਜੀਵਾਦ: ਇਕੱਲੇ ਵਿਅਕਤੀ ਦੀ ਮਿਹਨਤ ਨਾਲ ਨਹੀਂ, ਧਨ ਹਮੇਸ਼ਾ ਸਮਾਜਕ ਪ੍ਰਕਿਰਿਆ ਰਾਹੀਂ ਹੀ ਇਕੱਠਾ ਹੁੰਦਾ ਹੈ। ਕਾਨੂੰਨੀ, ਵਿੱਤੀ ਅਤੇ ਸਿਖਿਆ ਪ੍ਰਣਾਲੀਆਂ ਦੇ ਯੋਗਦਾਨ ਅਤੇ ਗਿਆਨ/ ਤਕਨਾਲੋਜੀ ਦੇ ਵਿਕਾਸ ਵਿਚ ਲੱਗੀ ਸਦੀਆਂ ਦੀ ਮਿਹਨਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜਿਸ ਭਾਈਚਾਰੇ ਦੀ ਸਹਾਇਤਾ ਨਾਲ ਅਮੀਰ ਲੋਕਾਂ ਨੇ ਏਨਾ ਧਨ ਇਕੱਤਰ ਕੀਤਾ ਹੈ, ਕੀ ਉਸ ਭਾਈਚਾਰੇ ਪ੍ਰਤੀ ਇਹਨਾ ਦਾ ਕੋਈ ਫਰਜ਼ ਨਹੀਂ ਬਣਦਾ। ਕੀ ਉਸ ਇਕੱਤਰ ਕੀਤੇ ਪੂੰਜੀ ਦੇ ਭੰਡਾਰਾਂ ਵਿਚੋਂ ਕੁਝ ਰਕਮ ਸਮਾਜ ਨੂੰ ਬਾਪਿਸ ਕਰਨਾ ਇਨਾਂ ਦੀ ਨੈਤਿਕ ਜ਼ਿੰਮੇਵਾਰੀ ਨਹੀਂ ਬਣਦੀ। ਵਰਤਮਾਨ ਸਮਿਆਂ ਵਿਚ, ਮਨੁੱਖੀ-ਪੂੰਜੀ ਪੈਦਾਵਾਰ ਦਾ ਪ੍ਰਮੁਖ ਸਾਧਨ ਬਣ ਗਈ ਹੈ। ਇਸ ਲਈ ਖੋਜ, ਸਿਖਿਆ, ਸਭਿਆਚਾਰ ਤੇ ਸਿਹਤ ਸੰਭਾਲ ਵਿਚ ਕੀਤੇ ਜਾਣ ਵਾਲੇ ਨਿਵੇਸ਼ ਦਾ ਲਾਭ ਤਾਂ ਆਖਰ ਵਿਚ ਇਨਾਂ ਲੋਕਾ ਨੂੰ ਹੀ ਹੋਣ ਵਾਲਾ ਹੈ। ਵੀਹਵੀਂ ਸਦੀ ਦੇ ਸ਼ੁਰੂ ਤੱਕ ਦਸ ਪ੍ਰਤੀਸ਼ਤ ਲੋਕ 80 ਤੋਂ 90 ਪ੍ਰਤੀਸ਼ਤ ਦੌਲਤ ਦੇ ਮਾਲਕ ਸਨ। ਬਹੁਤੇ ਮੁਲਕਾਂ ਵਿਚ ਤਾਂ ਇਕ ਪ੍ਰਤੀਸ਼ਤ ਲੋਕ 60 ਤੋਂ 70 ਪ੍ਰਤੀਸ਼ਤ ਦੌਲਤ ਸਾਂਭੀ ਬੈਠੇ ਸਨ। ਪਰ 1914-1945 ਦੇ ਸੰਕਟ ਨੇ ਦੁਨੀਆਂ ਨੂੰ ਨਵੇਂ ਰਾਹਾਂ ਤੇ ਚੱਲਣ ਲਈ ਮਜਬੂਰ ਕਰ ਦਿੱਤਾ। ਦੂਸਰੇ ਵਿਸ਼ਵ ਯੁਧ ਤੋਂ ਬਾਅਦ ਸਥਿਤੀ ਬਦਲ ਗਈ। ਉਪਰਲੇ ਦਸ ਪ੍ਰਤੀਸ਼ਤ ਲੋਕਾਂ ਕੋਲ 50 ਤੋਂ 60 ਪ੍ਰਤੀਸ਼ਤ ਅਤੇ ਇਕ ਪ੍ਰਤੀਸ਼ਤ ਕੋਲ ਪੂੰਜੀ ਦਾ ਕੇਵਲ 20 ਤੋਂ 30 ਪ੍ਰਤੀਸ਼ਤ ਹਿੱਸਾ ਹੀ ਰਹਿ ਗਿਆ। ਆਰਥਕ ਨਾਬਰਾਬਰੀ ਦੇ ਘਟਣ ਨਾਲ ਵਿਕਾਸ ਦੀ ਦਰ ਵਧਣ ਲੱਗ ਪਈ। ਇਸ ਗੱਲ ਨੇ ਸਾਬਤ ਕਰ ਦਿਤਾ ਸੀ ਕਿ ਪੂੰਜੀ ਦਾ ਕੁਝ ਹੱਥਾਂ ਵਿਚ ਕੇਂਦ੍ਰਿਤ ਹੋਣਾ ਆਰਥਕ ਅਤੇ ਸਨਅਤੀ ਵਿਕਾਸ ਦੀ ਸ਼ਰਤ ਨਹੀਂ ਹੈ। ਇਸ ਦੇ ਉਲਟ ਸਿਖਿਆ, ਸਿਹਤ ਸੰਭਾਲ ਤੇ ਸੁਖੀ ਜੀਵਨ ਸਨਅਤੀ ਵਿਕਾਸ ਦੀ ਸ਼ਰਤ ਬਣ ਗਏ ਸਨ।

ਥੈਚਰ-ਰੀਗਨ ਕਾਲ ਵਿਚ 1980ਵਿਆਂ ਤੋਂ ਬਾਅਦ ਕਹਾਣੀ ਫਿਰ ਉਲਟ ਗਈ। ਅਮਰੀਕਾ, ਰੂਸ, ਭਾਰਤ ਅਤੇ ਚੀਨ ਵਰਗੇ ਮੁਲਕਾਂ ਵਿਚ ਪੂੰਜੀ ਗਿਣੇ ਚੁਣੇ ਪਰਿਵਾਰਾਂ ਦੇ ਹੱਥਾਂ ਵਿਚ ਕੇਂਦ੍ਰਿਤ ਹੋ ਰਹੀ ਸੀ। ਪਰ ਜਰਮਨੀ ਵਰਗੇ ਯੋਰਪ ਦੇ ਬਹੁਤੇ ਮੁਲਕਾਂ ਨੇ ਆਰਥਕ ਨਾਬਰਾਬਰੀ ਨੂੰ ਬਹੁਤਾ ਵਧਣ ਨਹੀਂ ਸੀ ਦਿੱਤਾ।

ਭਾਵੇਂ 2007-2008 ਦੇ ਵਿਤੀ ਸੰਕਟ ਬਾਅਦ ਹੀ ਅਰਥ ਸ਼ਾਸਤਰੀਆਂ ਨੇ ਨਵ-ਉਦਾਰਵਾਦੀ ਪਾਲਸੀਆਂ ਉਪਰ ਉਂਗਲੀ ਉਠਾਉਣੀ ਸ਼ੁਰੂ ਕਰ ਦਿਤੀ ਸੀ, ਪਰ ਕੋਰੋਨਾ ਸੰਕਟ ਤੋਂ ਬਾਅਦ ਤਾਂ ਵਧ ਰਹੇ ਸਮਾਜਕ ਅਨਿਆ ਨੂੰ ਠੱਲ ਪਾਉਣੀ ਹਰ ਕਿਸੇ ਦੇ ਏਜੰਡੇ ਤੇ ਆ ਗਈ ਹੈ। ਕਿਉਂਕਿ ਪੂੰਜੀਵਾਦ ਦੇ ਵਰਤਮਾਨ ਦੌਰ ਵਿਚ ਮਾਨਵ-ਪੂੰਜੀ ਹੀ ਆਰਥਕ ਵਿਕਾਸ ਦਾ ਪ੍ਰਮੁਖ ਸਾਧਨ ਬਣਦੀ ਜਾ ਰਹੀ ਹੈ, ਇਸ ਲਈ ਮਾਨਵ ਵਸੀਲਿਆ ਦੀ ਸਿਰਜਣਾਤਮਿਕ, ਬੌਧਿਕ, ਮਾਨਸਿਕ, ਭਾਵਾਤਮਿਕ, ਸ਼ਰੀਰਕ, ਸਭਿਆਚਾਰਕ ਅਤੇ ਨੈਤਿਕ ਉਨਤੀ ਦਾ ਉਤਰ-ਕੋਰੋਨਾ ਯੁਗ ਵਿਚ ਪੂੰਜੀਵਾਦੀ ਵਿਕਾਸ ਦਾ ਅਗਲੇਰਾ ਮਾਰਗ ਬਣਨਾ ਤਹਿ ਹੈ।ਬਹੁਤ ਸਾਰੇ ਅਰਥ ਸ਼ਾਸਤਰੀਆਂ, ਖਾਸ ਕਰਕੇ ਥੌਮਸ ਪਿਕਟੀ, ਦੇ ਮੱਤ ਅਨੁਸਾਰ ਸਿਖਰਾਂ ਛੋਹ ਰਹੀ ਆਰਥਕ ਨਾਬਰਾਬਰੀ ਤੋਂ ਮੋੜਾ ਪਾਉਣ ਲਈ ਵਿਰਾਸਤ ਤੇ ਆਮਦਨੀ ਉਪਰ ਟੈਕਸਾਂ ਵੱਲ ਵਾਪਸੀ ਜ਼ਰੂਰੀ ਹੋ ਗਈ ਹੈ। ਵੀਹਵੀਂ ਸਦੀ ਵਿਚ ਅਮਰੀਕਾ ਤੇ ਇੰਗਲੈਂਡ ਅੰਦਰ ਵੱਡੇ ਧਨਾਢਾਂ ਦੀ ਆਮਦਨ ਤੇ ਜਾਇਦਾਦ ਉਪਰ 70 ਤੋਂ 90 ਪ੍ਰਤੀਸ਼ਤ ਟੈਕਸ ਦਾ ਪ੍ਰਬੰਧਨ ਸੀ। ਅੱਜ ਕਲ ਅਰਥ ਸ਼ਾਸਤਰੀਆਂ ਦੀ ਇਹ ਰਾਇ ਬਣ ਰਹੀ ਹੈ ਕਿ ਆਰਥਕ ਸੰਕਟ ਤੋਂ ਬਾਹਰ ਆਉਣ ਲਈ ਵਿਰਾਸਤੀ ਟੈਕਸ ਦੇ ਨਾਲ ਨਾਲ ਜਾਇਦਾਦ ਉਪਰ ਅਗਾਂਹਵਧੂ ਸਾਲਾਨਾ ਟੈਕਸ ਦਾ ਪ੍ਰਬੰਧ ਵਧੇਰੇ ਵਧੇਰੇ ਜ਼ਰੂਰੀ ਹੈ। ਵਿਰਾਸਤੀ ਟੈਕਸ ਨੂੰ ਘਟਾ ਕੇ ਜਾਇਦਾਦ ਉਪਰ 1 ਤੋਂ 2 ਪ੍ਰਤੀਸ਼ਤ ਸਾਲਾਨਾ ਟੈਕਸ ਭਰਨਾ ਧਨਾਢਾਂ ਨੂੰ ਵੀ ਸੌਖਾ ਲੱਗੇਗਾ। ਇਸ ਪ੍ਰਬੰਧਨ ਰਾਹੀਂ ਇਕੱਤਰ ਹੋਈ ਦੌਲਤ ਨੂੰ ਪੱਚੀ ਸਾਲ ਦੀ ਆਯੂ ਵਾਲੇ ਨੌਜਵਾਨਾਂ ਵਿਚ ਬਰਾਬਰ ਵੰਡਿਆ ਜਾ ਸਕਦਾ ਹੈ। ਜੇਕਰ ਹਰ ਨੌਜਵਾਨ ਨੂੰ ਔਸਤਨ ਕੌਮੀ ਜਾਇਦਾਦ ਦਾ ਦੋ ਤਿਹਾਈ ਹੀ ਮਿਲ ਜਾਵੇ, ਤਾਂ ਵੀ ਉਹ, ਬਿਨਾ ਪਰਿਵਾਰਕ ਦਖਲਅੰਦਾਜ਼ੀ ਦੇ, ਆਪਣੀ ਮਨਮਰਜ਼ੀ ਦਾ ਕਾਰੋਬਾਰ ਸ਼ੁਰੂ ਕਰ ਸਕਦਾ ਹੈ। ਨੌਜਵਾਨਾਂ ਦੀ ਵੱਡੇ ਪੱਧਰ ਤੇ ਸਿਰਜਣਾਤਮਿਕ ਸ਼ਮੂਲੀਅਤ ਨਾਲ ਸਮਾਜ, ਕਾਰੋਬਾਰ ਤੇ ਅਰਥਚਾਰੇ ਨੂੰ ਨਵੀਂ ਸ਼ਕਤੀ ਤੇ ਉਤਸ਼ਾਹ ਮਿਲੇਗਾ।

(ਚਲਦਾ...)

## ਬਰਾਡਵੇਅ ਅਦਾਕਾਰ ਨਿੱਕ...

ਵਿਚ ਦਾਖਲ ਕਰਵਾਇਆ ਗਿਆ ਸੀ। ਸ਼ੁਰੂ ਵਿਚ ਸਮਝਿਆ ਗਿਆ ਸੀ ਕਿ ਉਸ ਨੂੰ ਨਿਮੋਨੀਆ ਹੈ। ਉਸ ਦਾ ਪਹਿਲਾ ਟੈਸਟ ਨੈਗਟਿਵ ਆਇਆ ਸੀ ਪਰ ਇਸ ਤੋਂ ਬਾਅਦ ਹੋਏ ਉਸ ਦੇ ਟੈਸਟ ਪਾਜ਼ਟਿਵ ਆਏ ਸਨ। ਨਿੱਕ ਨੇ 3 ਮਹੀਨੇ ਤੋਂ ਵਧ ਸਮਾ ਜਿੰਦਗੀ ਲਈ ਜਦੋਜਹਿਦ ਕੀਤੀ ਪਰ ਆਖਰਕਾਰ ਕੋਰੋਨਾਵਾਇਰਸ ਨੇ ਇਸ ਜਿੰਦਾ ਦਿੱਲ ਅਦਾਕਾਰ ਦੀ ਜਾਨ ਲੈ ਕੇ ਹੀ ਦਮ ਲਿਆ। ਕੈਨੇਡਾ ਵਿਚ ਪੈਦਾ ਹੋਏ ਨਿੱਕ ਨੂੰ 2014 ਵਿਚ 'ਬੁਲਿਟਸ ਓਵਰ ਬਰਾਡਵੇਅ' ਵਿਚ ਨਿਭਾਈ ਭੂਮਿਕਾ ਲਈ ਟੋਨੀ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਸੀ। ਉਸ ਨੇ ' ਰੌਕ ਆਫ ਏਜਜ਼', 'ਵੇਟਰੈਸ' ਤੇ ' ਏ ਬਰਾਂਕਸੀ ਟੇਲ' ਵਿਚ ਵੀ ਯਾਦਗਾਰੀ ਭੂਮਿਕਾਵਾਂ ਨਿਭਾਈਆਂ।


First Time Broadcasting in USA
On Garv Punjab Gurbani TV Channel
GARV
ਪੰਜਾਬ
ਗੁਰਬਾਣੀ
SHRI AKHAND
PATH SAHIB JI
ETHICS-BEHAVIOUR & JOURNALISM
BALWINDER JAMMU
HARVINDER RIAR
KANWAR SANDHU
BAAZ TV
BAAZ BROADCASTING COMPANY
FOR MORE INFO CONTACT
MR. ARJAN RIAR
+1-212-464-8628, +1-551-230-2300
Email: Baaztvusa@gmail.com


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com


TRANS-ALLIANCE
TOGETHER WE SAVE
EFS
4201 3247 5388 5103
GOOD THRU 31/15
VALID FROM 01/12
CARDHOLDER NAME
22
GET FLAT 22 CENTS
DISCOUNT AT
TA
TravelCenters of America
PETRO
Stopping Centers
We also offer Line of Credit for Fuel Card
Additional Services with our Fuel Card
✓ National Tire Program
✓ PM & Light Mechanical
✓ 24 Hour Dedicated Repair Service
TRANS-ALLIANCE
TOGETHER WE SAVE
ਪੰਜਾਬੀ ਵਿਚ ਜਾਣਕਾਰੀ ਲਈ
1.855.641.6955
1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com